ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 23 | 17 June 2020 to 23 June 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਚੀਨ ਨਾਲ ਝੜਪ ’ਚ ਭਾਰਤੀ ਫੌਜ ਦੇ ਕਰਨਲ ਸਣੇ 20 ਜਵਾਨ ਮਾਰੇ ਗਏ

**ਨਵੀਂ ਦਿੱਲੀ/ ਏ.ਟੀ.ਨਿਊਜ਼:** ਪੂਰਬੀ ਲੱਦਾਖ ਦੀ ਗਲਵਾਨ ਵਾਦੀ ਵਿਚ ਸੋਮਵਾਰ ਰਾਤ ਭਾਰਤੀ ਤੇ ਚੀਨੀ ਫੌਜ ਵਿਚਾਲੇ ਹੋਏ ਹਿੰਸਕ ਟਕਰਾਅ ’ਚ ਭਾਰਤੀ ਫੌਜ ਦੇ ਕਰਨਲ ਸਣੇ 20 ਜਵਾਨ ਮਾਰੇ ਗਏ ਹਨ। ਫੌਜ ਦੇ ਅਧਿਕਾਰਤ ਸੂਤਰਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਂਜ ਜਖਮੀਆਂ ਤੇ ਲਾਪਤਾ ਜਵਾਨਾਂ ਦੀ ਗਿਣਤੀ ਬਾਰੇ ਅਜੇ ਕੁੱਝ ਵੀ ਸਪੱਸ਼ਟ ਨਹੀਂ ਹੈ। ਸੂਤਰਾਂ ਦੀ ਮੰਨੀਏ ਤਾਂ ਚੀਨ ਦੇ ਵੀ 43 ਸੈਨਿਕ ਹਲਾਕ ਤੇ ਫੱਟੜ ਹੋਏ ਹਨ। ਜਾਣਕਾਰੀ ਅਨੁਸਾਰ ਤਿੰਨ ਗੇੜਾਂ ਵਿਚ ਹੋਈ ਇਸ ਝੜਪ ’ਚ ਦੋਵਾਂ ਧਿਰਾਂ ਦੇ 900 ਦੇ ਕਰੀਬ ਫੌਜੀ ਸ਼ਾਮਲ ਸਨ। ਜਆਿਦਾਤਰ ਮੌਤਾਂ ਫੌਜੀ ਜਵਾਨਾਂ ਦੇ ਉੱਚੀਆਂ ਚੋਟੀਆਂ ਤੋਂ ਡਿਗਣ ਕਰ ਕੇ ਹੋਈਆਂ ਹਨ। ਕੁਝ ‘ਹਾਈਪੋਥਰਮੀਆ’ ਦਾ ਸ਼ਿਕਾਰ ਵੀ ਹੋਏ ਹਨ। ਅਜਿਹੀ ਘਟਨਾ 45 ਵਰਿਆਂ ਬਾਅਦ ਵਾਪਰੀ ਹੈ ਤੇ ਇਹ ਇਸ ਗੱਲ ਦਾ ਸੰਕੇਤ ਹੈ ਕਿ ਪੰਜ ਹਫਤਿਆਂ ਤੋਂ ਜਾਰੀ ਸਰਹੱਦੀ ਵਿਵਾਦ ਸਿਖਰਾਂ ਛੂਹ ਰਿਹਾ ਹੈ। ਵੇਰਵਿਆਂ ਮੁਤਾਬਕ ਕਰਨਲ ਸੰਤੋਸ਼ ਬਾਬੂ ਗਲਵਾਨ ’ਚ ਤਾਇਨਾਤ ਬਟਾਲੀਅਨ ਦਾ ਕਮਾਂਡਿੰਗ ਅਫਸਰ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਭਾਰਤੀ ਅਧਿਕਾਰੀ ਤੇ ਜਵਾਨ ਚੀਨੀ ਜਵਾਨਾਂ ਵੱਲੋਂ ਕੀਤੀ ਪੱਥਰਬਾਜੀ ਤੇ ਰਾਡਾਂ ਨਾਲ ਕੀਤੇ ਹਮਲੇ ਵਿਚ ਫੱਟੜ ਹੋਣ ਮਗਰੋਂ ਮਾਰੇ ਗਏ। ਹਾਲਾਂਕਿ ਇਸ ਬਾਰੇ ਕੋਈ ਸਰਕਾਰੀ ਬਿਆਨ ਜਾਰੀ ਨਹੀਂ ਕੀਤਾ ਗਿਆ। ਵੇਰਵਿਆਂ ਮੁਤਾਬਕ ਬਿਹਾਰ ਰੈਜੀਮੈਂਟ ਦੀ 16ਵੀਂ ਬਟਾਲੀਅਨ ਦੇ ਜਵਾਨਾਂ ਨੇ ਪੈਟਰੋਲ ਪੁਆਇੰਟ-14 ਨੇੜੇ ਚੀਨ ਦੀ ਇਕ ਨਵੀਂ ਪੋਸਟ ਦੇਖਣ ਮਗਰੋਂ ਉਨਾਂ ਨੂੰ ਉੱਥੋ ਜਾਣ ਲਈ ਕਿਹਾ। ਇਸ ਮਗਰੋਂ ਦੋਵਾਂ ਧਿਰਾਂ ਵਿਚਾਲੇ ਹਿੰਸਕ ਟਕਰਾਅ ਹੋ ਗਿਆ। ਫੌਜੀ ਸੂਤਰਾਂ ਮੁਤਾਬਕ ਦੋਵਾਂ ਧਿਰਾਂ ਵਿਚਾਲੇ ਟਕਰਾਅ ਵਾਲੀ ਥਾਂ ’ਤੇ ਮੇਜਰ ਜਨਰਲ ਪੱਧਰ ਦੀ ਗੱਲਬਾਤ ਚੱਲ ਰਹੀ ਹੈ ਤਾਂ ਕਿ ਤਣਾਅ ਘਟਾਇਆ ਜਾ ਸਕੇ। ਇਕ ਸੀਨੀਅਰ ਫੌਜੀ ਅਧਿਕਾਰੀ ਨੇ ਦੱਸਿਆ ਕਿ 1975 ਮਗਰੋਂ ਅਜਿਹਾ ਪਹਿਲੀ ਵਾਰ ਵਾਪਰਿਆ ਹੈ ਕਿ ਚੀਨੀ ਫੌਜ ਨਾਲ ਹਿੰਸਕ ਟਕਰਾਅ ’ਚ ਕੋਈ ਭਾਰਤੀ ਜਵਾਨ ਸ਼ਹੀਦ ਹੋਇਆ ਹੈ। 1975 ਵਿਚ ਅਰੁਣਾਚਲ ਪ੍ਰਦੇਸ਼ ਦੇ ਤੁਲੁੰਗ ਲਾ ’ਚ ਚਾਰ ਭਾਰਤੀ ਫੌਜੀ ਮਾਰੇ ਗਏ ਸਨ। ਸਰਕਾਰੀ ਸੂਤਰਾਂ ਦਾ ਦਾਅਵਾ ਹੈ ਕਿ ਦੋਵਾਂ ਧਿਰਾਂ ਵਿਚਾਲੇ ਕੋਈ ਗੋਲੀਬਾਰੀ ਨਹੀਂ ਹੋਈ। ਜਕਿਰਯੋਗ ਹੈ ਕਿ ਗਲਵਾਨ ਵਾਦੀ ਵਿਚ ਤਣਾਅ ਘਟਾਉਣ ਲਈ ਕਈ ਦਿਨਾਂ ਤੋਂ ਯਤਨ ਕੀਤੇ ਜਾ ਰਹੇ ਹਨ। ਗਲਵਾਨ ਵਾਦੀ ਤੇ ਪੂਰਬੀ ਲੱਦਾਖ ਦੇ ਕੁਝ ਹਿੱਸਿਆਂ ਵਿਚ ਪਿਛਲੇ ਪੰਜ ਹਫਤਿਆਂ ਤੋਂ ਵੱਡੀ ਗਿਣਤੀ ਭਾਰਤੀ ਤੇ ਚੀਨੀ ਫੌਜ ਜਮਾਂ ਹੈ। ਚੀਨੀ ਫੌਜ ਅਸਲ ਕੰਟਰੋਲ ਰੇਖਾ ਨੇੜੇ ਹੌਲੀ-ਹੌਲੀ ਆਪਣੇ



ਰਣਨੀਤਕ ਸਰੋਤਾਂ ਵਿਚ ਵਾਧਾ ਕਰ ਰਹੀ ਹੈ। ਉਨਾਂ ਨੇੜਲੇ ਟਿਕਾਣਿਆਂ ’ਤੇ ਤੋਪਾਂ, ਜੰਗੀ ਵਾਹਨ ਤੇ ਹੋਰ ਮਾਰੂ ਹਥਿਆਰ ਤਾਇਨਾਤ ਕਰ ਦਿੱਤੇ ਹਨ। ਹਾਲੇ ਕੁਝ ਦਿਨ ਪਹਿਲਾਂ ਹੀ ਫੌਜ ਮੁਖੀ ਨੇ ਕਿਹਾ ਸੀ ਕਿ ਗਲਵਾਨ ਵਾਦੀ ਵਿਚ ਦੋਵੇਂ ਧਿਰਾਂ ਪਿੱਛੇ ਹਟ ਰਹੀਆਂ ਹਨ। ਭਾਰਤ ਤੇ ਚੀਨ ਵਿਚਾਲੇ ਪੈਂਗੌਂਗ ਝੀਲ, ਗਲਵਾਨ ਵਾਦੀ, ਡੇਮਚੋਕ ਤੇ ਦੌਲਤ ਬੇਗ ਓਲਡੀ ਇਲਾਕੇ ਬਾਰੇ ਟਕਰਾਅ ਹੈ। ਅਸਲ ਕੰਟਰੋਲ ਰੇਖਾ ਉਲੰਘ ਕੇ ਕਈ ਚੀਨੀ ਫੌਜੀ ਭਾਰਤ ਦੇ ਇਲਾਕੇ ਵਿਚ ਵੀ ਦਾਖਲ ਹੋਏ ਸਨ। ਭਾਰਤ ਤੇ ਚੀਨ ਵਿਚਾਲੇ ਇਲਾਕੇ ਵਿਚ ਸ਼ਾਂਤੀ ਬਣਾਏ ਰੱਖਣ ਤੇ ਤਣਾਅ ਘਟਾਉਣ ਲਈ ਕਮਾਂਡਰ ਪੱਧਰ ਦਾ ਸੰਵਾਦ ਵੀ ਹੋ ਚੁੱਕਾ ਹੈ।

**ਰਣਨੀਤਕ ਤੌਰ ’ਤੇ ਬੇਹੱਦ ਅਹਿਮ ਹੈ ਗਲਵਾਨ ਵਾਦੀ**

ਭਾਰਤ-ਚੀਨ ਵਿਚਾਲੇ ਟਕਰਾਅ ਵਾਲੀ ਗਲਵਾਨ ਵਾਦੀ ਦਰਅਸਲ ਰਣਨੀਤਕ ਤੌਰ ’ਤੇ ਅਹਿਮ ਹੈ। ਇਹ ਦੁਨੀਆ ਦੀ ਸਭ ਤੋਂ ਉੱਚੀ ਲੈਂਡਿੰਗ ਗਰਾਊਂਡ ਦੌਲਤ ਬੇਗ ਓਲਡੀ ਨਾਲ ਜੁੜਦੇ ਮਹੱਤਵਪੂਰਨ ਮਾਰਗ ਨੇੜੇ ਸਥਿਤ ਹੈ। ਇਹ ਅਸਲ ਕੰਟਰੋਲ ਰੇਖਾ ਦੇ ਵੀ ਲਾਗੇ ਹੈ ਤੇ ਅਹਿਮ ਹਵਾਈ ਸਪਲਾਈ ਰੂਟ ਹੈ। ਭਾਰਤ ਪੈਂਗੌਂਗ ਝੀਲ ਦੁਆਲੇ ਫਿੰਗਰ ਇਲਾਕੇ ਵਿਚ ਇਕ ਅਹਿਮ ਸੜਕ ਬਣਾ ਰਿਹਾ ਹੈ।

ਇਸ ਤੋਂ ਇਲਾਵਾ 255 ਕਿਲੋਮੀਟਰ ਲੰਮੀ ਇਕ ਹੋਰ ਸੜਕ ਗਲਵਾਨ ਵਾਦੀ ਵਿਚ ਦਾਰਬੁਕ-ਸ਼ਾਓਕ-ਦੌਲਤ ਬੇਗ ਓਲਡੀ ਨੂੰ ਜੋੜੇਗੀ। ਇਹ ਸੜਕਾਂ ਭਾਰਤ ਵੱਲੋਂ ਇਲਾਕੇ ਵਿਚ ਗਸ਼ਤ ਰੱਖਣ ਲਈ ਅਹਿਮ ਹਨ ਤੇ ਚੀਨ ਨੂੰ ਇਨਾਂ ’ਤੇ ਇਤਰਾਜ ਹੈ। ਇਹ ਮਾਰਗ ਕਈ ਥਾਵਾਂ ’ਤੇ ਕੰਟਰੋਲ ਰੇਖਾ ਦੇ ਕਾਫੀ ਲਾਗਿਓਂ ਕਰਾਕੁਰਮ ਪਾਸ ਤੱਕ ਜਾਵੇਗਾ। ਗਲਵਾਨ ਨਦੀ ਵੀ ਅਕਸਾਈ ਚਿਨ ਦੇ ਪੱਛਮ ’ਚ ਸਥਿਤ ਹੈ।

ਬਾਕੀ ਸਫ਼ਾ 32 ’ਤੇ

## ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਮੌਤਾਂ ਦੀ ਗਿਣਤੀ ਘਟੀ

### 24 ਘੰਟਿਆਂ ਵਿਚ ਹੋਈਆਂ 385 ਮੌਤਾਂ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਹਾਲਾਂਕਿ ਮੌਤਾਂ ਹੋਣ ਦਾ ਸਿਲਸਿਲਾ ਬਰਕਰਾਰ ਹੈ ਪਰ ਸੁੱਖਦਾਈ ਖ਼ਬਰ ਇਹ ਹੈ ਕਿ ਮੌਤਾਂ ਦੀ ਗਿਣਤੀ ਘੱਟ ਗਈ ਹੈ। ਪਿਛਲੇ 24 ਘੰਟਿਆਂ ਦੌਰਾਨ 385 ਮੌਤਾਂ ਹੋਈਆਂ ਹਨ। ਜੌਹਨ ਹੋਪਕਿੰਨਜ ਯੂਨੀਵਰਸਿਟੀ ਅਨੁਸਾਰ ਇਸ ਤੋਂ ਪਹਿਲੇ ਦਿਨ 382 ਮੌਤਾਂ ਹੋਈਆਂ ਸਨ। ਮਾਰਚ ਦੇ ਆਖਿਰ ਤੋਂ ਬਾਅਦ ਹੁਣ ਤੱਕ ਰੋਜ਼ਾਨਾ ਮੌਤਾਂ ਦਾ ਇਹ ਸਭ ਤੋਂ ਹੇਠਲਾ ਅੰਕੜਾ ਹੈ। ਮੌਤਾਂ ਦੀ ਕੁਲ ਗਿਣਤੀ 1,19,132 ਹੋ ਗਈ ਹੈ ਜਦ ਕਿ ਪੀੜਤਾਂ ਦੀ ਕੁਲ ਗਿਣਤੀ 22,08,400 ਹੋ ਗਈ ਹੈ। 9,03,041 ਮਰੀਜ਼ ਠੀਕ ਹੋਏ ਹਨ। ਮਰੀਜ਼ਾਂ ਦੇ ਠੀਕ ਹੋਣ ਦੀ ਦਰ 88% ‘ਤੇ ਪਹੁੰਚ ਗਈ ਹੈ ਜਿਸ ਵਿਚ ਆਉਣ ਵਾਲੇ ਦਿਨਾਂ ਦੌਰਾਨ ਹੋਰ ਸੁਧਾਰ ਹੋਣ ਦੀ ਸੰਭਾਵਨਾ ਹੈ।

# ਪਾਕਿਸਤਾਨ ’ਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਇਆ

**ਲਾਹੌਰ/ ਏ.ਟੀ.ਨਿਊਜ਼:** ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚਲਦਿਆਂ ਅੱਜ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ ਪੰਜਵੀਂ ਪਾਤਸ਼ਾਹੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਲਾਹੌਰ ਸਥਿਤ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਸ਼ਹੀਦੀ ਪੁਰਬ ਦੇ ਸਬੰਧ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਸਮਾਗਮ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਤਵੰਤ ਸਿੰਘ, ਜਨਰਲ ਸਕੱਤਰ ਅਮੀਰ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ ਤੇ ਹੋਰ ਨੁਮਾਇੰਦਿਆਂ ਤੋਂ ਇਲਾਵਾ ਸੰਗਤ ਅਤੇ ਔਕਾਫ ਬੋਰਡ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਸਬੰਧ ਵਿਚ ਗੁਰਦੁਆਰਾ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਪੰਜਾ ਸਾਹਿਬ ਵਿਖੇ ਵੀ ਅਖੰਡ ਪਾਠ ਦੇ ਭੋਗ ਪਾਏ ਗਏ।

ਦੱਸਣਯੋਗ ਹੈ ਕਿ ਨਾਨਕਸ਼ਾਹੀ ਕੈਲੰਡਰ ਵਿਵਾਦ ਦੇ ਚਲਦਿਆਂ ਸ਼੍ਰੋਮਣੀ ਕਮੇਟੀ ਵਲੋਂ ਸ਼ਹੀਦੀ ਪੁਰਬ ਸੋਧੇ ਹੋਏ ਮੂਲ ਨਾਨਕਸ਼ਾਹੀ ਕੈਲੰਡਰ ਮੁਤਾਬਕ 26 ਮਈ ਨੂੰ ਮਨਾਇਆ ਗਿਆ ਸੀ। ਕੈਲੰਡਰ ਵਿਵਾਦ ਕਾਰਨ ਸ਼ਹੀਦੀ ਪੁਰਬ ਦੋ ਤਰੀਕਾਂ ਨੂੰ ਦੋ ਵਾਰ ਮਨਾਇਆ ਜਾਂਦਾ ਹੈ। ਮੂਲ ਨਾਨਕਸ਼ਾਹੀ ਕੈਲੰਡਰ ਦੇ ਸਮਰਥਕ ਦਲ ਖਾਲਸਾ ਜਥੇਬੰਦੀ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਆਖਿਆ ਕਿ ਕਰੋਨਾ ਸੰਕਟ ਦਾ ਮਾਮਲਾ ਹੱਲ ਹੋਣ ਮਗਰੋਂ ਇਸ ਸਬੰਧ ਵਿਚ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਕੋਲ ਇਹ ਮਾਮਲਾ ਰੱਖਿਆ ਜਾਵੇਗਾ। ਉਨਾਂ ਨੂੰ ਕੈਲੰਡਰ ਵਿਵਾਦ ਹੱਲ ਕਰਨ ਦੀ ਅਪੀਲ ਕੀਤੀ ਜਾਵੇਗੀ ਤਾਂ ਜੋ ਸਮੁੱਚਾ ਸਿੱਖ ਜਗਤ ਗੁਰਪੁਰਬ ਤੇ ਸ਼ਹੀਦੀ ਪੁਰਬ ਇਕੋ ਦਿਨ ਇਕੱਠੇ ਮਨਾ ਸਕਣ।

**ਕਰੋਨਾ ਕਾਰਨ ਵਿਦੇਸ਼ ਤੋਂ ਨਹੀਂ ਆਇਆ ਕੋਈ ਸ਼ਰਧਾਲੂ**

ਔਕਾਫ ਬੋਰਡ ਦੇ ਨੁਮਾਇੰਦਿਆਂ ਨੇ ਦੱਸਿਆ ਕਿ ਹਰ ਵਰੇ ਸ਼ਹੀਦੀ ਪੁਰਬ ਮੌਕੇ ਭਾਰਤ ਤੋਂ ਇਕ ਹਜ਼ਾਰ ਸ਼ਰਧਾਲੂਆਂ ਸਮੇਤ ਹੋਰ ਮੁਲਕਾਂ ਤੋਂ ਵੀ ਸਿੱਖ ਸ਼ਰਧਾਲੂ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਨਤਮਸਤਕ ਹੋਣ ਲਈ ਪੁੱਜਦੇ ਹਨ ਪਰ ਇਸ ਵਾਰ ਕਰੋਨਾ ਸੰਕਟ ਕਾਰਨ ਵਿਦੇਸ਼ ਤੋਂ ਕੋਈ ਸ਼ਰਧਾਲੂ ਨਹੀਂ ਆਇਆ।

## ਸੁਸ਼ਾਂਤ ਖੁਦਕੁਸ਼ੀ: ਸਲਮਾਨ, ਕਰਨ ਜੌਹਰ ਸਣੇ 8 ਖਿਲਾਫ ਸ਼ਿਕਾਇਤ ਦਾਇਰ; ਕੰਗਣਾ ਗਵਾਹ



**ਮੁਜੱਫਰਪੁਰ/ ਏ.ਟੀ.ਨਿਊਜ਼** : ਬੌਲੀਵੁੱਡ ਦੇ ਸੁਪਰਸਟਾਰ ਸਲਮਾਨ ਖਾਨ ਅਤੇ ਨਿਰਮਾਤਾ-ਨਿਰਦੇਸਕ ਕਰਨ ਜੌਹਰ ਸਣੇ 8 ਵਿਅਕਤੀਆਂ ਖਲਿਾਫ ਵਕੀਲ ਨੇ ਬੌਲੀਵੁੱਡ ਅਭਿਨੇਤਾ ਸੁਸਾਂਤ ਸਿੰਘ ਰਾਜਪੂਤ ਦੀ ਮੌਤ ਦੇ ਮਾਮਲੇ ਵਿੱਚ ਸਥਾਨਕ ਅਦਾਲਤ ਵਿੱਚ ਬੁੱਧਵਾਰ ਨੂੰ ਅਪਰਾਧਿਕ ਸਕਿਾਇਤ ਦਾਇਰ ਕੀਤੀ ਹੈ। ਅਦਾਲਤ ਨੇ ਸੁਣਵਾਈ ਦੀ ਅਗਲੀ ਤਰੀਕ 3 ਜੁਲਾਈ ਨਿਰਧਾਰਤ ਕੀਤੀ ਸੀ ।ਚੀਫ ਜੁਡੀਸਲ ਮੈਜਿਸਟਰੇਟ ਦੀ ਅਦਾਲਤ ਵਿਚ ਦਾਇਰ ਆਪਣੀ ਸਕਿਾਇਤ ਵਿਚ ਐਡਵੋਕੇਟ ਸੁਧੀਰ ਕੁਮਾਰ ਓਝਾ ਨੇ ਦੋਸ ਲਾਇਆ ਕਿ ਇਨਾਂ ਅੱਠ ਵਿਅਕਤੀਆਂ ਨੇ ਸੁਸਾਂਤ ਨੂੰ ਸਾਜਿਸ ਤਹਿਤ ਖੁਦਕੁਸੀ ਕਰਨ ਲਈ ਮਜਬੂਰ ਕੀਤਾ ਤੇ ਇਹ ਹਰਕਤ ਕਤਲ ਦੇ ਬਰਾਬਰ ਹੈ। ਸਕਿਾਇਤ ਵਿਚ ਨਾਮਜਦ ਹੋਰ ਲੋਕਾਂ ਵਿਚ ਆਦਿਤਿਆ ਚੋਪੜਾ, ਸਾਜਿਦ ਨਾਡੀਆਡਵਾਲਾ, ਸੰਜੇ ਲੀਲਾ ਭੰਸਾਲੀ, ਭੂਸਣ ਕੁਮਾਰ, ਏਕਤਾ ਕਪੂਰ ਅਤੇ ਨਿਰਦੇਸਕ ਦਿਨੇਸ ਹਨ। ਸਕਿਾਇਤਕਰਤਾ ਨੇ ਦਾਅਵਾ ਕੀਤਾ ਕਿ ਇਨਾਂ ਵਿਅਕਤੀਆਂ ਨੇ ਸੁਸਾਂਤ ਦੀਆਂ ਫਿਲਮਾਂ ਨੂੰ ਸਾਜਸਿ ਤਹਿਤ ਰਿਲੀਜ ਨਹੀਂ ਹੋਣ ਦਿੱਤਾ ਅਤੇ ਮਰਹੂਮ ਅਦਾਕਾਰ ਨੂੰ ਇਨਾਂ ਲੋਕਾਂ ਕਾਰਨ ਫਿਲਮੀ ਸਮਾਗਮਾਂ ਲਈ ਵੀ ਨਹੀਂ ਬੁਲਾਇਆ ਗਿਆ। ਓਝਾ ਨੇ ਕਿਹਾ ਕਿ ਸੁਸਾਂਤ ਸਿੰਘ ਰਾਜਪੂਤ ਦੀ ਮੌਤ ਨੇ ਬਿਹਾਰ ਦੇ ਲੋਕਾਂ ਨੂੰ ਨਹੀਂ ਬਲਕਿ ਪੂਰੇ ਦੇਸ ਨੂੰ ਸੱਟ ਮਾਰੀ ਹੈ। ਉਨਾਂ ਕਿਹਾ ਕਿ ਧਾਰਾ 306, 109, 504 ਅਤੇ 506 ਤਹਿਤ ਸਕਿਾਇਤ ਦਰਜ ਕਰਵਾਈ ਗਈ ਸੀ ਅਤੇ ਬੌਲੀਵੁੱਡ ਅਦਾਕਾਰਾ ਕੰਗਨਾ ਰਣੌਤ ਨੂੰ ਇਸ ਕੇਸ ਵਿੱਚ ਗਵਾਹ ਵਜੋਂ ਸੂਚੀਬੱਧ ਕੀਤਾ ਗਿਆ ਸੀ।

















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ
ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ
ਪਰਿਵਾਰ ਗਿਣਦੇ ਹਨ ਅੱਜ
ਹਰ ਕੋਈ ਗਿਣਦਾ ਹੈ
ਮਰਦਮਸ਼ੁਮਾਰੀ
CALIFORNIA
ALL
2020
CaliforniaCensus.org

# ਅਮਰੀਕਾ ਵਿਚ ਅਨਮੋਲ ਕੌਰ ਨਾਰੰਗ ਨੇ ਵਧਾਇਆ ਸਿੱਖ ਪੰਥ ਦਾ ਮਾਣ

## ਅਮਰੀਕੀ ਫ਼ੌਜੀ ਅਕੈਡਮੀ ਤੋਂ ਡਿਗਰੀ ਪ੍ਰਾਪਤ ਕਰਨ ਵਾਲੀ ਪਹਿਲੀ ਸਿੱਖ ਬੀਬੀ ਬਣੇਗੀ



**ਵਾਸ਼ਿੰਗਟਨ/ਏ.ਟੀ.ਨਿਊਜ਼:** ਸੈਕੰਡ ਲੈਫਟੀਨੈਂਟ ਅਨਮੋਲ ਨਾਰੰਗ ਵੈਸਟ ਪੁਆਇੰਟ ਸਥਿਤ ਅਮਰੀਕੀ ਫ਼ੌਜੀ ਅਕੈਡਮੀ ਤੋਂ ਬੀਏ ਦੀ ਡਿਗਰੀ ਪ੍ਰਾਪਤ ਕਰਨ ਵਾਲੀ ਪਹਿਲੀ ਸਿੱਖ ਬੀਬੀ ਬਣਨ ਜਾ ਰਹੀ ਹੈ। ਖ਼ਾਸ ਗੱਲ ਇਹ ਹੈ ਕਿ ਉਹ ਆਪਣੀ ਸਰਵਿਸ ਦੌਰਾਨ ਧਾਰਮਿਕ ਰੀਤੀ ਰਿਵਾਜਾਂ ਦਾ ਪੂਰੀ ਤਰਾਂ ਨਾਲ ਪਾਲਣ ਕਰ ਸਕੇਗੀ। ਸ਼ਨਿਚਰਵਾਰ ਦੇਰ ਰਾਤ ਹੋਣ ਵਾਲੇ ਸਮਾਗਮ ਵਿਚ ਉਸ ਨੂੰ ਇਹ ਉਪਾਧੀ ਪ੍ਰਦਾਨ ਕੀਤੀ ਜਾਵੇਗੀ। ਸਮਾਗਮ ਦੀ ਸ਼ੁਰੂਆਤ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਦਘਾਟਨੀ ਭਾਸ਼ਣ ਨਾਲ ਹੋਵੇਗੀ। ਅਕੈਡਮੀ ਦੇ 218 ਸਾਲਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਜਦੋਂ ਭਾਰਤੀ ਮੂਲ ਦੀ ਅਮਰੀਕੀ ਔਰਤ ਇੱਥੇ ਪਾਸ ਆਊਟ ਹੋ ਰਹੀ ਹੈ। 23 ਸਾਲਾਂ ਦੀ ਨਾਰੰਗ ਦਾ ਜਨਮ ਅਮਰੀਕਾ ਵਿਚ ਹੋਇਆ ਅਤੇ ਉਸ ਦਾ ਪਾਲਣ ਪੌਸ਼ਣ ਜਾਰਜੀਆ ਦੇ ਰੋਜ਼ਵੈੱਲ ਵਿਚ ਹੋਇਆ। ਉਸ ਨੇ ਜਾਰਜੀਆ ਤਕਨੀਕੀ ਸੰਸਥਾਨ ਤੋਂ ਬੀਏ ਦੀ ਪੜ੍ਹਾਈ ਕੀਤੀ ਅਤੇ ਉਸ ਪਿੱਛੋਂ ਵੈਸਟ ਪੁਆਇੰਟ ਗਈ ਜਿੱਥੇ ਉਹ ਪਰਮਾਣੂ ਇੰਜੀਨੀਅਰਿੰਗ ਵਿਚ ਸ਼ਨਿਚਰਵਾਰ ਨੂੰ ਬੀਏ ਦੀ ਡਿਗਰੀ ਹਾਸਲ ਕਰੇਗੀ। ਉਹ ਹਵਾਈ ਰੱਖਿਆ ਪ੍ਰਣਾਲੀ ਵਿਚ ਕਰੀਅਰ ਬਣਾਉਣਾ ਚਾਹੁੰਦੀ ਹੈ।

ਅਨਮੋਲ ਕੌਰ ਨਾਰੰਗ ਵਲੋਂ ਓਕਲਾਹੋਮਾ ਦੇ ਫੋਰਟ ਸਿੱਲ ਤੋਂ ਆਪਣਾ ਬੇਸਿਕ ਆਫੀਸਰ ਲੀਡਰਸ਼ਿਪ ਕੋਰਸ ਕੀਤਾ ਜਾਵੇਗਾ, ਜਿਸ ਤੋਂ ਬਾਅਦ ਉਹ ਜਨਵਰੀ ਵਿੱਚ ਆਪਣੀ ਪਹਿਲੀ ਤਾਇਨਾਤੀ ਲਈ ਜਪਾਨ ਦੇ ਓਕੀਨਾਵਾ ਵਿੱਚ ਜਾਵੇਗੀ। ਨਿਊਯਾਰਕ ਸਥਿਤ ਗ਼ੈਰ-ਲਾਭਕਾਰੀ ਸੰਸਥਾ ਸਿੱਖ ਕੁਲੀਸ਼ਨ ਵੱਲੋਂ ਜਾਰੀ ਇਕ ਬਿਆਨ ਵਿਚ ਨਾਰੰਗ ਨੇ ਕਿਹਾ ਕਿ ਮੈਂ ਬਹੁਤ ਉਤਸ਼ਾਹਿਤ ਹਾਂ ਕਿ ਵੈਸਟ ਪੁਆਇੰਟ ਤੋਂ ਬੀਏ ਕਰਨ ਦਾ ਮੇਰਾ ਸੁਪਨਾ ਪੂਰਾ ਹੋਵੇਗਾ। ਇਹ ਮੇਰੇ ਲਈ ਮਾਣ ਦੀ ਗੱਲ ਹੈ। ਉਸ ਨੇ ਕਿਹਾ ਕਿ ਜਾਰਜੀਆ ਵਿਚ ਮੇਰੇ ਸਿੱਖ ਭਾਈਚਾਰੇ ਨੇ ਮੈਨੂੰ ਜੋ ਭਰੋਸਾ ਦਿਖਾਇਆ ਅਤੇ ਮੈਨੂੰ ਜੋ ਸਹਿਯੋਗ ਦਿੱਤਾ ਉਹ ਮੇਰੇ ਲਈ ਬਹੁਤ ਅਰਥ ਰੱਖਦਾ ਹੈ। ਮੈਂ ਮਾਣ ਮਹਿਸੂਸ ਕਰਦੀ ਹਾਂ ਕਿ ਇਸ ਟੀਚੇ 'ਤੇ ਪੁੱਜ ਕੇ ਹੋਰ ਸਿੱਖ ਅਮਰੀਕੀਆਂ ਨੂੰ ਇਹ ਦਿਖਾ ਰਹੀ ਹਾਂ ਕਿ ਕਿਸੇ ਲਈ ਵੀ ਕਰੀਅਰ ਵਿਚ ਕੋਈ ਵੀ ਰਸਤਾ ਚੁਣਨਾ ਸੰਭਵ ਹੈ। ਅਧਿਕਾਰੀਆਂ ਨੇ ਦੱਸਿਆ ਕਿ ਨਾਰੰਗ ਓਕਲਾਹੋਮਾ ਵਿਚ ਬੇਸਿਕ ਆਫੀਸਰ ਲੀਡਰਸ਼ਿਪ ਕੋਰਸ ਪੂਰਾ ਕਰੇਗੀ ਅਤੇ ਇਸ ਪਿੱਛੋਂ ਉਸ ਨੂੰ ਜਨਵਰੀ ਵਿਚ ਜਾਪਾਨ ਦੇ ਓਕੋਨਾਵਾ ਵਿਚ ਪਹਿਲੀ ਤਾਇਨਾਤੀ ਲਈ ਭੇਜਿਆ ਜਾਵੇਗਾ।

ਅਨਮੋਲ ਵਿਚ ਇਕ ਫ਼ੌਜੀ ਦਾ ਖ਼ੂਨ ਹੈ। ਉਸ ਦੇ ਦਾਦਾ ਜੀ ਭਾਰਤੀ ਫ਼ੌਜ ਵਿਚ ਸਨ। ਅਨਮੋਲ ਨੇ ਦਾਦਾ ਜੀ ਤੋਂ ਪ੍ਰੇਰਣਾ ਲੈ ਕੇ ਹੀ ਫ਼ੌਜੀ ਖੇਤਰ ਵਿਚ ਕਦਮ ਰੱਖਿਆ। ਇਹ ਵੀ ਬਹੁਤ ਘੱਟ ਦੇਖਣ ਨੂੰ ਮਿਲਿਆ ਹੈ ਜਦੋਂ ਕਿਸੇ ਭਾਰਤੀ ਫ਼ੌਜੀ ਦੀ ਸੰਤਾਨ ਅਮਰੀਕੀ ਫ਼ੌਜ ਵਿਚ ਕਿਸੇ ਵੱਡੇ ਅਹੁਦੇ 'ਤੇ ਪੁੱਜੀ ਹੋਵੇ। ਅਨਮੋਲ ਦੇ ਪਰਿਵਾਰ ਨੇ ਕਿਹਾ ਕਿ ਉਨਾਂ ਨੂੰ ਅਨਮੋਲ ਕੌਰ 'ਤੇ ਮਾਣ ਹੈ। ਦੱਸ ਦਈਏ ਕਿ ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਵੀ ਅਮਰੀਕੀ ਫ਼ੌਜ ਵਿਚ ਪਹਿਲੀ ਸਿੱਖ ਔਰਤ ਵਜੋਂ ਸ਼ਾਮਲ ਹੋਣ 'ਤੇ ਅਨਮੋਲ ਕੌਰ ਨੂੰ ਵਧਾਈ ਦਿੱਤੀ ਹੈ। ਲੌਂਗੋਵਾਲ ਨੇ ਅਨਮੋਲ ਕੌਰ ਦੀ ਪ੍ਰਾਪਤੀ ਨੂੰ ਕੌਮ ਲਈ ਵੱਡਾ ਮਾਣ ਦੱਸਦਿਆਂ ਆਖਿਆ ਕਿ ਅੱਜ ਦੇਸ਼ ਦੁਨੀਆਂ ਅੰਦਰ ਸਿੱਖਾਂ ਵੱਲੋਂ ਮਿਸਾਲੀ ਮੱਲਾਂ ਮਾਰੀਆਂ ਜਾ ਰਹੀਆਂ ਹਨ। ਇਸ ਨਾਲ ਸਿੱਖ ਕੌਮ ਦੀ ਚੜ੍ਹਦੀ ਕਲਾ ਪੂਰੀ ਦੁਨੀਆਂ ਅੰਦਰ ਹੋਰ ਵੀ ਪੁਖਤਾ ਹੋ ਰਹੀ ਹੈ। ਦੱਸ ਦਈਏ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੈਸਟ ਪੁਆਇੰਟ ਵਿਚ ਗ੍ਰੈਜੂਏਸ਼ਨ ਸਮਾਰੋਹ ਵਿਚ ਭਾਸ਼ਣ ਦੇਣਗੇ ਅਤੇ ਉਹ ਇਸ ਭਾਸ਼ਣ ਵਿਚ ਅਨਮੋਲ ਨਾਰੰਗ ਬਾਰੇ ਵੀ ਜ਼ਿਕਰ ਕਰਨਗੇ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਨਮੋਲ ਕੌਰ ਨਾਰੰਗ ਦੀ ਪ੍ਰਾਪਤੀ ਨਾਲ ਸਿੱਖ ਕੌਮ ਤੇ ਪੰਜਾਬ ਦਾ ਨਾਮ ਰੌਸ਼ਨ ਹੋਇਆ ਹੈ।

# ਅਮਰੀਕਾ ਦੀ ਪੁਲਿਸ ਬਹਾਦਰ ਤੇ ਨਿਰਸਵਾਰਥ: ਰਾਸ਼ਟਰਪਤੀ ਟਰੰਪ

## ਦੁਰਵਿਵਹਾਰ ਰੋਕਣ ਲਈ ਟਰੰਪ ਨੇ ਆਦੇਸ਼ ਉਪਰ ਕੀਤੇ ਦਸਤਖ਼ਤ, ਅਲੋਚਕਾਂ ਨੇ ਕਿਹਾ ਇਸ ਨਾਲ ਨਸਲੀ ਸਮੱਸਿਆ ਨਹੀਂ ਹੋਵੇਗੀ ਹੱਲ



**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਪ੍ਰਸਤਾਵਿਤ ਆਦੇਸ਼ ਉਪਰ ਦਸਤਖ਼ਤ ਕਰ ਦਿੱਤੇ ਹਨ ਜਿਸ ਤਹਿਤ ਪੁਲਿਸ ਨੂੰ ਤਾਕਤ ਦੀ ਵਰਤੋਂ ਕਰਦੇ ਸਮੇ ਨਵੇਂ ਮਾਪ ਦੰਡ ਅਪਣਾਉਣ ਲਈ ਕਿਹਾ ਗਿਆ ਹੈ। ਅਫ਼ਰੀਕੀ ਮੂਲ ਦੇ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਤੋਂ ਬਾਅਦ ਵੱਡੇ ਪੱਧਰ ਉਪਰ ਹੋਏ ਪ੍ਰਦਰਸ਼ਨਾਂ ਦੌਰਾਨ ਪੁਲਿਸ ਪ੍ਰਣਾਲੀ ਵਿਚ ਸੁਧਾਰ ਕਰਨ ਦੀ ਮੰਗ ਉੱਠੀ ਸੀ। ਪ੍ਰਦਰਸ਼ਨਕਾਰੀਆਂ ਤੇ ਰਾਜਸੀ ਦਬਾਅ ਦੇ ਸਿੱਟੇ ਵਜੋਂ ਟਰੰਪ ਨੇ ਪੁਲਿਸ ਦੀ ਸਖਤੀ ਰੋਕਣ ਲਈ ਇਹ ਨਵਾਂ ਆਦੇਸ਼ ਜਾਰੀ ਕੀਤਾ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕਾਨੂੰਨ ਵਿਵਸਥਾ ਬਣਾਈ ਰਖਣ ਲਈ ਨਿਆਂਇਕ ਤੇ ਸੁਰੱਖਿਅਤ ਢੰਗ-ਤਰੀਕਿਆਂ ਦੀ ਵਰਤੋਂ ਕੀਤੀ ਜਾਵੇ। ਟਰੰਪ ਨੇ ਆਦੇਸ਼ ਉਪਰ ਦਸਤਖ਼ਤ ਕਰਨ ਸਮੇ ਕਿਹਾ ' ਮੈ ਸਾਰੇ ਪੀੜਤ ਪਰਿਵਾਰਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਰੇ ਅਮਰੀਕਨ ਤੁਹਾਡੇ ਦੁੱਖ ਵਿਚ ਸ਼ਾਮਿਲ ਹਨ ਤੇ ਤੁਹਾਡੇ ਪਿਆਰਿਆਂ ਦੀ ਮੌਤ ਅਜਾਈਂ ਨਹੀਂ ਜਾਵੇਗੀ।' ਟਰੰਪ ਨੇ ਜਿਥੇ ਪਰਿਵਾਰਾਂ ਨੂੰ ਅਸਧਾਰਨ ਕਰਾਰ ਦਿੰਦਿਆਂ ਉਨਾਂ ਨੂੰ ਨਿਆਂ ਦਿਵਾਉਣ ਪ੍ਰਤੀ ਵਚਨਬੱਧਤਾ ਪ੍ਰਗਟਾਈ ਉਥੇ ਨਾਲ ਹੀ ਪੁਲਿਸ ਦੀ ਪਿੱਠ ਥਪਥਪਾਉਂਦਿਆਂ ਉਨਾਂ ਕਿਹਾ ਕਿ 'ਪੁਲਿਸ ਬਹਾਦਰ, ਨਿਰਸਵਾਰਥ ਤੇ ਨਿਡਰ ਹੈ। ਅਮਰੀਕਨ ਸੱਚਾਈ ਜਾਣਦੇ ਹਨ ਕਿ ਪੁਲਿਸ ਤੋਂ ਬਿਨਾਂ ਉਥਲ ਪੁਥਲ ਹੋ ਜਾਵੇਗੀ ਤੇ ਕਾਨੂੰਨ ਤੋਂ ਬਿਨਾਂ ਅਰਾਜਕਤਾ ਫੈਲ ਜਾਵੇਗੀ।' ਦੂਸਰੇ ਪਾਸੇ ਅਲੋਚਕਾਂ ਦਾ ਕਹਿਣਾ ਹੈ ਕਿ ਇਹ ਆਦੇਸ਼ ਪ੍ਰਣਾਲੀਬੱਧ ਨਸਲਵਾਦ ਦੀ ਸਮੱਸਿਆ ਹੱਲ ਕਰਨ ਵਿਚ ਨਾਕਾਮ ਰਿਹਾ ਹੈ। ਨਸਲ, ਨੀਤੀ ਤੇ ਸੰਵਿਧਾਨਕ ਕਾਨੂੰਨ ਉਪਰ ਅਧਿਐਨ ਕਰਨ ਵਾਲੇ ਕੋਲੰਬੀਆ ਯੁਨੀਵਰਸਿਟੀ ਦੇ ਲਾਅ ਪ੍ਰੋਫੈਸਰ ਕੈਨਡਾਲ ਥੋਮਸ ਨੇ ਕਿਹਾ ਹੈ ਕਿ ਰਾਸ਼ਟਰਪਤੀ ਦੇ ਆਦੇਸ਼ ਵਿਚ ਨੀਤੀਗੱਤ ਤਬਦੀਲੀ ਲਈ ਕੋਈ ਵਚਨਬੱਧਤਾ ਵਿਖਾਈ ਨਹੀਂ ਦੇ ਰਹੀ ਤੇ ਨਾ ਹੀ ਪੁਲਿਸ ਵਿਚ ਸੁਧਾਰ ਕਰਨ ਪ੍ਰਤੀ ਗੰਭੀਰਤਾ ਨਜਰ ਆ ਰਹੀ ਹੈ। ਉਨਾਂ ਕਿਹਾ ਕਿ ਨਵੇਂ ਆਦੇਸ਼ ਦਾ ਮੰਤਵ ਮੌਜੂਦਾ ਵਿਵਸਥਾ ਕਾਇਮ ਰਖਣ ਤੋਂ ਬਿਨਾਂ ਹੋਰ ਕੁਝ ਨਹੀਂ ਹੈ। ਇਹ ਅਜਿਹਾ ਆਦੇਸ਼ ਹੈ ਜਿਸ ਨਾਲ ਸਜਾ ਦੇਣ ਸਬੰਧੀਆਂ ਨੀਤੀਆਂ ਹੋਰ ਸਖਤ ਹੋ ਜਾਣਗੀਆਂ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਪੁਲਿਸ ਹੱਥੋਂ ਕਾਲੇ ਵਿਅਕਤੀ ਦੀ ਮੌਤ ਤੋਂ ਬਾਅਦ ਅਟਲਾਂਟਾ ਤੇ ਹੋਰ ਥਾਵਾਂ ‘ਤੇ ਪ੍ਰਦਰਸ਼ਨ ਤੇ ਸਾੜਫੂਕ

## ਬਰੁੱਕਸ ਦੀ ਮੌਤ ਪੁਲਿਸ ਗੋਲੀ ਨਾਲ ਹੋਈ-ਪੋਸਟ ਮਾਰਟਮ ਰਿਪੋਰਟ





**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਜਾਰਜੀਆ ਦੀ ਰਾਜਧਾਨੀ ਅਟਲਾਂਟਾ ਵਿਚ ਪੁਲਿਸ ਦੀ ਗੋਲੀ ਨਾਲ ਅਫ਼ਰੀਕੀ ਮੂਲ ਦੇ ਅਮਰੀਕੀ ਨਾਗਰਿਕ ਰੇਸ਼ਰਡ ਬਰੁੱਕਸ ਦੀ ਹੋਈ ਮੌਤ ਉਪਰੰਤ ਲੋਕਾਂ ਵਿਚ ਗੁੱਸਾ ਤੇ ਰੋਹ ਪੈਦਾ ਹੋ ਗਿਆ ਹੈ। ਜਿਸ ਰੈਸਟੋਰੈਂਟ ਅੱਗੇ ਪੁਲਿਸ ਗੋਲੀ ਨਾਲ ਬਰੁੱਕਸ ਮਾਰਿਆ ਗਿਆ ਸੀ, ਉਸ ਜਗਾ ‘ਤੇ ਅੱਜ ਫਿਰ ਲੋਕ ਇਕੱਠੇ ਹੋਏ। ਇਸ ਰੈਸਟੋਰੈਂਟ ਨੂੰ ਲੰਘੇ ਦਿਨ ਹੀ ਲੋਕਾਂ ਨੇ ਸਾੜ ਦਿੱਤਾ ਸੀ ਤੇ ਅੱਜ ਫਿਰ ਬਚੇ ਰੈਸਟੋਰੈਂਟ ਨੂੰ ਅੱਗ ਲਾ ਦਿੱਤੀ। ਲੋਕਾਂ ਨੇ ਵੈਂਡੀਜ ਨੇੜੇ ਅੰਤਰ ਰਾਜ ਮਾਰਗ ਉਪਰ ਜਾਮ ਲਾਉਣ ਦੀ ਕੋਸ਼ਿਸ ਕੀਤੀ ਪਰ ਪੁਲਿਸ ਨੇ ਮਿਰਚਾਂ ਦੀ ਸਪਰੇਅ ਕਰਕੇ ਲੋਕਾਂ ਨੂੰ ਖਦੇੜ ਦਿੱਤਾ। ਇਸ ਦੌਰਾਨ ਬਾਰਿਸ਼ ਵੀ ਹੋ ਰਹੀ ਸੀ। ਪ੍ਰਦਰਸ਼ਨਕਾਰੀ ਨਾਲ ਲੱਗਦੇ ਇਕ ਗੈਸ ਸਟੇਸ਼ਨ ‘ਤੇ ਚਲੇ ਗਏ ਜਿਥੇ ਉਨਾਂ ਨੇ ਜਮ ਕੇ ਨਾਅਰੇਬਾਜ਼ੀ ਕੀਤੀ। ਪ੍ਰਦਰਸ਼ਨਕਾਰੀ ਉੱਚੀ ਆਵਾਜ਼ ਵਿਚ ਕਹਿ ਰਹੇ ਸਨ ‘ਕਾਲਿਆਂ ਨਾਲ ਧੱਕਾ ਬੰਦ ਕਰੋ।‘ ਪ੍ਰਦਰਸ਼ਨ ਦੌਰਾਨ ਲੋਕ ਆਪਣੇ ਛੋਟੇ-ਛੋਟੇ ਬੱਚਿਆਂ ਨੂੰ ਵੀ ਨਾਲ ਲੈ ਕੇ ਆਏ ਸਨ ਤਾਂ ਕਿ ਉਹ ਪ੍ਰਦਰਸ਼ਨਾਂ ਸਬੰਧੀ ਤਜ਼ਰਬਾ ਲੈ ਸਕਣ। ਅਫ਼ਰੀਕੀ ਲੋਕ ਬੀਤੇ ਮਹੀਨੇ 25 ਮਈ ਨੂੰ ਪੁਲਿਸ ਹਥੋਂ ਮਾਰੇ ਗਏ ਜਾਰਜ ਫਲਾਈਡ ਦੀ ਮੌਤ ਨੂੰ ਨਹੀਂ ਭੁੱਲੇ ਸਨ ਤੇ ਉਸ ਦੀ ਮੌਤ ਨੂੰ ਲੈ ਕੇ ਨਿਰੰਤਰ ਪ੍ਰਦਰਸ਼ਨ ਹੋ ਰਹੇ ਸਨ ਕਿ ਬਰੁੱਕਸ ਦੀ ਪੁਲਿਸ ਹਥੋਂ ਹੋਈ ਮੌਤ ਨੇ ਬਲਦੀ ਉਪਰ ਤੇਲ ਪਾਉਣ ਦਾ ਕੰਮ ਕੀਤਾ ਹੈ। ਪ੍ਰਦਰਸ਼ਨਕਾਰੀਆਂ ਦਾ ਕਹਿਣਾ ਹੈ ਕਿ ਸਾਨੂੰ ਹਰ ਰੋਜ ਮਾਰਿਆ ਜਾ ਰਿਹਾ ਹੈ। ਨਾ ਕੇਵਲ ਸੜਕਾਂ ਉਪਰ ਬਲਕਿ ਜੇਲਾਂ ਵਿਚ ਵੀ ਸਾਡੇ ਨਾਲ ਬਦਸਲੂਕੀ ਕੀਤੀ ਜਾ ਰਹੀ ਹੈ। ਡਾਊਨ ਟਾਊਨ ਅਟਲਾਂਟਾ ਵਿਚ ਸ਼ਤਾਬਦੀ ਪਾਰਕ ਨੇੜੇ ਸ਼ਾਂਤਮਈ ਪ੍ਰਦਰਸ਼ਨ ਹੋਇਆ ਜਿਸ ਦੌਰਾਨ ਲੋਕਾਂ ਨੇ “ਨਿਆਂ ਨਹੀਂ-ਸ਼ਾਂਤੀ ਨਹੀਂ“ ਵਰਗੇ ਨਾਅਰੇ ਲਾਏ।

**ਰੇਸ਼ਰਡ ਬਰੁੱਕਸ ਦੀ ਮੌਤ ਪੁਲਿਸ ਗੋਲੀ ਨਾਲ ਹੋਈ**

ਇਸੇ ਦੌਰਾਨ ਆਈ ਪੋਸਟ ਮਾਰਟਮ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰੇਸ਼ਰਡ ਬਰੁੱਕਸ ਦੀ ਕੁੱਦਰਤੀ ਮੌਤ ਨਹੀਂ ਹੋਈ ਤੇ ਉਸ ਦੀ ਹੱਤਿਆ ਹੋਈ ਹੈ। ਉਸ ਦੀ ਮੌਤ ਪਿੱਠ ਵਿਚ ਦੋ ਗੋਲੀਆਂ ਲੱਗਣ ਕਾਰਨ ਹੋਈ ਹੈ। ਗੋਲੀਆਂ ਲੱਗਣ ਕਾਰਨ ਉਸ ਦੇ ਅੰਦਰੂਨੀ ਅੰਗਾਂ ਨੂੰ ਨੁਕਸਾਨ ਪੁੱਜਾ ਤੇ ਖ਼ੂਨ ਵਹਿ ਗਿਆ। ਸਾਰੀ ਘਟਨਾ ਦੀ ਇਕ ਵੀਡੀਓ ਵੀ ਜਾਰੀ ਕੀਤੀ ਗਈ ਹੈ ਜਿਸ ਵਿਚ ਬਰੁੱਕਸ ਆਪਣੀ ਕਾਰ ਵਿਚ ਸੁੱਤਾ ਪਿਆ ਨਜਰ ਆ ਰਿਹਾ ਹੈ। ਪੁਲਿਸ ਅਧਿਕਾਰੀ ਉਸ ਨੂੰ ਉਠਾਉਂਦੇ ਹਨ ਤੇ ਕਾਰ ਵਿਚੋਂ ਬਾਹਰ ਆਉਣ ਲਈ ਕਹਿੰਦੇ ਹਨ। ਬਰੁੱਕਸ ਕਹਿੰਦਾ ਹੈ ਕਿ ਉਸ ਕੋਲ ਕੋਈ ਹਥਿਆਰ ਨਹੀਂ ਹੈ। ਪੁਲਿਸ ਬਰੁੱਕਸ ਦਾ ਨਸ਼ਾ ਕੀਤੇ ਹੋਣ ਦਾ ਟੈਸਟ ਕਰਦੀ ਹੈ ਜਿਸ ਵਿਚ ਉਹ ਫੇਲ ਹੋ ਜਾਂਦਾ ਹੈ। ਗੱਲ ਉਸ ਵੇਲੇ ਵਿਗੜਦੀ ਹੈ ਜਦੋਂ ਪੁਲਿਸ ਉਸ ਦੇ ਹੱਥ ਪਿੱਠ ਪਿਛੇ ਬੰਨਣ ਦਾ ਯਤਨ ਕਰਦੀ ਹੈ। ਬਰੁੱਕਸ ਪੁਲਿਸ ਕੋਲੋਂ ਆਪਣੇ ਹੱਥ ਛੁਡਾ ਕੇ ਦੌੜ ਜਾਂਦਾ ਹੈ। ਭਜੇ ਜਾਂਦੇ ਬਰੁੱਕਸ ‘ਤੇ ਪੁਲਿਸ ਗੋਲੀਆਂ ਚਲਾਉਂਦੀ ਹੈ ਪਰ ਉਹ ਰੁਕਦਾ ਨਹੀਂ। ਆਖਿਰ ਕੁਝ ਫਾਸਲੇ ‘ਤੇ ਖ਼ੂਨ ਨਾਲ ਲੱਥਪੱਥ ਹੋਇਆ ਬਰੁੱਕਸ ਜ਼ਮੀਨ ਉਪਰ ਡਿੱਗ ਪੈਂਦਾ ਹੈ ਤੇ ਹਸਪਤਾਲ ਵਿਚ ਸਰਜਰੀ ਤੋਂ ਬਾਅਦ ਦਮ ਤੋੜ ਜਾਂਦਾ ਹੈ।

# ਕਾਨੂੰਨ ਦਾ ਰਾਜ ਕਾਇਮ ਕਰਨ ਲਈ ਪੁਲਿਸ ਸਖਤੀ ਤੋਂ ਕੰਮ ਨਾ ਲਵੇ: ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਪੁਲਿਸ ਅਧਿਕਾਰੀਆਂ ਹੱਥੋਂ ਅਫ਼ਰੀਕੀ ਮੂਲ ਦੇ ਅਮਰੀਕਨਾਂ ਦੇ ਮਾਰੇ ਜਾਣ ਦੀਆਂ ਘਟਨਾਵਾਂ ਦੇ ਮੱਦੇਨਜਰ ਰਾਜਸੀ ਦਬਾਅ ਹੇਠ ਆਏ ਰਾਸ਼ਟਰਪਤੀ ਡੋਨਾਲਡ ਟਰੰਪ ਛੇਤੀ ਇਕ ਆਦੇਸ਼ ਜਾਰੀ ਕਰ ਰਹੇ ਹਨ ਜਿਸ ਵਿਚ ਪੁਲਿਸ ਨੂੰ ਕਿਹਾ ਗਿਆ ਹੈ ਕਿ ਕਾਨੂੰਨ ਦਾ ਰਾਜ ਕਾਇਮ ਕਰਨ ਲਈ ਸਿਰੇ ਦੇ ਕਦਮ ਨਾ ਚੁੱਕੇ ਜਾਣ। ਵਾਈਟ ਹਾਊਸ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ‘ਅਸੀਂ ਕਾਨੂੰਨ ਦਾ ਰਾਜ ਕਾਇਮ ਰਖਣਾ ਹੈ ਪਰ ਅਜਿਹਾ ਕਰਨ ਸਮੇ ਤਰਕਸੰਗਤ, ਨਿਆਇਕ ਤੇ ਸੁਰੱਖਿਅਤ ਢੰਗ ਤਰੀਕਿਆਂ ਦੀ ਵਰਤੋਂ ਕੀਤੀ ਜਾਵੇ। “ ਰਾਸ਼ਟਰਪਤੀ ਨੇ ਕਿਹਾ ਕਿ ਇਸ ਆਦੇਸ਼ ਉਪਰ ਰਸਮੀ ਤੌਰ ‘ਤੇ ਦਸਤਖਤ ਕਰਨ ਤੋਂ ਬਾਅਦ ਇਸ ਸਬੰਧੀ ਵੇਰਵੇ ਨਸ਼ਰ ਕੀਤੇ ਜਾਣਗੇ। ਰਾਸ਼ਟਰਪਤੀ ਦੀ ਘਟੀ ਲੋਕਪ੍ਰਿਯਤਾ ਤੇ ਅਫ਼ਰੀਕੀ ਮੂਲ ਦੇ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਉਪਰੰਤ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਦੇ ਢੰਗ ਤਰੀਕੇ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਦੀ ਹੋਈ ਅਲੋਚਨਾ ਉਪਰੰਤ ਰਾਸ਼ਟਰਪਤੀ ਪੁਲਿਸ ਨੂੰ ਜ਼ਾਬਤੇ ਵਿਚ ਰਖਣ ਲਈ ਆਦੇਸ਼ ਜਾਰੀ ਕਰਨ ਵਾਸਤੇ ਮਜਬੂਰ ਹੋਏ ਹਨ।

**ਟਰੰਪ ਦਾ ਲੋਕਾਂ ਵਿਚ ਆਧਾਰ ਘਟਿਆ- ਇਕ ਸਰਵੇਖਣ**

4 ਸਾਲ ਪਹਿਲਾਂ ਲੋਵਾ ਵਰਗੇ ਰਾਜ ਵਿਚ ਵੱਡੇ ਫਰਕ ਨਾਲ ਜਿੱਤ ਦਰਜ ਕਰਨ ਵਾਲੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਲੋਕਾਂ ਵਿਚ ਆਧਾਰ ‘ਚ ਭਾਰੀ ਕਮੀ ਆਈ ਹੈ। ਇਹ ਖੁਲਾਸਾ ਨਵੇਂ ਡੇਸ ਮੋਇਨਸ ਰਜਿਸਟਰ/ ਮੀਡੀਆ ਕਾਮ ਲੋਵਾ ਸਰਵੇਖਣ ਵਿਚ ਹੋਇਆ ਹੈ। ਲੋਵਾ ਵਿਚ 2016 ਵਿਚ ਡੈਮੋਕੈਰਟਿਕ ਉਮੀਦਵਾਰ ਹਿਲੇਰੀ ਕਲਿੰਟਨ ਤੋਂ 9% ਵਧ ਪ੍ਰਤੀਸ਼ਤ ਵੋਟਾਂ ਲੈ ਕੇ ਟਰੰਪ ਨੇ ਚੋਣ ਜਿੱਤੀ ਸੀ ਪ੍ਰਤੂ ਹੁਣ ਚੋਣ ਸਰਵੇਖਣ ‘ਚ ਟਰੰਪ ਸਾਬਕਾ ਰਾਸ਼ਟਰਪਤੀ ਜੋਅ ਬਿਡੇਨ ਤੋਂ ਕੇਵਲ 1% ਵੋਟਾਂ ਦੇ ਫਰਕ ਨਾਲ ਅੱਗੇ ਰਹੇ ਹਨ। ਡੇਸ ਮੋਇਨਸ ਦੇ ਸੈਲਜਰ ਐਂਡ ਕੰਪਨੀ ਵਲੋਂ ਇਹ ਚੋਣ ਸਰਵੇਖਣ 7 ਤੋਂ 10 ਜੂਨ ਦਰਮਿਆਨ ਕੀਤਾ ਗਿਆ। ਇਸ ਵਿਚ ਗਲਤੀ ਦੀ ਗੁੰਜਾਇਸ਼ 3.8% ਪਲਸ ਜਾਂ ਮਾਈਨਸ ਹੋ ਸਕਦੀ ਹੈ। ਰਾਸ਼ਟਰਪਤੀ ਟਰੰਪ ਨੇ ਇਸ ਸਾਲ ਦੇ ਸ਼ੁਰੂ ਵਿਚ ਲੋਵਾ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਜੇਕਰ ਅਸੀਂ ਚੋਣਾਂ ਨਾ ਜਿੱਤੇ ਤਾਂ ਤੁਹਾਡੀ ਖੇਤੀਬਾੜੀ ਤਬਾਹ ਹੋ ਜਾਵੇਗੀ, ਸਬਸਿਡੀਆਂ ਤੇ ਹੋਰ ਸਹੂਲਤਾਂ ਖਤਮ ਹੋ ਜਾਣਗੀਆਂ। ਸਮਝਿਆ ਜਾਂਦਾ ਸੀ ਕਿ ਨਵੰਬਰ 2020 ਦੀ ਰਾਸ਼ਟਰਪਤੀ ਚੋਣ ਵਿਚ ਟਰੰਪ ਲੋਵਾ ‘ਚ ਅਸਾਨੀ ਨਾਲ ਜਿੱਤ ਦਰਜ ਕਰ ਲੈਣਗੇ ਪਰ ਹੁਣ ਅਜਿਹਾ ਨਹੀਂ ਲੱਗਦਾ। ਲੋਵਾ ਵਿਚ ਗਹਿਗਚ ਮੁਕਾਬਲਾ ਹੋਵੇਗਾ ਤੇ ਰਾਸ਼ਟਰਪਤੀ ਚੋਣ ਹਾਰ ਵੀ ਸਕਦੇ ਹਨ। ਸਮਝਿਆ ਜਾਂਦਾ ਹੈ ਕਿ ਕੋਰੋਨਾਵਾਇਰਸ ਮਹਾਮਾਰੀ ਤੇ ਪੁਲਿਸ ਹੱਥੋਂ ਅਫ਼ਰੀਕੀ ਮੂਲ ਦੇ ਅਮਰੀਕਨਾਂ ਦੀਆਂ ਹੱਤਿਆਵਾਂ ਕਾਰਨ ਵੱਡੀ ਪੱਧਰ ਉਪਰ ਪਾਏ ਜਾ ਰਹੇ ਅਣਸੁਖਾਵੇਂ ਹਾਲਾਤ ਕਾਰਨ ਰਾਸ਼ਟਰਪਤੀ ਦੀ ਲੋਕਪ੍ਰਿਯਤਾ ਵਿਚ ਕਮੀ ਆਈ ਹੈ।

# ਅਮਰੀਕਾ ਵਿਚ ਕੋਰੋਨਾ ਨਾਲ ਇਕ ਲੱਖ ਮੌਤਾਂ ਹੋਰ ਹੋ ਸਕਦੀਆਂ ਹਨ: ਮਾਹਿਰ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਹਾਲਾਂਕਿ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿਚ ਕੋਰੋਨਾਵਾਇਰਸ ਨਾਲ ਰੋਜਾਨਾ ਹੋ ਰਹੀਆਂ ਮੌਤਾਂ ਵਿਚ ਕਮੀ ਆਈ ਹੈ ਪਰ ਸਿਹਤ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਕੋਰੋਨਵਾਇਰਸ ਅਜੇ ਉਸੇ ਤਰਾਂ ਹੀ ਕਾਇਮ ਹੈ ਤੇ ਇਹ ਕਿਤੇ ਗਿਆ ਨਹੀਂ ਹੈ। ਹਾਰਵਰਡ ਗਲੋਬਲ ਹੈਲਥ ਇੰਸਟੀਚਿਊਟ ਦੇ ਡਾਇਰੈਕਟਰ ਡਾਕਟਰ ਆਸ਼ਿਸ਼ ਝਾਅ ਨੇ ਚਿਤਾਵਨੀ ਦਿੱਤੀ ਹੈ ਕਿ ਪਿਛਲੇ 6 ਹਫ਼ਤਿਆਂ ਦੌਰਾਨ ਮੌਤਾਂ ਦਾ ਅੰਕੜਾ ਘਟਣ ਦੇ ਬਾਵਜੂਦ ਕੋਰੋਨਾਵਾਇਰਸ ਦੇ ਫੈਲਣ ਦਾ ਖਤਰਾ ਨਿਰੰਤਰ ਬਰਕਰਾਰ ਹੈ ਤੇ ਅਗਲੇ ਕੁਝ ਮਹੀਨਿਆਂ ਵਿਚ ਇਕ ਲੱਖ ਹੋਰ ਅਮਰੀਕੀ ਮੌਤ ਦੇ ਮੂੰਹ ਵਿਚ ਜਾ ਸਕਦੇ ਹਨ। ਝਾਅ ਨੇ ਟਵੀਟ ਕੀਤਾ ਹੈ ਕਿ “ਰੋਜਾਨਾ 800 ਤੋਂ 1000 ਮੌਤਾਂ ਹੋ ਰਹੀਆਂ ਹਨ, ਅਸੀਂ ਅਜੇ ਸੁਰੱਖਿਅਤ ਨਹੀਂ ਹੋ ਸਕਦੇ “। ਅਮਰੀਕਾ ਵਿਚ ਅੱਜ ਤੱਕ ਕੋਰੋਨਾਵਾਇਰਸ ਨਾਲ 1,16,034 ਮੌਤਾਂ ਹੋ ਚੁੱਕੀਆਂ ਹਨ ਤੇ ਪੀੜਤ ਮਰੀਜ਼ਾਂ ਦੀ ਗਿਣਤੀ 20,89,701 ਹੋ ਗਈ ਹੈ। ਮਰੀਜ਼ਾਂ ਦੇ ਸਿਹਤਮੰਦ ਹੋਣ ਦੀ ਦਰ ਵਿਚ ਵਰਣਯੋਗ ਸੁਧਾਰ ਹੋਇਆ ਹੈ। ਸਿਹਤਮੰਦ ਹੋਣ ਦੀ ਦਰ 88% ਹੋ ਗਈ ਹੈ। ਹੁਣ ਤੱਕ 8,16,086 ਮਰੀਜ਼ ਠੀਕ ਹੋਏ ਹਨ।

# ਘੱਟ ਗਿਣਤੀਆਂ ਦੀ ਬੇਹਤਰੀ ਲਈ ਨਵੀਂ ਯੋਜਨਾਬੰਦੀ ਹੋਵੇਗੀ: ਰਾਸ਼ਟਰਪਤੀ ਟਰੰਪ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਉਸ ਦਾ ਪ੍ਰਸ਼ਾਸਨ ਕਾਲੇ ਭਾਈਚਾਰੇ/ ਘੱਟ ਗਿਣਤੀਆਂ ਦੀ ਬੇਹਤਰੀ ਲਈ ਲੋੜੀਂਦੇ ਕਦਮ ਚੁੱਕਣ ਵਾਸਤੇ ਯੋਜਨਾ ਬਣਾ ਰਿਹਾ ਹੈ। ਇਸ ਦੇ ਨਾਲ ਹੀ ਉਨਾਂ ਨੇ ਪ੍ਰਦਰਸ਼ਨਕਾਰੀਆਂ ਉਪਰ ਕਾਬੂ ਪਾਉਣ ਲਈ ਕੀਤੀ ਕਾਰਵਾਈ ਵਾਸਤੇ ਨੈਸ਼ਨਲ ਗਾਰਡ ਦੀ ਪ੍ਰਸੰਸਾ ਕੀਤੀ ਹੈ। ਉਨਾ ਕਿਹਾ ਕਿ ਉਸ ਦੇ ਪ੍ਰਸ਼ਾਸਨ ਨੇ ਬਹੁਤ ਹੀ ਵਧੀਆ ਢੰਗ ਨਾਲ ਪ੍ਰਦਰਸ਼ਕਾਰੀਆਂ ਨਾਲ ਨਜਿੱਠਿਆ ਹੈ ਬਿਲਕੁੱਲ ਉਸੇ ਤਰਾਂ ਜਿਵੇਂ ‘ਇਕ ਚਾਕੂ ਮੱਖਣ ਵਿਚੋਂ ਨਿਕਲ ਜਾਂਦਾ ਹੈ।‘ ਉਨਾਂ ਕਿਹਾ ਕਿ ਘੱਟ ਗਿਣਤੀਆਂ ਖਾਸ ਕਰਕੇ ਕਾਲੇ ਭਾਈਚਾਰੇ ਦੇ ਛੋਟੇ ਕਾਰੋਬਾਰਾਂ ਦੀ ਬੇਹਤਰੀ ਲਈ ਨਿਵੇਸ਼ ਕੀਤਾ ਜਾਵੇਗਾ। ਉਨਾਂ ਕਿਹਾ ਇਹ ਕੰਮ ਬਹੁਤ ਸਮਾਂ ਪਹਿਲਾਂ ਕਰ ਦੇਣਾ ਚਾਹੀਦਾ ਸੀ। ਉਨਾਂ ਸਵਿਕਰ ਕੀਤਾ ਕਿ ਕੁਝ ਖੇਤਰਾਂ ਵਿਚ ਡਾਕਟਰੀ ਸੇਵਾਵਾਂ ਖਸਤਾ ਹਾਲਤ ਵਿਚ ਹਨ। ਇਨਾਂ ਖੇਤਰਾਂ ਵਿਚ ਡਾਕਟਰੀ ਸੇਵਾਵਾਂ ‘ਚ ਸੁਧਾਰ ਲਈ ਕਾਫੀ ਫੰਡਾਂ ਦਾ ਪ੍ਰਬੰਧ ਕੀਤਾ ਜਾਵੇਗਾ। ਇਥੇ ਵਰਣਨਯੋਗ ਹੈ ਕਿ ਟਰੰਪ ਪਿਛਲੇ 3 ਸਾਲ ਦੇ ਵਧ ਸਮੇ ਤੋਂ ਸੱਤਾ ਉਪਰ ਹਨ ਪਰ ਉਨਾਂ ਵੱਲੋਂ ਪੱਛੜੇ ਖੇਤਰਾਂ ਵਿਚ ਸੁਧਾਰ ਲਈ ਕੋਈ ਕਦਮ ਨਹੀਂ ਚੁੱਕਿਆ ਗਿਆ। ਹੁਣ ਚੋਣ ਵਰਾ ਹੋਣ ਕਾਰਨ ਉਨਾਂ ਵੱਲੋਂ ਸੁਧਾਰਾਂ ਲਈ ਐਲਾਨ ਕੀਤੇ ਜਾ ਰਹੇ ਹਨ।

**ਟਰੰਪ ਦੀ ਰੈਲੀ ਵਿਚ ਸ਼ਾਮਿਲ ਹੋਣ ਲਈ ਕਰਨਾ ਪਵੇਗਾ ਅਹਿਦ:**

19 ਜੂਨ ਨੂੰ ਓਕਲਾਹੋਮਾ ਵਿਚ ਟਰੰਪ ਵੱਲੋਂ ਕੀਤੀ ਜਾ ਰਹੀ ਚੋਣ ਰੈਲੀ ਵਿਚ ਸ਼ਾਮਿਲ ਹੋਣ ਲਈ ਲੋਕਾਂ ਨੂੰ ਇਹ ਅਹਿਦ ਕਰਨਾ ਪਵੇਗਾ ਕਿ ਜੇਕਰ ਰੈਲੀ ਕਾਰਨ ਕੋਰੋਨਾਵਾਇਰਸ ਫੈਲਦਾ ਹੈ ਤਾਂ ਉਹ ਰੈਲੀ ਦੇ ਪ੍ਰਬੰਧਕਾਂ ਵਿਰੁੱਧ ਕਿਸੇ ਤਰਾਂ ਦੀ ਪਟੀਸ਼ਨ ਦਾਇਰ ਨਹੀਂ ਕਰਨਗੇ। ਰਾਸ਼ਟਰਪਤੀ ਦੀ ਚੋਣ ਮੁਹਿੰਮ ਲਈ ਵੈਬਸਾਈਟ ਉਪਰ ਮੁਫ਼ਤ ਟਿਕਟ ਹਾਸਲ ਕੀਤਾ ਜਾ ਸਕੇਗਾ। ਇਸ ਦੇ ਨਾਲ ਹੀ ਇਕ ਸੰਦੇਸ਼ ਦਿੱਤਾ ਗਿਆ ਹੈ ਕਿ ਟੁਲਸਾ ਦੇ ਬੀ ਓ ਕੇ ਸੈਂਟਰ ਵਿਚ ਅਗਲੇ ਸ਼ੁੱਕਰਵਾਰ ਹੋ ਰਹੀ ਰੈਲੀ ਵਿਚ ਸ਼ਾਮਿਲ ਹੋਣ ਵਾਲੇ ਲੋਕ ਰੈਲੀ ਦੇ ਪ੍ਰਬੰਧਕਾਂ ਜਾਂ ਇਸ ਨਾਲ ਜੁੜੀਆਂ ਹੋਰ ਧਿਰਾਂ ਵਿਰੁੱਧ ਕੋਰੋਨਾਵਾਇਰਸ ਦੇ ਫੈਲਣ ਨੂੰ ਲੈ ਕੇ ਕੋਈ ਕਾਨੂੰਨੀ ਕਾਰਵਾਈ ਨਹੀਂ ਕਰ ਸਕਣਗੇ। ਹੋਰ ਕਿਹਾ ਗਿਆ ਹੈ ਕਿ ਤੁਸੀਂ ਆਪਣੇ ਜੋਖ਼ਮ ‘ਤੇ ਰੈਲੀ ਵਿਚ ਸ਼ਾਮਿਲ ਹੋਵੋਗੇ ਕਿਉਂਕਿ ਲੋਕਾਂ ਦੇ ਇਕੱਠ ਵਿਚ ਕੋਰੋਨਾਵਾਇਰਸ ਫੈਲਣ ਦਾ ਖਤਰਾ ਹੋ ਸਕਦਾ ਹੈ।

# ਟਰੰਪ ਪ੍ਰਸ਼ਾਸਨ ਵੱਲੋਂ ਲਿਸਬੀਅਨ ਲੋਕਾਂ ਲਈ ਓਬਾਮਾ ਸਿਹਤ ਸੁਰੱਖਿਆ ਪ੍ਰਣਾਲੀ ਖਤਮ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ :** ਟਰੰਪ ਪ੍ਰਸ਼ਾਸਨ ਨੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਸਿਹਤ ਸੰਭਾਲ ‘ਚ ਲਿਸਬੀਅਨ (ਟਰਾਂਸਜੈਂਡਰ) ਲੋਕਾਂ ਨੂੰ ਭਿੰਨਭੇਦ ਤੋਂ ਬਚਾਉਣ ਲਈ ਕਾਇਮ ਕੀਤੀ ਸਿਹਤ ਪ੍ਰਣਾਲੀ ਨੂੰ ਖਤਮ ਕਰਨ ਲਈ ਨਿਯਮਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਜਿਸ ਦਾ ਮਕਸਦ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕੰਜਰਵੇਟਿਵ ਧਾਰਮਿੱਕ ਵੋਟ ਆਧਾਰ ਨੂੰ ਖੁਸ਼ ਕਰਨਾ ਹੈ। ਸਿਹਤ ਤੇ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਦੀ ਯੋਜਨਾ ਅਨੁਸਾਰ ‘ਸੈਕਸ‘ ਦਾ ਮਤਲਬ ਹੈ ਮਰਦ ਤੇ ਔਰਤ ਜਿਵੇਂ ਕਿ ਜੀਵ ਵਿਗਿਆਨ ਨੇ ਤੈਅ ਕੀਤਾ ਹੈ। ਇਸ ਵਿਚ ਤੀਸਰੇ ਲਈ ਕੋਈ ਜਗਾ ਨਹੀਂ ਹੈ। ਔਰਤਾਂ ਦੇ ਸਮੂੰਹਾਂ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਨਵੇਂ ਨਿਯਮਾਂ ਤਹਿਤ ਗਰਭਪਾਤ ਦੀਆਂ ਸੰਭਾਵਨਾਵਾਂ ਵੀ ਖਤਮ ਹੋ ਜਾਣਗੀਆਂ ਜਦ ਕਿ ਇਹ ਸਿਹਤ ਨਾਲ ਜੁੜੀ ਪ੍ਰਕ੍ਰਿਆ ਹੈ। ਨੈਸ਼ਨਲ ਵੋਮੈਨ ਲਾਅ ਸੈਂਟਰ ਦੀ ਪ੍ਰਧਾਨ ਫਾਤਿਮਾ ਗੋਸ ਗਰੇਵਜ ਨੇ ਕਿਹਾ ਹੈ ਕਿ ਕਿਸੇ ਨੂੰ ਵੀ ਇਸ ਤੋਂ ਡਰਨ ਦੀ ਲੋੜ ਨਹੀਂ ਹੈ। ਉਹ ਕੌਣ ਹੁੰਦੇ ਹਨ, ਉਨਾਂ ਨੇ ਸਿਹਤ ਸਬੰਧੀ ਨਿੱਜੀ ਫੈਸਲਾ ਲਿਆ ਹੈ। ਏ ਸੀ ਐਲ ਜੂ ਨੇ ਕਿਹਾ ਹੈ ਕਿ ਉਹ ਟਰਾਂਸਜੈਂਡਰ ਲੋਕਾਂ ਲਈ ਸਿਹਤ ਸਹੂਲਤਾਂ ਵਾਪਿਸ ਲੈਣ ਵਿਰੁੱਧ ਪਹਿਲਾਂ ਹੀ ਅਦਾਲਤ ਦਾ ਦਰਵਾਜ਼ਾ ਖੜਕਾ ਚੁੱਕੇ ਹਨ। ਵਿਲੀਅਮਜ ਇੰਸਟੀਚਿਊਟ ਅਨੁਸਾਰ 15 ਲੱਖ ਤੋਂ ਵਧ ਲੋਕਾਂ ਦੀ ਟਰਾਂਸਜੈਂਡਰ ਵਜੋਂ ਪਛਾਣ ਹੋ ਚੁੱਕੀ ਹੈ। ਵਿਲੀਅਮਜ ਇੰਸਟੀਚਿਊਟ ਦੇ ਜਨਤਿਕ ਨੀਤੀ ਮਾਹਿਰ ਜੋਡੀ ਹਰਮਨ ਨੇ ਟਰੰਪ ਪ੍ਰਸ਼ਾਸਨ ਦੇ ਕਦਮ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਇਸ ਨਾਲ ਟਰਾਂਸਜੈਂਡਰ ਲੋਕਾਂ ਦੀ ਸਿਹਤ ਸੰਭਾਲ ਨੂੰ ਹੋਰ ਨੁਕਸਾਨ ਪੁਜੇਗਾ ਜੋ ਪਹਿਲਾਂ ਹੀ ਚੰਗੀ ਹਾਲਤ ਵਿਚ ਨਹੀਂ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: **Pritam Rupal** Manager: **Pardeep Singh** Online Editor: **Sukhwinder Singh** Asst. Editor: **Balwinderpal Singh** Online Interview Host: **Balraj Pannu**
Designer: **Balbir Singh** Content Composer: **Amritpal Singh** US Distributor: **Amritsar Times Inc** Owner: **Amritsar Times Pvt Ltd.**

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਅਮਰੀਕਾ ਕੋਵਿਡ -19 ਮਾਮਲਿਆਂ ਦੀ 'ਦੂਜੀ ਲਹਿਰ' ਨਹੀਂ ਵੇਖ ਸਕਦਾ: ਡਾਕਟਰ ਫਊਚੀ

**ਵਾਸ਼ਿੰਗਟਨ/ਰਾਜ ਗੋਗਨਾ:** ਬਹੁਤ ਸਾਰੇ ਮਾਹਿਰ ਡਰਦੇ ਹਨ ਕਿ ਸਟੇਟ ਆਰਥਿਕਤਾ ਨੂੰ ਮੁੜ ਖੋਲਣ ਦੀਆਂ ਕੋਸ਼ਿਸ਼ਾਂ ਅਤੇ ਪੁਲਿਸ ਦੀ ਬੇਰਹਿਮੀ ਅਤੇ ਨਸ਼ਲਵਾਦ ਨੂੰ ਲੈ ਕੇ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਮਾਮਲਿਆਂ ਵਿੱਚ ਦੂਜੀ ਵਾਰ ਵਾਧਾ ਕਰਨ ਵਿੱਚ ਯੋਗਦਾਨ ਪਾ ਸਕਦੇ ਹਨ।ਪਰ ਡਾਕਟਰ ਫੌਉਚੀ ਨੈਸ਼ਨਲ ਇੰਸੀਚਿਊਟ ਆਫ ਐਲਰਜੀ ਅਤੇ ਛੂਤ ਦੀਆਂ ਬੀਮਾਰੀਆਂ ਦੇ ਨਿਰਦੇਸ਼ਕ, ਜਿਨਾਂ ਨੂੰ ਵਾਈਟ ਹਾਊਸ ਦੁਆਰਾ ਅਪ੍ਰੈਲ ਤੋਂ ਵੱਖ ਕਰ ਦਿੱਤਾ ਗਿਆ ਹੈ, ਨੇ ਆਰਥਿਕਤਾ ਨੂੰ ਮੁੜ ਖੋਲਣ ਬਾਰੇ ਡੌਨਲਡ ਟਰੰਪ ਦੀ ਸਥਿੱਤੀ ਤੋੜਦਿਆਂ ਬੀਤੇਂ ਦਿਨਸੀਐਨਐਨ ਨੂੰ ਦੱਸਿਆ ਕਿ ਕਈ ਰਾਜਾਂ ਵਿੱਚ ਮਾਮਲਿਆਂ ਵਿੱਚ ਵਾਧਾ ਹੋਣਾ ਲਾਜ਼ਮੀ ਸੂਚਕ ਨਹੀਂ ਸੀ।ਡਾਕਟਰ ਫੌਉਚੀ ਨੇ ਕਿਹਾ, ਜਦੋਂ ਤੁਸੀਂ ਹਸਪਤਾਲ ਵਿਚ ਦਾਖਲੇ ਨੂੰ ਵੇਖਣਾ ਸ਼ੁਰੂ ਕਰਦੇ ਹੋ, ਤਾਂ ਇਹ ਇਕ ਨਿਸ਼ਚਤ ਸਥਿਤੀ ਹੈ ਜਿਸ ਦਾ ਤੁਹਾਨੂੰ ਪੂਰਾ ਧਿਆਨ ਦੇਣਾ ਪਏਗਾ, ਇਹ ਲਾਜ਼ਮੀ ਨਹੀਂ ਹੈ ਕਿ ਪਤਝੜ ਵਿਚ ਦੂਸਰੀ ਲਹਿਰ ਆਵੇਗੀ, ਜਾਂ ਜੇ ਤੁਸੀਂ ਇਸ ਨੂੰ ਸਹੀ ਢੰਗ ਨਾਲ ਵੇਖਦੇ ਹੋ ਤਾਂ ਬਹੁਤ ਵੱਡਾ ਵਾਧਾ ਹੋਵੇਗਾ,ਉਸਨੇ ਲੋਕਾਂ ਨੂੰ ਸਮਾਜਿਕ ਦੂਰੀ ਬਣਾਈ ਰੱਖਣ ਅਤੇ ਮਾਸਕ ਪਹਿਨਣ ਦੀ ਸਲਾਹ ਦਿੱਤੀ। ਉਸਨੇ ਕਿਹਾ ਜਨਤਕ ਤੇ ਇਕੱਠ ਵਿੱਚ ਮਾਸਕ ਪਾਉਣਾ ਬਹੁਤ ਜ਼ਰੂਰੀ ਹੈ। ਜੋ ਨਹੀਂ ਪਾ ਰਹੇ ਉਹ ਖ਼ੁਦ ਕੋਰੋਨਾ ਨੂੰ ਸੱਦਾ ਦੇ ਰਹੇ ਹਨ। ਫੈਡਰਲ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀ.ਡੀ.ਸੀ.) ਦੇ ਅਨੁਸਾਰ, ਪਿਛਲੇ ਮਹੀਨੇ 80% ਦੇ ਕਰੀਬ ਅਮਰੀਕੀ ਸਵੈ-ਅਲੱਗ-ਥਲੱਗ ਹੋਏ ਹਨ ਅਤੇ 74% ਆਮ ਤੌਰ 'ਤੇ ਜਾਂ ਅਕਸਰ ਜਨਤਕ ਤੌਰ' ਤੇ ਸਾਹਮਣੇ ਹੋਏ ਸਨ। ਨਿਉਯਾਰਕ ਅਤੇ ਲਾਸ ਏਂਜਲਸ ਦੇ ਵਸਨੀਕਾਂ ਨੇ ਲਗਭਗ 90% ਸਮਾਂ ਅਜਿਹਾ ਕੀਤਾ। ਪਿਛਲੇ ਹਫ਼ਤੇ, ਟੈਕਸਾਸ, ਸਾਊਥ ਕੈਰੋਲਿਨਾ, ਯੂਟਾਹ, ਐਰੀਜ਼ੋਨਾ, ਉੱਤਰੀ ਕੈਰੋਲਿਨਾ, ਅਰਕਾਨਸਾਸ, ਅਲਾਬਮਾ, ਓਰੇਗਨ, ਕੈਲੀਫੋਰਨੀਆ, ਨੇਵਾਦਾ ਅਤੇ ਫਲੋਰਿਡਾ ਸਮੇਤ 19 ਰਾਜਾਂ ਵਿੱਚ ਕੋਵੀਡ



-19 ਦੇ ਨਵੇਂ ਇਨਫੈਕਸ਼ਨਾਂ ਲਈ ਸੱਤ ਦਿਨਾਂ ਦੀ ਰੋਲਿੰਗ ਔਸਤਨ ਉੱਚਤਮ ਦਰਜ ਕੀਤੀ ਗਈ ਹੈ। ਇਹ ਰਿਸ ਕਰਕੇ ਹੋਇਆ ਕਿ ਇਹਨਾ ਲੋਕਾਂ ਨੇ ਮਾਸਕ ਤੇ ਦੂਰੀ ਨੂੰ ਨਜ਼ਰ ਅੰਦਾਜ਼ ਕੀਤਾ ਸੀ। ਅਰਕਨਸਾਸ ਵਿਚ ਸ਼ੁੱਕਰਵਾਰ ਨੂੰ, ਉਦਾਹਰਣ ਵਜੋਂ, ਗਵਰਨਰ ਆਸਾ ਹਚਿੰਸਨ, ਰਿਪਬਲਿਕਨ, ਨੇ ਪਿਛਲੇ 24 ਘੰਟਿਆਂ ਦੌਰਾਨ ਰਿਕਾਰਡ ਗਿਣਤੀ ਵਿਚ ਮਾਮਲਿਆਂ ਦੀ ਘੋਸ਼ਣਾ ਕੀਤੀ ਹੈ।ਓਰੇਗਨ ਵਿੱਚ, ਗਵਰਨਰ ਕੇਟ ਬ੍ਰਾ.ਨ, ਇੱਕ ਡੈਮੋਕਰੇਟ, ਨੇ ਸਮਾਜਿਕ ਪਾਬੰਦੀਆਂ ਤੇ ਸਖ਼ਤੀ ਕਰਨ 'ਤੇ ਸੱਤ ਦਿਨਾਂ ਦੀ ਪਕੜ ਰੱਖੀ। ਜਿਸ ਕਰਕੇ ਸਥਿਤੀ ਕੰਟਰੋਲ ਵਿੱਚ ਰਹੀ ਹੈ।ਮੈਰੀਲੈਂਡ ਵਿਚ, ਬਾਲਟੀਮੋਰ ਨੇ ਘੋਸ਼ਣਾ ਕੀਤੀ ਕਿ ਇਹ ਯੋਜਨਾਬੱਧ ਦੁਬਾਰਾ ਖੋਲਣ ਦੇ ਪੜਾਅ ਦੋ ਵਿਚ ਨਹੀਂ ਜਾਵੇਗੀ। ਕਿਉਕਿ ਇਥੇ ਸਖ਼ਤੀ ਵਰਤੀ ਜਾ ਰਹੀ ਹੈ। ਉਲੰਘਣਾ ਕਰਨ ਵਾਲ਼ਿਆਂ ਨਾਲ ਸਖ਼ਤੀ ਨਾਲ ਪੇਸ਼ ਆਇਆ ਜਾ ਰਿਹਾ ਹੈ। ਦੋ ਧਾਰਮਿਕ ਸਥਾਨ ਬੰਦ ਕਰਨ ਦੀ ਨੌਬਤ ਆਈ ਸੀ ਜੋ ਹਦਾਇਤਾ ਦੀ ਪਾਲਣਾ ਨਹੀਂ ਸੀ ਕਰਦੇ। ਪਰ ਸਾਡੀਆਂ ਟੀਮਾਂ ਲਗਾਤਾਰ ਨਜ਼ਰ ਬਣਾਈ ਰੱਖ ਰਹੀਆਂ ਹਨ ਕਿ ਕੋਈ ਵੀ ਅਦਾਰਾ ਮਾਸਕ ਤੇ ਦੂਰੀ ਦੀ ਕੁਤਾਹੀ ਨਾਂ ਕਰੇ। ਰੋਜ ਦੀ ਰੋਜ ਡਾਟਾ ਇੱਕਠਾ ਕੀਤਾ ਜਾ ਰਿਹਾ ਹੈ। ਇੱਕ ਬਿਆਨ ਵਿੱਚ, ਮੇਅਰ, ਬਰਨਾਰਡ ਯੰਗ ਨੇ ਕਿਹਾ,ਮੈਨੂੰ ਸਾਰਿਆਂ ਨਾਲ ਕ੍ਰਿਸਟਲ ਸਾਫ਼ ਹੋਣ ਦਿਉ ਮੈਂ, ਲਗਭਗ ਕਿਸੇ ਵੀ ਵਿਅਕਤੀ ਨਾਲੋਂ, ਇਹ ਵੇਖਣਾ ਪਸੰਦ ਕਰਾਂਗਾ ਕਿ ਬਾਲਟੀਮੋਰ ਸ਼ਹਿਰ ਖੁੱਲਾ ਅਤੇ ਸੁਰੱਖਿਅਤ ਹੈ, ਪਰ ਇਹ ਉਹੋ ਨਹੀਂ ਹੈ ਜੋ ਅੰਕੜੇ ਦੱਸ ਰਹੇ ਹਨ ਸਾਨੂੰ ਇਸ ਸਮੇਂ। ਪਰ ਹਦਾਇਤਾ ਦੀ ਪਾਲਣਾ ਕਰਨਾ ਸਮੇ ਦੀ ਲੋੜ ਹੈ।ਸੀਡੀਸੀ ਨੇ ਕਿਹਾ ਕਿ ਉਹ ਕੋਰੋਨਾਵਾਇਰਸ ਹਸਪਤਾਲਾਂ ਵਿੱਚ ਦਾਖਲ ਹੋਣ ਦੀਆਂ ਖਬਰਾਂ ਦੀ ਪੁਸ਼ਟੀ ਨਹੀਂ ਕਰ ਸਕਦਾ ਪਰ ਇਹ ਗਿਣਤੀ ਨੂੰ ਬਹੁਤ ਨੇੜਿਉ ਨਿਗਰਾਨੀ ਕਰੇਗਾ। ਅਜਿਹੀਆਂ ਘਟਨਾਕ੍ਰਮ ਨੇ ਸ਼ੁੱਕਰਵਾਰ ਨੂੰ ਥੋੜੀ ਜਿਹੀ ਰਿਕਵਰੀ ਤੋਂ ਪਹਿਲਾਂ ਵੀਰਵਾਰ ਨੂੰ ਸਟਾਕ ਮਾਰਕੀਟ ਨੂੰ ਟੇਲਸਪਿਨ ਵਿਚ ਭੇਜਿਆ ਹੈ। ਇਸ ਦੌਰਾਨ ਕੁਝ ਮਾਹਰ ਵਧੇਰੇ ਆਸ਼ਾਵਾਦੀ ਬਣ ਗਏ ਹਨ ਕਿ ਕੋਵਿਡ -19 ਲਈ ਇਕ ਟੀਕਾ ਜਲਦੀ ਵਿਕਸਤ ਕੀਤਾ ਜਾ ਸਕਦਾ ਹੈ।ਸਾਬਕਾ ਸੀਡੀਸੀ ਡਾਇਰੈਕਟਰ ਜੂਲੀ ਗਰਬਰਡਿੰਗ ਨੇ ਸੀਐਨਐਨ ਨੂੰ ਦੱਸਿਆ, ਮੈਨੂੰ ਲਗਦਾ ਹੈ ਕਿ ਸਾਇੰਸ ਸਾਡੇ ਪਾਸੇ ਹੈ ਤੇ ਖੋਜ ਵੱਡੇ ਪੱਧਰ ਤੇ ਹੋ ਰਹੀ ਹੈ। ਨਿਊਯਾਰਕ ਸਿਟੀ ਵਿੱਚ, ਵਿਸ਼ਾਲ ਵਿਰੋਧ ਪ੍ਰਦਰਸ਼ਨਾਂ ਨੇ ਅਮਰੀਕੀ ਮਹਾਂਮਾਰੀ ਕੇਂਦਰ ਵਿੱਚ ਵਾਇਰਸ ਦੇ ਮੁੜ ਉੱਭਰਨ ਦੀ ਖ਼ੌਫ਼ ਪੈਦਾ ਕਰ ਦਿੱਤੇ ਹਨ। ਪਰ ਨਵੇਂ ਇਨਫੈਕਸ਼ਨ ਹੁਣ ਪੂਰੇ ਅਮਰੀਕਾ ਵਿਚ ਸਭ ਤੋਂ ਹੇਠਲੇ ਪੱਧਰ ਤੇ ਹਨ।

## ਬੂਟਾ ਬਾਸੀ ਤੇ ਸਟਾਕਟਨ ਵਿੱਚ ਹਮਲਾ





**ਸਟਾਕਟਨ/ਏ.ਟੀ.ਨਿਊਜ਼:** ਪੰਜਾਬੀ ਅਖਬਾਰ ਸਾਂਝੀ ਸੋਚ ਦੇ ਮਾਲਕ ਬੂਟਾ ਬਾਸੀ ਤੇ ਪਿਛਲੇ ਸਨਿੱਚਰਵਾਰ ਗੁਰਦੁਆਰਾ ਸਾਹਿਬ ਵਿਖੇ ਕੁੱਝ ਅਣਪਛਾਤੇ ਬੰਦਿਆਂ ਵੱਲੋਂ ਹਮਲਾ ਕੀਤਾ ਗਿਆ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਅਸ਼ੋਕ ਭੌਰਾ ਨੇ ਪੰਜਾਬ ਤੋਂ ਚੱਲਦੇ ਅਜੀਤ ਅਖਬਾਰ ਵਿੱਚ ਇੱਕ ਖ਼ਬਰ ਲਾਈ ਕਿ ਕੋਵਿਡ-19 ਕਰਕੇ ਗੁਰਦੁਆਰੇ ਆਰਥਿਕ ਸੰਕਟ ਵਿੱਚ ਅਤੇ ਅਕਾਲ ਤਖਤ ਦੇ ਜਥੇਦਾਰ ਨੂੰ ਸੰਗਤ ਵੱਲੋਂ ਮਦਦ ਕਰਨ ਲਈ ਅਪੀਲ ਕਰਨ ਨੂੰ ਕਿਹਾ। ਅਸਲ ਵਿੱਚ ਸਥਿਤੀ ਏਨੀ ਗੰਭੀਰ ਨਹੀਂ ਜਿੰਨੀ ਖ਼ਬਰ ਵਿੱਚ ਦਰਸਾਈ ਗਈ ਸੀ। ਬੂਟਾ ਬਾਸੀ ਨੇ ਇਸ ਖ਼ਬਰ ਦਾ ਨੋਟਿਸ ਲੈਂਦਿਆਂ ਫੇਸਬੁੱਕ ਤੇ ਲਾਈਵ ਕਰ ਦਿੱਤਾ। ਉਸਤੋਂ ਬਾਅਦ ਸਟਾਕਟਨ ਗੁਰਦੁਆਰਾ ਸਾਹਿਬ ਦੀ ਕਮੇਟੀ ਨੇ ਬੂਟਾ ਬਾਸੀ ਨੂੰ ਗੁਰਦੁਆਰਾ ਸਾਹਿਬ ਆ ਕੇ ਗੱਲ ਕਰਨ ਨੂੰ ਕਿਹਾ। ਜਦੋਂ ਬੂਟਾ ਬਾਸੀ ਗੁਰਦੁਆਰਾ ਸਾਹਿਬ ਦੇ ਦਫਤਰ ਵਿੱਚ ਬੈਠਾ ਉਹਨਾਂ ਨਾਲ ਗੱਲ ਕਰ ਰਿਹਾ ਸੀ ਤਾਂ ਬਾਹਰੋਂ ਦੋ ਬੰਦੇ ਆਏ ਅਤੇ ਬੂਟਾ ਬਾਸੀ ਤੇ ਹਮਲਾ ਕਰ ਦਿੱਤਾ। ਬੂਟਾ ਬਾਸੀ ਦੇ ਕਹਿਣ ਮੁਤਾਬਕ ਕਮੇਟੀ ਮੈਂਬਰਾਂ ਨੇ ਉਹਨਾਂ ਨੂੰ ਰੋਕਿਆ ਪਰ ਨਾਲ ਹੀ ਉਨਾਂ ਦੀ ਸ਼ਨਾਖ਼ਤ ਦੱਸਣੋ ਵੀ ਨਾਂਹ ਕਰ ਦਿੱਤੀ। ਬੂਟਾ ਬਾਸੀ ਦੇ ਕਹਿਣ ਮੁਤਾਬਕ ਕਮੇਟੀ ਵਾਲ਼ਿਆਂ ਨੂੰ ਉਹਨਾਂ ਦੀ ਪਹਿਚਾਣ ਸੀ। ਕਿਉਂਕਿ ਘਟਨਾ ਗੁਰਦੁਆਰਾ ਸਾਹਿਬ ਵਿੱਚ ਹੋਈ ਹੈ। ਇਸ ਲਈ ਬੂਟਾ ਬਾਸੀ ਨੇ ਵਕੀਲ ਕਰਕੇ ਗੁਰਦੁਆਰਾ ਸਾਹਿਬ ਨੂੰ ਚਿੱਠੀ ਪਾਈ ਹੈ ਅਤੇ ਉਸ ਦੇ ਕਹਿਣ ਮੁਤਾਬਕ ਜੇ ਕਮੇਟੀ ਸਹਿਯੋਗ ਨਹੀਂ ਦਿੰਦੀ ਤਾਂ ਅਗਲੀ ਕਾਰਵਾਈ ਕੀਤੀ ਜਾਵੇਗੀ। ਅਦਾਰਾ ਅੰਮ੍ਰਿਤਸਰ ਟਾਈਮਜ਼ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।




# ਅਮਰੀਕਾ ਵਿਚ ਪੁਲਿਸ ਗੋਲੀ ਨਾਲ ਇਕ ਹੋਰ ਕਾਲੇ ਦੀ ਮੌਤ ਉਪਰੰਤ ਝੜਪਾਂ

## ਐਟਲਾਂਟਾ ਦੇ ਪੁਲਿਸ ਮੁੱਖੀ ਨੇ ਦਿੱਤਾ ਅਸਤੀਫ਼ਾ, ਕੈਲੀਫੋਰਨੀਆ ਵਿਚ ਕਾਲੇ ਵਿਅਕਤੀ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ :** ਅਫਰੀਕੀ ਮੂਲ ਦੇ ਅਮਰੀਕੀ ਨਾਗਰਿਕ ਜਾਰਜ ਫਲਾਇਡ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਨੂੰ ਲੈ ਕੇ ਪ੍ਰਦਰਸ਼ਨਾਂ ਦਾ ਸਿਲਸਲਾ ਅਜੇ ਰੁਕਿਆ ਨਹੀਂ ਹੈ ਕਿ ਇਸ ਦਰਮਿਆਨ ਇਕ ਹੋਰ ਕਾਲੇ ਵਿਅਕਤੀ ਦੀ ਪੁਲਿਸ ਗੋਲੀ ਨਾਲ ਮੌਤ ਹੋਣ ਦੀ ਖ਼ਬਰ ਹੈ। ਇਹ ਘਟਨਾ ਦੇਰ ਰਾਤ ਐਟਲਾਂਟਾ (ਜਾਰਜੀਆ) ਵਿਚ ਵਿੰਡੀਜ ਵਿਖੇ ਵਾਪਰੀ ਜਿਸ ਉਪਰੰਤ ਪ੍ਰਦਰਸ਼ਨਕਾਰੀਆਂ ਤੇ ਪੁਲਿਸ ਵਿਚਾਲੇ ਝੜਪਾਂ ਹੋਈਆਂ। ਇਕ ਰੈਸਟੋਰੈਂਟ ਦੇ ਬਾਹਰ ਪੁਲਿਸ ਤੇ ਨੈਸ਼ਨਲ ਗਾਰਡ ਦੇ ਜਵਾਨਾਂ ਨਾਲ ਪ੍ਰਦਰਸ਼ਨਕਾਰੀ ਭਿੜ ਗਏ ਜਿਨਾਂ ਉਪਰ ਕਾਬੂ ਪਾਉਣ ਲਈ ਪੁਲਿਸ ਨੂੰ ਭਾਰੀ ਮੁਸ਼ੱਕਤ ਕਰਨੀ ਪਈ।





ਇਸ ਘਟਨਾ ਤੋਂ ਬਾਅਦ ਐਟਲਾਂਟਾ ਦੇ ਪੁਲਿਸ ਮੁੱਖੀ ਈਰਿਕਾ ਸ਼ੀਲਡ ਨੇ ਤੁਰੰਤ ਆਪਣਾ ਅਸਤੀਫ਼ਾ ਦੇ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਰੇਸ਼ਰਡ ਬਰੁੱਕਸ ਨਾਂ ਦਾ 27 ਸਾਲਾਂ ਦਾ ਕਾਲਾ ਵਿਅਕਤੀ ਵਿੰਡੀਜ ਦੀ ਸੜਕ 'ਤੇ ਆਪਣੀ ਕਾਰ ਵਿਚ ਸੁੱਤਾ ਪਿਆ ਸੀ ਜਿਸ ਕਾਰਨ ਹੋਰ ਕਾਰ ਸਵਾਰਾਂ ਨੂੰ ਅਸੁਵਿਧਾ ਹੋ ਰਹੀ ਸੀ। ਜਾਂਚ ਬਿਊਰੋ ਅਨੁਸਾਰ ਪੁਲਿਸ ਰਾਤ 10.30 ਵਜੇ ਮੌਕੇ ਉਪਰ ਪੁੱਜੀ। ਰੇਸ਼ਰਡ ਬਰੁੱਕਸ ਦਾ ਨਸ਼ਾ ਕੀਤੇ ਹੋਣ ਸਬੰਧੀ ਟੈਸਟ ਲਿਆ ਗਿਆ ਜਿਸ ਵਿਚ ਉਹ ਫੇਲ ਹੋ ਗਿਆ। ਗ੍ਰਿਫ਼ਤਾਰੀ ਵੇਲੇ ਉਹ ਪੁਲਿਸ ਨਾਲ ਉਲਝ ਗਿਆ ਜਿਸ ਦੌਰਾਨ ਪੁਲਿਸ ਅਧਿਕਾਰੀ ਵੱਲੋਂ ਚਲਾਈ ਗੋਲੀ ਨਾਲ ਉਹ ਜ਼ਖਮੀ ਹੋ ਗਿਆ। ਹਸਪਤਾਲ ਵਿਚ ਉਸ ਦਾ ਆਪਰੇਸ਼ਨ ਕੀਤਾ ਗਿਆ ਜਿਸ ਉਪਰੰਤ ਉਹ ਦਮ ਤੋੜ ਗਿਆ।

ਮੇਅਰ ਕੀਸ਼ਾ ਲਾਂਸ ਬੌਟਮਜ ਨੇ ਗੋਲੀ ਚਲਾਉਣ ਵਾਲੇ ਪੁਲਿਸ ਅਧਿਕਾਰੀਆਂ ਦੀਆਂ ਸੇਵਾਵਾਂ ਖਤਮ ਕਰਨ ਤੇ ਉਸ ਦੀ ਜਗਾ ਹੋਰ ਪੁਲਿਸ ਅਧਿਕਾਰੀ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਮੇਅਰ ਨੇ ਕਿਹਾ ਕਿ ਪੁਲਿਸ ਦੀ ਕਾਰਵਾਈ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਮੇਅਰ ਨੇ ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਹੈ ਕਿ ਮੇਰੇ ਕੋਲ ਅਫਸੋਸ ਪ੍ਰਗਟ ਕਰਨ ਲਈ ਸ਼ਬਦ ਨਹੀਂ ਹਨ। ਅਸੀਂ ਪਰਿਵਾਰ ਦੇ ਨਾਲ ਹਾਂ। ਉਨਾਂ ਕਿਹਾ ਕਿ ਸਾਡੇ ਵੱਲੋਂ ਪੁਲਿਸ ਅਧਿਕਾਰੀ ਵਿਰੁੱਧ ਕੀਤੀ ਫੌਰੀ ਕਾਰਵਾਈ ਤੋਂ ਪਰਿਵਾਰ ਨੂੰ ਜਰੂਰ ਤਸੱਲੀ ਹੋਈ ਹੋਵੇਗੀ।

**ਕਾਲੇ ਵਿਅਕਤੀ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ-**

ਕੈਲੀਫੋਰਨੀਆ ਵਿਚ ਪਾਲਮਡੇਲ ਵਿਖੇ ਸਿਟੀ ਹਾਲ ਨੇੜੇ ਇਕ ਕਾਲੇ ਵਿਅਕਤੀ ਦੀ ਦਰੱਖਤ ਨਾਲ ਲਟਕਦੀ ਲਾਸ਼ ਮਿਲੀ ਹੈ। ਲਾਸ ਏਂਜਲਸ ਕਾਊਂਟੀ ਦੇ ਸ਼ੈਰਿਫ ਵਿਭਾਗ ਨੇ 24 ਸਾਲਾ ਰਾਬਰਟ ਫੂਲਰ ਦੀ ਮੌਤ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸਥਾਨਕ ਅਧਿਕਾਰੀਆਂ ਨੇ ਆਰੰਭਕ ਜਾਂਚ ਵਿਚ ਇਸ ਨੂੰ ਖੁਦਕੁੱਸ਼ੀ ਦਾ ਮਾਮਲਾ ਦੱਸਿਆ ਹੈ ਪਰ ਘਟਨਾ ਦੀ ਮੁਕੰਮਲ ਜਾਂਚ ਉਪਰੰਤ ਹੀ ਮੌਤ ਦੇ ਅਸਲ ਕਾਰਨ ਬਾਰੇ ਪਤਾ ਲੱਗ ਸਕੇਗਾ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਅੰਤਰਰਾਸ਼ਟਰੀ ਕਵੀ ਦਰਬਾਰ ਜ਼ੂਮ ਰਾਹੀਂ ਕਰਵਾਇਆ




**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਭਾਰਤ ਅਤੇ ਪਾਕਿਸਤਾਨ ਦੇਸ਼ਾਂ ਦੇ ਸਾਹਿਤਕਾਰਾਂ ਨੂੰ ਇਕ ਦੂਜੇ ਦੇ ਰੂਬਰੂ ਕਰਕੇ ਤਿੰਨ ਘੰਟੇ ਲਗਾਤਾਰ ਸਾਹਿਤਕ ਮਿਲਣੀ ਅਤੇ ਅੰਤਰਰਾਸ਼ਟਰੀ ਕਵੀ ਦਰਬਾਰ ਜ਼ੂਮ ਯੂ.ਐਸ. ਤਕਨੀਕ ਦੇ ਰਾਹੀਂ ਕੀਤਾ ਗਿਆ। ਸਭਾ ਦੇ ਪ੍ਰਧਾਨ ਡਾ. ਜੇ.ਬੀ. ਸਿੰਘ ਤੇ ਜਨਰਲ ਸਕੱਤਰ ਬਲਿਹਾਰ ਸਿੰਘ ਲੇਹਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸੰਸਾਰ ਵਿਚ ਅਮਨ ਸ਼ਾਂਤੀ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਅਰਦਾਸ ਕੀਤੀ ਅਤੇ ਆਪਣੀਆਂ ਕਾਵਿ ਰਚਨਾਵਾਂ ਦਾ ਪਾਠ ਵੀ ਕੀਤਾ। ਇਸਲਾਮਾਬਾਦ (ਪਾਕਿਸਤਾਨ) ਤੋਂ ਖਾਸ ਮਹਿਮਾਨ ਆਜ਼ਮ ਮਲਿਕ ਨੇ ਆਪਣੇ ਸ਼ੇਅਰ ਪੇਸ਼ ਕਰਦਿਆਂ 'ਕੈਦੀਆਂ ਵਾਂਗੂੰ ਉਮਰ ਹੰਢਾਈ ਜਾਂਦੇ ਹਾਂ, ਆਪਣੇ ਘਰ ਨੂੰ ਜੇਲ ਬਣਾਈ ਜਾਂਦੇ ਹਾਂ, ਜਿਸ ਨਾਲ ਵਾਹ ਵਾਹ ਦਾ ਦੌਰ ਚੱਲ ਪਿਆ। ਚੰਡੀਗੜ ਦੇ ਦੂਰਦਰਸ਼ਨ ਦੇ ਮੁਸ਼ਾਇਰਿਆਂ ਦੇ ਮਾਹਰ ਰਾਜਬੀਰ ਸਿੰਘ ਰਾਜ ਨੇ ਰੂਬਰੂ ਹੁੰਦਿਆਂ ਕਿਹਾ 'ਹਮਨੇ ਬਹੁਤ ਸੰਭਾਲ ਕਰ ਰਖਾ ਥਾ ਫਾਸਲਾ ਤੁੰਮ ਰੂਬਰੂ ਹੁਏ ਤੋਂ ਇਰਾਦੇ ਬਦਲ ਗਏ'। ਸਭਾ ਦੇ ਜੁਆਇੰਟ ਸਕੱਤਰ ਸਾਧੂ ਸਿੰਘ ਝੱਜ ਨੇ ਆਪਣੀ ਨਜ਼ਮ ਰਾਹੀਂ ਪ੍ਰਮਾਤਮਾ ਦੀਆਂ ਰਹਿਮਤਾਂ ਨੂੰ ਮਾਨਵਤਾ ਲਈ ਬਖਸ਼ਿਸ਼ ਮੰਨਦਿਆਂ ਉਪਰ ਵਾਲੇ ਦੇ ਭਾਣੇ ਵਿਚ ਰਹਿਣ ਲਈ ਤਾਕੀਦ ਕੀਤੀ। ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ ਨੇ ਕਵਿਤਾਵਾਂ ਰਾਹੀਂ ਸੱਚੀਆਂ ਤੋਂ ਸਰਕਾਰਾਂ ਦੀਆਂ ਕੋਝੀਆਂ ਹਰਕਤਾਂ ਨਾਲ ਲਹੂ ਲੁਹਾਨ ਹੋ ਰਹੀ ਮਾਨਵਤਾ ਦੀ ਗੱਲ ਕੀਤੀ। ਇਸ ਮੌਕੇ ਬਠਿੰਡਾ ਤੋਂ ਮੰਗਤ ਕੁਲਜਿੰਦ, ਇੰਗਲੈਂਡ ਤੋਂ ਡਾ. ਮਹਿੰਦਰ ਸਿੰਘ ਗਿੱਲ, ਸੁਖਵਿੰਦਰ ਸਿੰਘ ਬੋਂਦਲਵਾਲਾ, ਕਵਿਤਰੀ ਸੁਖਵਿੰਦਰ ਆਹੀ, ਜਿਓਤੀ ਪਾਲ ਨੇ ਹਰਮੋਨੀਅਮ ਦੀਆਂ ਸੁਰਾਂ ਦੇ ਸਾਥ ਨਾਲ, ਡਾ. ਜੇ.ਬੀ. ਸਿੰਘ ਅਤੇ ਬਲਿਹਾਰ ਸਿੰਘ ਲੇਹਰ ਨੇ ਆਪਣੀ ਆਪਣੀ ਰਚਨਾ ਨਾਲ ਹਾਜਰੀ ਲਗਵਾਈ ਜਿਸ ਦਾ ਸਰੋਤਿਆਂ ਨੇ ਆਨੰਦ ਮਾਣਿਆ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- Excellent Payment
- Easy Aboard ELD Logbook



ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜ਼ਰਬਾ

MC NO. # 464630
3096 Farrar Ave Modesto, CA 95354
TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

# ਪੰਜਾਬੀ ਵਲੋਂ ਆਪਣੇ ਬੱਚੇ ਤੇ ਘਰਵਾਲੀ ਨੂੰ ਗੋਲੀ ਮਾਰ ਕੇ ਆਤਮ ਹੱਤਿਆ

**ਸੀਰੀਸ /ਹੁਸਨ ਲੜੋਆ ਬੰਗਾ:**
ਇੱਕ ਪੰਜਾਬੀ ਜੰਗਬਹਾਦਰ ਸਿੰਘ ਸੰਧੂ ਨਾਂ ਦੇ ਵਿਆਕਤੀ ਵਲੋਂ ਪਹਿਲਾਂ ਆਪਣੇ ਇੱਕ 12 ਸਾਲ ਦੇ ਬੱਚੇ ਤੇ ਫਿਰ ਘਰਵਾਲੀ ਨੂੰ ਗੋਲੀ ਮਾਰ ਕੇ ਮਾਰ ਮੁਕਾਇਆ ਤੇ ਉਸਤੋਂ ਬਾਅਦ ਆਪਣੇ ਗੋਲੀ ਮਾਰ ਕੇ ਆਤਮ ਹੱਤਿਆ ਕਰ ਲਈ। ਸੀਰੀਸ ਪੁਲਿਸ ਕਤਲ-ਆਤਮ-ਹੱਤਿਆ ਵਜੋਂ ਜਾਂਚ ਕਰ ਰਹੀ ਹੈ। ਸੀਰੀਸ ਪੁਲਿਸ ਵਿਭਾਗ ਨੇ ਇਕ ਖ਼ਬਰ ਜਾਰੀ ਕਰਦਿਆਂ ਕਿਹਾ ਕਿ ਪੁਲਿਸ ਅਧਿਕਾਰੀਆਂ ਵਲੋਂ ਸੋਮਵਾਰ ਸਵੇਰੇ 2:15 ਵਜੇ ਰੋਡਿੰਗ ਰੋਡ ਦੇ 2700 ਬਲਾਕ ‘ਤੇ ਸਥਿਤ ਇਕ ਨਿਵਾਸ’ ਤੇ ਦੇਖਿਆ ਗਿਆ ਕਿ ਇਨਾਂ ਤਿੰਨਾਂ ਦੇ ਖ਼ੂਨ ਵਗ ਰਿਹਾ ਸੀ ਅਤੇ ਇਹ ਤਿਨੋਂ ਸਾਹ ਨਹੀਂ ਲੈ ਰਹੇ ਸਨ। ਪੁਲੀਸ ਅਧਿਕਾਰੀ ਫਰੈਡਰਿਕੋ ਓਰਟਿਜ਼ ਨੇ ਕਿਹਾ ਕਿ ਇਕ ਕਿਸੇ ਗੁਆਂਢੀ ਨੇ 911 ‘ਤੇ ਕਾਲ ਕੀਤੀ ਸੀ। ਪੁਲੀਸ ਅਧਿਕਾਰੀਆਂ ਨੇ ਮਰੇ ਹੋਏ ਵਿਆਕਤੀਆਂ ਵਿੱਚ ਇਕ ਆਦਮੀ, ਇਕ ਔਰਤ ਅਤੇ ਇਕ ਬਾਲਗ ਨੂੰ ਪਾਇਆ ਜਿਨਾਂ ਨੂੰ ਗੋਲੀਆਂ ਮਾਰੀਆਂ ਗਈਆਂ ਸਨ। ਪੁਲੀਸ ਅਧਿਕਾਰੀਆਂ ਨੇ ਕਿਹਾ ਕਿ ਮੁਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਆਦਮੀ ਨੇ ਔਰਤ ਅਤੇ ਨਾਬਾਲਗ ਨੂੰ ਗੋਲੀ ਮਾਰ ਦਿੱਤੀ ਅਤੇ ਫਿਰ ਆਪਣੇ ਆਪ ਨੂੰ ਗੋਲੀ ਮਾਰ ਲਈ। ਸਾਰਿਆਂ ਨੂੰ ਘਟਨਾ ਸਥਾਨ ‘ਤੇ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਨੇ ਦੱਸਿਆ ਕਿ ਜਦੋਂ ਤੱਕ ਪਰਿਵਾਰ ਨੂੰ ਸੂਚਿਤ ਨਹੀਂ ਕੀਤਾ ਜਾਂਦਾ ਉਦੋਂ ਤਕ ਪਹਿਚਾਣ ਰੋਕ ਦਿੱਤੀ ਗਈ ਹੈ। 12 ਸਾਲ ਦੀ ਉਮਰ ਦੇ ਬੱਚੇ ਦੀ ਵੀ ਪਹਿਚਾਣ ਜਾਰੀ ਨਹੀਂ ਕੀਤੀ ਗਈ। ਵਿੰਡਮੀਅਰ ਅਪਾਰਟਮੈਂਟ ਕੰਪਲੈਕਸ ਜਿਥੇ ਉਹ ਰਹਿ ਰਹੇ ਸਨ ਦੇ ਇੱਕ




ਕਰਮਚਾਰੀ ਨੇ ਇਸ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਰਿਵਾਰ ਕੁਝ ਸਮੇਂ ਤੋਂ ਕਿਰਾਏਦਾਰ ਵਜੋਂ ਰਹਿ ਰਿਹਾ ਸੀ। ਕਰਮਚਾਰੀ ਨੇ ਕਿਹਾ ਕਿ ਇਕ ਹੋਰ ਰਿਸ਼ਤੇਦਾਰ ਉਸ ਸਮੇਂ ਘਰ ਵਿਚ ਹੀ ਸੀ ਅਤੇ ਉਸਦੇ ਕੋਈ ਸੱਟ ਨਹੀਂ ਲੱਗੀ।ਨਿਊਜ਼ ਰੀਲੀਜ਼ ਵਿਚ ਕਿਹਾ ਗਿਆ ਹੈ ਕਿ ਖ਼ੂਫੀਆ ਵਿਭਾਗ ਵਿਆਪਕ ਜਾਂਚ ਕਰ ਰਿਹਾ ਹੈ। ਪੁਲੀਸ ਨੇ ਭਾਵੇਂ ਕੋਈ ਇਸ ਸਮੇਂ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਕਿ ਇਹ ਮੌਤਾਂ ਘਰੇਲੂ-ਹਿੰਸਾ ਦਾ ਕਾਰਣ ਬਣੀਆਂ ਜਾਂ ਇਸ ਪਿਛੇ ਕੀ ਕਾਰਣ ਸੀ। ਸਾਡੇ ਵਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਜੰਗਬਹਾਦਰ ਸਿੰਘ ਸੰਧੂ ਉਮਰ ਕਰੀਬ 50 ਸਾਲ ਸੀ ਤੇ ਉਸਦੀ ਇਹ ਦੂਜੇ ਵਿਆਹ ਦੀ ਔਰਤ ਸੀ ਤੇ ਬੱਚਾ ਵੀ ਔਰਤ ਤੋਂ ਪਿਛੋਂ ਹੀ ਆਇਆ ਸੀ। ਉਸਦੀ ਪਹਿਲੀ ਔਰਤ ਜਿਸ ਨਾਲ ਤਲਾਕ ਹੋ ਚੁੱਕਾ ਹੈ ਇੰਡੀਆਨਾ ਵਿੱਚ ਜੰਗਬਹਾਦਰ ਸਿੰਘ ਸੰਧੂ ਦੇ ਪਹਿਲੇ ਲੜਕੇ ਨਾ ਰਹਿ ਰਹੀ ਹੈ। ਜੰਗਬਹਾਦਰ ਸਿੰਘ ਸੰਧੂ ਦੀ




ਮਾਂ ਆਪਣੇ ਦੂਸਰੇ ਬੇਟੇ ਬਲਿਹਾਰ ਸਿੰਘ ਸੰਧੂ ਨਾਲ ਮਨਟੀਕੇ ਰਹਿ ਰਹੀ ਹੈ। ਜੰਗਬਹਾਦਰ ਸਿੰਘ ਸੰਧੂ ਦਾ ਪਿਛਲਾ ਪਿੰਡ ਗੁਰਾਇਆਂ ਦੇ ਨਜਦੀਕ ਪੈਂਦਾ ਰੁੜਕਾ ਕਲਾਂ ਹੈ ਤੇ ਹੇਤ ਕੀ ਪੱਟੀ ਦਾ ਵਸਨੀਕ ਸੀ। ਸਥਾਨਕ ਸਿੱਖ ਭਾਈਚਾਰਾ ਇਹ ਖ਼ਬਰ ਮਿਲਣ ਤੇ ਸੁੰਨ ਹੈ।

### ਆਹ ਹੈ ਭਾਰਤ ਮਹਾਨ ਦੀ ਹਾਲਤ

# ਧੀ ਮੰਜਾ ਘੜੀਸ ਕੇ ਮਾਂ ਨੂੰ ਲੈ ਕੇ ਬੈਂਕ ਪੁੱਜੀ



**ਭੁਬਨੇਸ਼ਵਰ//ਏ.ਟੀ.ਨਿਊਜ਼** :ਨੌਪਾਰਾ ਜ਼ਿਲੇ ਦੇ ਪਿੰਡ ਬੜਗਾਓਂ ਦੀ 60 ਸਾਲਾ ਪੁੰਜੀਮਤੀ ਦੇਈ ਨੂੰ ਆਪਣੀ 100 ਸਾਲ ਤੋਂ ਵੱਧ ਦੀ ਮਾਂ ਲੱਭੇ ਬਘੇਲ ਨੂੰ ਉਸ ਦੀ ਪੈਨਸ਼ਨ ਦਿਵਾਉਣ ਲਈ ਮੰਜੇ ’ਤੇ ਪਾ ਕੇ ਘਸੀਟ ਕੇ ਬੈਂਕ ਲਿਆਉਣਾ ਪਿਆ। ਕੇਂਦਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਪੈਕੇਜ ਵਿਚ ਔਰਤਾਂ ਦੇ ਜਨ-ਧਨ ਬੈਂਕ ਖਾਤੇ ਵਿਚ ਅਪ੍ਰੈਲ ਤੋਂ ਜੂਨ ਤੱਕ ਪੰਜ-ਪੰਜ ਸੌ ਰੁਪਏ ਪਾਉਣ ਦਾ ਐਲਾਨ ਕੀਤਾ ਸੀ। ਪੇਂਡੂਆਂ ਮੁਤਾਬਕ ਪੁੰਜੀਮਤੀ 9 ਜੂਨ ਨੂੰ ਉਤਕਲ ਗ੍ਰਾਮੀਣ ਬੈਂਕ ਦੀ ਸਥਾਨਕ ਬਰਾਂਚ ਵਿਚ 1500 ਰੁਪਏ ਕਢਾਉਣ ਗਈ ਤਾਂ ਮੈਨੇਜਰ ਅਜੀਤ ਪਰਧਾਨ ਨੇ ਮਾਂ ਨੂੰ ਪੇਸ਼ ਕਰਨ ਲਈ ਕਿਹਾ। ਅਗਲੇ ਦਿਨ ਉਹ ਕੱਚੇ ਰਾਹ ’ਤੇ ਮੰਜੇ ਲੱਗੀ ਮਾਂ ਦਾ ਮੰਜਾ ਘੜੀਸ ਕੇ ਲੈ ਕੇ ਗਈ ਤਾਂ ਪੈਸੇ ਮਿਲੇ। ਇਸੇ ਦੌਰਾਨ ਡੀ ਸੀ ਮਧੁਸਮਿਤਾ ਸਾਹੂ ਨੇ ਸਫਾਈ ਦਿੱਤੀ ਹੈ ਕਿ ਬੈਂਕ ਵਿਚ ਸਿਰਫ ਇੱਕੋ ਮੁਲਾਜ਼ਮ ਹੈ ਤੇ ਮੈਨੇਜਰ ਨੇ ਉਸ ਨੂੰ ਕਿਹਾ ਸੀ ਕਿ ਉਹ ਅਗਲੇ ਦਿਨ ਆ ਕੇ ਪੈਸੇ ਦੇ ਜਾਵੇਗਾ, ਪਰ ਉਹ ਮੰਜਾ ਘੜੀਸ ਕੇ ਆ ਗਈ। ਚੇਤੇ ਰਹੇ ਭਾਰਤੀ ਰਿਜ਼ਰਵ ਬੈਂਕ ਕਈ ਵਾਰ ਕਹਿ ਚੁੱਕੀ ਹੈ ਕਿ ਬੈਂਕ ਆਉਣ ਤੋਂ ਅਯੋਗ ਲੋਕਾਂ ਨੂੰ ਘਰ ਜਾ ਕੇ ਪੈਸੇ ਦਿੱਤੇ ਜਾਣ।

# ਹਥਿਆਰਾਂ ਦੇ ਸ਼ੌਂਕ ਕਾਰਨ ਫੁਕਰੇ ਗੱਭਰੂ ’ਤੇ ਮਾਮਲਾ ਦਰਜ

**ਸੰਗਰੂਰ/ਏ.ਟੀ.ਨਿਊਜ਼** : ਹਥਿਆਰਾਂ ਦਾ ਪ੍ਰਦਰਸ਼ਨ ਕਰਦੇ ਗਾਣਿਆਂ ਤੇ ਵੀਡੀਓਜ਼ ਨੇ ਨੌਜਵਾਨ ਪੀੜੀ ਨੂੰ ਕੁਰਾਹੇ ਪਾਉਣ ਵਿਚ ਕੋਈ ਕਸਰ ਨਹੀਂ ਛੱਡੀ। ਇਨਾਂ ਗਾਣਿਆਂ ਤੋਂ ਉਤਸ਼ਾਹਿਤ ਹੋ ਕੇ ਕਈ ਨੌਜਵਾਨ ਟਿਕ-ਟਾਕ ਵਰਗੇ ਮੰਚਾਂ ’ਤੇ ਆਪਣੇ ਸ਼ੌਕ ਦਾ ਪ੍ਰਦਰਸ਼ਨ ਕਰ ਬੈਠਦੇ ਹਨ, ਜੋ ਉਨਾਂ ਲਈ ਬਾਅਦ ਵਿਚ ਪ੍ਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ। ਪਿਛਲੇ ਸਮੇਂ ਦੌਰਾਨ ਇਕ ਪ੍ਰਸਿੱਧ ਗਾਇਕ ਸਿੱਧੂ ਮੂਸੇਵਾਲ ਵੀ ਗਾਣਿਆਂ ਤੋਂ ਇਲਾਵਾ ਹਕੀਕਤ ਵਿਚ ਹਥਿਆਰ ਚਲਾਉਣ ਦੇ ਸ਼ੌਕ ਕਾਰਨ ਸੁਰਖੀਆਂ ਵਿਚ ਆਇਆ ਸੀ ਜੋ ਅਜੇ ਤਕ ਥਾਣਿਆਂ ਦੇ ਚੱਕਰ ਕੱਟ ਰਿਹੈ। ਹਥਿਆਰਾਂ ਦਾ ਇਹ ਸ਼ੌਕ ਹੁਣ ਇਕ ਹੋਰ ਨੌਜਵਾਨ ਨੂੰ ਮਹਿੰਗਾ ਪੈ ਗਿਆ ਹੈ। ਤਾਜ਼ਾ ਮਾਮਲਾ ਜ਼ਿਲਾ ਸੰਗਰੂਰ ਦੇ ਲਹਿਰਾਗਾਗਾ ਦੇ ਪਿੰਡ ਲਹਿਲ ਕਲਾ ਦਾ ਹੈ ਜਿੱਥੋਂ ਦੇ ਇਕ ਨੌਜਵਾਨ ਰਿੰਕੂ ਸਰਾਓਂ ਦੀ ਹਵਾਈ ਫਾਇਰ



ਕਰਦੇ ਦੀ ਟਿਕ-ਟਾਕ ਵੀਡੀਓ ਵਾਇਰਲ ਹੋਈ ਸੀ। ਪੁਲਿਸ ਨੇ ਰਿੰਕੂ ਸਰਾਓਂ ਖਿਲਾਫ਼ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ। ਵੀਡੀਓ ਵਿਚ ਉਹ ਰਿਵਾਲਵਰ ਨਾਲ ਹਵਾਈ ਫ਼ਾਇਰ ਕਰਦਾ ਨਜ਼ਰੀ ਪੈਂਦਾ ਹੈ। ਇਨਾਂ ਵੀਡੀਓ ਦੀ ਸ਼ੂਟਿੰਗ ਡਰੋਨ ਕੈਮਰੇ ਨਾਲ ਕੀਤੀ ਗਈ ਹੈ। ਪੁਲਿਸ ਅਧਿਕਾਰੀਆਂ ਨੇ ਨੌਜਵਾਨਾਂ ਨੂੰ ਅਜਿਹੇ ਵੀਡੀਓ ਬਣਾਉਣ ਤੋਂ ਗੁਰੇਜ਼ ਕਰਨ ਲਈ ਕਿਹਾ ਹੈ।

ਬਾਕੀ ਸਫ਼ਾ 32 ’ਤੇ

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

When tired of all treatments for
any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy Tustin® Printers to the Community

SUBWAY eat fresh. OPEN 24 HOURS 7 ELEVEN DRY CLEANER LIQUOR PIZZA

**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE FAIRFIELD Visit Our Website: www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

ਬਾਲਟੀਮੋਰ ਸਿੱਖ ਸੁਸਾਇਟੀ Baltimore Sikh Society Inc.

**Receipt Books**

Customized with your information and design. 2 part carbonless with numbering and perforation.

**Call for Price**

Love Cartier

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

7 ELEVEN OPEN 24 HOURS

OPEN HOUSE! Welcome Century 21 Call Toll Free: 855 360-HOME

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**

ਲੱਖ ਲੱਖ ਵਧਾਈ

**11" Printed Balloons**

Printed with your logo and info. One color, one location. Min. qty 1000

**19¢ each**

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

YOUR LOGO HERE

1 color in 1 position. Min Qty. 100

**Your Printed Caps**

**Only $4.99**

DAILY TRIP ENVELOPE

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES

Thank You

South Asian Wedding Cards

CALL NOW

# ਖੇਤਾਂ ਦੇ ਪੁੱਤ ਬਣੀਆਂ ਪੜੀਆਂ-ਲਿਖੀਆਂ ਮੁਟਿਆਰਾਂ

## ਸੰਗਰੂਰ ਦੀ ਧੀ ਨੇ ਕੈਨੇਡਾ ਦੀ ਆਫ਼ਰ ਲੈਟਰ ਠੁਕਰਾ ਕੇ ਪਾਇਆ ਟਰੈਕਟਰ ਦਾ ਗੇਅਰ

## ਬਹੁਤ ਸਾਰੀਆਂ ਪੜੀਆਂ ਲਿਖੀਆਂ ਮੁਟਿਆਰਾਂ ਖੇਤਾਂ 'ਚ ਕਰ ਰਹੀਆਂ ਨੇ ਕੰਮ

**ਟੱਲੇਵਾਲ/ਏ.ਟੀ.ਨਿਊਜ਼ :** ਉੱਚ ਵਿਦਿਆ ਹਾਸਲ ਧੀਆਂ ਹੁਣ ਮਜਬੂਰੀ ਵਿੱਚ 'ਖੇਤਾਂ ਦਾ ਪੁੱਤ' ਬਣਨ ਲੱਗੀਆਂ ਹਨ। ਗ਼ਰੀਬੀ ਅਤੇ ਤੰਗੀ-ਤੁਰਸ਼ੀ ਝੱਲ ਰਹੇ ਪਰਿਵਾਰ ਨਾ ਚਾਹੁੰਦੇ ਹੋਏ ਵੀ ਆਪਣੀਆਂ ਪੜੀਆਂ ਲਿਖੀਆਂ ਧੀਆਂ ਕੋਲੋਂ ਖੇਤਾਂ ਵਿੱਚ ਝੋਨਾ ਲਗਵਾਉਣ ਲਈ ਮਜਬੂਰ ਹਨ। ਪੱਕੇ ਰੁਜ਼ਗਾਰ ਮਿਲਣ ਦੀ ਪੈ ਰਹੀ ਮੱਧਮ ਆਸ ਤੇ ਘਰੇਲੂ ਆਰਥਿਕ ਮਜਬੂਰੀਆਂ ਨੇ ਵੀ ਇਨਾਂ ਦਾ ਰੁਖ਼ ਖੇਤਾਂ ਵੱਲ ਮੋੜਿਆ ਹੈ। ਉਨਾਂ ਦੇ ਮਾਪਿਆਂ ਨੇ ਤੰਗੀਆਂ ਝੱਲ ਕੇ ਉਨਾਂ ਨੂੰ ਉੱਚ ਵਿਦਿਆ (ਐੱਮਏ, ਬੀਐੱਡ, ਐੱਮਐੱਡ) ਹਾਸਲ ਕਰਵਾਈ। ਮਾਪਿਆਂ ਨੇ ਸੋਚਿਆ ਨਹੀਂ ਸੀ ਕਿ ਉਨਾਂ ਦੀਆਂ ਲਾਡਲੀਆਂ ਨੂੰ ਐਨਾ ਪੜ-ਲਿਖ ਕੇ ਸਿਖ਼ਰ ਦੁਪਹਿਰੇ ਤਪਦੇ ਪਾਣੀ ਵਿੱਚ ਝੋਨਾ ਲਗਾਉਣਾ ਪਵੇਗਾ।

ਭੈਣੀ ਫ਼ੱਤੇ ਦੇ ਮਜ਼ਦੂਰ ਪਰਿਵਾਰ ਦੀ ਲੜਕੀ ਸਿਮਰਜੀਤ ਕੌਰ ਐੱਮਏ, ਬੀਐੱਡ ਦੇ ਨਾਲ-ਨਾਲ ਟੈੱਟ ਪਾਸ ਹੈ। ਸਰਕਾਰ ਤੋਂ ਕੋਈ ਨੌਕਰੀ ਨਹੀਂ ਮਿਲੀ। ਹੁਣ ਐੱਮਐੱਡ ਦੀ ਪੜਾਈ ਕਰਨ ਦੇ ਨਾਲ-ਨਾਲ ਪਰਿਵਾਰ ਨਾਲ ਖੇਤਾਂ ਵਿੱਚ ਝੋਨਾ ਲਾ ਰਹੀ ਹੈ।

ਉਸ ਦੀ ਤਾਏ ਦੀ ਲੜਕੀ ਅਮਨਦੀਪ ਕੌਰ ਵੀ ਐੱਮਏ ਬੀਐੱਡ ਪਾਸ ਹੈ ਤੇ ਪਰਿਵਾਰ ਨਾਲ ਖੇਤਾਂ ਵਿਚ ਦਿਹਾੜੀ ਕਰ ਰਹੀ ਹੈ।

ਪਿੰਡ ਨਰਾਇਣਗੜ ਸੋਹੀਆਂ ਦੇ ਮਜ਼ਦੂਰ ਦੀ ਧੀ ਕੋਮਲਜੀਤ ਕੌਰ ਕਾਲਜ ਗਹਿਲ ਤੋਂ ਐੱਮਏ ਪੰਜਾਬੀ ਦੀ ਪੜਾਈ ਕਰ ਰਹੀ ਹੈ ਪਰ ਤਾਲਾਬੰਦੀ ਨੇ ਘਰ ਦੀ ਆਰਥਿਕਤਾ ਨੂੰ ਭਾਰੀ ਸੱਟ ਮਾਰੀ। ਹੁਣ ਕੋਮਲਜੀਤ



ਪਰਿਵਾਰਕ ਮੈਂਬਰਾਂ ਨਾਲ ਦਿਹਾੜੀ 'ਤੇ ਝੋਨਾ ਲਾਉਣ ਜਾਂਦੀ ਹੈ। ਉਸ ਦਾ ਕਹਿਣਾ ਹੈ ਕਿ ਜਦੋਂ ਔਰਤਾਂ ਬਾਕੀ ਖੇਤਰਾਂ ਵਿੱਚ ਪੁਰਸ਼ਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰ ਰਹੀਆਂ ਹਨ ਤਾਂ ਅਜਿਹੀ ਮਜ਼ਦੂਰੀ ਕਰਨ ਵਿੱਚ ਕੋਈ ਹਰਜ਼ ਨਹੀਂ ਹੈ। ਇਸ ਤੋਂ ਹੋਣ ਵਾਲੀ ਕਮਾਈ ਨਾਲ ਉਸ ਦੀ ਪੜਾਈ ਦੇ ਖ਼ਰਚ ਚੁੱਕੇ ਜਾਣਗੇ ਅਤੇ ਘਰ ਦੀ ਪਰਿਵਾਰ ਦੀ ਵੀ ਕੁੱਝ ਮਦਦ ਹੋ ਸਕੇਗੀ।

ਪਿੰਡ ਬੀਹਲਾ ਦੀ ਅਮਨਦੀਪ ਕੌਰ ਬੀਟੈੱਕ ਪਾਸ ਹੈ। ਔਖੇ-ਸੌਖੇ ਬਿਜਲੀ ਬੋਰਡ ਵਿਚ ਨੌਕਰੀ ਲਈ ਚੋਣ ਤਾਂ ਹੋ ਚੁੱਕੀ ਹੈ ਪਰ ਨੌਕਰੀ ਦੀ ਅਜੇ ਕਾਰਵਾਈ ਪੂਰੀ ਨਹੀਂ ਹੋਈ, ਜਿਸ ਕਰਕੇ ਉਹ ਓਨੀ ਦੇਰ ਤੱਕ ਪਰਿਵਾਰ ਦੀ ਕਬੀਲਦਾਰੀ ਵਿਚ ਯੋਗਦਾਨ ਪਾਉਣ ਲਈ ਝੋਨਾ ਲਾ ਰਹੀ ਹੈ।

ਇਸੇ ਤਰਾਂ ਸੰਗਰੂਰ ਦੇ ਕਨੋਈ ਪਿੰਡ ਦੀ ਰਹਿਣ ਵਾਲੀ 21 ਸਾਲਾ ਅਮਨਦੀਪ ਕੌਰ ਨੇ ਆਪਣੇ ਪਿੰਡ ਵਿਚ ਰਹਿੰਦਿਆਂ ਪਿਤਾ ਨਾਲ ਖੇਤੀ ਵਿਚ ਮਦਦ ਕਰਾਉਣ



ਦਾ ਸੰਕਲਪ ਲਿਆ।

ਬਾਕੀ ਨੌਜਵਾਨਾਂ ਵਾਂਗ ਅਮਨਦੀਪ ਵੀ ਵਿਦੇਸ਼ ਜਾਣਾ ਚਾਹੁੰਦੀ ਸੀ। ਇਸ ਲਈ ਉਸ ਨੇ ਸਾਲ 2018 ਵਿਚ ਆਈਲੈਟਸ ਕਲੀਅਰ ਕੀਤਾ। ਇਸ ਤੋਂ ਬਾਅਦ ਕੈਨੇਡਾ ਦੇ ਕਾਲਜ ਤੋਂ ਆਫਰ ਲੈਟਰ ਪ੍ਰਾਪਤ ਕਰ ਲਈ ਪਰ ਇਸ ਦੌਰਾਨ ਇਕ ਵਾਰ ਉਹ ਆਪਣੇ ਪਿਤਾ ਦੀ ਮਦਦ ਕਰਾਉਣ ਲਈ ਖੇਤ ਗਈ ਤਾਂ ਉਸ ਨੇ ਮਹਿਸੂਸ ਕੀਤਾ ਕਿ ਜੇਕਰ ਉਹ ਵਿਦੇਸ਼ ਚਲੇ ਗਈ ਤਾਂ ਉਸ ਦੇ ਪਿਤਾ ਇਕੱਲੇ ਰਹਿ ਜਾਣਗੇ। ਇਸ ਲਈ ਉਸ ਨੇ ਆਪਣੇ ਦੇਸ਼ ਹੀ ਰਹਿਣ ਦਾ ਫੈਸਲਾ ਕੀਤਾ ਕਿ ਉਹ ਆਪਣੇ ਪਿਤਾ ਦੀ ਮਦਦ ਕਰਿਆ ਕਰੇਗੀ। ਅਮਨਦੀਪ ਪਿਛਲੇ ਤਿੰਨ ਸਾਲ ਤੋਂ ਖੇਤੀ ਦੇ ਕੰਮ ਵਿਚ ਆਪਣੇ ਪਿਤਾ ਦਾ ਹੱਥ ਵਟਾਉਂਦੀ ਹੈ। ਉਹ ਸਵੇਰ ਵੇਲੇ ਖੇਤ ਜਾਂਦੀ ਹੈ ਤੇ ਪੂਰਾ ਦਿਨ ਪਿਤਾ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ।

ਅਮਨਦੀਪ ਨਾਲ-ਨਾਲ ਹੀ ਫੂਡ ਪ੍ਰੋਸੈਸਿੰਗ ਦਾ ਡਿਪਲੋਮਾ ਕਰ ਰਹੀ ਹੈ। ਉਸ ਵੱਲ ਵੇਖ ਕੇ ਪਿੰਡ ਵਿਚ ਹੋਰਨਾਂ ਨੂੰ ਵੀ ਆਪਣੇ ਖੇਤਾਂ ਵਿਚ ਕੰਮ ਕਰਨ ਦਾ ਉਤਸ਼ਾਹ ਮਿਲਦਾ ਹੈ। ਅਮਨਦੀਪ ਦਾ ਕਹਿਣਾ ਹੈ ਕਿ ਜੋ ਮੁੰਡੇ ਕੁੜੀਆਂ ਹਰ ਖੇਤਰ ਵਿਚ ਬਰਾਬਰ ਹਨ ਤਾਂ ਖੇਤੀਬਾੜੀ ਦੇ ਕੰਮ ਵਿਚ ਕਿਉਂ ਨਹੀਂ ?

ਅਮਨਦੀਪ ਦੇ ਪਿਤਾ ਹਰਮਿਲਾਪ ਸਿੰਘ ਨੂੰ ਆਪਣੀ ਬੇਟੀ 'ਤੇ ਮਾਣ ਹੈ ਤੇ ਉਹ ਦੱਸਦੇ ਹਨ ਕਿ ਕਈ ਵਾਰ ਜਦੋਂ ਮੇਰੇ ਕੋਲ ਸਮਾਂ ਨਹੀਂ ਹੁੰਦਾ ਤਾਂ ਉਹ ਇਕੱਲਿਆਂ ਹੀ ਸਾਰਾ ਕੰਮ ਦੇਖਦੀ ਹੈ। ਅਮਨਦੀਪ ਵੱਲ ਦੇਖ ਕੇ ਕਈ ਹੋਰ ਪਰਿਵਾਰ ਵੀ ਆਪਣੀਆਂ ਬੇਟੀਆਂ ਨੂੰ ਖੇਤੀ ਦੇ ਕੰਮ ਵੱਲ ਪ੍ਰੇਰਿਤ ਕਰਨ ਲੱਗੇ ਹਨ।

ਇਸਤਰੀ ਜਾਗ੍ਰਿਤੀ ਮੰਚ ਪੰਜਾਬ ਦੀ ਸੂਬਾ ਮੀਤ ਪ੍ਰਧਾਨ ਚਰਨਜੀਤ ਕੌਰ ਬਰਨਾਲਾ ਨੇ ਆਖਿਆ ਕਿ ਕੰਮ ਕੋਈ ਵੀ ਮਾੜਾ ਨਹੀਂ ਹੈ ਪਰ ਇਹ ਕੰਮ ਯੋਗਤਾ ਅਨੁਸਾਰ ਮਿਲਣਾ ਚਾਹੀਦਾ ਹੈ। ਪਰਿਵਾਰਾਂ ਨੇ ਆਪਣੀਆਂ ਧੀਆਂ ਨੂੰ ਲੱਖਾਂ ਰੁਪਏ ਖਰਚ ਕਰਕੇ ਪੜਾਇਆ ਹੈ। ਨੌਕਰੀ ਨਾ ਮਿਲਣ ਕਾਰਨ ਧੀਆਂ ਨੂੰ ਝੋਨਾ ਲਾਉਣਾ ਪੈ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਨਾਂ ਦੀ ਪੜਾਈ ਅਨੁਸਾਰ ਨੌਕਰੀਆਂ ਦਿੱਤੀਆਂ ਜਾਣ।

HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




- ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
- ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।

ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਪੰਜਾਬ ਦੇ ਵੱਧ ਅਧਿਕਾਰਾਂ ਦੇ ਲਈ ਲਹਿਰ ਚਲਾਉਣ ਦੀ ਲੋੜ

**- ਟਾਈਮਜ਼ ਬਿਊਰੋ**

ਜੂਨ 84 ਘੱਲੂਘਾਰੇ ਕਾਰਨ ਨਾਲ ਸਿੱਖਾਂ ਦੇ ਮਨਾਂ ਵਿੱਚ ਬੇ-ਭਰੋਸਗੀ ਅਤੇ ਬੇਗਾਨਗੀ ਦਾ ਆਲਮ ਸਿਖ਼ਰਾਂ ਉੱਤੇ ਪਹੁੰਚ ਗਿਆ ਸੀ। ਭਾਰਤ ਵਿੱਚ ਕਈ ਥਾਂਵਾਂ 'ਤੇ ਸਿੱਖ ਫੌਜੀ ਬਗਾਵਤ ਉੱਤੇ ਉਤਰ ਆਏ। ਪੰਜਾਬ ਨੇ ਕਰੀਬ ਇੱਕ ਦਹਾਕਾ ਹਿੰਸਾ ਦੀ ਭੱਠੀ ਵਿੱਚ ਤਪਣ ਦਾ ਸੰਤਾਪ ਝੱਲਿਆ। ਅਜੇ ਤੱਕ ਭਾਰਤ ਸਰਕਾਰ ਵਲੋਂ ਸਿੱਖਾਂ ਦੇ ਜਖ਼ਮਾਂ ਉੱਪਰ ਮਲਮ ਨਹੀਂ ਲਗਾਈ ਗਈ। ਜਦ ਕਿ ਮੋਦੀ ਸਰਕਾਰ ਨੂੰ ਚਾਹੀਦਾ ਸੀ ਕਿ ਇਸ ਸੰਬੰਧ ਵਿਚ ਕਮਿਸ਼ਨ ਬਿਠਾਉਂਦੀ ਕਿ ਭਾਰਤੀ ਫੌਜ ਵਲੋਂ ਆਪਣੇ ਲੋਕਾਂ ਉੱਪਰ ਫੌਜ ਦੀ ਵਰਤੋਂ ਕਿਉਂ ਕੀਤੀ ਗਈ?

ਇਸ ਫੌਜੀ ਅਪਰੇਸ਼ਨ ਨੇ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਿਵੇਂ ਬਗਾਵਤ ਦੇ ਰਾਹ ਪਾਇਆ ਅਤੇ ਉਨਾਂ ਦੀ ਜ਼ਿੰਦਗੀ ਨੂੰ ਸਦਾ ਲਈ ਬਦਲ ਦਿੱਤਾ। ਇਨਾਂ ਵਿਚੋਂ ਇਕ ਪੜਿਆ ਲਿਖਿਆ ਖਾੜਕੂ ਰਣਜੀਤ ਸਿੰਘ ਕੁੱਕੀ ਵੀ ਸੀ, ਜੋ ਕਿ ਕੌਮਾਂਤਰੀ ਪ੍ਰਸਿੱਧੀ ਹਾਸਲ ਖੇਤੀ ਵਿਗਿਆਨੀ ਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਉਪ-ਕੁਲਪਤੀ ਡਾ. ਖੇਮ ਸਿੰਘ ਗਿੱਲ ਦਾ ਸਪੁੱਤਰ ਹੈ। ਉਹ ਖੁਦ ਜੈਨੇਟਿਕਸ ਵਿੱਚ ਐੱਮਐਸੀ ਕਰ ਰਿਹਾ ਸੀ ਅਤੇ ਪੀਐੱਚਡੀ ਕਰਨ ਲਈ ਅਮਰੀਕਾ ਜਾਣ ਦੀ ਤਿਆਰੀ ਕਰ ਰਿਹਾ ਸੀ। ਅਚਾਨਕ ਜੂਨ ਚੁਰਾਸੀ ਦੌਰਾਨ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕਰ ਦਿੱਤਾ ਗਿਆ। ਇਸ ਹਮਲੇ ਨੇ ਕੁੱਕੀ ਦੀ ਜ਼ਿੰਦਗੀ ਹੀ ਬਦਲ ਗਈ। ਫੌਜੀ ਅਪਰੇਸ਼ਨ ਕਾਰਨ ਢੱਠੇ ਅਕਾਲ ਤਖ਼ਤ ਸਾਹਿਬ ਦਾ ਦ੍ਰਿਸ਼ ਦੇਖ ਕੇ ਉਸ ਨੇ ਖਾੜਕੂਵਾਦ ਦਾ ਰਾਹ ਚੁਣ ਲਿਆ। ਅਵਿੰਕਤਾ ਮਾਕਨ ਕਾਰਨ ਮਾਕਨ ਕਤਲ ਕਾਂਡ ਵਿਚ ਉਨਾਂ ਦੀ ਰਿਹਾਈ ਹੋਈ। ਅੱਜ-ਕੱਲ ਰਣਜੀਤ ਸਿੰਘ ਕੁੱਕੀ ਲੁਧਿਆਣਾ ਵਿੱਚ ਆਪਣੀ ਪਤਨੀ ਤੇ ਬੱਚੀ ਨਾਲ ਰਹਿੰਦੇ ਹਨ ਅਤੇ ਸਮਾਜਿਕ ਤੇ ਸਿਆਸੀ ਮੁੱਦਿਆਂ ਉੱਤੇ ਲਿਖਦੇ ਹਨ। ਪੇਸ਼ ਹੈ ਇਸ ਬਾਰੇ ਰਣਜੀਤ ਸਿੰਘ ਕੁੱਕੀ ਦੀ ਦਾਸਤਾਨ ਉਨਾਂ ਦੀ ਜ਼ੁਬਾਨੀ।

ਸੁਆਲ-ਤੁਸੀਂ ਦਰਬਾਰ ਸਾਹਿਬ ਦੇ ਫੌਜੀ ਹਮਲੇ ਬਾਰੇ ਕੀ ਮਹਿਸੂਸ ਕੀਤਾ ਤੇ ਖਾੜਕੂਵਾਦ ਦਾ ਰਾਹ ਕਿਉਂ ਚੁਣਿਆ?

ਜੁਆਬ-ਜਦੋਂ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਹੋਇਆ ਉਸ ਸਮੇਂ ਮੈਂ ਕੀਲੋਂਗ ਹਿਮਾਚਲ ਵਿਚ ਜੈਨੇਟਿਕਸ ਦੀ ਹਾਇਰ ਸਟੱਡੀ ਕਰਨ ਗਿਆ ਹੋਇਆ ਸੀ। ਮੈਨੂੰ ਇਸ ਬਾਰੇ ਰੇਡੀਓ ਦੀ ਖਬਰਾਂ ਤੋਂ ਪਤਾ ਲੱਗਾ। ਮੈਂ 7 ਜੂਨ ਨੂੰ ਮਨਾਲੀ ਆ ਗਿਆ। ਹਿੰਦੂ ਭਾਈਚਾਰੇ ਵਿਚ ਇਹ ਨਰੇਟਿਵ ਸਿਰਜਿਆ ਗਿਆ ਕਿ ਸਿੱਖ ਹਿੰਦੂਆਂ ਦੇ ਲਈ ਖਤਰਾ ਹਨ ਤੇ ਦੇਸ ਲਈ ਖਤਰਾ ਹਨ। ਇਹ ਭੜਕਾਊ ਪ੍ਰਚਾਰ ਫੈਲਾਇਆ ਗਿਆ। ਦਰਬਾਰ ਸਾਹਿਬ ਉੱਪਰ ਫੌਜੀ ਹਮਲੇ ਤੋਂ ਬਾਅਦ ਜੂਨ ਦੇ ਆਖਰੀ ਦਿਨਾਂ ਵਿੱਚ ਮੈਂ ਆਪਣੇ ਯੂਨੀਵਰਸਿਟੀ ਦੇ ਦੋ ਦੋਸਤਾਂ ਦਲਜੀਤ ਸਿੰਘ ਤੇ ਸੁਖਵਿੰਦਰ ਸਿੰਘ ਸੁੱਖੀ ਨਾਲ ਦਰਬਾਰ ਸਾਹਿਬ ਗਿਆ। ਇੰਜ ਲੱਗਿਆ ਇਹ ਹਮਲਾ ਸਿੱਧਾ ਮੇਰੀ ਕੌਮ ਉੱਤੇ ਕੀਤਾ ਹੋਵੇ। ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਤਾਂ ਪਹਿਲੇ ਵੀ ਜਾਂਦੇ ਸੀ, ਪਰ ਉਸ ਦਿਨ ਅਕਾਲ ਤਖਤ ਸਾਹਿਬ ਉੱਤੇ ਜੋ ਮੰਜ਼ਰ ਦੇਖਿਆ ਅਤੇ ਸੰਗਤਾਂ ਦੀ ਮਾਯੂਸੀ ਤੇ ਦੁੱਖ ਦੇਖ ਕੇ ਜ਼ਿੰਦਗੀ ਦਾ ਰਾਹ ਹੀ ਬਦਲ ਗਿਆ। ਉਦੋਂ ਨਾ ਮੇਰੀ ਕੋਈ ਸਿਆਸਤ ਵਿੱਚ ਰੁਚੀ ਸੀ ਅਤੇ ਨਾ ਮੈਂ ਸੰਤ ਜਰਨੈਲ ਸਿੰਘ ਭਿੰਡਰਾਵਾਲਿਆਂ ਨੂੰ ਕਦੇ ਮਿਲਿਆ ਸੀ। ਨਾ ਹੀ ਮੈਂ ਉਨਾਂ ਦੇ ਵਿਚਾਰਾਂ ਨੂੰ ਸੁਣਿਆ ਸੀ। ਮੇਰਾ ਮਨ ਪੜਾਈ ਦੇ ਵਿਚ ਲੱਗਿਆ ਹੋਇਆ ਸੀ ਕਿ ਕੁਝ ਬਣਨਾ ਹੈ ਤੇ ਆਪਣੇ ਮਾਂ-ਬਾਪ ਦਾ ਨਾਮ ਰੌਸ਼ਨ ਕਰਨਾ ਹੈ। ਪਰ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦਾ ਇਹ ਦ੍ਰਿਸ਼ ਦੇਖ ਕੇ ਤੇ ਸੰਗਤਾਂ ਦਾ ਰੋਸ ਦੇਖ ਕੇ ਮਨ ਗੁੱਸੇ ਨਾਲ ਭਰ ਗਿਆ ਕਿ ਸੋਚਿਆ ਕਿ ਕੁਝ ਕਰਨਾ ਚਾਹੀਦਾ ਹੈ।

ਸੁਆਲ-ਤੁਸੀਂ ਖਾੜਕੂਵਾਦ ਦੇ ਸੰਪਰਕ ਵਿਚ ਕਿਵੇਂ ਆਏ?

ਜੁਆਬ-ਜੂਨ 84 ਤੋਂ ਬਾਅਦ ਯੂਨੀਵਰਸਿਟੀਆਂ, ਕਾਲਜਾਂ ਵਿਚ ਮਾਹੌਲ ਬਦਲ ਚੁੱਕਿਆ ਸੀ। ਸਾਰੇ ਪਾਸੇ ਧਾਰਮਿਕ ਵਾਤਾਵਰਨ ਸੀ। ਸਿੱਖ ਗੱਭਰੂਆਂ ਨੇ ਆਪਣੇ ਸਿਰ 'ਤੇ ਕੇਸਰੀ ਦਸਤਾਰਾਂ ਸਜ਼ਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਯੂਨੀਵਰਸਿਟੀ ਵਿਚ ਕੀਰਤਨ ਦਰਬਾਰ ਹੋਣੇ ਸ਼ੁਰੂ ਹੋ ਗਏ ਸਨ। ਉਸ ਦਿਨ ਗਵਰਨਰ ਨੇ ਝੰਡਾ ਝੁਲਾਉਣਾ ਸੀ। ਇਸ ਕਰਕੇ ਯੂਨੀਵਰਸਿਟੀ ਵਿਚ ਪੁਲੀਸ ਦੇ ਪਹਿਰੇ ਲੱਗੇ ਸਨ। ਮੈਂ ਕੇਸਰੀ ਦਸਤਾਰ ਬੰਨ ਕੇ ਆਪਣੀ ਲੈਬ ਵਲ ਜਾ ਰਿਹਾ ਸੀ ਤਾਂ ਇੰਸਪੈਕਟਰ ਅਜੀਤ ਸਿੰਘ ਸੰਧੂ ਨੇ ਮੈਨੂੰ ਰੋਕਿਆ ਤੇ ਕਿਹਾ ਕਿ ਤੇਰੀ ਸ਼ਿਕਾਇਤ ਆਈ ਹੈ, ਤੈਨੂੰ ਥਾਣੇ ਚਲਣਾ ਪੈਣਾ। ਮੈਨੂੰ ਥਾਣੇ ਸਰਾਭਾ ਨਗਰ ਲੁਧਿਆਣਾ ਲਿਜਾ ਕੇ ਮੇਰੀ ਪੱਗ ਲੁਹਾ ਦਿੱਤੀ ਤੇ ਮੈਨੂੰ ਹਵਾਲਾਤ ਵਿਚ ਡੱਕ ਦਿੱਤਾ। ਉੱਥੇ 50 ਦੇ ਕਰੀਬ ਹੋਰ ਸਿੱਖ ਨੌਜਵਾਨ ਸਨ, ਜੋ ਕੇਸਰੀ ਦਸਤਾਰਾਂ ਕਰਕੇ ਹਿਰਾਸਤ ਵਿਚ ਲਏ ਹੋਏ ਸਨ। ਅਜੀਤ ਸਿੰਘ ਸੰਧੂ ਉਹੀ ਪੁਲੀਸ ਅਫਸਰ ਸੀ,



ਜਿਸ ਨੇ ਸਿੱਖ ਨੌਜਵਾਨਾਂ 'ਤੇ ਬਹੁਤ ਤਸ਼ੱਦਦ ਕੀਤਾ। ਪਰ ਮੇਰੇ ਪਿਤਾ ਖੇਮ ਸਿੰਘ ਗਿੱਲ ਨੇ ਆਪਣੇ ਦੋਸਤ ਡੀਜੀਪੀ ਕਿਰਪਾਲ ਸਿੰਘ ਢਿੱਲੋਂ ਰਾਹੀਂ ਸਿਫਾਰਸ਼ ਕੀਤੀ। ਪਰ ਮੈਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਮੈਂ ਕਿਹਾ ਕਿ ਸਾਡੇ ਪ੍ਰੋਫੈਸਰ ਤੇ ਪੰਜਾਹ ਦੇ ਕਰੀਬ ਸਿੱਖ ਨੌਜਵਾਨ ਛੱਡੇ ਜਾਣ ਜੋ ਕੇਸਰੀ ਦਸਤਾਰਾਂ ਕਰਕੇ ਹਿਰਾਸਤ ਵਿਚ ਰੱਖੇ ਹਨ। ਆਖਿਰ ਮੇਰੀ ਗੱਲ ਮੰਨ ਲਈ ਗਈ। ਅਜੀਤ ਸਿੰਘ ਸੰਧੂ ਨੇ ਮੈਨੂੰ ਚਿਤਾਵਨੀ ਦਿੱਤੀ ਕਿ ਤੂੰ ਬਾਜ ਆ ਜਾ। ਮੈਂ ਉਸ ਨੂੰ ਸੁਆਲ ਕੀਤਾ ਕਿ ਮੇਰਾ ਕਸੂਰ ਕੀ ਹੈ? ਸੰਨ 1985 ਦੌਰਾਨ ਲੁਧਿਆਣੇ ਵਿਚ ਇਕ ਪੁਲੀਸ ਅਫ਼ਸਰ ਨੂੰ ਮਾਰ ਦਿੱਤਾ ਗਿਆ।

> **✪ ਜੂਨ 84 ਤੇ ਨਵੰਬਰ 84 ਘੱਲੂਘਾਰੇ ਬਾਰੇ ਪਾਰਲੀਮੈਂਟ ਵਿਚ ਕੇਂਦਰ ਸਰਕਾਰ ਮੁਆਫੀ ਮੰਗੇ ਤੇ ਇਸ ਸੰਬੰਧੀ ਕਮਿਸ਼ਨ ਬਿਠਾਇਆ ਜਾਵੇ**
>
> **✪ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਰਾਜਨੀਤਕ ਆਗੂ ਨਹੀਂ, ਦ੍ਰਿੜ ਧਾਰਮਿਕ ਆਗੂ ਸਨ ਜਿਸ ਕਰਕੇ ਉਹ ਸਿੱਖ ਨੌਜਵਾਨਾਂ ਨੂੰ ਪ੍ਰਭਾਵਿਤ ਕਰਨ 'ਚ ਸਫਲ ਹੋਏ**
>
> **✪ ਸਾਬਕਾ ਖਾੜਕੂ ਰਣਜੀਤ ਸਿੰਘ ਕੁੱਕੀ ਨਾਲ ਇਕ ਮੁਲਾਕਾਤ**

ਸੁਆਲ-ਤੁਸੀਂ ਕਿਵੇਂ ਖਾੜਕੂ ਲਹਿਰ ਵਿਚ ਸ਼ਾਮਲ ਹੋਏ?

ਜੁਆਬ-ਇਸ ਤੋਂ ਬਾਅਦ ਅਸੀਂ ਕੁਝ ਸਾਥੀਆਂ ਨਾਲ ਮਿਲ ਕੇ ਸੋਚਿਆ ਕਿ ਸਾਨੂੰ ਕੁਝ ਕਰਨਾ ਚਾਹੀਦਾ ਹੈ। ਅਸੀਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀਆਂ ਟੇਪਾਂ ਸੁਣਦੇ ਰਹੇ। ਪ੍ਰੋ. ਦਰਸ਼ਨ ਸਿੰਘ ਦੇ ਕੀਰਤਨ ਤੇ ਭਾਈ ਸੰਤ ਸਿੰਘ ਮਸਕੀਨ ਦੇ ਲੈਕਚਰ ਸੁਣਦੇ ਰਹੇ। ਉਨਾਂ ਨੇ ਸਾਨੂੰ ਬਹੁਤ ਪ੍ਰਭਾਵਿਤ ਕੀਤਾ। ਉਹ ਹਮੇਸਾ ਕਿਹਾ ਕਰਦੇ ਸਨ ਕਿ ਸਿੱਖਾਂ ਨੂੰ ਉਠਣਾ ਚਾਹੀਦਾ ਹੈ, ਡੋਲਣਾ ਨਹੀਂ ਚਾਹੀਦਾ। ਮੈਂ ਸੰਤ ਭਿੰਡਰਾਂਵਾਲਿਆਂ ਨਾਲੋਂ ਜ਼ਿਆਦਾ ਇਨਾਂ ਦੋਹਾਂ ਸਖਸ਼ੀਅਤਾਂ ਨੂੰ ਜ਼ਿਆਦਾ ਸੁਣਦਾ ਸੀ। ਨਵੰਬਰ 84 ਦੌਰਾਨ ਇੰਦਰਾ ਗਾਂਧੀ ਦੀ ਮੌਤ ਹੋ ਗਈ ਤਾਂ ਸਾਨੂੰ ਬਹੁਤ ਖੁਸ਼ੀ ਹੋਈ। ਇੰਦਰਾ ਦੀ ਮੌਤ ਤੋਂ ਬਾਅਦ ਸਿੱਖ ਕਤਲੇਆਮ ਹੋ ਗਿਆ। ਜਿਨਾਂ ਨੇ ਕਤਲ ਕੀਤਾ ਉਨਾਂ ਨੂੰ ਸਜ਼ਾਵਾਂ ਨਹੀਂ ਹੋਈਆਂ। 'ਹੂ ਆਰ ਗਿਲਟੀ' ਇਕ ਪੁਸਤਕ ਆਈ, ਉਹ ਦਿੱਲੀ ਸਿੱਖ ਕਤਲੇਆਮ ਬਾਰੇ ਸੀ, ਸਿੱਖਾਂ ਨਾਲ ਹੋਈ ਬੇਇਨਸਾਫੀ ਬਾਰੇ ਸੀ, ਉਹ ਮੈਂ ਪੜੀ ਤਾਂ ਮਨ ਵਿਚ ਗੁੱਸਾ ਹੋਰ ਵਧ ਗਿਆ।

ਇਸ ਤੋਂ ਬਾਅਦ ਸਾਡੀ ਮੀਟਿੰਗ ਕੁਝ ਕੁ ਖਾੜਕੂਆਂ ਨਾਲ ਹੋਈ। ਭਾਈ ਦਲਜੀਤ ਸਿੰਘ ਬਿੱਟੂ ਇਸ ਵਿਚ ਸ਼ਾਮਲ ਸਨ। ਸਾਨੂੰ ਬੱਬਰ ਖਾਲਸਾ ਦੇ ਅਨੋਖ ਸਿੰਘ ਬੱਬਰ, ਸੁਖਦੇਵ ਸਿੰਘ ਬੱਬਰ ਮਿਲਦੇ ਰਹੇ। ਪਰ ਅਸੀਂ ਕਿਸੇ ਵੀ ਜਥੇਬੰਦੀ ਵਿਚ ਜਾਣ ਤੋਂ ਇਨਕਾਰ ਕਰ ਦਿੱਤਾ। ਆਖਿਰ ਉਨਾਂ ਨੇ ਸਾਨੂੰ ਹਥਿਆਰਾਂ ਪੱਖੋਂ ਮਦਦ ਕੀਤੀ, ਪਰ ਅਸੀਂ ਆਪਣਾ ਅਲੱਗ ਜੁੱਟ ਬਣਾਇਆ। ਅਖੀਰ ਤੱਕ ਸਾਡੇ ਬੱਬਰਾਂ ਨਾਲ ਵਧੀਆ ਸੰਬੰਧ ਰਹੇ। ਅਸੀਂ ਘਰੋਂ ਮਕਸਦ ਲੈ ਕੇ ਨਿਕਲੇ, ਕਿ ਜਿਨਾਂ ਨੇ ਸਿੱਖ ਕੌਮ ਨੂੰ ਦਰਦ ਦਿੱਤਾ ਹੈ ਤੇ ਮਨੁੱਖੀ ਹੱਕਾਂ ਦੀ ਉਲੰਘਣਾ ਕਰਕੇ ਸਾਰੀ ਕੌਮ ਨੂੰ ਜ਼ਲੀਲ ਕੀਤਾ ਹੈ, ਉਨਾਂ ਨੂੰ ਬਖ਼ਸ਼ਣਾ ਨਹੀਂ, ਫਿਰ ਸਿੱਖ ਕਤਲੇਆਮ ਨਵੰਬਰ 84 ਦੇ ਦੋਸ਼ੀ ਵੀ ਇਸੇ ਲੜੀ ਵਿੱਚ ਸ਼ਾਮਲ ਹੋ ਗਏ। ਦਰਬਾਰ ਸਾਹਿਬ ਉੱਪਰ ਹਮਲਾ ਕਰਨ ਵਾਲੇ ਕੁਝ ਫੌਜੀ ਜਨਰਲ ਤੇ ਸਿੱਖ ਕਤਲੇਆਮ ਲਈ ਦੋਸ਼ੀ ਆਗੂਆਂ ਨੂੰ ਮਾਰਨ ਦਾ ਫ਼ੈਸਲਾ ਕੀਤਾ ਗਿਆ।"

ਅਸੀਂ ਇਸ ਬਾਰੇ ਆਪਣਾ ਜੱਥਾ ਬਣਾਇਆ। ਇਸ ਜੱਥੇ ਵਿਚ ਦਲਜੀਤ ਸਿੰਘ ਬਿੱਟੂ ਤੋਂ ਇਲਾਵਾ ਸੁਖਵਿੰਦਰ ਸਿੰਘ ਸੰਧੂ, ਭਾਈ ਮਥਰਾ ਸਿੰਘ, ਸੁਖਵਿੰਦਰ ਸਿੰਘ ਛਿੰਦਾ, ਹਰਜਿੰਦਰ ਸਿੰਘ ਜਿੰਦਾ, ਸੁਖਦੇਵ ਸਿੰਘ ਸਨ। ਇਸ ਤੋਂ ਪਹਿਲਾਂ ਮੈਂ ਕਤਲੇਆਮ 84 ਤੋਂ ਬਾਅਦ ਦਿੱਲੀ ਗਿਆ ਸਾਂ। ਉੱਥੇ ਸਿੱਖਾਂ ਦੇ ਮੁਰਝਾਏ ਚਿਹਰੇ ਦੇਖੇ, ਬਲੀਆਂ ਦੁਕਾਨਾਂ ਦੇਖੀਆਂ, ਸਿੱਖਾਂ ਦੇ ਕੈਂਪ ਦੇਖੇ ਮਨ ਵਿਚ ਬਹੁਤ ਰੋਸ ਉਠਿਆ। ਪਤਾ ਲੱਗਿਆ ਸੀ ਕਿ ਸਿੱਖ ਉਥੇ ਜ਼ਲੀਲ ਹੁੰਦੇ ਰਹੇ। ਸਾਡੇ ਲੁਧਿਆਣੇ ਵਿਚ ਵੀ ਕਈ ਗੱਡੀਆਂ ਭਰ ਕੇ ਦਿੱਲੀ ਤੇ ਹੋਰ ਸਟੇਟਾਂ ਤੋਂ ਸਿੱਖਾਂ ਦੀਆਂ ਆਈਆਂ ਤਾਂ ਜੋ ਇੱਥੇ ਵਸ ਸਕੀਏ, ਕਿਉਂਕਿ ਉਨਾਂ ਨੂੰ ਪੰਜਾਬ ਤੋਂ ਬਾਹਰ ਖਤਰਾ ਪੈਦਾ ਹੋ ਗਿਆ ਸੀ। ਇਸ ਤੋਂ ਬਾਅਦ ਅਸੀਂ ਆਪਣੇ ਸਾਥੀਆਂ ਨਾਲ ਸਲਾਹ ਕਰਕੇ ਦਿੱਲੀ ਕਤਲੇਆਮ ਦੇ ਮੁਜ਼ਰਮਾਂ ਨੂੰ ਸੋਧਣ ਦਾ ਫੈਸਲਾ ਕਰ ਲਿਆ।

ਜੁਲਾਈ 1985 ਨੂੰ ਲਲਿਤ ਮਾਕਨ ਉੱਪਰ ਹਮਲਾ ਕੀਤਾ ਗਿਆ। ਪਰ ਲਲਿਤ ਮਾਕਨ ਜਖ਼ਮੀ ਹਾਲਤ ਵਿਚ ਆਪਣੇ ਘਰ ਵਲ ਭੱਜ ਗਿਆ, ਉਸ ਦੀ ਪਤਨੀ ਗੀਤਾਂਜਲੀ ਮਾਕਨ ਉਸ ਦੇ ਨਾਲ ਲਿਪਟ ਗਈ। ਅਸੀਂ ਬਹੁਤ ਕੋਸ਼ਿਸ ਕੀਤੀ ਕਿ ਉਸ ਦੀ ਪਤਨੀ ਨੂੰ ਅਲੱਗ ਕੀਤਾ ਜਾਵੇ, ਪਰ ਸੰਭਵ ਨਾ ਹੋ ਸਕਿਆ, ਜਿਸ ਕਰਕੇ ਉਹ ਵੀ ਮਾਰੀ ਗਈ। ਸਾਡੇ ਕੋਲ ਸਮਾਂ ਥੋੜਾ ਸੀ ਤੇ ਅਸੀਂ ਬਚ ਕੇ ਵੀ ਨਿਕਲਣਾ ਸੀ। ਜਦੋਂ ਦਿੱਲੀ ਵਿਚ ਲਲਿਤ ਮਾਕਨ, ਅਰਜਨ ਦਾਸ ਨੂੰ ਮਾਰ ਦਿੱਤਾ ਗਿਆ ਤਾਂ ਸਾਨੂੰ ਵੱਡੇ ਪੰਥਕ ਲੀਡਰਾਂ ਤੇ ਦਿੱਲੀ ਦੇ ਸਿੱਖ ਬਿਜਨਸਮੈਨਾਂ ਨੇ ਕਿਹਾ ਕਿ ਤੁਸੀਂ ਸਿੱਖਾਂ ਦੀ ਪੱਗ ਸਿਰ 'ਤੇ ਰੱਖੀ ਹੈ। ਅਸੀਂ ਫਿਰ ਬਾਹਰ ਨਿਕਲਣ ਜੋਗੇ ਹੋ ਗਏ ਹਾਂ।

ਸੁਆਲ-ਤੁਹਾਡੀ ਰਿਹਾਈ ਕਿਵੇਂ ਹੋਈ?

ਜੁਆਬ-ਇਸ ਦੌਰਾਨ ਕਾਂਗਰਸੀ ਆਗੂ ਲਲਿਤ ਮਾਕਨ, ਜਰਨਲ ਵੈਦਿਆ ਸਣੇ ਕਈ ਕਤਲ ਹੋਏ। ਫਿਰ ਘਰ ਤਾਂ ਮੁੜ ਨਹੀਂ ਸਕਦੇ ਸਾਂ ਅਤੇ ਸੋਚਿਆ ਕਿ ਵਿਦੇਸ਼ਾਂ ਵਿੱਚ ਜਾ ਕੇ ਲਹਿਰ ਨੂੰ ਅੱਗੇ ਵਧਾਉਣ ਲਈ ਮਦਦ ਜੁਟਾਈਏ ਤੇ ਕੌਮਾਂਤਰੀ ਮੁਹਿੰਮਾਂ ਦਾ ਅਧਿਐਨ ਕਰੀਏ। 1986 ਵਿੱਚ ਮੈਂ ਅਮਰੀਕਾ ਚਲਾ ਗਿਆ। ਇਸ ਦੌਰਾਨ ਇੰਟਰਪੋਲ ਦੀ ਮਦਦ ਨਾਲ ਭਾਰਤ ਤੋਂ ਮੇਰੇ ਵਾਰੰਟ ਜਾਰੀ ਹੋ ਗਏ ਤੇ ਮੈਨੂੰ ਲਲਿਤ ਮਾਕਨ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਸੀ। ਅਮਰੀਕਾ ਦੇ ਵਿਚ 14 ਸਾਲ ਜੇਲ ਕੱਟੀ। ਇਸ ਤੋਂ ਪਹਿਲਾਂ ਵੱਖ-ਵੱਖ ਸਿੱਖ ਲੀਡਰਾਂ ਨੂੰ ਮਿਲਿਆ, ਪਰ ਭੜਕੇ ਨੌਜਵਾਨਾਂ ਨੂੰ ਮਿਲਣ ਤੋਂ ਗੁਰੇਜ਼ ਕੀਤਾ। ਮੈਂ ਜਾਣਦਾ ਸੀ ਕਿ ਅਜਿਹਾ ਕਰਨ ਨਾਲ ਮੇਰਾ ਮਿਸ਼ਨ ਅਧੂਰਾ ਰਹਿ ਸਕਦਾ ਹੈ। ਗੱਲ ਬਾਹਰ ਜਾ ਸਕਦੀ ਹੈ। ਮੈਂ ਇਸ ਬਾਰੇ ਉੱਥੇ ਪੂਰੀ ਸਟੱਡੀ ਕੀਤੀ ਕਿ ਕੋਈ ਵਿਦੇਸ਼ੀ ਏਜੰਸੀ ਸਿੱਖਾਂ ਦੀ ਮਦਦ ਕਰਨ ਨੂੰ ਤਿਆਰ ਨਹੀਂ ਸੀ। ਭਾਰਤ ਵਿਚ ਇਸ ਬਾਰੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਸੀ ਕਿ ਇਹ ਸਿੱਖਾਂ ਦੀ ਮਦਦ ਕਰ ਰਹੇ ਹਨ। ਪਾਕਿਸਤਾਨ ਬਾਰੇ ਵੀ ਝੂਠਾ ਰੌਲਾ ਪਾਇਆ ਗਿਆ ਕਿ ਉਹ ਸਿੱਖਾਂ ਦੀ ਮਦਦ ਕਰਨ ਲਈ ਸੁਹਿਰਦ ਹੈ। ਪਰ ਅਜਿਹਾ ਨਹੀਂ ਸੀ। ਮੈਂ ਪਾਕਿਸਤਾਨ ਜਾਣ ਦਾ ਰਾਹ ਕਦੇ ਵੀ ਨਹੀਂ ਚੁਣਿਆ। ਅਮਰੀਕਾ ਦੀ ਵੀ ਕੋਈ ਵੀ ਏਜੰਸੀ ਸਿੱਖਾਂ ਦੀ ਮਦਦ ਨਹੀਂ ਕਰ ਰਹੀ ਸੀ।

ਅਮਰੀਕਾ ਵਿਚ ਭਾਰਤ ਹਵਾਲਗੀ ਦਾ 13 ਸਾਲ ਕੇਸ ਚੱਲਿਆ। ਮੈਂ ਕੇਸ ਤਾਂ ਜਿੱਤ ਗਿਆ ਅਖੀਰ ਅਮਰੀਕਾ ਵਿਚ ਜੇਲ ਕੱਟਣ ਤੋਂ ਬਾਅਦ ਮੈਂ ਭਾਰਤ ਜਾਣ ਦਾ ਫੈਸਲਾ ਆਪਣੀ ਮਰਜ਼ੀ ਅਨੁਸਾਰ ਕੀਤਾ। ਜੇ ਚਾਹੁੰਦਾ ਤਾਂ ਮੈਂ ਅਮਰੀਕਾ ਦੇ ਵਿਚ ਸ਼ਰਨ ਲੈ ਸਕਦਾ ਸੀ। ਮੈਨੂੰ ਭਾਰਤ ਵਿੱਚ ਵੀ 5 ਸਾਲ ਜੇਲ ਕੱਟਣੀ ਪਈ।

ਸੁਆਲ-ਤੁਹਾਡੀ ਰਿਹਾਈ ਵਿਚ ਲਲਿਤ ਮਾਕਨ ਦੀ ਬੇਟੀ ਅਵੰਤਿਕਾ ਕਿਵੇਂ ਸਹਿਯੋਗੀ ਬਣੀ?

ਜੁਆਬ-2004 ਵਿੱਚ ਜਦੋਂ ਭਾਰਤ ਵਿਚ ਮੈਂ ਲੁਧਿਆਣੇ ਵਿਖੇ ਪੈਰੋਲ ਉੱਤੇ ਘਰ ਆਇਆ ਸਾਂ ਤਾਂ ਕਾਂਗਰਸੀ ਉਮੀਦਵਾਰ ਮੁਨੀਸ਼ ਤਿਵਾੜੀ ਦੇ ਚੋਣ ਪ੍ਰਚਾਰ ਲਈ ਆਈ ਲਲਿਤ ਮਾਕਨ ਦੀ ਧੀ ਅਵਿੰਕਤਾ ਮਾਕਨ ਲੁਧਿਆਣੇ ਆਈ। ਮਰਹੂਮ ਪੱਤਰਕਾਰ ਅੰਮ੍ਰਿਤਾ ਚੌਧਰੀ ਦੇ ਕਹਿਣ ਉੱਤੇ ਉਹ ਉਹ ਮੈਨੂੰ ਮਿਲਣ ਲਈ ਤਿਆਰ ਹੋ ਗਈ। ਅਸੀਂ ਇਕ ਹੋਟਲ ਵਿਚ ਮਿਲੇ। ਮੈਂ ਅਵਿੰਕਤਾ ਨੂੰ ਦੱਸਿਆ ਕਿ ਉਸ ਸਮੇਂ ਹਾਲਾਤ ਅਜਿਹੇ ਸਨ। ਇਹ ਸਾਰਾ ਕੁਝ ਸਾਕਾ ਨੀਲਾ ਤਾਰਾ ਤੇ ਨਵੰਬਰ 84 ਦਾ ਨਤੀਜਾ ਸੀ। ਸਾਡੀ ਮਾਕਨ ਪਰਿਵਾਰ ਨਾਲ ਕੋਈ ਨਿੱਜੀ ਦੁਸ਼ਮਣੀ ਨਹੀਂ ਹੈ। ਪਰ ਤੁਹਾਡੀ ਮਾਤਾ ਇਸ ਐਕਸ਼ਨ ਵਿਚ ਆ ਗਈ, ਜਿਸ ਕਾਰਨ ਇਹ ਹਾਦਸਾ ਵਾਪਰ ਗਿਆ। ਅਸੀਂ ਤੁਹਾਡੀ ਮਾਤਾ ਨੂੰ ਨਹੀਂ ਮਾਰਨਾ ਚਾਹੁੰਦੇ ਸਨ। ਇਸ ਗੱਲ 'ਤੇ ਮੈਨੂੰ ਅਫਸੋਸ ਹੈ। ਮੇਰੇ ਵਿਚਾਰ ਸੁਣ ਕੇ ਅਵਿੰਕਤਾ ਏਨੀ ਪ੍ਰਭਾਵਿਤ ਹੋਈ ਕਿ ਉਸ ਨੇ ਮੇਰੀ ਰਿਹਾਈ ਲਈ ਉਸ ਸਮੇਂ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੂੰ ਅਪੀਲ ਕੀਤੀ। ਅਵਿੰਤਕਾ ਦੇ ਯਤਨਾਂ ਸਦਕਾ ਮੇਰੀ ਸਜ਼ਾ ਵੀ ਮੁਆਫ਼ ਹੋਈ। ਮਨਜੀਤ ਸਿੰਘ ਜੀਕੇ, ਪਰਮਜੀਤ ਸਿੰਘ ਸਰਨਾ ਨੇ ਵੀ ਮੇਰੀ ਰਿਹਾਈ ਦੇ ਵਿਚ ਮਦਦ ਕੀਤੀ।

ਸੁਆਲ-ਤੁਸੀਂ ਜੂਨ 84 ਤੋਂ ਬਾਅਦ ਹੁਣ ਤੱਕ ਸਿੱਖ ਮਨੋਦਸ਼ਾ ਬਾਰੇ ਕੀ ਕਹਿਣਾ ਚਾਹੁੰਦੇ ਹੋ?

ਜੁਆਬ-ਭਾਵੇਂ ਜੂਨ 84 ਤੇ ਨਵੰਬਰ 84 ਵਰਗੇ ਮਹਾਂ ਦੁਖਾਂਤ ਨੂੰ ਵਾਪਰਿਆਂ 36 ਸਾਲ ਦਾ ਸਮਾਂ ਗੁਜ਼ਰ ਚੁੱਕਾ ਹੈ ਪਰ ਫਿਰ ਵੀ ਜਦੋਂ ਹਰ ਸਾਲ ਇਸ ਦੀ ਬਰਸੀ ਆਉਂਦੀ ਹੈ ਤਾਂ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਨੂੰ ਇਕ ਡੂੰਘੀ ਪੀੜ ਦਾ ਅਹਿਸਾਸ ਹੁੰਦਾ ਹੈ ਅਤੇ ਉਨਾਂ ਦੇ ਮਨ ਵਿਚੋਂ ਇਹ ਹੂਕ ਨਿਕਲਦੀ ਹੈ ਕਿ ਏਨੇ ਵਰੇ ਬੀਤ ਜਾਣ ਤੋਂ ਬਾਅਦ ਵੀ ਕੇਂਦਰ ਸਰਕਾਰ ਨੇ ਇਸ ਵੱਡੀ ਗ਼ਲਤੀ ਲਈ ਸਿੱਖ ਭਾਈਚਾਰੇ ਤੋਂ ਮੁਆਫ਼ੀ ਨਹੀਂ ਮੰਗੀ। ਸਰਕਾਰ ਨੇ ਅਤੇ ਉਨਾਂ ਦੇ ਸਮਰਥਕਾਂ ਨੇ ਲੰਮੇ ਸਮੇਂ ਤੱਕ ਆਪਣੇ ਇਸ ਪੱਖ ਨੂੰ ਬੜੇ ਜ਼ੋਰਦਾਰ ਢੰਗ ਨਾਲ ਲੋਕਾਂ 'ਤੇ ਠੋਸਣ ਦੀ ਕੋਸ਼ਿਸ਼ ਕੀਤੀ ਕਿ ਇਸ ਦੇ ਜ਼ਿੰਮੇਵਾਰ ਸਿੱਖ ਹਨ। ਪਰ ਹੌਲੀ-ਹੌਲੀ ਹੁਣ ਦੂਜਾ ਪੱਖ ਵੀ ਸਾਹਮਣੇ ਆਉਣ ਲੱਗ ਪਿਆ ਹੈ ਕਿ ਹਰਿਮੰਦਰ ਸਾਹਿਬ ਵਿਚ ਜੋ ਹਾਲਾਤ ਪੈਦਾ ਹੋਏ ਸਨ, ਉਸ ਤੋਂ ਪਹਿਲਾਂ ਅੰਮ੍ਰਿਤਸਰ ਵਿਚ ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਹੋਏ ਟਕਰਾਅ ਅਤੇ ਉਸ ਤੋਂ ਬਾਅਦ ਲਗਾਤਾਰ ਅਜਿਹੀਆਂ ਘਟਨਾਵਾਂ ਵਾਪਰੀਆਂ, ਜਿਨਾਂ ਨੇ ਦੇਸ਼ ਨੂੰ ਬੇਹੱਦ ਪਿਆਰ ਕਰਨ ਵਾਲੇ ਅਤੇ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕਰਨ ਵਾਲੇ ਸਿੱਖ ਭਾਈਚਾਰੇ ਨੂੰ ਦੇਸ਼ ਦੀ ਸੱਤਾ ਦੇ ਖਿਲਾਫ਼ ਖੜਾ ਕਰ ਦਿੱਤਾ। ਇਸ ਸਮੇਂ ਦੌਰਾਨ ਅਨੇਕਾਂ ਮੌਕੇ ਆਏ ਜਦੋਂ ਕੇਂਦਰ ਸਰਕਾਰ ਸਿੱਖ ਭਾਈਚਾਰੇ ਦੇ ਪ੍ਰਤੀਨਿਧਾਂ ਨਾਲ ਗੱਲ ਕਰਕੇ ਵਧ ਰਹੇ ਇਸ ਟਕਰਾਅ ਨੂੰ ਰੋਕ ਸਕਦੀ ਸੀ। ਪਰ ਇੰਦਰਾ ਸਰਕਾਰ ਵਲੋਂ ਅਜਿਹਾ ਕੋਈ ਵੀ ਵੱਡਾ ਯਤਨ ਨਹੀਂ ਕੀਤਾ ਗਿਆ। ਉਸ ਦਾ ਨਿਸ਼ਾਨਾ ਤਾਂ ਸਿੱਖਾਂ ਨੂੰ ਬਦਨਾਮ ਕਰਕੇ ਸੱਤਾ ਹਾਸਲ ਕਰਨਾ ਸੀ। ਪਰ ਇਹ ਮਨੁੱਖਤਾ ਮਾਰੂ ਸਿਆਸਤ ਇਸ ਤਰਾਂ ਇਕ-ਇਕ ਘਟਨਾ ਅੱਗੇ ਵਧਦੀ ਹੋਈ ਵੱਡੇ ਟਕਰਾਅ ਦਾ ਰੂਪ ਲੈ ਗਈ।

ਬਾਕੀ ਸਫ਼ਾ 32 'ਤੇ

## ਦੱਰਿਆਂ ਤੇ ਦਰਿਆਵਾਂ ਸੰਗ - 8

# ਸਿੰਧ ਘਾਟੀ ਵਿਚ ਪ੍ਰਵੇਸ਼



- ਪ੍ਰੀਤਮ ਰੁਪਾਲ

ਰੁਮਸੇ ਇਕ ਘੰਟਾ ਅਰਾਮ ਕਰਨ ਮਗਰੋਂ ਸਾਡੀਆਂ ਜੀਪਾਂ ਦਾ ਕਾਫਲਾ ਲੇਹ ਲਈ ਚੱਲ ਪਿਆ। ਥੋੜਾ ਹੀ ਅੱਗੇ ਗਏ ਸਾਂ ਸੱਜੇ ਪਾਸੇ ਇਕ ਛੋਟੀ ਜਿਹੀ ਨਦੀ ਸੜਕ ਨਾਲ ਆਣ ਮਿਲੀ। ਨਦੀ ਦੇ ਨਾਲ ਛੋਟੀ ਜਿਹੀ ਵਾਦੀ ਵਿਚ ਸਰੋਂ ਵਰਗੇ ਪੀਲੇ ਫੁੱਲਾਂ ਵਾਲੇ ਨਿਕੱਦੇ ਜਿਹੇ ਬੂਟਿਆਂ ਦੀ ਫਸਲ ਲਹਿਰਾ ਰਹੀ ਸੀ। ਦੂਰੋਂ ਸਾਨੂੰ ਸਰੋਂ ਦਾ ਭੁਲੇਖਾ ਹੀ ਪੈਂਦਾ ਸੀ ਜਦ ਨੇੜੇ ਆ ਕੇ ਵੇਖਿਆ ਇਹ ਕੋਈ ਹੋਰ ਫਸਲ ਸੀ ਅਤੇ ਇਸ ਦੇ ਫੁੱਲਾਂ ਦੀ ਬਣਤਰ ਅਤੇ ਆਕਾਰ ਵੀ ਸਰੋਂ ਤੋਰੀਏ ਦੇ ਫੁੱਲਾਂ ਵਰਗਾ ਨਹੀਂ ਸੀ। ਅੱਗੇ ਛੋਟਾ ਜਿਹਾ ਪਿੰਡ ਸਸੋਮਾ ਆ ਗਿਆ। ਪਿੰਡੋਂ ਬਾਹਰ ਸੜਕ ਉਪਰ ਹੀ ਇਕ ਛੋਟਾ ਜਿਹਾ ਗੋਂਪਾ ਬਣਿਆ ਹੋਇਆ ਸੀ। ਥੋੜਾ ਅੱਗੇ ਜਾ ਕੇ ਇਕ ਹੋਰ ਪਿੰਡ ਆ ਗਿਆ। ਜਿਸ ਦਾ ਨਾਂ ਗਯਾ ਸੀ। ਇਥੇ ਅੱਠਵੀਂ ਜਮਾਤ ਤੱਕ ਦਾ ਸਕੂਲ ਵੀ ਬਣਿਆ ਹੋਇਆ ਸੀ। ਇਥੋਂ ਅਸੀਂ ਬਿਲਕੁਲ ਨਦੀ ਦੇ ਨਾਲ ਨਾਲ ਚੱਲਣ ਲੱਗੇ। ਪਾਣੀ ਦੀ ਮਿਕਦਾਰ ਅਤੇ ਰਫਤਾਰ ਵੀ ਤੇਜ਼ ਹੋ ਗਈ। ਇਸ ਨਦੀ ਦਾ ਨਾਮ ਗਯਾ ਹੀ ਹੈ ਜੋ ਸਿੰਧ ਦਰਿਆ ਦੀ ਸਹਾਇਕ ਨਦੀ ਹੈ।

ਅੱਗੇ ਜਾ ਕੇ ਲਾਤੋ ਅਤੇ ਮੀਰੂ ਨਾਂ ਦੇ ਦੋ ਹੋਰ ਪਿੰਡ ਆਏ ਅਤੇ ਇਹ ਛੋਟੀ ਵਾਦੀ ਤੰਗ ਹੋਣੀ ਸ਼ੁਰੂ ਹੋ ਗਈ ਤੇ ਅਖੀਰ ਇਕ ਤੰਗ ਜਿਹੀ ਖੱਡ ਵਿਚ ਬਦਲ ਗਈ ਜਿਸ ਵਿਚੋਂ ਸਿਰਫ਼ ਨਦੀ ਅਤੇ ਸੜਕ ਦੀ ਲੰਘਦੇ ਸਨ ਤੇ ਦੋਵੇਂ ਪਾਸੇ ਪਹਾੜ ਸਨ। ਇਥੇ ਪਹਾੜਾਂ ਦੀ ਬਣਤਰ ਅਤੇ ਰੰਗ ਵੇਖਣ ਵਾਲਾ ਸੀ। ਸੜਕ ਵਾਲੇ ਪਾਸੇ ਦਾ ਪਹਾੜ ਭੂਰੇ ਲਾਲ ਰੰਗ ਦਾ ਸੀ ਤੇ ਸਾਹਮਣੇ ਨਦੀਓਂ ਪਾਰਲਾ ਪਹਾੜ ਹਰਾ ਸੀ। ਕਦੀ ਕਦੀ ਇਸ ਤਰਾਂ ਲੱਗਦਾ ਕਿ ਇਸ ਪਹਾੜੀ ਉਪਰ ਬਨਸਪਤੀ ਜਾਂ ਘਾਹ ਉਗਿਆ ਹੈ ਪਰ ਇਹ ਪੱਥਰ ਦਾ ਹੀ ਰੰਗ ਸੀ। ਪੱਥਰ ਵੀ ਠੋਸ ਚਟਾਨ ਵਾਂਗ ਨਹੀਂ ਸੀ ਸਗੋਂ ਬਰੀਕ ਬਜਰੀ ਵਾਂਗ ਭੁਰਭੁਰਾ ਸੀ। ਜਿਉਂ ਹੀ ਸਾਡੀਆਂ ਗੱਡੀਆਂ ਇਸ ਤੰਗ ਜਿਹੀ ਵਾਦੀ ਵਿਚੋਂ ਨਿਕਲੀਆਂ, ਅਸੀਂ ਵਿਸ਼ਾਲ ਸਿੰਧ ਘਾਟੀ ਵਿਚ ਪ੍ਰਵੇਸ਼ ਕਰ ਗਏ। ਅੱਗੇ ਗਯਾ ਤੇ ਸਿੰਧ ਦਰਿਆ ਦੇ ਸੰਗਮ ਉਪਰ ਹੀ ਉਪਸ਼ੀ ਨਾਂ ਦਾ ਛੋਟਾ ਜਿਹਾ ਕਸਬਾ ਸੀ। ਇਥੇ ਰੁਕ ਕੇ ਲੇਹ ਟੈਲੀਫੋਨ ਕੀਤਾ ਗਿਆ। ਸਾਡੀ ਟੀਮ ਦੇ ਮੈਂਬਰ ਪ੍ਰਦੀਪ ਧੁੱਲ ਦਾ ਇਕ ਵਾਕਫ਼ ਲੇਹ ਵਿਚ ਸੀ ਜਿਸ ਨੇ ਸਾਨੂੰ ਇਨਰ ਲਾਈਨ ਪਰਮਿਟ ਵਗੈਰਾ ਲੈ ਕੇ ਦੇਣਾ ਸੀ। ਭਾਰਤੀ ਨਾਗਰਿਕਾਂ ਨੂੰ ਭਾਵੇਂ ਮਨਾਲੀ ਤੋਂ ਸੜਕ ਰਸਤੇ ਲੇਹ ਤੱਕ ਜਾਣ ਦੀ ਖੁੱਲ ਹੈ ਪਰ ਜੇ ਇਸ ਸੜਕ ਤੋਂ ਪੂਰਬ ਵੱਲ, ਤਿੱਬਤ (ਚੀਨ) ਸਰਹੱਦ ਵਾਲੇ ਪਾਸੇ ਦੋ ਕਿਲੋਮੀਟਰ ਤੱਕ ਪਹਾੜੀ ਟਰੈਕ ਜਾਂ ਰਸਤੇ ਉਪਰ ਜਾਣਾ ਹੋਵੇ ਤਾਂ ਇਨਰ ਲਾਈਨ ਪਰਮਿਟ ਦੀ ਲੋੜ ਪੈਂਦੀ ਹੈ। ਇਹ ਪਰਮਿਟ ਆਮ ਤੌਰ 'ਤੇ ਲੇਹ ਦੇ ਡਿਪਟੀ ਕਮਿਸ਼ਨਰ ਜਾਂ ਉਸ ਵਲੋਂ ਅਧਿਕਾਰ ਪ੍ਰਾਪਤ ਉੱਚ ਅਧਿਕਾਰੀ ਵਲੋਂ ਦਿੱਤਾ ਜਾਂਦਾ ਹੈ। ਇਹ ਪਰਮਿਟ ਲੱਦਾਖ ਹਲਕੇ ਵਿਚ ਤਾਇਨਾਤ ਫ਼ੌਜ ਦਾ ਕਮਾਂਡਰ ਜਾਂ ਭਾਰਤ ਤਿੱਬਤ ਸਰਹੱਦੀ ਪੁਲਿਸ ਬਲ (ਆਈ.ਟੀ.ਬੀ.ਪੀ.ਐਫ.) ਦਾ ਕਮਾਂਡਿੰਗ ਅਫ਼ਸਰ ਵੀ ਦੇ ਸਕਦਾ ਹੈ।

ਉਪਸ਼ੀ ਜਿਥੇ ਤੰਗਲੰਗ ਦੱਰੇ ਵਲੋਂ ਸਿੰਧ ਘਾਟੀ ਦਾ ਪ੍ਰਵੇਸ਼ ਦੁਆਰ ਹੈ ਉਥੇ ਇਹ ਸਥਾਨ ਸਿੰਧ ਦਰਿਆ ਦੇ ਮੂੰਹੇਂ ਵੱਲ ਉਚੇ ਪਹਾੜੀ ਸਥਾਨਾਂ ਦਾ ਮਾਰਗ ਦਰਸ਼ਕ ਵੀ ਹੈ। ਇਥੋਂ ਹੈਨਲੇ 201 ਕਿਲੋਮੀਟਰ ਦੂਰ ਹੈ ਜੋ ਤਿੱਬਤ ਸਰਹੱਦ ਦੇ ਬਿਲਕੁਲ ਨੇੜੇ ਹੈ। ਇਸੇ ਤਰਾਂ ਲੋਮਾ 153 ਕਿਲੋਮੀਟਰ, ਨਯੋਮਾ 133 ਕਿਲੋਮੀਟਰ ਅਤੇ ਚੁਮਾਥੰਗ 88 ਕਿਲੋਮੀਟਰ ਦੀ ਦੂਰੀ 'ਤੇ ਹਨ। ਮੋਰਿਰੀ ਝੀਲ ਨੂੰ ਜਾਣ ਲਈ ਚੁਮਾਥੰਗ ਰਾਹੀਂ ਹੀ ਸੜਕ ਜਾਂਦੀ ਹੈ।

ਉਪਸ਼ੀ ਲੰਘ ਕੇ ਸਾਡੀਆਂ ਜੀਪਾਂ ਸਿੰਧ ਦਰਿਆ ਦੇ ਨਾਲ ਬਣੀ ਜਰਨੈਲੀ ਸੜਕ ਉਪਰ ਜਾ ਚੜੀਆਂ। ਇਥੇ ਵੀ ਜੰਮੂ ਕਸ਼ਮੀਰ ਪੁਲਿਸ ਨੇ ਨਾਕਾ ਲਾਇਆ ਹੋਇਆ ਸੀ। ਇਸ ਨਾਕੇ 'ਤੇ ਫਿਰ ਗੱਡੀਆਂ ਦਾ ਨੰਬਰ ਵਗੈਰਾ ਨੋਟ ਕੀਤਾ ਗਿਆ। ਛੇਤੀ ਹੀ ਜੀਪਾਂ ਇਸ ਪੱਧਰੀ ਸੜਕ 'ਤੇ ਸਰਪਟ ਦੌੜਨ ਲੱਗੀਆਂ। ਸਿੱਧ ਪੱਧਰੀ ਸੜਕ 'ਤੇ ਜੀਪਾਂ ਦੀ ਤੇਜ਼ ਰਫ਼ਤਾਰ ਨਾਲ ਸਾਡੇ ਡਰਾਈਵਰਾਂ ਦੇ ਚਿਹਰਿਆਂ 'ਤੇ ਵੀ ਰੌਣਕ ਆ ਗਈ। ਦਸ ਪੰਦਰਾਂ ਕਿਲੋਮੀਟਰ ਫ਼ੀ ਘੰਟੇ ਦੀ ਰਫ਼ਤਾਰ ਨਾਲ ਚੱਲਣ ਵਾਲੀਆਂ ਜੀਪਾਂ ਹੁਣ 100 ਕਿਲੋਮੀਟਰ ਫ਼ੀ ਘੰਟੇ ਦੀ ਰਫ਼ਤਾਰ 'ਤੇ ਦੌੜ ਰਹੀਆਂ ਸਨ। ਸੜਕ ਦੇ ਖੱਬੇ ਪਾਸੇ ਦਰਿਆ ਦੇ ਨਾਲ ਤੰਗ ਜਿਹੀ



ਵਾਦੀ ਵਿਚ ਕਿਤੇ ਕਿਤੇ ਹਰਿਆਲੀ ਨਜ਼ਰ ਆ ਰਹੀ ਸੀ ਦਰਿਆਓਂ ਪਾਰ ਜ਼ਾਂਸਕਰ ਰੇਂਜ ਦੀਆਂ ਉਚੀਆਂ ਖੁਸ਼ਕ ਪਹਾੜੀਆਂ ਕਿਤੇ ਕਿਤੇ ਰੇਤਲੇ ਟਿੱਬਿਆਂ ਦਾ ਭੁਲੇਖਾ ਪਾਉਂਦੀਆਂ ਸਨ। ਇਥੇ ਸਿੰਧ ਦਰਿਆ ਦੇ ਕਿਨਾਰੇ ਬਣਾਂ ਵਰਗੇ ਮੱਧਰੇ ਜਿਹੇ ਦਰੱਖਤ ਵੀ ਲੱਗੇ ਹੋਏ ਸਨ। ਖੁਸ਼ਕ ਰੇਤਲੀ ਵਾਦੀ ਵਿਚ ਇਹ ਦਰਖ਼ਤ ਅੱਖਾਂ ਅਤੇ ਮਨ ਨੂੰ ਬੇਹੱਦ ਸਕੂਨ ਦਿੰਦੇ ਸਨ।

ਸਿੰਧ ਵਾਦੀ ਦਾ ਇਕ ਹੋਰ ਮਸ਼ਹੂਰ ਕਸਬਾ ਕਾਰੂ ਵੀ ਇਸੇ ਸੜਕ ਉਪਰ ਪੈਂਦਾ ਹੈ। ਕਾਰੂ ਤੋਂ ਚੁਸ਼ੁਲ ਸਰਹੱਦ ਵੱਲ ਸੜਕ ਜਾਂਦੀ ਹੈ। ਇਹ ਸੜਕ ਹੀ ਪੈਂਗੌਂਗ ਸੋ (ਝੀਲ) ਨੂੰ ਜਾਂਦੀ ਹੈ। ਅਸੀਂ ਕਾਰੂ ਨਹੀਂ ਰੁਕੇ ਅਤੇ ਜੀਪਾਂ ਹੌਲੀ ਕਰਕੇ ਅੱਗੇ ਲੰਘ ਗਏ। ਇਥੇ ਸੜਕ ਉਪਰ ਦੋ ਤਿੰਨ ਫੌਜੀ ਗੱਡੀਆਂ ਖੜੀਆਂ ਸਨ ਅਤੇ ਪੈਗੌਂਗ ਝੀਲ ਨੂੰ ਜਾਣ ਬਾਰੇ ਜਾਣਕਾਰੀ ਵਾਲਾ ਬੋਰਡ ਵੀ ਲੱਗਾ ਹੋਇਆ ਸੀ। ਹੈਮਿਸ ਮੱਠ ਵੀ ਇਥੋਂ ਨੇੜੇ ਹੀ ਪੈਂਦਾ ਹੈ ਜੋ ਸਿੰਧ ਦਰਿਆ ਦੇ ਦੂਜੇ ਪਾਸੇ ਜ਼ਾਸਕਰ ਪਹਾੜੀਆਂ ਵਿਚ ਹੈ। ਇਹ ਇਕ ਪੁਰਾਣਾ ਬੋਧੀ ਮੱਠ ਹੈ।

ਕਾਰੂ ਲੰਘ ਕੇ ਅਸੀਂ ਥਿਕਸੇ ਰੁਕੇ। ਥਿਕਸੇ ਵੀ ਬਹੁਤ ਪੁਰਾਤਨ ਬੋਧੀ ਮੱਠ ਹੈ। ਇਹ ਮੱਠ ਸੜਕ ਤੋਂ ਥੋੜਾ ਹਟਵਾਂ ਸੱਜੇ ਪਾਸੇ ਦੀ ਪਥਰੀਲੀ ਪਹਾੜੀ ਵਿਚ ਬਣਿਆ ਹੋਇਆ ਹੈ। ਇਸੇ ਮੱਠ ਦੀਆਂ 12 ਮੰਜ਼ਿਲਾਂ ਹਨ ਅਤੇ ਇਸ ਵਿਚ ਮਹਾਤਮਾ ਬੁੱਧ ਦੀ ਵਿਸ਼ਾਲ ਮੂਰਤੀ ਮੈਤਰਿਆ ਬੁੱਧਾ ਬਣੀ ਹੋਈ ਹੈ। ਅਸੀਂ ਜੀਪਾਂ ਵਿਚੋਂ ਉਤਰ ਕੇ ਕਾਹਲੀ ਨਾਲ ਮੱਠ ਵੱਲ ਵਧੇ। ਸਾਡੇ ਕੁਝ ਸਾਥੀ ਦਰਿਆ ਵੱਲ ਸਿੰਧ ਵਾਦੀ ਨੂੰ ਨਿਹਾਰਨ ਲੱਗੇ। ਅੱਜ ਹੀ ਲੇਹ ਤੋਂ ਪਰਮਿਟ ਲੈ ਕੇ ਪੈਗੌਂਗ ਝੀਲ 'ਤੇ ਪਹੁੰਚਣ ਦੇ ਲਾਲਚ ਨਾਲ ਅਸੀਂ ਕਾਹਲੀ ਨਾਲ ਇਹ ਮੱਠ ਵੇਖਿਆ ਅਤੇ ਪੰਕਜ ਸ਼ਰਮਾ ਨੇ ਕੁਝ ਫੋਟੋਆਂ ਖਿੱਚੀਆਂ।

ਥਿਕਸੇ ਤੋਂ ਥੋੜਾ ਹੀ ਅੱਗੇ ਗਏ ਸਾਂ ਅੱਗੇ ਇਕ ਹੋਰ ਬੋਧੀ ਮੱਠ ਸ਼ੇਅ ਆ ਗਿਆ। ਸ਼ੇਅ ਵੀ ਲੱਦਾਖ ਖੇਤਰ ਦੀ ਇਤਿਹਾਸਕ ਜਗਾ ਹੈ। ਇਹ ਲੱਦਾਖ ਦੇ ਰਾਜਿਆਂ ਦੀ ਗਰਮੀ ਦੇ ਦਿਨਾਂ ਦੀ ਰਾਜਧਾਨੀ ਰਿਹਾ ਹੈ। ਇਥੇ ਸਥਿਤ ਬੋਧੀ ਮੱਠ (ਮੋਨੇਸਟਰੀ) ਵਿਚ ਮਹਾਤਮਾ ਬੁੱਧ ਦੀ 12 ਮੀਟਰ ਉੱਚੀ ਸੋਨੇ ਦੀ ਝੋਲ ਵਾਲੀ ਖੂਬਸੂਰਤ ਮੂਰਤੀ ਹੈ ਜਿਸ ਨੂੰ ਸਾਕਯਾਮੁਨੀ ਬੁੱਧਾ ਕਿਹਾ ਜਾਂਦਾ ਹੈ। ਲਾਲ ਪਹਿਰਾਵੇ ਅਤੇ ਪੀਲੇ ਪਟਕਿਆਂ ਵਾਲੇ ਬੋਧੀ ਭਿਕਸ਼ੂ ਮਾਓ ਦੀ ਲਾਲ ਫੌਜ ਦਾ ਭੁਲੇਖਾ ਪਾਉਂਦੇ ਸਨ।

ਸ਼ੇਅ ਤੋਂ ਅਗਲਾ ਪੜਾਅ ਚੋਗਲਮਸਰ ਸੀ। ਲੇਹ ਤੋਂ ਪਹਿਲਾਂ ਜਰਨੈਲੀ ਸੜਕ ਉਪਰ ਇਹ ਇਕ ਤਿੱਬਤੀ ਕੈਂਪ ਵਜੋਂ ਸਥਾਪਤ ਹੋਇਆ ਸੀ ਪਰ ਹੁਣ ਪੂਰੇ ਕਸਬੇ ਦਾ ਰੂਪ ਧਾਰਨ ਕਰ ਚੁੱਕਾ ਹੈ। ਇਥੇ ਲੱਦਾਖੀ ਤੇ ਤਿੱਬਤੀ ਦਸਤਕਾਰੀ ਦਾ ਕੇਂਦਰ ਵੀ ਹੈ। ਇਥੇ ਗਲੀਚੇ ਵਗੈਰਾ ਤਿਆਰ ਹੁੰਦੇ ਹਨ। ਹੁਣ ਇਥੇ ਵੀ ਇਕ ਬੋਧੀ ਗੋਂਪਾ ਬਣਿਆ ਹੋਇਆ ਹੈ। ਸੜਕ ਦੇ ਨਾਲ ਹੀ ਇਕ ਵੱਡਾ ਬੋਧੀ ਪ੍ਰਾਰਥਨਾ ਮੈਦਾਨ ਹੈ ਜਿਸ ਨੂੰ ਦਲਾਈ ਲਾਮਾ ਦੇ ਪ੍ਰਾਰਥਨਾ ਸਥਾਨ-ਜੀਵਾ ਸਾਲ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਇਹ ਇਲਾਕਾ ਹੁਣ ਕਾਫੀ ਵਿਕਸਿਤ ਹੋ ਚੁੱਕਾ ਹੈ। ਕਾਰੂ ਤੋਂ ਚੋਗਲਮਸਰ ਤੱਕ ਸਿੰਧ ਦਰਿਆ ਦੇ ਨਾਲ ਨਾਲ ਜਿਥੇ ਦਰਖ਼ਤਾਂ ਦੀ ਹਰਿਆਲੀ ਹੈ ਉਥੇ ਨਹਿਰੀ ਸਿਲਸਿਲਾ ਵਿਕਸਤ ਕਰ ਕੇ ਬਿਜਲੀ ਅਤੇ ਸਿੰਜਾਈ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਇਥੇ ਸਬਜ਼ੀਆਂ ਤੇ ਹੋਰ ਮੌਸਮੀ ਫਸਲਾਂ ਦੀ ਕਾਸ਼ਤ ਕੀਤੀ ਜਾ ਰਹੀ ਹੈ। ਅਸੀਂ ਇਥੇ ਵੀ ਕੁਝ ਸਮਾਂ ਰੁਕੇ। ਇਥੇ ਲੱਦਾਖ ਪਰਬਤ ਲੜੀ ਵਿਚੋਂ ਇਕ ਛੋਟਾ ਨਾਲਾ ਸਿੰਧ ਦਰਿਆ ਵਿਚ ਆ ਕੇ ਮਿਲਦਾ ਹੈ। ਭਾਵੇਂ ਇਸ ਸਥਾਨ ਨੂੰ ਅੱਜ ਵੀ ਤਿੱਬਤੀ ਸ਼ਰਨਾਰਥੀਆਂ ਦੇ ਬਸੇਰੇ ਵਜੋਂ ਜਾਣਿਆ ਜਾਂਦਾ ਹੈ ਪਰ ਹੁਣ ਇਹ ਲੇਹ ਸ਼ਹਿਰ ਦਾ ਹੀ ਉਪ ਨਗਰ ਬਣ ਗਿਆ ਹੈ। ਸੜਕ ਦੇ ਦੋਵੇਂ ਪਾਸੀਂ ਖੁੱਲੀਆਂ ਵੱਡੀਆਂ ਦੁਕਾਨਾਂ ਅਤੇ ਤਿੱਬਤੀ ਮੁੰਡੇ ਕੁੜੀਆਂ ਦੇ ਮਾਡਰਨ ਲਿਬਾਸ ਕਿਸੇ ਮੈਦਾਨੀ ਇਲਾਕੇ ਦੇ ਚੰਗੇ ਸ਼ਹਿਰ ਦੀ ਸਭਿਅਤਾ ਦਾ ਹਿੱਸਾ ਜਾਪਦੇ ਸਨ।

ਚੋਗਲਮਸਰ ਤੋਂ ਸਿੰਧ ਦਰਿਆ ਥੋੜਾ ਖੱਬੇ ਪਾਸੇ ਵੱਲ ਮੁੜ ਗਿਆ ਅਤੇ ਅਸੀਂ ਸਿੱਧੀ ਸਪਾਟ ਸੜਕ 'ਤੇ ਲੇਹ ਵੱਲ ਵੱਧਣ ਲੱਗੇ। ਸੱਜੇ ਪਾਸੇ ਦੀ ਪਹਾੜੀ ਉਪਰ ਪੁਰਾਣੇ ਖੰਡਰ ਇਸ ਸ਼ਹਿਰ ਦੀ ਪ੍ਰਾਚੀਨ ਸਭਿਅਤਾ ਦਾ ਬਿਆਨ ਕਰ ਰਹੇ ਸਨ। ਸ਼ਹਿਰ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਹੀ ਸਾਡੀ ਸੜਕ ਚਹੁੰ-ਮਾਰਗੀ ਦੋਹਰੀ ਸੜਕ ਵਿਚ ਬਦਲ ਗਈ। ਸਾਹਮਣੇ ਵੱਡਾ ਸਾਰਾ ਗੇਟ ਬਣਿਆ ਹੋਇਆ ਸੀ ਜਿਸ 'ਤੇ ਅੰਗਰੇਜ਼ੀ, ਹਿੰਦੀ ਅਤੇ ਲੱਦਾਖੀ ਭਾਸ਼ਾ ਵਿਚ 'ਜੀ ਆਇਆਂ ਨੂੰ' ਲਿਖਿਆ ਹੋਇਆ ਸੀ। ਭਾਰਤ ਤਿੱਬਤ ਸਰਹੱਦੀ ਪੁਲਿਸ ਫੋਰਸ ਦਾ ਮੁੱਖ ਦਫ਼ਤਰ ਲੰਘ ਕੇ ਅਸੀਂ ਪੈਟਰੋਲ ਪੰਪ 'ਤੇ ਪਹੁੰਚੇ ਅਤੇ ਸਭ ਤੋਂ ਪਹਿਲਾਂ ਜੀਪਾਂ ਵਿਚ ਡੀਜ਼ਲ ਭਰਾਇਆ ਗਿਆ। ਇਥੇ ਹੀ ਸਾਡਾ ਉਹ ਦੋਸਤ ਆ ਗਿਆ ਜਿਸ ਨੇ ਸਾਡੇ ਲਈ ਇਨਰ ਲਾਈਨ ਪਰਮਿਟ ਦਾ ਪ੍ਰਬੰਧ ਕਰ ਕੇ ਦੇਣਾ ਸੀ।

ਘਰੋਂ ਚੱਲਿਆਂ ਨੂੰ ਇਕ ਹਫਤਾ ਹੋਣ ਕਾਰਨ ਸਾਰੇ ਹੀ ਆਪੋ ਆਪਣੇ ਘਰ ਟੈਲੀਫੋਨ ਕਰਨ ਲਈ ਉਤਾਵਲੇ ਸਨ। ਇਥੇ ਆ ਕੇ ਭਾਵੇਂ ਬੀ.ਐਸ.ਐਨ.ਐਲ. ਦੇ ਮੋਬਾਈਲ ਫੋਨ ਚੱਲ ਪਏ ਸਨ ਪਰ ਸਾਰਿਆਂ ਦੀਆਂ ਬੈਟਰੀਆਂ ਖ਼ਤਮ ਹੋ ਚੁੱਕੀਆਂ ਸਨ। ਬਾਜ਼ਾਰ ਵਿਚ ਤਿੰਨ ਚਾਰ ਐਸ.ਟੀ.ਡੀ./ਪੀ.ਸੀ.ਓ. ਸਨ ਜੋ ਸਾਡੇ ਬੰਦਿਆਂ ਨੇ ਰੋਕ ਲਏ। ਮੈਂ ਵੀ ਘਰ ਕਰਮਜੀਤ ਨਾਲ ਫੋਨ 'ਤੇ ਗੱਲ ਕੀਤੀ। ਬੱਚਿਆਂ ਦਾ ਹਾਲ ਚਾਲ ਪੁੱਛਿਆ ਅਤੇ ਆਪਣੇ ਠੀਕ ਠਾਕ ਲੇਹ ਪਹੁੰਚਣ ਦੀ ਖ਼ਬਰ ਦਿੱਤੀ।

CAPITAL ACCOUNTING & TAX SERVICES
HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।
Same Day Plates Same Day Plates Same Day Plates


Kuldeep Singh Kang


Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524
PH : 530-669-5780 Fax : 530-669-5775
Cell : 530-908-9386 Cell : 530-405-6020
ਇਹ ਦਫ਼ਤਰ ਡੀ.ਐਮ. ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES

17 ਜੂਨ 2020 ਤੋਂ 23 ਜੂਨ 2020

# ਭਾਰਤ ਚੀਨ ਕਸ਼ਮਕਸ਼

ਭਾਰਤ ਚੀਨ ਕੌਮਾਂਤਰੀ ਸਰਹੱਦ ਉਪਰ ਲੱਦਾਖ ਦੀ ਗਲਵਾਨ ਵਾਦੀ ਵਿਚ ਹਾਲ ਹੀ ਵਿਚ ਹੋਈ ਫੌਜੀ ਝੜਪ ਵਿਚ 20 ਭਾਰਤੀ ਫੌਜੀਆਂ ਦੇ ਮਾਰੇ ਜਾਣ ਨਾਲ ਇਕ ਵਾਰ ਫਿਰ ਇਨਾਂ ਦੋਹਾਂ ਮੁਲਕਾਂ ਦੇ ਸਫ਼ਾਰਤੀ ਅਤੇ ਵਪਾਰਕ ਸਬੰਧਾਂ ਉਪਰ ਸੁਆਲੀਆ ਨਿਸ਼ਾਨ ਲੱਗ ਗਿਆ ਹੈ। ਇਹ ਘਟਨਾ ਐਨ ਉਸ ਸਮੇਂ ਵਾਪਰੀ ਹੈ ਜਦ ਸੰਯੁਕਤ ਰਾਸ਼ਟਰ ਦੀ ਸਲਾਮਤੀ ਕੌਂਸਲ ਵਿਚ ਭਾਰਤ ਨੂੰ ਅਸਥਾਈ ਮੈਂਬਰ ਵਜੋਂ ਚੁਣੇ ਜਾਣ ਦੀ ਗੱਲ ਚੱਲ ਰਹੀ ਸੀ ਅਤੇ ਇਸ ਦੀ ਅਸਥਾਈ ਮੈਂਬਰੀ ਲਈ ਰਸਤਾ ਸਾਫ਼ ਹੋ ਚੁੱਕਾ ਸੀ। ਜੇ ਲੱਦਾਖ ਖਿੱਤੇ ਵਿਚ ਭਾਰਤੀ ਅਤੇ ਚੀਨੀ ਫੌਜਾਂ ਦੀ ਮੌਜੂਦਗੀ ਅਤੇ ਆਪਸੀ ਸਬੰਧਾਂ ਦੇ ਪਿਛੋਕੜ ਨੂੰ ਵੇਖੀਏ ਤਾਂ ਬਹੁਤ ਘੱਟ ਮੌਕੇ ਬਣੇ ਹਨ ਜਦ ਦੋਹਾਂ ਫੋਜਾਂ ਵਿਚ ਕੋਈ ਤਣਾਅ ਬਣਿਆ ਹੋਵੇ। 1962 ਵਿਚ ਭਾਰਤ ਚੀਨ ਜੰਗ ਤੋਂ ਮਗਰੋਂ ਇਹ ਦੂਜੀ ਵੱਡੀ ਘਟਨਾ ਹੈ ਜਦ ਦੋਹਾਂ ਦੇਸ਼ਾਂ ਦੀਆਂ ਫੌਜਾਂ ਵਿਚ ਕੋਈ ਖ਼ੂਨੀ ਝੜਪ ਵਿਚ ਵੱਡਾ ਜਾਨੀ ਨੁਕਸਾਨ ਹੋਇਆ ਹੋਵੇ। ਇਸ ਤੋਂ ਪਹਿਲਾਂ 1967 ਵਿਚ ਸਿੱਕਮ ਦੇ ਨਾਥੂ ਲਾ ਸੜਕੀ ਰਸਤੇ ਤੋਂ ਕੌਮਾਂਤਰੀ ਸਰਹੱਦ ਉਪਰ ਹੋਈ ਲੜਾਈ ਵਿਚ 88 ਭਾਰਤੀ ਫੌਜੀ ਮਾਰੇ ਗਏ ਸਨ ਅਤੇ ਚੀਨ ਦੀ ਪੀਪਲਜ਼ ਲਿਬਰੇਸ਼ਨ ਪਾਰਟੀ ਦੇ 300 ਫੌਜੀਆਂ ਦੀ ਮੌਤ ਹੋਈ ਸੀ। ਜੇ ਚੀਨ ਨਾਲ ਸਰਹੱਦੀ ਝਗੜੇ ਦੇ ਪਿਛੋਕੜ ਨੂੰ ਵੇਖਿਆ ਜਾਵੇ ਤਾਂ ਦੋਹਾਂ ਦੇਸ਼ਾਂ ਵਿਚਕਾਰ ਮੈਕ ਮੋਹਨ ਲਾਈਨ ਨੂੰ ਲੈ ਕੇ ਲੰਬੇ ਸਮੇਂ ਤੋਂ ਰੇੜਕਾ ਚਲਦਾ ਆ ਰਿਹਾ ਹੈ ਜਿਸ ਦਾ ਸਬੰਧ ਅਰੁਣਾਚਲ ਪ੍ਰਦੇਸ਼ ਨਾਲ ਲਗਦੇ ਇਲਾਕਿਆਂ ਅਤੇ ਹੋਰ ਉਤਰ ਪੂਰਬੀ ਸੂਬਿਆਂ ਦੀਆਂ ਹੱਦਾਂ ਨਾਲ ਹੈ। ਪਰ ਚੀਨ ਦੇ ਤਿੱਬਤ ਉਪਰ ਕਬਜ਼ਾ ਕਰਨ ਮਗਰੋਂ ਲੱਦਾਖ ਖਿੱਤੇ ਵਿਚ ਇਸ ਤਰਾਂ ਦੀ ਖ਼ੂਨੀ ਝੜਪ ਪਹਿਲੀ ਵਾਰ ਹੋਈ ਹੈ।

ਇਸ ਘਟਨਾ ਵਿਚ ਭਾਵੇਂ ਚੀਨ ਨੇ ਅਜੇ ਆਪਣੇ ਫੌਜੀਆਂ ਦੇ ਜਾਨੀ ਨੁਕਸਾਨ ਬਾਰੇ ਕੋਈ ਖੁਲਾਸਾ ਨਹੀਂ ਕੀਤਾ ਪਰ ਦੋਹਾਂ ਮੁਲਕਾਂ ਦੇ ਉੱਚ ਫੌਜੀ ਅਧਿਕਾਰੀਆਂ ਨੇ ਫਲੈਗ ਮੀਟਿੰਗਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦਾ ਇਕ ਵੱਡਾ ਕਾਰਨ ਇਹ ਹੈ ਕਿ ਇਸ ਭੂਗੋਲਿਕ ਖਿੱਤੇ ਵਿਚ ਦੋਵੇਂ ਮੁਲਕ ਕਿਸੇ ਤਰਾਂ ਦੀ ਜੰਗ ਨਹੀਂ ਚਾਹੁੰਦੇ। ਪਰ ਇਕ ਗੱਲ ਜ਼ਰੂਰ ਹੈ ਕਿ ਇਸ ਸਰਹੱਦ ਨੂੰ ਲੈ ਕੇ ਰਾਜਨੀਤਕ ਦਾਅ ਪੇਚ ਜ਼ਰੂਰ ਚਲਾਏ ਜਾਂਦੇ ਹਨ। ਭਾਰਤੀ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਹਨ ਜੋ 2014 ਵਿਚ ਸੱਤਾ 'ਚ ਆਉਣ ਮਗਰੋਂ 5 ਵਾਰ ਚੀਨ ਦਾ ਦੌਰਾ ਕਰ ਚੁੱਕੇ ਹਨ ਅਤੇ ਪ੍ਰਧਾਨ ਮੰਤਰੀ ਪੱਧਰ ਦੀਆਂ 18 ਮੀਟਿੰਗਾਂ ਆਪਣੇ ਚੀਨੀ ਹਮਅਹੁਦਾ ਨਾਲ ਕਰ ਚੁੱਕੇ ਹਨ। ਇਸ ਦਾ ਮੁੱਖ ਕਾਰਨ ਦੋਹਾਂ ਮੁਲਕਾਂ ਵਿਚ ਵਪਾਰਕ ਸਬੰਧਾਂ ਅਤੇ ਪੂੰਜੀਵਾਦੀ ਨੂੰ ਮਜ਼ਬੂਤ ਕਰਨਾ ਸੀ। ਭਾਰਤੀ ਸਨਅੱਤਾਂ (ਸਟਾਰਟ ਅਪਸ) ਵਿਚ ਚੀਨ ਦੀਆਂ ਕੰਪਨੀਆਂ ਨੇ ਸਾਢੇ ਪੰਜ ਅਰਬ ਡਾਲਰ ਤੋਂ ਵੱਧ ਦੀ ਪੂੰਜੀਕਾਰੀ ਕੀਤੀ ਹੋਈ ਹੈ ਜੋ ਹਾਲੀਆ ਸਮਿਆਂ ਵਿਚ ਹੋਈ ਹੈ। ਜਿੱਥੋਂ ਤੱਕ ਸਫ਼ਾਰਤੀ ਅਤੇ ਫੌਜੀ ਸਬੰਧਾਂ ਦਾ ਤਾਅਲੁਕ ਹੈ ਇਨਾਂ ਵਿਚ ਅਮਨ ਅਤੇ ਸਦਭਾਵਨਾ ਦੀ ਗੱਲ ਭਾਵੇਂ 1988 ਵਿਚ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਸਮੇਂ ਸ਼ੁਰੂ ਹੋ ਗਈ ਸੀ ਪਰ 1993 ਵਿਚ ਭਾਰਤੀ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਅਤੇ ਉਨਾਂ ਦੇ ਚੀਨੀ ਹਮਅਹੁਦਾ ਲੀ ਪੈਂਗ ਵਿਚਕਾਰ ਬਕਾਇਦਾ ਅਮਨ ਸਮਝੌਤਾ ਸਹੀਬੰਦ ਕੀਤਾ ਗਿਆ, ਜਿਸ ਵਿਚ ਸਰਹੱਦੀ ਵਿਵਾਦ ਨੂੰ ਵੀ ਸਦਭਾਵਨਾ ਨਾਲ ਹੱਲ ਕਰਨ ਦੀ ਗੱਲ ਕੀਤੀ ਗਈ।

15 ਅਤੇ 16 ਜੂਨ ਦੀ ਰਾਤ ਨੂੰ ਗਲਵਾਨ ਵਾਦੀ ਵਿਚ ਹੋਈ ਖ਼ੂਨੀ ਝੜਕ ਬਾਰੇ ਸਿਆਸੀ, ਫੌਜੀ ਅਤੇ ਸਫਾਰਤੀ ਮਾਹਰਾਂ ਦੀ ਵੱਖੋ ਵੱਖਰੀ ਰਾਇ ਹੈ। ਦੇਸ਼ ਦੀਆਂ ਅੰਧ ਰਾਸ਼ਟਰਵਾਦੀ ਤਾਕਤਾਂ ਅਤੇ ਸਿਆਸੀ ਧਿਰਾਂ ਨੇ ਉਹੀ ਪੈਂਤੜਾ ਅਪਣਾਇਆ ਹੋਇਆ ਹੈ ਜੋ ਵਿਰੋਧੀ ਧਿਰ ਵਿਚ ਰਹਿੰਦਿਆਂ ਭਾਰਤ ਜਨਤਾ ਪਾਰਟੀ ਦਾ ਹੁੰਦਾ ਸੀ ਕਿ ਚੀਨ ਨੂੰ ਸਬਕ ਸਿਖਾਉਣਾ ਚਾਹੀਦਾ ਹੈ। ਇਸ ਨੇ ਭਾਰਤੀ ਇਲਾਕੇ 'ਤੇ ਕਬਜਾ ਕੀਤਾ ਹੋਇਆ ਹੈ। ਫੌਜੀ ਮਾਹਿਰ ਇਸ ਨੂੰ ਅਸਲ ਕੰਟਰੋਲ ਰੇਖਾ ਦੀ ਉਲੰਘਣਾ ਅਤੇ ਭਾਰਤ ਅਤੇ ਚੀਨ ਵਿਚਕਾਰ ਕੋਈ ਪੱਕੀ ਸਰਹੱਦੀ ਰੇਖਾ ਨਾ ਹੋਣਾ ਮੰਨਦੇ ਹਨ। ਕਈ ਇਸ ਨੂੰ ਚੀਨ ਅਤੇ ਪਾਕਿਸਤਾਨ ਦੇ ਸਬੰਧਾਂ ਨਾਲ ਜੋੜ ਕੇ ਦੇਖ ਰਹੇ ਹਨ। ਭਾਰਤੀ ਮੀਡੀਆ ਇਹ ਪ੍ਰਚਾਰ ਤਾਂ ਲੰਬੇ ਸਮੇਂ ਤੋਂ ਕਰਦਾ ਆ ਰਿਹਾ ਹੈ ਕਿ ਚੀਨ ਪਾਕਿਸਤਾਨ ਦੀ ਮਦਦ ਨਾਲ ਅਕਸਾਇਚਿਨ ਖਿੱਤੇ ਉਪਰ ਕਾਬਜ ਹੋਣਾ ਚਾਹੁੰਦਾ ਹੈ ਜੋ ਗਲਵਾਨ ਦਰਿਆ ਦੇ ਬਿਲਕੁਲ ਨਾਲ ਲਗਦਾ ਹੈ। ਕੌਮਾਂਤਰੀ ਵਪਾਰ ਅਤੇ ਕੋਵਿਡ-19 ਦੇ ਮੌਜੂਦਾ ਸੰਕਟ ਦੇ ਦੌਰ ਵਿਚ ਇਸ ਘਟਨਾ ਨੂੰ ਚੀਨ ਖਿਲਾਫ਼ ਅਮਰੀਕਾ ਦੇ ਸਟੈਂਡ ਦੀ ਰੋਸ਼ਨੀ ਵਿਚ ਵੀ ਵੇਖਿਆ ਜਾ ਰਿਹਾ ਹੈ ਕਿਉਂਕਿ ਪਿਛਲੇ ਦਿਨਾਂ ਵਿਚ ਭਾਰਤੀ ਪ੍ਰਧਾਨ ਮੰਤਰੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵਪਾਰਕ ਮੁੱਦਿਆਂ ਅਤੇ ਦੁਵੱਲੇ ਅਦਾਨ ਪ੍ਰਦਾਨ ਉਪਰ ਚੀਨ ਨੂੰ ਅਲੱਗ ਥਲੱਗ ਕਰਨ ਦੀ ਗੱਲ ਕਰ ਚੁੱਕੇ ਹਨ।

ਉਧਰ ਚੀਨ ਦੀ ਪੀਪਲਜ਼ ਲਿਬਰੇਸ਼ਨ ਪਾਰਟੀ ਦੇ ਪੱਛਮੀ ਕਮਾਨ ਦੇ ਤਰਜਮਾਨ ਕਰਨਲ ਸ਼ੈਂਗ ਸ਼ੂਲੀ ਨੇ ਉਲਟਾ ਭਾਰਤ ਉਪਰ ਦੋਸ਼ ਲਾਇਆ ਹੈ ਕਿ ਇਸ ਨੇ ਚੀਨ ਦੇ ਕਬਜੇ ਵਾਲੇ ਇਲਾਕੇ ਵਿਚ ਘੁਸਪੈਠ ਕਰਨ ਦੀ ਕੋਸ਼ਿਸ਼ ਕੀਤੀ ਹੈ ਜਿਸ ਕਾਰਨ ਇਹ ਆਹਮੋ ਸਾਹਮਣੇ ਗੁੱਥਮਗੁੱਥਾ ਲੜਾਈ ਹੋਈ। ਇਹ ਗੱਲ ਉਸ ਨੇ ਵੀ ਮੰਨੀ ਹੈ ਕਿ ਦੋਹਾਂ ਦੇਸ਼ਾਂ ਦੇ ਉੱਚ ਫੌਜੀ ਅਧਿਕਾਰੀ ਮਾਹੌਲ ਨੂੰ ਸ਼ਾਂਤ ਕਰਨ ਅਤੇ ਤਣਾਅ ਖਤਮ ਕਰਨ ਲਈ ਲਗਾਤਾਰ ਮੀਟਿੰਗ ਕਰ ਰਹੇ ਹਨ। ਭਾਰਤ ਅਤੇ ਚੀਨ ਵਿਚਕਾਰ ਸਭ ਤੋਂ ਲੰਬੀ ਅਤੇ ਪਹਾੜੀ ਜ਼ਮੀਨੀ ਸਰਹੱਦ ਹੋਣ ਕਾਰਨ, ਇਹ ਕੌਮਾਂਤਰੀ ਸਰਹੱਦ ਦੋਹਾਂ ਮੁਲਕਾਂ ਲਈ ਪਹਿਰੇਦਾਰੀ ਅਤੇ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਖਰਚੀਲੀ ਸਰਹੱਦ ਹੈ। ਇਸ ਸਰਹੱਦ ਉਪਰ ਤਣਾਅ ਅਤੇ ਲੜਾਈ ਦੋਹਾਂ ਮੁਲਕਾਂ ਨੂੰ ਵਾਰਾ ਨਹੀਂ ਖਾਂਦੀ, ਇਸ ਲਈ ਸਫਾਰਤੀ, ਵਪਾਰਕ ਅਤੇ ਜਨਤਕ ਸਬੰਧਾਂ ਪੱਖੋਂ ਇਸ ਸਰਹੱਦ ਉਪਰ ਅਮਨ ਅਮਾਨ ਹੀ ਦੋਹਾਂ ਦੇਸ਼ਾਂ ਦੇ ਪੱਖ ਵਿਚ ਹੈ।

# ਕੇਂਦਰ ਸਰਕਾਰ ਇਕ ਮੁਲਕ ਇਕ ਮੰਡੀ ਦਾ ਸਿਧਾਂਤ ਅਪਨਾ ਕੇ ਕਿਸਾਨਾਂ ਨੂੰ ਤਬਾਹ ਕਰਨ ਲੱਗੀ

**- ਪਰਗਟ ਸਿੰਘ**

ਬੀਤੇ ਦਿਨੀਂ ਕੇਂਦਰ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਬੀਤੇ ਦਿਨੀਂ ਕਿਹਾ ਸੀ ਕਿ ਫ਼ਸਲਾਂ ਦਾ ਸਮਰਥਨ ਮੁੱਲ ਘਰੇਲੂ ਤੇ ਕੌਮਾਂਤਰੀ ਕੀਮਤਾਂ ਨਾਲੋਂ ਕਿਤੇ ਵੱਧ ਹੈ, ਜਿਸ ਨਾਲ ਮੁਲਕ ਵਿਚ ਆਰਥਿਕ ਸੰਕਟ ਖੜਾ ਹੋ ਸਕਦਾ ਹੈ। ਉਨਾਂ ਕਿਹਾ ਕਿ ਦੇਸ਼ ਦੇ ਅਰਥਚਾਰੇ ਉੱਪਰ ਪੈਦਾ ਹੋਣ ਵਾਲੇ ਮਾੜੇ ਅਸਰ ਤੋਂ ਪਹਿਲਾਂ ਹੀ ਬਦਲਵਾਂ ਹੱਲ ਲੱਭ ਲੈਣਾ ਚਾਹੀਦਾ ਹੈ। ਗਡਕਰੀ ਨੇ ਪੰਜਾਬ ਤੇ ਹਰਿਆਣਾ ਵਿਚ ਫ਼ਸਲੀ ਵਿਭਿੰਨਤਾ ਉੱਪਰ ਜ਼ੋਰ ਦਿੰਦਿਆਂ ਕਣਕ ਤੇ ਝੋਨੇ ਹੇਠ ਰਕਬਾ ਘਟਾਉਣ ਲਈ ਕਿਹਾ। ਉਨਾਂ ਕਿਹਾ ਕਿ ਇਕ ਪਾਸੇ ਸਾਡੇ ਕੋਲ ਵਾਧੂ ਅਨਾਜ ਹੈ, ਪਰ ਦੂਜੇ ਪਾਸੇ ਉਸ ਨੂੰ ਸੰਭਾਲਣ ਲਈ ਜਗਾ ਨਹੀਂ ਹੈ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕੇਂਦਰੀ ਮੰਤਰੀ ਗਡਕਰੀ ਵਲੋਂ ਸਮਰਥਨ ਮੁੱਲ ਨੂੰ ਭਾਰਤੀ ਆਰਥਿਕਤਾ ਲਈ ਖ਼ਤਰਾ ਦੱਸੇ ਜਾਣ ਦਾ ਵਿਰੋਧ ਕਰਦਿਆਂ ਕਿਹਾ ਹੈ ਕਿ ਅਜਿਹਾ ਕਰਨਾ ਕਿਸਾਨਾਂ ਦੀ ਤਬਾਹੀ ਦਾ ਰਾਹ ਖੋਲਣ ਵਾਲੀ ਗੱਲ ਹੈ। ਉਨਾਂ ਕਿਹਾ ਕਿ ਮੋਦੀ ਸਰਕਾਰ ਪਿਛਲੇ ਹਫ਼ਤੇ ਰਾਜਾਂ ਦੇ ਅਧਿਕਾਰਾਂ ਉੱਪਰ ਛਾਪਾ ਮਾਰਦਿਆਂ ਜਾਰੀ ਕੀਤੇ ਤਿੰਨ ਆਰਡੀਨੈਂਸਾਂ ਰਾਹੀਂ ਕਾਰਪੋਰੇਟ ਸੈਕਟਰ ਦਾ ਖੇਤੀ ਖੇਤਰ ਉੱਪਰ ਜੱਫਾ ਮਰਵਾਉਣ ਤੋਂ ਬਾਅਦ ਹੁਣ ਘੱਟੋ-ਘੱਟ ਸਮਰਥਨ ਮੁੱਲ ਖ਼ਤਮ ਕਰਨ ਦੇ ਰਾਹ ਤੁਰ ਪਈ ਹੈ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੇ ਪ੍ਰਧਾਨ ਡਾ. ਦਰਸ਼ਨ ਪਾਲ ਨੇ ਕਿਹਾ ਹੈ ਕਿ ਕੇਂਦਰੀ ਖੇਤੀ ਮੰਤਰੀ ਤਿੰਨ ਦਿਨ ਪਹਿਲਾਂ ਸਮਰਥਨ ਮੁੱਲ ਦਾ ਭਰੋਸਾ ਦੇ ਰਹੇ ਸਨ ਤੇ ਇਕ ਹੋਰ ਮੰਤਰੀ ਸਮਰਥਨ ਮੁੱਲ ਨੂੰ ਆਰਥਿਕਤਾ ਲਈ ਖ਼ਤਰਾ ਦੱਸ ਰਿਹਾ ਹੈ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਤੇ ਜਨਰਲ ਸਕੱਤਰ ਜਗਮੋਹਨ ਸਿੰਘ ਨੇ ਕਿਹਾ ਹੈ ਕਿ ਖੇਤੀ ਪੈਦਾਵਾਰ ਤੇ ਵਪਾਰ ਨਿੱਜੀ ਕੰਪਨੀਆਂ ਹੱਥ ਦੇਣ ਤੋਂ ਬਾਅਦ ਹੁਣ ਛੋਟੇ ਤੇ ਦਰਮਿਆਨੇ ਕਿਸਾਨਾਂ ਨੂੰ ਖੇਤੀ ਵਿਚੋਂ ਹੀ ਬਾਹਰ ਧੱਕਣ ਤੇ ਉਨਾਂ ਦੀ ਜ਼ਮੀਨ ਉੱਪਰ ਨਿੱਜੀ ਕੰਪਨੀਆਂ ਦੇ ਕਬਜ਼ੇ ਲਈ ਸਮਰਥਨ ਮੁੱਲ ਖ਼ਤਮ ਕਰਨ ਲਈ ਯਤਨ ਆਰੰਭ ਦਿੱਤੇ ਹਨ। ਉਨਾਂ ਕਿਹਾ ਕਿ ਸਰਕਾਰ ਦਾ ਇਹ ਫ਼ੈਸਲਾ ਪੰਜਾਬ ਦੀ ਆਰਥਿਕਤਾ ਤੇ ਕਿਸਾਨੀ ਨੂੰ ਡੂੰਘੇ ਰੂਪ ਵਿਚ ਪ੍ਰਭਾਵਿਤ ਕਰੇਗਾ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਇਕ ਹਫਤੇ ਤੋਂ ਇਨਾਂ ਆਰਡੀਨੈਂਸਾਂ ਵਿਰੁੱਧ ਰੋਸ ਪ੍ਰਦਰਸ਼ਨ ਕਰ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ 'ਫਾਰਮਿੰਗ ਪ੍ਰੋਡਿਊਸ ਟਰੇਡ ਐਂਡ ਕਾਮਰਸ ਆਰਡੀਨੈਂਸ 2020' ਦੇ ਮੁੱਦੇ 'ਤੇ ਲੋਕਾਂ ਨੂੰ ਗੁਮਰਾਹ ਕਰਨ ਦੇ ਦੋਸ਼ ਲਾਉਂਦਿਆਂ ਮੋਦੀ ਸਰਕਾਰ ਵੱਲੋਂ ਜਾਰੀ ਆਰਡੀਨੈਂਸ ਦੀ ਵਕਾਲਤ ਕੀਤੀ ਹੈ। ਸੁਖਬੀਰ ਬਾਦਲ ਨੇ ਦਾਅਵਾ ਕੀਤਾ ਕਿ ਕਿਸਾਨਾਂ ਦੀਆਂ ਜਿਣਸਾਂ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਯਕੀਨੀ ਮੰਡੀਕਰਨ ਜਾਰੀ ਰਹੇਗਾ। ਉਨਾਂ ਕਿਹਾ ਕਿ ਸਮਰਥਨ ਮੁੱਲ ਅਤੇ ਮੰਡੀਕਰਨ ਦੇ ਮੁੱਦੇ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਉਨਾਂ ਆਖਿਆ ਕਿ 2017 ਵਿਚ ਕੈਪਟਨ ਸਰਕਾਰ ਨੇ ਹੀ ਏਪੀਐੱਮਸੀ ਐਕਟ ਵਿਚ ਸੋਧ ਕਰ ਕੇ ਪ੍ਰਾਈਵੇਟ ਮੰਡੀਆਂ ਦੀ ਸਿਰਜਣਾ, ਸਿੱਧਾ ਮੰਡੀਕਰਨ ਤੇ ਇਲੈਕਟ੍ਰਾਨਿਕ ਮੰਡੀਕਰਨ ਅਤੇ ਸਾਰੇ ਸੂਬੇ ਲਈ ਇਕ ਹੀ ਯੂਨੀਫਾਈਡ ਲਾਇਸੈਂਸ ਇਸ ਵਿਚ ਸ਼ਾਮਲ ਕੀਤਾ ਸੀ। ਉਨਾਂ ਕਿਹਾ ਕਿ ਮੁੱਖ ਮੰਤਰੀ ਨੂੰ ਦੱਸਣਾ ਚਾਹੀਦਾ ਹੈ ਕਿ ਕਿਸ ਤਰਕ ਨਾਲ ਉਹ ਆਰਡੀਨੈਂਸ ਵਾਪਸ ਲੈਣ ਦੀ ਮੰਗ ਕਰ ਰਹੇ ਹਨ ਜਦਕਿ ਉਨਾਂ ਖ਼ੁਦ ਏਪੀਐੱਮਸੀ ਐਕਟ ਵਿਚ ਸੋਧ ਕਰ ਕੇ ਤੇ ਇਸ ਦਾ 14 ਅਗਸਤ, 2017 ਨੂੰ ਨੋਟੀਫਿਕੇਸ਼ਨ ਕਰ ਕੇ ਇਸ ਨੂੰ ਅਮਲੀ ਜਾਮਾ ਪਹਿਨਾਉਣ ਦਾ ਰਾਹ ਬਣਾਇਆ ਸੀ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਉਨਾਂ ਦਾ ਆਰਡੀਨੈਂਸ ਵਾਪਸ ਲੈਣ ਦਾ ਬਿਆਨ ਹੋਰ ਕੁਝ ਨਹੀਂ, ਸਗੋਂ ਸੂਬੇ ਦੇ ਕਿਸਾਨਾਂ ਦੀ ਭਲਾਈ ਨਾਲ ਸਬੰਧਤ ਸੰਵੇਦਨਸ਼ੀਲ ਮਾਮਲੇ ਵਿਚ ਭਾਵਨਾਵਾਂ ਭੜਕਾਉਣ ਤੇ ਰਾਜਨੀਤੀ ਕਰਨ ਦੀ ਸਾਜ਼ਿਸ਼ ਹੈ। ਆਪ ਪੰਜਾਬ ਦੇ ਪ੍ਰਧਾਨ ਅਤੇ ਸੰਸਦ ਮੈਂਬਰ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਖੇਤੀ ਸਬੰਧਤ ਲਿਆਂਦੇ ਤਿੰਨ ਆਰਡੀਨੈਂਸਾਂ ਨੂੰ ਪੰਜਾਬ ਦੀ ਕਿਸਾਨੀ ਨੂੰ ਤਬਾਹ ਕਰਨ ਵਾਲਾ ਤਾਨਾਸ਼ਾਹੀ ਫ਼ੈਸਲਾ ਕਰਾਰ ਦਿੰਦਿਆਂ ਪ੍ਰਧਾਨ ਮੰਤਰੀ ਮੋਦੀ ਨੂੰ ਪੱਤਰ ਰਾਹੀਂ ਤਿੰਨੇ ਆਰਡੀਨੈਂਸ ਵਾਪਸ ਲੈਣ ਦੀ ਮੰਗ ਕੀਤੀ।

**ਕੀ ਹੈ ਆਰਡੀਨੈਂਸ**

ਇੱਥੇ ਜ਼ਿਕਰਯੋਗ ਹੈ ਕਿ ਮੋਦੀ ਸਰਕਾਰ ਨੇ 3 ਜੂਨ ਨੂੰ 'ਇੱਕ ਮੁਲਕ ਇੱਕ ਮੰਡੀ' ਦੇ ਸਿਧਾਂਤ ਨੂੰ ਅੱਗੇ ਵਧਾਉਂਦਿਆਂ ਆਰਡੀਨੈਂਸਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਹਨ: ਫਾਰਮਿੰਗ ਪ੍ਰੋਡਿਊਸ ਟਰੇਡ ਐਂਡ ਕਾਮਰਸ (ਪ੍ਰੋਮੋਸ਼ਨ ਐਂਡ ਫੈਸਿਲੀਟੇਸ਼ਨ) ਆਰਡੀਨੈਂਸ-2020 ਤੇ ਫਾਰਮਰਜ਼ (ਇੰਪਾਵਰਮੈਂਟ ਅਤੇ ਪ੍ਰੋਟੈਕਸ਼ਨ) ਐਗਰੀਮੈਂਟ ਆਨ ਪ੍ਰਾਈਸ ਐਸ਼ੋਰੈਂਸ ਐਂਡ ਫਾਰਮ ਸਰਵਿਸ ਆਰਡੀਨੈਂਸ-2020 ਅਤੇ ਇਸ ਦੇ ਨਾਲ ਹੀ ਜ਼ਰੂਰੀ ਵਸਤਾਂ ਬਾਰੇ ਕਾਨੂੰਨ-1955 ਵਿਚ ਸੋਧ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਨੂੰ ਇਤਿਹਾਸਕ ਫੈਸਲਾ ਕਰਾਰ ਦਿੰਦੇ ਹੋਏ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਕਹਿੰਦੇ ਹਨ, "ਇਨਾਂ ਆਰਡੀਨੈਂਸਾਂ ਨਾਲ ਕਿਸਾਨਾਂ ਨੂੰ ਆਜ਼ਾਦੀ ਮਿਲ ਰਹੀ ਹੈ।" ਕੀ ਸੱਚਮੁੱਚ ਕਿਸਾਨਾਂ ਨੂੰ ਆਜ਼ਾਦੀ ਮਿਲ ਰਹੀ ਹੈ ਜਾਂ ਕਿਸਾਨ ਖੇਤੀਬਾੜੀ ਤੋਂ ਹੀ ਆਜ਼ਾਦ ਹੋ ਜਾਣਗੇ ? ਇਸ ਲਈ ਪਹਿਲਾਂ ਰਾਜ ਏਪੀਐੱਮਸੀ ਐਕਟ ਨੂੰ ਸਮਝਣ ਦੀ ਲੋੜ ਹੈ। ਦੇਸ਼ ਦੇ ਬਹੁਤੇ ਹਿੱਸਿਆਂ ਵਿਚ ਖੇਤੀਬਾੜੀ ਮੰਡੀਆਂ ਦੀ ਸਥਾਪਨਾ ਅਤੇ ਨਿਯਮਿਤ ਰਾਜ ਏਪੀਐੱਮਸੀ ਐਕਟ (ਖੇਤੀ ਉਪਜ ਮੰਡੀ ਕਮੇਟੀ ਐਕਟ) ਅਧੀਨ ਕੀਤੀ ਜਾਂਦੀ ਹੈ ਕਿਉਂਕਿ ਖੇਤੀਬਾੜੀ ਵਿਸ਼ਾ ਰਾਜ ਸਰਕਾਰਾਂ ਦੇ ਅਧੀਨ ਆਉਂਦਾ ਹੈ। ਇਸ ਕਾਨੂੰਨ ਮੁਤਾਬਿਕ ਇੱਕ ਵਾਰ ਜਦੋਂ ਇੱਕ ਖ਼ਾਸ ਖੇਤਰ ਨੂੰ ਇੱਕ ਮਾਰਕੀਟ ਖੇਤਰ ਐਲਾਨਿਆ ਜਾਂਦਾ ਹੈ ਅਤੇ ਇਹ ਰਾਜ ਸਰਕਾਰ ਦੁਆਰਾ ਬਣਾਈ ਮਾਰਕੀਟ ਕਮੇਟੀ ਦੇ ਅਧਿਕਾਰ ਖੇਤਰ ਵਿਚ ਆ ਜਾਂਦਾ ਹੈ, ਜੋ ਕਿਸੇ ਵੀ ਵਿਅਕਤੀ ਜਾਂ ਏਜੰਸੀ ਨੂੰ ਇਸ ਤੋਂ ਬਾਹਰ ਆਪਣੇ ਤੌਰ ਤੇ ਖੁੱਲੀ ਮੰਡੀ ਵਿਚ ਖਰੀਦਣ-ਵੇਚਣ ਦੀਆਂ ਗਤੀਵਿਧੀਆਂ ਨੂੰ ਜਾਰੀ ਰੱਖਣ ਦੀ ਖੁੱਲ ਨਹੀਂ ਦਿੰਦੀ। ਇਉਂ ਇਹ (ਏਪੀਐੱਮਸੀ) ਕਾਨੂੰਨ ਮੰਡੀਕਰਨ ਨੂੰ ਨਿਯਮਿਤ ਕਰਦੇ ਹੋਏ ਵੱਡੇ ਰਿਟੇਲਰਾਂ ਦੇ ਸ਼ੋਸ਼ਣ ਤੋਂ ਕਿਸਾਨਾਂ ਨੂੰ ਸੁਰੱਖਿਅਤ ਕਰਦਾ ਹੈ। ਇਸ ਤਹਿਤ ਹੀ ਕਿਸਾਨਾਂ ਨੂੰ ਫਸਲਾਂ ਦਾ ਘੱਟੋ-ਘੱਟ ਸਮਰਥਨ ਮੁੱਲ ਮੁਹੱਈਆ ਕਰਾਇਆ ਜਾਂਦਾ ਹੈ ਜੋ ਹੁਣ ਸਿਰਫ ਕਣਕ ਅਤੇ ਝੋਨੇ ਤੇ ਹੀ ਸਰਕਾਰੀ ਖਰੀਦ ਹੋਣ ਕਾਰਨ ਮਿਲਦਾ ਹੈ, ਉਹ ਵੀ ਖ਼ਾਸ ਤੌਰ ਤੇ ਪੰਜਾਬ ਅਤੇ ਹਰਿਆਣਾ ਵਿਚ। ਹੁਣ ਆਰਡੀਨੈਂਸਾਂ ਤੋਂ ਬਾਅਦ ਜਦੋਂ ਮਾਰਕੀਟ ਕਮੇਟੀ ਦੇ ਅਧਿਕਾਰ ਖੇਤਰ ਤੋਂ ਬਾਹਰ ਮੰਡੀਆਂ ਬਣਨਗੀਆਂ ਜਿਸ ਵਿਚ ਕੇਂਦਰੀ ਖੇਤੀਬਾੜੀ ਮੰਤਰੀ ਦੇ ਕਹਿਣ ਅਨੁਸਾਰ, ਕਿਸਾਨ ਸਿੱਧੇ ਦੇਸ਼ ਵਿਚ ਕਿਤੇ ਵੀ ਜਾ ਕੇ, ਜਿਥੇ ਉਨਾਂ ਨੂੰ ਲੱਗਦਾ ਹੋਵੇ ਕਿ ਫਸਲ ਦਾ ਮੁੱਲ ਜ਼ਿਆਦਾ ਹੈ, ਨਿੱਜੀ ਵੱਡੀਆਂ ਏਜੰਸੀਆਂ ਨੂੰ ਆਪਣੀ ਫਸਲ ਵੇਚ ਸਕਣਗੇ ਤੇ ਪਹਿਲਾਂ ਹੀ ਕੰਟਰੈਕਟ ਕਰ ਸਕਣਗੇ; ਉਨਾਂ ਮੁਤਾਬਕ ਇਸ ਤਰਾਂ ਕਿਸਾਨ ਆਪਣੀਆਂ ਫਸਲਾਂ ਦੇ ਵੱਧ ਮੁੱਲ ਲੈ ਸਕਣਗੇ ਪਰ ਕੀ ਅਸਲ ਵਿਚ ਜੋ ਮੰਤਰੀ ਜੀ ਕਹਿ ਰਹੇ ਹਨ, ਉਸ ਨਾਲ ਖੇਤੀਬਾੜੀ ਸੁਧਾਰ ਨੀਤੀ ਕਿਸਾਨੀ ਸੰਕਟ ਨੂੰ ਹੱਲ ਕਰ ਦੇਵੇਗੀ। ਇਸ ਸਵਾਲ ਤੇ ਗੱਲ ਕਰਨ ਤੋਂ ਪਹਿਲਾਂ ਇਨਾਂ 'ਇਤਿਹਾਸਿਕ ਖੇਤੀਬਾੜੀ ਸੁਧਾਰਾਂ' ਦੀ ਰਾਜਨੀਤੀ ਨੂੰ ਸਮਝਣ ਲਈ ਸਾਨੂੰ ਵੀ ਇਤਿਹਾਸ ਵੱਲ ਰੁਖ ਕਰਨਾ ਪੈਣਾ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਦੀਆਂ ਖੁਰਾਕੀ ਵਸਤਾਂ ਦੀ ਪੂਰਤੀ ਅਤੇ ਖੇਤੀਬਾੜੀ ਨੂੰ ਵਿਕਸਤ ਕਰਨ ਲਈ ਭਾਰਤੀ ਸਰਕਾਰ ਨੇ 1960 ਵਿਚ ਖੇਤੀਬਾੜੀ ਨੀਤੀ ਵਿਚ ਸੰਸਥਾਈ ਬਦਲਾਓ ਕੀਤੇ ਜੋ ਬਹੁ-ਕੌਮੀ ਕੰਪਨੀਆਂ, ਫੋਰਡ ਫਾਊਂਡੇਸ਼ਨ ਅਤੇ ਰੌਕਫੇਲਰ ਦੇ ਕੀਤੇ ਜ਼ਮੀਨੀ ਸਰਵੇਖਣ ਅਤੇ ਵਿਸ਼ਵ ਬੈਂਕ ਦੀਆਂ ਸਿਫਾਰਸ਼ਾਂ ਤੇ ਨਿਰਭਰ ਸਨ। ਭੋਜਨ ਉਤਪਾਦਨ ਦੀ ਜ਼ਰੂਰਤ ਨੂੰ ਪੂਰਾ ਕਰਨ ਲਈ ਉਤਰੀ ਭਾਰਤੀ ਰਾਜਾਂ ਪੰਜਾਬ, ਹਰਿਆਣਾ ਤੇ ਕੁੱਝ ਉੱਤਰ ਪ੍ਰਦੇਸ਼ ਦੇ ਖੇਤਰ ਦੀ ਚੋਣ ਕੀਤੀ ਅਤੇ ਸਰਕਾਰ ਦੁਆਰਾ ਐਂਚਵਾਈਵੀ ਬੀਜ, ਆਧੁਨਿਕ ਟੈਕਨਾਲੋਜੀ ਤੇ ਮਸ਼ੀਨਰੀ, ਖਾਦ, ਕੀਟਨਾਸ਼ਕਾਂ ਤੇ ਸਬਸਿਡੀ ਦਿੱਤੀ ਗਈ ਅਤੇ ਘੱਟ ਰੇਟ ਤੇ ਕਰਜ਼ਾ ਮੁਹੱਈਆ ਕਰਵਾਇਆ ਗਿਆ। ਇਸ ਪੈਕੇਜ ਨੂੰ 'ਹਰੀ ਕ੍ਰਾਂਤੀ' ਦਾ ਨਾਮ ਦਿੱਤਾ ਗਿਆ। ਸਰਕਾਰ ਦੁਆਰਾ ਨਿਰਧਾਰਤ ਘੱਟੋ-ਘੱਟ ਸਮਰਥਨ ਮੁੱਲ ਤੇ ਫਸਲਾਂ ਵੇਚਣ ਲਈ ਏਪੀਐੱਮਸੀ ਐਕਟ ਅਧੀਨ ਸ਼ਹਿਰ ਤੇ ਪਿੰਡ ਪੱਧਰ ਤੱਕ ਮੰਡੀਆਂ ਬਣਾਈਆਂ ਗਈਆਂ। ਇਸ ਤਰਾਂ ਖੇਤੀਬਾੜੀ ਉਤਪਾਦਨ ਵਿਚ ਵਾਧਾ ਹੋਇਆ ਤੇ ਕਿਸਾਨਾਂ ਨੂੰ ਵੀ ਲਾਭ ਮਿਲਿਆ ਜੋ ਖੇਤੀ ਖੇਤਰ ਵਿਚ ਸਰਕਾਰੀ ਨਿਵੇਸ਼ ਤੇ ਨਿਰਭਰ ਸੀ, ਖ਼ਾਸਕਰ ਜ਼ਿਆਦਾ ਜ਼ਮੀਨ ਮਾਲਕੀ ਵਾਲੇ ਕਿਸਾਨਾਂ ਨੂੰ। ਜਿਵੇਂ ਹੀ ਇਸ ਮਾਡਲ ਦੇ ਤਹਿਤ ਖੇਤੀ ਉਤਪਾਦਨ ਵਧਿਆ, ਹਰੀ ਕ੍ਰਾਂਤੀ ਵਾਲੇ ਇਲਾਕੇ, ਖ਼ਾਸਕਰ ਪੰਜਾਬ ਵਿਚ ਖੇਤੀਬਾੜੀ ਉਤਪਾਦਨ ਲਈ ਮਸ਼ੀਨੀਕਰਨ ਵੀ ਵਧਿਆ। ਛੋਟੀ ਕਿਸਾਨੀ ਦਾ ਇੱਕ ਹਿੱਸਾ ਅਤੇ ਪੇਂਡੂ ਖੇਤ ਮਜ਼ਦੂਰ ਲਈ ਖੇਤੀਬਾੜੀ ਵਿਚ ਰੁਜ਼ਗਾਰ ਦੇ ਮੌਕੇ ਵੀ ਘਟਣ ਲੱਗੇ। ਨਾਲ ਹੀ ਖੇਤੀ ਵਸਤਾਂ ਦਾ ਵਪਾਰੀਕਰਨ ਵਧਿਆ ਅਤੇ ਖੇਤੀ ਖੇਤਰ ਸਿੱਧੇ ਅਤੇ ਅਸਿੱਧੇ ਤਰੀਕੇ ਨਾਲ ਵਿਸ਼ਵ ਮੰਡੀ ਨਾਲ ਜੁੜ ਗਿਆ। 1980 ਤੋਂ ਬਾਅਦ ਨਵ-ਉਦਾਰਵਾਦੀ ਮਾਡਲ ਪੂਰੇ ਵਿਸ਼ਵ ਵਿਚ ਉਦਾਰਵਾਦ, ਨਿੱਜੀਕਰਨ ਅਤੇ ਵਿਸ਼ਵੀਕਰਨ ਦੇ ਰੂਪ ਵਿਚ ਆਇਆ। ਭਾਰਤੀ ਸਰਕਾਰ ਨੇ ਵੀ ਇਸ ਸਮੇਂ ਨਵ-ਉਦਾਰਵਾਦੀ ਆਰਥਿਕ ਮਾਡਲ ਵੱਲ ਆਪਣੀਆਂ ਆਰਥਿਕ ਨੀਤੀਆਂ ਬਦਲਣੀਆਂ ਸ਼ੁਰੂ ਕੀਤੀਆਂ। ਜਿਵੇਂ ਹੀ ਨਵ-ਉਦਾਰਵਾਦੀ ਆਰਥਿਕ ਮਾਡਲ ਅਪਣਾਇਆ ਗਿਆ, ਸਰਕਾਰ ਦਾ ਰੋਲ ਘਟਦਾ ਗਿਆ ਅਤੇ ਨਿੱਜੀ ਕੰਪਨੀਆਂ ਨੂੰ ਖੁੱਲ ਦਿੱਤੀ ਗਈ। ਕਿਹਾ ਗਿਆ ਕਿ ਇਨਾਂ ਨੀਤੀਆਂ ਤਹਿਤ ਖੁੱਲੀ ਮੰਡੀ ਦੇ ਫੈਲਾਅ ਰਾਹੀਂ ਦੇਸ਼ ਦਾ ਵਿਕਾਸ ਹੋਵੇਗਾ ਪਰ ਅਸਲ ਵਿਚ ਨਵ-ਉਦਾਰਵਾਦੀ ਨੀਤੀਆਂ ਦੇ ਤਹਿਤ ਖੇਤੀਬਾੜੀ ਖੇਤਰ ਨੂੰ ਦਿੱਤੀਆਂ ਜਾਂਦੀਆਂ ਸਬਸਿਡੀਆਂ ਹੌਲੀ ਹੌਲੀ ਸਰਕਾਰਾਂ ਦੁਆਰਾ ਖ਼ਤਮ ਕੀਤੀਆਂ ਜਾਣ ਲੱਗੀਆਂ। ਇਸ ਨਾਲ ਕਿਸਾਨਾਂ ਦੀ ਆਮਦਨ ਘਟਣ ਲੱਗੀ ਅਤੇ ਖੇਤੀ ਲਾਗਤ ਦੇ ਖਰਚੇ ਵੱਧਣ ਲੱਗੇ। ਸਿੱਟੇ ਵਜੋਂ ਖੇਤੀਬਾੜੀ ਸੰਕਟ ਪੈਦਾ ਹੋਇਆ। ਇੱਕ ਸਮੇਂ ਬਾਅਦ ਫਸਲਾਂ ਦੀ ਪੈਦਾਵਾਰ ਵੀ ਵਧਣੋਂ ਘਟ ਗਈ ਅਤੇ ਖਰਚੇ ਵਧਣ ਨਾਲ ਕਿਸਾਨੀ ਕਰਜ਼ੇ ਵਿਚ ਫਸਦੀ ਗਈ। ਵੀਹਵੀਂ ਸਦੀ ਦੇ ਅੰਤ ਤੱਕ ਖੇਤੀਬਾੜੀ ਸੰਕਟ ਇੰਨਾ ਡੂੰਘਾ ਹੋ ਗਿਆ ਕਿ ਕਿਸਾਨੀ ਆਤਮ-ਹੱਤਿਆਵਾਂ ਦੇ ਕੁਰਾਹੇ ਪੈ ਗਈ। ਮਸ਼ੀਨੀਕਰਨ ਵਧਣ ਨਾਲ ਖੇਤੀਬਾੜੀ ਦੇ ਸੰਕਟ ਵਿਚ ਫਸਿਆ ਕਿਸਾਨ, ਖਾਸਕਰ ਛੋਟਾ ਕਿਸਾਨ ਅਤੇ ਪੇਂਡੂ ਖੇਤ ਮਜ਼ਦੂਰ ਖੇਤੀਬਾੜੀ ਕਿੱਤੇ ਵਿਚੋਂ ਬਾਹਰ ਹੋ ਗਿਆ ਅਤੇ ਆਪਣੀ ਰੋਜ਼ਮੱਰਾ ਜ਼ਿੰਦਗੀ ਲਈ ਹੋਰ ਖੇਤਰ ਵੱਲ ਗਿਆ। ਫਸਲ ਦੇ ਲਾਗਤ ਖਰਚੇ, ਹੋਰ ਦਿਨ ਪ੍ਰਤੀ ਦਿਨ ਵਧ ਰਹੇ ਖਰਚੇ ਅਤੇ ਖੇਤੀ ਵਿਚ ਜ਼ਿਆਦਾ ਕੰਮ ਨਾ ਹੋਣ ਕਰਕੇ ਖੇਤੀਬਾੜੀ ਤੋਂ ਬਿਨਾ ਹੋਰ ਧੰਦੇ ਅਤੇ ਅਰਬ ਦੇਸਾਂ ਅਤੇ ਦੱਖਣ-ਪੱਛਮੀ ਦੇਸ਼ਾਂ ਵਿਚ ਭੇਜਣ ਦਾ ਰੁਝਾਨ ਵੀ ਵਧਿਆ। ਅਮੀਰ ਕਿਸਾਨੀ ਪਰਿਵਾਰਾਂ ਵਿਚੋਂ ਵੀ ਨੌਜਵਾਨਾਂ ਨੇ ਪੱਛਮੀ ਮੁਲਕਾਂ ਵੱਲ ਜਾਣ ਦਾ ਰੁਝਾਨ ਲਗਾਤਾਰ ਵਧ ਰਿਹਾ ਹੈ। ਹੁਣ ਤੱਕ ਕਿਸਾਨਾਂ ਨੂੰ, ਖਾਸਕਰ ਪੰਜਾਬ ਅਤੇ ਹਰਿਆਣਾ ਵਿਚ ਕਣਕ ਅਤੇ ਝੋਨੇ ਦੀਆਂ ਫਸਲਾਂ ਦਾ ਘਟੋ-ਘੱਟ ਸਮਰਥਨ ਮੁੱਲ ਮਿਲ ਰਿਹਾ ਹੈ; ਫਿਰ ਵੀ ਖੇਤੀਬਾੜੀ ਸੰਕਟ ਵਧ ਰਿਹਾ ਹੈ। ਜੋ ਖੇਤੀਬਾੜੀ ਸੰਕਟ ਖੁੱਲੀ ਮੰਡੀ ਦੇ ਵਿਸਤਾਰ ਅਤੇ ਸਰਕਾਰ ਦੇ ਖੇਤੀਬਾੜੀ ਨਿਵੇਸ਼ ਤੋਂ ਪਿਛੇ ਹਟਣ ਨਾਲ ਆਉਂਦਾ ਹੈ, ਉਹ ਸਰਕਾਰ ਦੁਆਰਾ ਇਸ ਮਹਾਮਾਰੀ ਸਮੇਂ ਵਿਚ ਖੇਤੀ ਖੇਤਰ ਨੂੰ ਹੋਰ ਵੱਡੇ ਕਾਰਪੋਰੇਟਾਂ ਦੇ ਹਵਾਲੇ ਕਰਨ ਅਤੇ ਖੁੱਲੀ ਮੰਡੀ ਦੀ ਰਹਿਨੁਮਾਈ ਤੇ ਛੱਡਣ ਨਾਲ ਹੱਲ ਨਹੀਂ ਹੋਣਾ ਸਗੋਂ ਹੁਣ ਤਾਂ ਇਹ ਕਿਸਾਨੀ ਨੂੰ ਖੇਤੀਬਾੜੀ ਖੇਤਰ ਵਿਚੋਂ ਬਾਹਰ ਕਰਨ ਵੱਲ ਜਾਂਦਾ ਰਾਹ ਹੈ।

**ਆਰਡੀਨੈਂਸ**

ਇਨਾਂ ਆਰਡੀਨੈਂਸਾਂ ਦਾ ਸਾਰ ਅੰਸ਼ ਇਹ ਹੈ ਕਿ ਵੱਡੇ ਵਪਾਰੀ ਸਿੱਧੇ ਕਿਸਾਨਾਂ ਤੋਂ ਪ੍ਰਾਈਵੇਟ ਮੰਡੀਆਂ ਵਿਚ ਜਾਂ ਸਿੱਧਾ ਕਿਸਾਨ ਨਾਲ ਫਸਲ ਦਾ ਕੰਟਰੈਕਟ ਕਰਕੇ ਬਿਨਾਂ ਕੋਈ ਮੰਡੀ ਟੈਕਸ ਦਿੱਤੇ ਆਪਣੇ ਰੇਟਾਂ ਮੁਤਾਬਿਕ ਖਰੀਦਣਗੇ। ਕੁਝ ਸਮੇਂ ਲਈ ਇਹ ਭਾਅ ਸਰਕਾਰ ਦੇ ਘੱਟੋ-ਘੱਟ ਸਮਰਥਨ ਮੁੱਲ ਵੱਧ ਹੋ ਸਕਦੇ ਹਨ ਪਰ ਸਰਕਾਰੀ ਖਰੀਦ ਦੇ ਘਟਣ ਨਾਲ ਵੱਡੇ ਕਾਰਪੋਰੇਟਾਂ ਦੀ ਇਜਾਰੇਦਾਰੀ ਘੱਟ ਭਾਅ ਤੇ ਫਸਲਾਂ ਖਰੀਦਣ ਵੱਲ ਹੀ ਵਧੇਗੀ। ਏਪੀਐੱਮਸੀ ਐਕਟ ਦੀ ਅਹਿਮੀਅਤ ਨਹੀ ਬਚਣੀ ਅਤੇ ਇਹ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿਚ ਕੇਂਦਰ ਸਰਕਾਰ ਦਾ ਸਿੱਧਾ ਦਖ਼ਲ ਹੈ ਜੋ ਸੰਘੀ ਢਾਂਚੇ ਦਾ ਹੋਰ ਕੇਂਦਰੀਕਰਨ ਕਰਦਾ ਹੈ। ਕੁੱਲ ਰੂਪ ਵਿਚ ਇਹ ਵਰਤਾਰਾ ਖੇਤੀ ਦੀ ਪੈਦਾਵਾਰ ਉੱਤੇ ਵੀ ਕਾਰਪੋਰੇਟ ਇਜਾਰੇਦਾਰੀ ਦੇ ਕੰਟਰੋਲ ਅਤੇ ਮੁਨਾਫ਼ਾਖੋਰੀ ਵੱਲ ਕਦਮ ਹੈ।

# ਭਾਜਪਾ ਦੀ ਸ਼ਿਕਾਇਤ 'ਤੇ ਵਿਨੋਦ ਦੂਆ ਖ਼ਿਲਾਫ਼ ਦੇਸ਼-ਧ੍ਰੋਹ ਦਾ ਕੇਸ ਦਰਜ

## ਭਗਵੇਂ ਤੰਤਰ ਦੇ ਸ਼ਿਕਾਰ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਦੇ ਹੱਕ 'ਚ ਮੀਡੀਆ ਰਾਹੀਂ ਡੱਟ ਕੇ ਆਵਾਜ਼ ਉਠਾਈ

**- ਪ੍ਰੋ. ਬਲਵਿੰਦਰਪਾਲ ਸਿੰਘ**
ਮੋਬ. 9815700916

ਬੀਤੇ ਦਿਨੀਂ ਦਿੱਲੀ ਪੁਲੀਸ ਦੀ ਅਪਰਾਧ ਸ਼ਾਖਾ ਨੇ ਨਿਰਪੱਖ ਪੱਤਰਕਾਰੀ ਦਾ ਥੰਮ ਸਮਝੇ ਜਾਂਦੇ ਸੀਨੀਅਰ ਪੱਤਰਕਾਰ ਤੇ ਐਂਕਰ ਵਿਨੋਦ ਦੂਆ ਖ਼ਿਲਾਫ਼ ਦਿੱਲੀ ਭਾਜਪਾ ਦੇ ਤਰਜਮਾਨ ਨਵੀਨ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਐੱਫਆਈਆਰ ਦਰਜ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਦੋਸ਼ ਲਾਏ ਹਨ ਕਿ ਵਿਨੋਦ ਦੂਆ ਨੇ 'ਬੇਇੱਜ਼ਤੀ ਕਰਨ ਵਾਲੇ' ਅਪਮਾਨਜਨਕ ਸ਼ਬਦ ਦੀ ਵਰਤੋਂ ਕਰਕੇ ਪ੍ਰਧਾਨ ਮੰਤਰੀ ਦਾ ਮਜ਼ਾਕ ਉਡਾਇਆ ਹੈ। ਬੀਤੀ 4 ਜੂਨ ਨੂੰ ਦਿੱਲੀ ਦੇ ਲਕਸ਼ਮੀ ਨਗਰ ਥਾਣੇ ਵਿਚ ਦਾਇਰ ਕੀਤੀ ਗਈ ਐੱਫਆਈਆਰ ਵਿਚ ਦੋਸ਼ ਲਾਇਆ ਗਿਆ ਸੀ ਕਿ ਦੂਆ ਸ਼ਾਂਤੀ ਭੰਗ ਕਰਨ ਦੇ ਇਰਾਦੇ ਨਾਲ ਜਾਣ-ਬੁੱਝ ਕੇ ਅਪਮਾਨਜਨਕ ਅਤੇ ਉਕਸਾਊ ਤਕਰੀਰਾਂ ਕਰਦੇ ਹਨ। ਕੁਮਾਰ ਨੇ ਵਿਸ਼ੇਸ਼ ਤੌਰ 'ਤੇ 11 ਮਾਰਚ 2020 ਨੂੰ ਪ੍ਰਸਾਰਿਤ ਕੀਤੇ ਸ਼ੋਅ ਦੀ ਇਕ ਕਿਸ਼ਤ ਦਾ ਜ਼ਿਕਰ ਕੀਤਾ ਹੈ।

ਹੁਣੇ ਜਿਹੇ ਸੁਪਰੀਮ ਕੋਰਟ ਨੇ ਉੱਘੇ ਪੱਤਰਕਾਰ ਵਿਨੋਦ ਦੁਆ ਖਿਲਾਫ ਹਿਮਾਚਲ ਪੁਲਸ ਵੱਲੋਂ ਦਰਜ ਦੇਸ਼-ਧ੍ਰੋਹ ਦੇ ਕੇਸ ਦੀ ਜਾਂਚ ਰੋਕਣ ਤੋਂ ਨਾਂਹ ਕਰ ਦਿੱਤੀ ਹੈ। ਜਸਟਿਸ ਯੂ ਯੂ ਲਲਿਤ ਦੀ ਅਗਵਾਈ ਵਾਲੀ ਤਿੰਨ ਮੈਂਬਰੀ ਬੈਂਚ ਨੇ ਦੁਆ ਨੂੰ ਕਿਹਾ ਕਿ ਉਹ ਪੁਲੀਸ ਜਾਂਚ ਵਿਚ ਸ਼ਾਮਲ ਹੋਣ। ਪੁਲਸ 24 ਘੰਟਿਆਂ ਦਾ ਨੋਟਿਸ ਦੇ ਕੇ ਦੁਆ ਤੋਂ ਉਨਾ ਦੇ ਘਰ ਵਿਚ ਪੱਛਗਿੱਛ ਕਰ ਸਕਦੀ ਹੈ। ਅਗਲੀ ਸੁਣਵਾਈ ਤੱਕ ਪੁਲਸ ਦੁਆ ਨੂੰ ਗ੍ਰਿਫਤਾਰ ਨਹੀਂ ਕਰ ਸਕਦੀ। ਬੈਂਚ ਨੇ ਐੱਫ ਆਈ ਆਰ ਰੱਦ ਕਰਨ ਲਈ ਦੁਆ ਦੀ ਪਟੀਸ਼ਨ 'ਤੇ ਹਿਮਾਚਲ ਤੇ ਕੇਂਦਰ ਦੀਆਂ ਸਰਕਾਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਉਸ ਨੇ ਹਿਮਾਚਲ ਸਰਕਾਰ ਨੂੰ ਕਿਹਾ ਹੈ ਕਿ ਉਹ 6 ਜੁਲਾਈ ਨੂੰ ਅਗਲੀ ਸੁਣਵਾਈ ਤੋਂ ਪਹਿਲਾਂ ਜਾਂਚ ਦੀ ਸਟੇਟਸ ਰਿਪੋਰਟ ਪੇਸ਼ ਕਰੇ। ਦੁਆ ਦੇ ਵਕੀਲ ਵਿਕਾਸ ਸਿੰਘ ਨੇ ਕਿਹਾ ਕਿ ਪੁਲਸ ਦੇ ਬੰਦਿਆਂ ਨੇ ਦੁਆ ਦੇ ਘਰ ਉਨਾ ਨੂੰ ਸ਼ਿਮਲਾ ਜ਼ਿਲੇ ਦੇ ਥਾਣਾ ਕੁਮਾਰ ਸੈਨ ਵਿਚ ਪੇਸ਼ ਹੋਣ ਲਈ ਕਿਹਾ। ਜਦੋਂ ਬੈਂਚ ਨੇ ਪੁੱਛਿਆ ਕਿ ਸ਼ਿਕਾਇਤਕਰਤਾ ਕੌਣ ਹੈ ਤਾਂ ਵਿਕਾਸ ਸਿੰਘ ਨੇ ਕਿਹਾ, 'ਹਿਮਾਚਲ ਭਾਜਪਾ ਦਾ ਬੁਲਾਰਾ।' ਉਨਾਂ ਇਹ ਵੀ ਕਿਹਾ ਕਿ ਉਹ ਸਕਰੀਨ 'ਤੇ ਉਹ ਵੀਡੀਓ ਦਿਖਾ ਸਕਦੇ ਹਨ, ਜਿਸ ਤੋਂ ਸਾਬਤ ਹੋ ਜਾਵੇਗਾ ਕਿ ਦੁਆ ਨੇ ਦੇਸ਼-ਧ੍ਰੋਹ ਵਾਲੀ ਕੋਈ ਗੱਲ ਨਹੀਂ ਕੀਤੀ। ਉਨਾਂ ਕਿਹਾ ਕਿ ਸਰਕਾਰ ਵਿਰੁੱਧ ਬੋਲਣ 'ਤੇ ਦੁਆ ਨੂੰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜੇ ਦੁਆ ਨੇ ਕਿਹਾ ਕਿ ਜੇ ਉਨਾ ਦੀਆਂ ਕਹੀਆਂ ਗੱਲਾਂ ਦੇਸ਼-ਧ੍ਰੋਹ ਹਨ ਤਾਂ ਫਿਰ ਦੇਸ਼ ਦੀ ਅੱਧੀ ਆਬਾਦੀ ਦੇਸ਼-ਧ੍ਰੋਹੀ ਹੋ ਜਾਵੇਗੀ। ਉਨਾ ਐੱਫ ਆਈ ਆਰ 'ਤੇ ਅਗਲੀ ਕਾਰਵਾਈ ਰੋਕਣ ਦੀ ਮੰਗ ਕੀਤੀ। ਕੇਂਦਰ ਤੇ ਹਿਮਾਚਲ ਸਰਕਾਰ ਵੱਲੋਂ ਪੇਸ਼ ਹੋਏ ਸਾਲੀਸਿਟਰ ਜਨਰਲ ਤੁਸ਼ਾਹ ਮਹਿਤਾ ਨੇ ਕਿਹਾ ਕਿ ਸ਼ਿਕਾਇਤਕਰਤਾ ਨੂੰ ਕੇਸ ਵਿਚ ਧਿਰ ਬਣਾਉਣ ਦੀ ਲੋੜ ਹੈ। ਉਨਾ ਦੁਆ ਦੀ ਪਟੀਸ਼ਨ ਦਾ ਜਵਾਬ ਦੇਣ ਲਈ ਦੋ ਹਫਤੇ ਮੰਗੇ।

ਇੱਥੇ ਜ਼ਿਕਰਯੋਗ ਹੈ ਕਿ ਮਨੁੱਖੀ ਅਧਿਕਾਰਾਂ ਦੇ ਮੱਸਲੇ 'ਤੇ ਦੂਆ ਨੇ ਹਮੇਸ਼ਾ ਪਰਪੱਕ ਤੇ ਲੋਕਪੱਖੀ ਪੱਤਰਕਾਰੀ ਕੀਤੀ ਹੈ। ਦਿੱਲੀ ਦੰਗਿਆਂ 2020 ਦੌਰਾਨ ਜਦੋਂ ਗੋਦੀ ਪੱਤਰਕਾਰੀ ਤੇ ਬਹੁਗਿਣਤੀ ਰਾਸ਼ਟਰਵਾਦੀ ਟੀਵੀ ਚੈਨਲਾਂ ਨੂੰ ਲਕਵਾ ਮਾਰ ਗਿਆ ਸੀ ਤਾਂ ਰਵੀਸ਼ ਕੁਮਾਰ ਤੇ ਵਿਨੋਦ ਦੂਆ ਨੇ ਇਸ ਬਾਰੇ ਅਹਿਮ ਜ਼ਿੰਮੇਵਾਰੀ ਨਿਭਾਉਂਦਿਆਂ ਦੰਗਿਆਂ ਪਿੱਛੇ ਭਗਵੀਂ ਸੋਚ ਦਾ ਪਰਦਾਫਾਸ਼ ਕੀਤਾ ਸੀ। ਉਨਾਂ ਨੇ ਮੁਸਲਮਾਨਾਂ ਵਿਰੁਧ ਨਸਲਵਾਦੀ ਪ੍ਰਚਾਰ ਕਰ ਰਹੇ ਤੇ ਫਿਰਕੂ ਜ਼ਹਿਰਾਂ ਫੈਲਾ ਰਹੇ ਅਨੁਰਾਗ ਠਾਕੁਰ ਵਰਗੇ ਮੰਤਰੀ ਦੇ ਗੈਰ ਜ਼ਿੰਮੇਵਾਰਾਨਾ ਭਾਸ਼ਣ 'ਤੇ ਮੀਡੀਆ ਵਿਚ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ ਤੇ ਪੁਲਿਸ ਦੀ ਲਾਪਰਵਾਹੀ ਦਾ ਵੀ ਪਰਦਾਫਾਸ਼ ਕੀਤਾ ਸੀ। ਅੱਜ ਜਦੋਂ ਬਹੁਗਿਣਤੀ ਪੱਤਰਕਾਰ ਭ੍ਰਿਸ਼ਟ ਸੱਤਾ ਅੱਗੇ ਗੋਡੇ ਟੇਕ ਚੁੱਕੇ ਹਨ ਤਾਂ ਉਸ ਦੌਰਾਨ ਮਨੁੱਖੀ ਹੱਕਾਂ ਦੇ ਲਈ ਦੂਆ ਵਰਗੇ ਪੱਤਰਕਾਰਾਂ ਦਾ ਖੜਾ ਹੋਣਾ ਬਹੁਤ ਦਲੇਰੀ ਵਾਲੀ ਇਤਿਹਾਸਕ ਭੂਮਿਕਾ ਹੈ। ਭਾਰਤ ਨੇ ਪੱਤਰਕਾਰੀ ਨੂੰ ਸਰਕਾਰੀ ਪ੍ਰਬੰਧਾਂ ਦੇ ਗੁਲਾਮ ਵਜੋਂ ਅੱਜ ਤੱਕ ਨਹੀਂ ਵੇਖਿਆ ਪਰ ਅਜੋਕੇ ਸਮੇਂ ਪੱਤਰਕਾਰੀ ਤੇ ਪੱਤਰਕਾਰ ਸਰਕਾਰ ਦੇ ਗੁਲਾਮ ਬਣੇ ਦਿਖਾਈ ਦੇ ਰਹੇ ਹਨ। ਪਰ ਜਿਹੜੇ ਪੱਤਰਕਾਰ ਮਨੁੱਖੀ ਅਧਿਕਾਰਾਂ ਤੇ ਨਿਆਂ ਲਈ ਆਵਾਜ਼ ਬੁਲੰਦ ਕਰ ਰਹੇ ਹਨ, ਸੱਚ ਦੀ ਪੱਤਰਕਾਰੀ ਕਰ ਰਹੇ ਹਨ, ਉਹ ਭਗਵੇਂ ਰਾਸ਼ਟਰਵਾਦੀਆਂ ਦੀ ਅੱਖਾਂ ਵਿਚ ਰੜਕ ਰਹੇ ਹਨ ਤੇ ਝੂਠੇ ਕੇਸਾਂ ਵਿਚ ਗ੍ਰਿਫ਼ਤਾਰ ਕੀਤੇ ਜਾ ਰਹੇ ਹਨ।



ਮੌਜੂਦਾ ਕੇਂਦਰ ਸਰਕਾਰ ਇਕ ਰਾਸ਼ਟਰ, ਇਕ ਧਰਮ ਤੇ ਇਕ ਭਾਸ਼ਾ ਦੇ ਹਿੰਦੂਤਵਵਾਦੀ ਏਜੰਡੇ ਦੀ ਪੂਰਤੀ ਲਈ ਲਗਾਤਾਰ ਮਨੁੱਖੀ ਅਧਿਕਾਰਾਂ, ਜਮਹੂਰੀਅਤ ਤੇ ਸੰਵਿਧਾਨ ਦੀ ਸੈਕੂਲਰ ਦਿੱਖ ਨੂੰ ਢਾਹ ਲਾਉਣ ਦਾ ਯਤਨ ਕਰ ਰਹੀ ਹੈ। ਰਾਸ਼ਟਰਵਾਦ ਦੀ ਆੜ ਹੇਠ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਤੇ ਸਮਾਜਿਕ ਕਾਰਕੁਨਾਂ ਦੀ ਲਿਖਣ ਤੇ ਬੋਲਣ ਦੀ ਆਜ਼ਾਦੀ ਨੂੰ ਕਾਲੇ ਕਾਨੂੰਨਾਂ ਦੇ ਸਹਾਰੇ ਦਬਾਇਆ ਜਾ ਰਿਹਾ ਹੈ। ਅਸਹਿਮਤੀ ਦੇ ਸਭਿਆਚਾਰ, ਜੋ ਭਾਰਤੀ ਸੱਭਿਆਚਾਰਕ ਪ੍ਰੰਪਰਾ ਤੇ ਭਾਰਤੀ ਸੰਵਿਧਾਨ ਦੀ ਖ਼ੂਬਸੂਰਤੀ ਹੈ, ਉਸ ਨੂੰ ਦਬਾਉਣ ਲਈ ਕਦੇ ਲੇਖਕਾਂ, ਚਿੰਤਕਾਂ ਨੂੰ 'ਅਰਬਨ ਨਕਸਲ', 'ਟੁਕੜੇ ਟੁਕੜੇ ਗੈਂਗ' ਕਹਿ ਕੇ ਭੰਡਿਆ ਤੇ ਜੇਲਾਂ ਵਿਚ ਡੱਕਿਆ ਜਾਂਦਾ ਹੈ, ਸਰਕਾਰ ਨਾਲ ਵਖਰੇਵਾਂ ਰੱਖਣ ਵਾਲੇ ਲੋਕ ਪੱਖੀ ਚਿੰਤਕਾਂ ਤੇ ਲੇਖਕਾਂ – ਨਰੇਂਦਰ ਦਾਬੋਲਕਰ, ਗੋਬਿੰਦ ਪਾਨਸਾਰੇ, ਪ੍ਰੋ. ਐੱਮ. ਐੱਮ. ਕੁਲਬੁਰਗੀ ਅਤੇ ਪੱਤਰਕਾਰ ਗੌਰੀ ਲੰਕੇਸ਼ ਆਦਿ ਦੇ ਦਿਨ-ਦਿਹਾੜੇ ਕਤਲ ਹੋ ਜਾਂਦੇ ਹਨ। ਕੁਝ ਚਿਰ ਪਹਿਲਾਂ ਜਾਫਰਾਬਾਦ ਵਿੱਚ ਲੱਗੇ ਧਰਨੇ ਵਿੱਚ ਅਹਿਮ ਭੂਮਿਕਾ ਨਿਭਾਉਣ ਦੇ ਦੋਸ਼ ਵਿੱਚ ਜੇਐੱਨਯੂ ਦੀਆਂ ਦੋ ਵਿਦਿਆਰਥਣਾਂ ਦੇਵਾਂਗਨਾ ਕਲੀਤਾ ਤੇ ਨਤਾਸ਼ਾ ਨਰਵਾਲ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਸੀ। ਅਗਲੇ ਦਿਨ ਜਦੋਂ ਅਦਾਲਤ ਨੇ ਉਨਾਂ ਨੂੰ ਜ਼ਮਾਨਤ ਦੇ ਦਿੱਤੀ ਤਾਂ ਉਨਾਂ ਉੱਤੇ ਕਤਲ ਤੇ ਦੰਗਾ ਭੜਕਾਉਣ ਦਾ ਕੇਸ ਦਰਜ ਕਰਕੇ ਮੁੜ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਆਨੰਦ ਤੇਲਤੁੰਬੜੇ ਤੇ ਗੌਤਮ ਨਵਲੱਖਾ ਤੋਂ ਲੈ ਕੇ ਸੁਧਾ ਭਾਰਦਵਾਜ, ਅਰੁਣ ਫਰੇਰਾ, ਪ੍ਰੋ. ਵਰਵਰਾ ਰਾਓ ਅਤੇ ਆਨੰਦ ਤੇਲਤੁੰਬੜੇ ਕੋਰੋਨਾ ਮਹਾਂਮਾਰੀ ਦੇ ਓਹਲੇ ਵਿੱਚ ਕਿੰਨੇ ਬੁੱਧੀਜੀਵੀਆਂ ਤੇ ਸਕਾਲਰਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਇਸ ਦੀ ਸੂਚੀ ਬੜੀ ਲੰਮੀ ਹੈ ਤੇ ਲਗਾਤਾਰ ਇਸ ਵਿੱਚ ਵਾਧਾ ਹੋ ਰਿਹਾ ਹੈ। ਨਾਗਰਿਕਤਾ ਸੋਧ ਬਿੱਲ ਦੇ ਵਿਰੁੱਧ ਉੱਠੇ ਦੇਸ਼ ਵਿਆਪੀ ਅੰਦੋਲਨ ਸਮੇਂ ਜੇਐੱਨਯੂ ਦਿੱਲੀ, ਅਲੀਗੜ ਮੁਸਲਿਮ ਯੂਨੀਵਰਸਿਟੀ ਅਲੀਗੜ ਤੇ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦਿੱਲੀ ਦੇ ਵਿਦਿਆਰਥੀਆਂ ਉੱਪਰ ਜਿਸਮਾਨੀ ਹਿੰਸਾ ਦਾ ਸਿਰਫ ਕਹਿਰ ਹੀ ਨਹੀਂ ਢਾਹਿਆ ਗਿਆ, ਸਗੋਂ ਸਫ਼ੂਰਾ ਜ਼ਰਗਰ ਅਤੇ ਮੀਰਾਨ ਹੈਦਰ ਆਦਿ ਵਿਦਿਆਰਥੀਆਂ ਉੱਪਰ ਕੇਸ ਦਰਜ ਕਰਕੇ ਉਨਾਂ ਨੂੰ ਅੱਜ ਤੱਕ ਜੇਲ ਦੀਆਂ ਸਲਾਖਾਂ ਅੰਦਰ ਡੱਕਿਆ ਹੋਇਆ ਹੈ। ਜਾਮੀਆ ਮਿਲੀਆ ਵਿੱਚ ਨਾਗਰਿਕ ਕਾਨੂੰਨਾਂ ਵਿਰੁੱਧ ਹੋਏ ਅੰਦੋਲਨ ਦੌਰਾਨ ਹਿੰਸਾ ਦੇ ਦੋਸ਼ ਹੇਠ ਹੁਣ ਤੱਕ ਸੈਂਕੜੇ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖਾਲਿਦ ਵਿਰੁੱਧ ਯੂ ਏ ਪੀ ਏ ਤਹਿਤ ਇੱਕ ਝੂਠਾ ਮੁਕੱਦਮਾ ਦਰਜ ਕੀਤਾ ਗਿਆ ਹੈ। ਉਸ ਉੱਤੇ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਦਿੱਲੀ ਵਿੱਚ ਦੰਗੇ ਭੜਕਾਉਣ ਲਈ ਲੋਕਾਂ ਨੂੰ ਉਕਸਾਇਆ ਸੀ। ਮੁਕੱਦਮੇ ਵਿੱਚ ਉਮਰ ਵੱਲੋਂ ਦਿੱਤੇ ਭਾਸ਼ਣ ਦੇ ਜਿਹੜੇ ਸ਼ਬਦ ਆਧਾਰ ਬਣਾਏ ਗਏ ਹਨ, ਉਹ ਇਸ ਤਰਾਂ ਹਨ, "ਜਦੋਂ 24 ਫ਼ਰਵਰੀ ਨੂੰ ਡੋਨਾਲਡ ਟਰੰਪ ਭਾਰਤ ਆਉਣਗੇ ਤਾਂ ਅਸੀਂ ਕਹਾਂਗੇ ਕਿ ਪ੍ਰਧਾਨ ਮੰਤਰੀ ਅਤੇ ਭਾਰਤ ਸਰਕਾਰ ਦੇਸ਼ ਨੂੰ ਵੰਡਣ ਦੇ ਜਤਨ ਕਰ ਰਹੇ ਹਨ। ਉਹ ਮਹਾਤਮਾ ਗਾਂਧੀ ਦੀਆਂ ਕਦਰਾਂ-ਕੀਮਤਾਂ ਨੂੰ ਬਰਬਾਦ ਕਰ ਰਹੇ ਹਨ ਅਤੇ ਭਾਰਤੀ ਲੋਕ ਉਨਾਂ ਖ਼ਿਲਾਫ਼ ਲੜ ਰਹੇ ਹਨ। ਜੇਕਰ ਸੱਤਾਧਾਰੀ ਲੋਕ ਭਾਰਤ ਨੂੰ ਵੰਡਣਾ ਚਾਹੁੰਦੇ ਹਨ ਤਾਂ ਭਾਰਤ ਦੇ ਲੋਕ ਦੇਸ਼ ਨੂੰ ਇੱਕਮੁੱਠ ਕਰਨ ਲਈ ਤਿਆਰ ਹਨ।" ਉਮਰ ਖਾਲਿਦ ਦੇ ਸਾਰੇ ਭਾਸ਼ਣ ਵਿੱਚ ਕਿਤੇ ਵੀ ਲੋਕਾਂ ਨੂੰ ਉਕਸਾਉਣ ਦੀ ਗੱਲ ਨਹੀਂ, ਸਗੋਂ ਇਸੇ ਭਾਸ਼ਣ ਵਿੱਚ ਉਨਾ ਲੋਕਾਂ ਨੂੰ ਹਿੰਸਾ ਤੋਂ ਦੂਰ ਰਹਿਣ ਦੀ ਸਲਾਹ ਦਿੰਦਿਆ ਕਿਹਾ, "ਅਸੀਂ ਹਿੰਸਾ ਦਾ ਜਵਾਬ ਹਿੰਸਾ ਨਾਲ ਨਹੀਂ ਦਿਆਂਗੇ। ਅਸੀਂ ਘ੍ਰਿਣਾ ਦਾ ਜਵਾਬ ਘ੍ਰਿਣਾ ਨਾਲ ਨਹੀਂ ਦੇਵਾਂਗੇ। ਜੇਕਰ ਉਹ ਨਫ਼ਰਤ ਫੈਲਾਉਣਗੇ ਤਾਂ ਅਸੀਂ ਪਿਆਰ ਨਾਲ ਜਵਾਬ ਦਿਆਂਗੇ। ਅਗਰ ਉਹ ਸਾਡੇ ਉੱਤੇ ਲਾਠੀ ਚਲਾਉਂਦੇ ਹਨ ਤਾਂ ਅਸੀਂ ਤਿਰੰਗੇ ਨੂੰ ਫੜ ਕੇ ਰੱਖਾਂਗੇ। ਜੇਕਰ ਉਹ ਗੋਲੀ ਚਲਾਉਂਦੇ ਹਨ ਤਾਂ ਅਸੀਂ ਹੱਥਾਂ ਵਿੱਚ ਸੰਵਿਧਾਨ ਫੜੀ ਰੱਖਾਂਗੇ। ਜੇਕਰ ਉਹ ਸਾਨੂੰ ਜੇਲ ਭੇਜਦੇ ਹਨ ਤਾਂ ਅਸੀਂ ਸਾਰੇ ਜਹਾਂ ਸੇ ਅੱਛਾ ਹਿੰਦੋਸਤਾਨ ਹਮਾਰਾ ਗਾਉਂਦੇ ਹੋਏ ਜੇਲ ਜਾਵਾਂਗੇ।"

ਪਰ ਜਦੋਂ ਹਾਕਮਾਂ ਨੂੰ ਭਗਵੇਂ ਫਾਸ਼ੀਪੁਣੇ ਦਾ ਖੁਮਾਰ ਚੜਿਆ ਹੋਵੇ, ਉਦੋਂ ਅਪੀਲ ਤੇ ਦਲੀਲ ਦਾ ਕੋਈ ਮੁੱਲ ਨਹੀਂ ਰਹਿੰਦਾ। ਖਾਲਿਦ ਤੋਂ ਬਿਨਾਂ ਜਾਮੀਆ ਦੇ ਵਿਦਿਆਰਥੀ ਤੇ ਰਾਸ਼ਟਰੀ ਜਨਤਾ ਦਲ ਦੇ ਮੈਂਬਰ ਮੀਰਾਨ ਹੈਦਰ ਅਤੇ ਜਾਮੀਆ ਕੋਆਰਡੀਨੇਸ਼ਨ ਕਮੇਟੀ ਦੀ ਮੀਡੀਆ ਇੰਚਾਰਜ ਸਫੂਰਾ ਜਰਗਰ ਨੂੰ ਵੀ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਬੀਤੇ ਸਮੇਂ ਦੌਰਾਨ ਜੰਮੂ-ਕਸ਼ਮੀਰ ਦੇ ਤਿੰਨ ਪੱਤਰਕਾਰਾਂ ਉੱਤੇ ਵੀ ਯੂ ਏ ਪੀ ਏ ਤਹਿਤ ਮੁਕੱਦਮੇ ਦਰਜ ਕੀਤੇ ਗਏ ਹਨ। ਇਨਾਂ ਵਿੱਚ ਜੰਮੂ-ਕਸ਼ਮੀਰ ਦੀ ਫਰੀਲਾਂਸ ਫੋਟੋ ਜਰਨਲਿਸਟ ਮਸੱਰਤ ਜਾਹਰਾ, 'ਦੀ ਹਿੰਦੂ' ਦੇ ਪੱਤਰਕਾਰ ਪੀਰਜ਼ਾਦਾ ਅਸ਼ਿਕ ਤੇ ਇੱਕ ਹੋਰ ਪੱਤਰਕਾਰ ਗੌਹਰ ਗਿਲਾਨੀ ਸ਼ਾਮਲ ਹਨ। ਫੋਟੋ ਜਰਨਲਿਸਟ ਮਸੱਰਤ ਜਾਹਰਾ ਉੱਤੇ ਇੱਕ ਫੋਟੋ ਕੈਪਸ਼ਨ ਦੇ ਆਧਾਰ 'ਤੇ ਮੁਕੱਦਮਾ ਦਰਜ ਕੀਤਾ ਗਿਆ ਹੈ, ਜਿਸ ਵਿੱਚ ਲਿਖਿਆ ਗਿਆ ਹੈ, "ਕਸ਼ਮੀਰ ਦੇ ਸ਼ੀਆ ਮੁਸਲਮਾਨਾਂ ਨੂੰ ਹਿਜ਼ਬੁਲ ਮੁਜ਼ਾਹਦੀਨ ਦੇ ਕਮਾਂਡਰ ਬੁਰਹਾਨ ਵਾਨੀ ਦੀ ਫੋਟੋ ਲਿਜਾਂਦੇ ਦੇਖਿਆ ਗਿਆ।" ਇਸ ਤੋਂ ਪਹਿਲਾਂ ਯੂ ਪੀ ਦੇ ਡਾ. ਕਫ਼ੀਲ ਖਾਨ ਦੀ ਜਦੋਂ ਅਦਾਲਤ ਨੇ ਜ਼ਮਾਨਤ ਮਨਜ਼ੂਰ ਕਰ ਲਈ ਤਾਂ ਯੋਗੀ ਸਰਕਾਰ ਵੱਲੋਂ ਰਾਤੋ-ਰਾਤ ਉਸ ਉੱਤੇ ਨੈਸ਼ਨਲ ਸਕਿਉਰਿਟੀ ਐਕਟ ਲਾ ਕੇ ਉਸ ਦੀ ਰਿਹਾਈ ਰੋਕ ਦਿੱਤੀ ਗਈ। ਯੂਏਪੀਏ ਯਾਨੀ ਗੈਰ-ਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ ਲੋਕਤੰਤਰੀ ਵਿਵਸਥਾ ਲਈ ਇੱਕ ਕਾਲੇ ਧੱਬੇ ਦੇ ਬਰਾਬਰ ਹੈ। ਇਸ ਕਾਨੂੰਨ ਅਧੀਨ ਕਿਸੇ ਵੀ ਵਿਅਕਤੀ ਨੂੰ ਸ਼ੱਕ ਦੇ ਅਧਾਰ ਉੱਤੇ ਵੀ ਗ੍ਰਿਫ਼ਤਾਰ ਕਰਕੇ ਜੇਲ ਵਿੱਚ ਸੁੱਟਿਆ ਜਾ ਸਕਦਾ ਹੈ। ਇਸ ਵਿਰੁੱਧ ਕਿਸੇ ਅਦਾਲਤ ਵਿੱਚ ਕੋਈ ਸੁਣਵਾਈ ਨਹੀਂ ਹੋ ਸਕਦੀ। ਪੀੜਤ ਨੂੰ ਪਹਿਲਾਂ ਸਰਕਾਰ ਵੱਲੋਂ ਗਠਤ ਟ੍ਰਿਬਿਊਨਲ ਵਿੱਚ ਅਪੀਲ ਕਰਨੀ ਪੈਂਦੀ ਹੈ। ਉਸ ਦੇ ਫੈਸਲੇ ਤੋਂ ਬਾਅਦ ਹੀ ਵਿਅਕਤੀ ਅਦਾਲਤ ਦੀ ਸ਼ਰਨ ਵਿੱਚ ਜਾ ਸਕਦਾ ਹੈ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਕਿਸੇ ਵੀ ਸੈਕੂਲਰ ਧਿਰ ਨੇ ਇਨਾਂ ਗ੍ਰਿਫ਼ਤਾਰੀਆਂ ਵਿਰੁੱਧ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ।

ਇਸ ਸੰਬੰਧ ਵਿਚ ਵਿਨੋਦ ਦੂਆ ਵਰਗੇ ਪੱਤਰਕਾਰਾਂ ਵੱਲੋਂ ਇਨਾਂ ਹਨੇਰਿਆਂ ਤੇ ਜ਼ੁਲਮਾਂ ਖਿਲਾਫ਼ ਆਵਾਜ਼ ਉਠਾਉਣਾ ਕਿਉਂ ਗੁਨਾਹ ਹੈ? ਅਜਿਹਾ ਕਰਕੇ ਉਹ ਦੇਸ਼ ਵਿਰੋਧੀ ਕਿਵੇਂ ਹੋ ਸਕਦੇ ਹਨ? ਤੁਸੀਂ ਕਿਸੇ ਪੱਤਰਕਾਰ ਨਾਲ ਸਹਿਮਤ ਜਾਂ ਅਸਹਿਮਤ ਹੋ ਸਕਦੇ ਹੋ ਕਿ ਕਿਵੇਂ ਇੱਕ ਘਟਨਾ ਨੂੰ ਵੇਖਣਾ ਹੈ। ਤੁਹਾਡੇ ਕੋਲ ਅਦਾਲਤ ਜਾਣ ਦਾ ਵੀ ਅਧਿਕਾਰ ਹੈ। ਪਰ ਭਾਜਪਾ ਕੋਲ ਵਿਨੋਦ ਦੂਆ ਵਰਗੇ ਵਰਗੇ ਪੱਤਰਕਾਰ ਨੂੰ 'ਦੇਸ਼ ਲਈ ਖਤਰਾ' ਕਹਿਣ ਦਾ ਅਧਿਕਾਰ ਕਿਵੇਂ ਹੋ ਸਕਦਾ ਹੈ? ਅਜਿਹਾ ਫੈਸਲਾ ਦੇਣਾ ਅਦਾਲਤ ਦਾ ਕੰਮ ਹੈ। ਪਰ ਭਾਜਪਾ ਨੇਤਾ ਅਜਿਹੀਆਂ ਗੈਰ ਸਿਧਾਂਤਕ ਟਿੱਪਣੀਆਂ ਕਰਕੇ ਜੱਜ ਕਿਵੇਂ ਬਣ ਸਕਦੇ ਹਨ?

ਵਿਨੋਦ ਦੂਆ ਵਰਗੇ ਪੱਤਰਕਾਰ ਇਸ ਭਗਵੀਂ ਪੱਤਰਕਾਰੀ ਨੂੰ ਚੁਣੌਤੀ ਦਿੰਦੇ ਹਨ ਤੇ ਭਗਵੇਂ ਤੰਤਰ ਖਿਲਾਫ਼ ਦਲੀਲ ਨਾਲ ਬੋਲਦੇ ਹਨ। ਉਨਾਂ ਜੇਐਨਯੂ ਵਿੱਚ ਮਾਸੂਮ ਵਿਦਿਆਰਥੀ ਨੇਤਾਵਾਂ ਦੀ ਕੁੱਟਮਾਰ ਕਰਨ ਦੇ ਵਿਰੋਧ ਵਿਚ ਆਵਾਜ਼ ਉਠਾਈ। ਉਹ ਇਸ ਕਾਰਨ ਕਿਵੇਂ ਦੇਸ ਦੇ ਲਈ ਖਤਰਾ ਬਣ ਗਏ? ਪੁਲਿਸ ਜਾਮੀਆ ਮਿਲੀਆ ਇਸਲਾਮੀਆ ਵਿੱਚ ਦਾਖਲ ਹੋਈ ਅਤੇ ਲਾਇਬਰੇਰੀ ਵਿੱਚ ਵਿਦਿਆਰਥੀਆਂ ਨਾਲ ਕੁੱਟਮਾਰ ਕੀਤੀ। ਉਹ ਵਿਦਿਆਰਥੀ ਜੋ ਨਿਆਂ ਦੀ ਮੰਗ ਅਦਾਲਤਾਂ ਤੋਂ ਕਰ ਰਹੇ ਹਨ, ਉਨਾਂ ਨੂੰ ਦਿੱਲੀ ਦੰਗਿਆਂ ਅਤੇ ਹੋਰ ਮਾਮਲਿਆਂ ਵਿਚ ਫਸਾਇਆ ਗਿਆ ਹੈ। ਕੀ ਵਿਨੋਦ ਦੂਆ ਦਾ ਇਨਾਂ ਵਿਦਿਆਰਥੀਆਂ ਦੇ ਹੱਕ ਵਿਚ ਆਵਾਜ਼ ਉਠਾਉਣਾ ਦੇਸ਼ ਦੇ ਲਈ ਖਤਰਾ ਹੈ?

ਦੂਆ ਸੱਚ ਤੇ ਨਿਆਂ ਦੀ ਪੱਤਰਕਾਰੀ ਕਰ ਰਹੇ ਹਨ, ਜਿਸ ਤੋਂ ਭਗਵੇਂ ਰਾਸ਼ਟਰਵਾਦੀਆਂ ਨੂੰ ਡਰ ਲੱਗ ਰਿਹਾ ਹੈ। ਹਾਕਮ ਧਿਰ ਇਸ ਪੱਤਰਕਾਰੀ ਤੋਂ ਖੌਫ਼ ਖਾਂਦੀ ਹੈ। ਦੂਆ ਨੇ ਭ੍ਰਿਸ਼ਟ ਅਫ਼ਸਰਸ਼ਾਹੀ ਤੇ ਰਾਜਨੀਤਕ ਤੰਤਰ ਨਾਲ ਵਪਾਰਕ ਸ਼ਰਤਾਂ ਉੱਪਰ ਕੋਈ ਸਮਝੌਤਾ ਨਹੀਂ ਕੀਤਾ। ਇਸੇ ਕਰਕੇ ਉਸ ਨੂੰ ਮੀਡੀਆ ਚਲਾਉਣ ਵਿਚ ਵੀ ਰੁਕਾਵਟਾਂ ਆਈਆਂ ਹਨ ਤੇ ਉਨਾਂ ਦੇ ਬੋਲਾਂ ਨੂੰ ਕਾਨੂੰਨੀ ਡੰਡੇ ਅਧੀਨ ਕੁਚਲਿਆ ਜਾ ਰਿਹਾ ਹੈ।

ਦੂਆ ਐਨਡੀਟੀਵੀ ਨਿਊਜ਼ ਟ੍ਰੈਕ, ਆਬਜ਼ਰਵਰ ਤੇ ਸਹਾਰਾ ਚੈਨਲ ਵਿਚ ਲੋਕਪੱਖੀ ਪੱਤਰਕਾਰੀ ਕਰਦੇ ਰਹੇ। ਇਸ ਸੱਚ ਲਈ ਉਸ ਨੇ ਅਨੇਕਾਂ ਨੌਕਰੀਆਂ ਕੀਤੀਆਂ, ਪਰ ਸਿਧਾਂਤ ਨਾਲ ਸਮਝੌਤਾ ਨਹੀਂ ਕੀਤਾ। ਨੌਕਰੀਆਂ ਛੱਡ ਦਿੱਤੀਆਂ ਪਰ ਲੋਕ ਪੱਖੀ ਪੱਤਰਕਾਰੀ ਨਹੀਂ ਛੱਡੀ। ਪਰ ਇਹ ਦੁਖਾਂਤਕ ਗੱਲ ਹੈ ਕਿ ਇਸ ਮਹਾਨ ਪੱਤਰਕਾਰ ਦਾ ਉਸ ਦੇ ਆਪਣੇ ਦੇਸ਼ ਵਿਚ ਫਿਰਕੂ ਤੰਤਰ ਵਲੋਂ ਉਸ ਦੀ ਲੋਕ ਪੱਖੀ ਪੱਤਰਕਾਰੀ ਦਾ ਇਲਾਜ ਕੀਤਾ ਜਾ ਰਿਹਾ ਹੈ ਕਿ ਉਹ ਭਗਵੇਂ ਤੰਤਰ ਨੂੰ ਸਮਰਪਿਤ ਹੋ ਜਾਣ।



# ਮੋਦੀ ਤੇ ਟਰੰਪ ਆਪਣੀ ਫਿਰਕੂ ਤੇ ਅੰਧ ਵਿਸ਼ਵਾਸੀ ਸੋਚ ਨੂੰ ਤਿਆਗਣ

### - ਜੰਗ ਸਿੰਘ

ਸਾਰੇ ਸੰਸਾਰ ਵਿੱਚ ਇਸ ਗੱਲ ਦੀ ਹਮੇਸ਼ਾ ਚਰਚਾ ਰਹੀ ਹੈ ਕਿ ਅਮਰੀਕਾ ਸੰਸਾਰ ਦਾ ਉਹ ਦੇਸ਼ ਹੈ ਜਿੱਥੇ ਲੋਕਤੰਤਰ ਹੈ ਤੇ ਇਹੋ ਜਿਹੀ ਹੀ ਗੱਲ ਭਾਰਤ ਦੇ ਰਾਜ ਪ੍ਰਬੰਧ ਬਾਰੇ ਕਹੀ ਜਾਂਦੀ ਆ ਰਹੀ ਹੈ। ਪਰ ਪਿਛਲੇ ਕੁਝ ਸਮੇਂ ਤੋਂ ਅਮਰੀਕਾ ਵਿੱਚ ਹੋ ਰਹੇ ਮੁਜ਼ਾਹਰਿਆਂ ਨੇ ਅਮਰੀਕਾ ਦੇ ਲੋਕਤੰਤਰ ਪ੍ਰਬੰਧ ਦੀ ਇੱਕ ਤਰਾਂ ਨਾਲ ਫੂਕ ਕੱਢ ਦਿੱਤੀ ਹੈ ਕਿ ਇਸ ਨੇ ਸਿਰਫ ਬੁਰਕਾ ਹੀ ਲੋਕਤੰਤਰ ਦਾ ਪਹਿਨਿਆ ਹੋਇਆ ਹੈ, ਪਰ ਸਚਾਈ ਤੋਂ ਕੋਹਾਂ ਦੂਰ ਹੈ। ਜਿਸ ਦੀ ਹਕੀਕਤ 25 ਮਈ 2020 ਨੂੰ ਅਮਰੀਕਾ ਦੇ ਰਾਜ ਮਿਨੀਸੋਟਾ ਦੇ ਪ੍ਰਮੁੱਖ ਸ਼ਹਿਰ ਮਿਨੇਐਪਲਿਸ ਵਿਖੇ ਇੱਕ ਚਿੱਟੀ ਚਮੜੀ ਵਾਲੇ ਅੰਗਰੇਜ਼ ਪੁਲੀਸ ਅਧਿਕਾਰੀ ਡੈਰਵਿਕ ਚੌਵਨ ਨੇ ਅਫਰੀਕਨ ਮੂਲ ਦੇ ਸਿਆਹ ਰੰਗੇ ਅਮਰੀਕਨ ਵਾਸੀ ਜਾਰਜ ਫਲਾਇਡ ਦੀ ਗਰਦਨ ਤੇ 8 ਮਿੰਟ 46 ਸਕਿੰਟ ਤਕ ਆਪਣੇ ਗੋਡੇ ਨੂੰ ਇੰਨੇ ਜ਼ੋਰ ਦੀ ਦਬਾ ਕੇ ਰੱਖੀ ਰੱਖਿਆ ਜਦੋਂ ਤਕ ਉਸ ਦੀ ਮੌਤ ਨਹੀਂ ਸੀ ਹੋ ਗਈ। ਇਸ ਸਬੰਧ ਵਿੱਚ ਜਾਰੀ ਵੀ ਡੀ ਓ ਵਿੱਚ ਸਪਸ਼ਟ ਤਿੰਨ ਹੋਰ ਪੁਲੀਸ ਕਰਮੀ ਵੀ ਉਸ ਦੇ ਨਾਲ ਹਨ ਜਿਨਾਂ ਨੇ ਕੋਈ ਹੋਰ ਢੁੱਕਵੀਂ ਕਾਰਵਾਈ ਕਰਨ ਦੀ ਥਾਂ 'ਤੇ ਇਸ ਸਾਰੀ ਘਟਨਾ ਨੂੰ ਮੂਕ ਦਰਸ਼ਕ ਬਣ ਕੇ ਵੇਖਦੇ ਰਹੇ। ਇਹ ਵੀ ਉਸ ਵੀਡੀਓ ਵਿੱਚੋਂ ਸਪਸ਼ਟ ਹੋ ਰਿਹਾ ਹੈ ਕਿ ਜਾਰਜ ਫਲਾਇਡ ਲਗਾਤਾਰ ਇਹ ਵੀ ਕਹਿੰਦਾ ਆ ਰਿਹਾ ਹੈ ਕਿ ਉਸ ਨੂੰ ਸਾਹ ਨਹੀਂ ਆ ਰਿਹਾ। ਇਸ ਸਾਰੇ ਘਟਨਾ ਕਰਮ ਦੌਰਾਨ ਉਸ ਦਾ ਪਿਸ਼ਾਬ ਵੀ ਨਿਕਲ ਗਿਆ ਸੀ। ਉਸ ਦੀਆਂ ਅੱਖਾਂ ਦੇ ਡੇਲੇ ਤਕ ਵੀ ਧੌਣ ਘੁੱਟੀ ਹੋਈ ਹੋਣ ਕਾਰਨ ਬਾਹਰ ਆ ਗਏ ਸਨ ਤੇ ਨੱਕ ਵਿੱਚੋਂ ਖ਼ੂਨ ਆਉਣ ਲੱਗ ਪਿਆ ਸੀ। ਇਹ ਗੱਲ ਵੀ ਇਸ ਮੌਤ ਵਿੱਚ ਉੱਭਰ ਕੇ ਆਈ ਹੈ ਕਿ ਅਮਰੀਕਾ ਵਿੱਚ ਪਿਛਲੇ ਕਾਫੀ ਸਮੇਂ ਤੋਂ ਕਾਲੇ ਤੇ ਚਿੱਟੀ ਚਮੜੀ ਵਾਲਿਆਂ ਵਿਚਕਾਰ ਲਗਾਤਾਰ ਵਿਤਕਰਾ ਕੀਤਾ ਜਾਂਦਾ ਆ ਰਿਹਾ ਹੈ। ਇਸ ਬੇਰਹਿਮ ਭਰੀ ਘਟਨਾ ਨੇ ਅਮਰੀਕਾ ਦੇ 140 ਸ਼ਹਿਰਾਂ ਵਿੱਚ ਜ਼ਬਰਦਸਤ ਰੋਸ ਮੁਜ਼ਾਹਰੇ ਤੇ ਕਈ ਹੋਰ ਹਿੰਸਕ ਘਟਨਾਵਾਂ ਹੋਣ ਕਾਰਨ 40 ਸ਼ਹਿਰਾਂ ਵਿੱਚ ਅਮਰੀਕਾ ਸਰਕਾਰ ਨੂੰ ਕਰਫਿਊ ਵੀ ਲਗਾਉਣੇ ਪਏ ਹਨ। ਇਨਾਂ ਰੋਸ ਮੁਜ਼ਾਹਰਿਆ ਵਿੱਚ ਸਿਰਫ ਕਾਲੇ ਲੋਕ ਹੀ ਸ਼ਾਮਲ ਨਹੀਂ ਹੋਏ ਬਲਕਿ ਏਸ਼ੀਅਨ ਲੋਕਾਂ ਤੋਂ ਬਿਨਾ ਚਿੱਟੀ ਚਮੜੀ ਵਾਲੇ ਅੰਗਰੇਜ਼ ਵੀ ਵੱਡੀ ਗਿਣਤੀ ਸ਼ਾਮਲ ਹੋਏ ਹਨ। ਇਹ ਰੋਸ ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਹਾਲ ਤਕ ਰੁਕਣ ਦਾ ਨਾਂ ਨਹੀਂ ਲੈ ਰਹੇ।

ਇਹ ਵੀ ਚਰਚਾ ਹੈ ਅਮਰੀਕਾ ਸਰਕਾਰ ਵਲੋਂ ਕਾਲੀ ਚਮੜੀ ਵਾਲਿਆਂ ਨੂੰ ਚਿੱਟੀ ਚਮੜੀ ਵਾਲੇ ਲੋਕਾਂ ਵਲੋਂ ਜਿੱਥੇ ਉਨਾਂ ਨੂੰ ਘਿਰਣਤ ਤੌਰ 'ਤੇ ਵੇਖਿਆ ਜਾਂਦਾ, ਉੱਥੇ ਉਨਾਂ ਨਾਲ ਸਜ਼ਾਵਾਂ ਤੇ ਨਿਆਂ ਦੇਣ ਵਿੱਚ ਵੀ ਵਿਤਕਰਾ ਅਕਸਰ ਹੁੰਦਾ ਹੈ। ਭਾਵ ਗੋਰੇ ਨੂੰ ਸਜ਼ਾ ਘੱਟ ਤੇ ਕਾਲੇ ਨੂੰ ਵੱਧ ਦਿੱਤੀ ਜਾਂਦੀ ਹੈ। ਜਿੱਥੋਂ ਤਕ ਜਾਰਜ ਫਲਾਇਡ ਦੀ ਦੁਖਦਾਈ ਘਟਨਾ ਦਾ ਸਬੰਧ ਹੈ ਕਿ ਉਸ ਉੱਤੇ ਇਹ ਦੋਸ਼ ਲਗਾਇਆ ਦੱਸਿਆ ਜਾ ਰਿਹਾ ਹੈ ਕਿ ਉਸ ਨੇ 20 ਡਾਲਰ ਦੇ ਜਾਅਲੀ ਨੋਟ ਨਾਲ ਸਿਗਰਟ ਵਗੈਰਾ ਖਰੀਦੀ ਸੀ, ਜੋ ਕਿ ਇੰਨਾ ਵੱਡਾ ਜੁਰਮ ਨਹੀਂ ਸੀ ਜਿਸ ਦੀ ਇੰਨੀ ਵੱਡੀ ਮੌਤ ਜਿਹੀ ਸਜ਼ਾ ਉਸ ਨੂੰ ਦਿੱਤੀ ਗਈ ਹੈ। ਇਹ ਕਿਹਾ ਜਾਂਦਾ ਹੈ ਕਿ ਜਦੋਂ ਤੋਂ ਅਮਰੀਕਾ ਵਿੱਚ ਡੋਨਾਲਡ ਟਰੰਪ ਨੇ ਬਤੌਰ ਰਾਸ਼ਟਰਪਤੀ ਅਹੁਦਾ ਸੰਭਾਲਿਆ ਹੈ, ਉਦੋਂ ਤੋਂ ਇਹ ਵਿਤਕਰਾ ਹੋਰ ਵਧ ਗਿਆ ਹੈ। ਇਨਾਂ ਨੇ ਵੀ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਾਂਗ ਕਿ 'ਹਿੰਦੋਸਤਾਨ' 'ਹਿੰਦੂਆਂ' ਦਾ ਹੈ ਦੀ ਤਰਜ਼ 'ਤੇ 'ਅਮਰੀਕਾ' 'ਅਮਰੀਕੀਆਂ' ਦੇ ਹੋਣ ਦਾ ਨਾਹਰਾ ਦਿੱਤਾ ਹੋਇਆ ਹੈ।



ਭਾਰਤ ਵਿੱਚ ਘੱਟ ਗਿਣਤੀਆਂ ਮੁਸਲਮਾਨਾਂ, ਸਿੱਖਾਂ ਆਦਿ ਸਮੇਤ ਦਲਿਤਾਂ ਵਿਰੁੱਧ ਪੜਾਅ ਪੜਾਅ ਤੇ ਧੱਕੇ, ਜ਼ੁਲਮ ਤੇ ਬੇਇਨਸਾਫੀਆਂ ਕੀਤੀਆਂ ਜਾ ਰਹੀਆਂ ਹਨ, ਜਿਸ ਬਾਰੇ ਸੰਸਾਰ ਦੇ ਲੋਕ ਵੀ ਬੜੀ ਸ੍ਰੀ ਨਰਿੰਦਰ ਮੋਦੀ ਵਲੋਂ ਘੜੀ ਜਾਂਦੀ ਨੀਤੀ ਨੂੰ ਭਲੀਭਾਂਤ ਜਾਣ ਗਏ ਹਨ ਕਿ ਕਿਵੇਂ ਭਾਰਤ ਦੇ ਬਹੁ ਗਿਣਤੀ ਦੇ ਲੋਕਾਂ ਦੀਆਂ ਵੋਟਾਂ ਬਟੋਰੀਆਂ ਜਾ ਸਕਦੀਆਂ ਹਨ। ਇਹ ਨੀਤੀ ਪਿਛਲੇ ਛੇ ਸਾਲਾਂ ਤੋਂ ਲਾਗੂ ਕੀਤੀ ਜਾ ਰਹੀ ਹੈ, ਜਿਸ ਨਾਲ ਦੇਸ਼ ਦੇ ਲੋਕਾਂ ਦੀ ਆਪਸੀ ਸਾਂਝ ਬੁਰੀ ਤਰਾਂ ਤਿੜਕ ਰਹੀ ਹੈ। ਬਿਲਕੁਲ ਇਸੇ ਪੈਟਰਨ 'ਤੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਚਲਦੇ ਹੋਏ ਦੱਸੇ ਜਾ ਰਹੇ ਹਨ ਤਾਂ ਕਿ ਅਮਰੀਕਾ ਵਿੱਚ ਨਵੰਬਰ 2020 ਵਿੱਚ ਰਾਸ਼ਟਰਪਤੀ ਦੀਆਂ ਹੋ ਰਹੀਆਂ ਚੋਣਾਂ ਨੂੰ ਜਿੱਤਿਆ ਜਾ ਸਕੇ। ਇਹ ਦੋਵੇਂ ਦੇਸ਼ਾਂ ਦੇ ਲੀਡਰ ਜਦੋਂ ਇੱਕ ਦੂਜੇ ਦੇ ਦੇਸ਼ ਵਿੱਚ ਫੇਰੀ ਲਗਾਉਣ ਜਾਂਦੇ ਹਨ ਕਿ ਕਦੇ 'ਟਰੰਪ ਨਮਸਤੇ' ਤੇ ਕਦੇ 'ਅੱਬ ਕੀ ਬਾਰ ਟਰੰਪ ਸਰਕਾਰ' ਨਾਹਰੇ ਜਨਤਾ ਵਿੱਚ ਲਗਾਏ ਜਾ ਰਹੇ ਹਨ। ਇਨਾ ਦੋਵਾਂ ਲੀਡਰਾਂ ਦੀ ਰਾਜਨੀਤਕ ਸੋਚ ਇੱਕ ਹੋਣ ਕਾਰਨ ਆਪਣੇ ਆਪ ਨੂੰ ਇੱਕ ਦੂਜੇ ਦੇ ਪੱਕੇ ਮਿੱਤਰ ਵੀ ਦੱਸਦੇ ਆ ਰਹੇ ਹਨ।

'ਅਮਰੀਕਾ ਅਮਰੀਕੀਆਂ ਦਾ' ਦੀ ਨੀਤੀ ਅਨੁਸਾਰ ਰਾਸ਼ਟਰਪਤੀ ਟਰੰਪ ਵਲੋਂ ਹੋਰ ਦੇਸ਼ਾਂ ਦੇ ਲੋਕਾਂ ਨੂੰ ਗਰੀਨ ਕਾਰਡ ਦੇਣ, ਪੱਕੇ ਸ਼ਹਿਰੀ ਬਣਾਉਣ ਦੀ ਨੀਤੀ ਨੂੰ ਬਦਲਿਆ ਜਾ ਰਿਹਾ ਹੈ ਤਾਂ ਕਿ ਦੂਜੇ ਦੇਸ਼ਾਂ ਦੇ ਘੱਟੋ ਘੱਟ ਲੋਕਾਂ ਨੂੰ ਅਮਰੀਕਾ ਦੇ ਪੱਕੇ ਨਿਵਾਸੀ ਬਣਾਇਆ ਜਾ ਸਕੇ। ਬਾਕੀ ਇਹ ਸਮਾਂ ਹੀ ਦੱਸੇਗਾ ਕਿ ਇਸਦੀ ਪ੍ਰਵਾਨਗੀ ਦੇਸ਼ ਦੇ ਪਾਰਲੀਮੈਂਟ ਮੈਂਬਰਾਂ ਵਲੋਂ ਦਿੱਤੀ ਵੀ ਜਾਂਦੀ ਹੈ ਕਿ ਨਹੀਂ। ਜਾਰਜ ਫਲਾਇਡ ਦੀ ਦੁਖਦਾਈ ਘਟਨਾ ਨੇ ਰਾਸ਼ਟਰਪਤੀ ਟਰੰਪ ਦਾ ਅਸਲੀ ਚਿਹਰਾ ਲੋਕਾਂ ਵਿੱਚ ਜ਼ਰੂਰ ਬੇਨਕਾਬ ਕਰ ਦਿੱਤਾ ਹੈ। ਅਮਰੀਕਾ ਦੇ ਇੱਕ ਉੱਚ ਪੁਲੀਸ ਅਧਿਕਾਰੀ ਨੇ ਦੇਸ਼ ਦੇ ਰਾਸ਼ਟਰਪਤੀ ਨੂੰ ਆਪਣਾ ਮੂੰਹ ਬੰਦ ਰੱਖਣ ਲਈ ਵੀ ਕਿਹਾ ਜਾ ਚੁੱਕਾ ਹੈ ਪਰ ਉਹ ਕਿਸੇ ਦੀ ਕੋਈ ਗੱਲ ਸੁਣਨ ਲਈ ਤਿਆਰ ਹੀ ਨਹੀਂ। ਉਹੀ ਕੁਝ ਕਰਦੇ ਆ ਰਹੇ ਹਨ ਜੋ ਉਨਾਂ ਦੇ ਮਨ ਨੂੰ ਚੰਗਾ ਲਗਦਾ ਹੈ। ਇਹੋ ਹਾਲ ਉਨਾਂ ਵਲੋਂ ਕਰੋਨਾ ਮਹਾਂ ਮਾਰੀ ਬਿਮਾਰੀ ਨਾਲ ਨਿੱਬੜਣ ਲਈ ਕੀਤਾ ਜਾ ਰਿਹਾ ਹੈ। ਸੰਸਾਰ ਦੀ ਇੱਕ ਨੰਬਰ ਦੀ ਸ਼ਕਤੀ ਦਾ 'ਅਮਰੀਕਾ' ਦੇਸ਼ ਹੋਵੇ ਤੇ ਉਸ ਦੇਸ਼ ਵਿੱਚ ਸਭ ਤੋਂ ਵੱਧ ਬਿਮਾਰ ਹੋਣ ਤੇ ਮੌਤਾਂ ਵੀ ਵੱਧ ਹੋਈਆਂ ਹੋਣ ਜੋ ਰੁਕਣ ਦੀ ਥਾਂ 'ਤੇ ਲਗਾਤਾਰ ਵਧਦੀਆਂ ਹੀ ਜਾ ਰਹੀਆਂ ਹਨ। ਪਰ ਟਰੰਪ ਸਾਹਿਬ ਕਿਸੇ ਦੀ ਨਾ ਤਾਂ ਗੱਲ ਸੁਣਦੇ ਹਨ ਤੇ ਨਾ ਹੀ ਉੱਚ ਅਧਿਕਾਰੀਆਂ ਵਲੋਂ ਦਿੱਤੇ ਸੁਝਾਵਾਂ ਤੇ ਅਮਲ ਕਰਦੇ ਹਨ। ਲੋਕਾਂ ਨੇ ਵੀ ਇਸ ਗੱਲ ਨੂੰ ਅਨੁਭਵ ਕੀਤਾ ਹੈ ਕਿ ਰੋਜ਼ਾਨਾ ਜਦੋਂ ਰਾਸ਼ਟਰਪਤੀ ਵਲੋਂ ਵਾਈਟ ਹਾਊਸ ਵਿੱਚ ਪ੍ਰੈੱਸ ਮਿਲਣੀ ਕੀਤੀ ਜਾਂਦੀ ਸੀ ਤੇ ਜਦੋਂ ਉਨਾਂ ਕੋਲ ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਨਹੀਂ ਸਨ ਹੁੰਦੇ ਤਾਂ ਇਹ ਜਾਂ ਤਾਂ ਪੱਤਰਕਾਰਾਂ ਨੂੰ ਦਬਾਉਣ ਦਾ ਯਤਨ ਕਰਦੇ ਸਨ ਜਾਂ ਫਿਰ ਸਵਾਲਾਂ ਦੇ ਜਵਾਬ ਹੀ ਨਹੀਂ ਸਨ ਦਿੰਦੇ। ਹੋਰ ਤੇ ਹੋਰ ਕਈ ਵਾਰੀ ਅੱਧਵਾਟੇ ਹੀ ਪ੍ਰੈੱਸ ਕਾਨਫਰੰਸ ਛੱਡ ਕੇ ਚਲੇ ਜਾਂਦੇ ਸਨ, ਜੋ ਇਹ ਸਾਬਿਤ ਕਰਦਾ ਹੈ ਕਿ ਰਾਸ਼ਟਰਪਤੀ ਸਾਹਿਬ ਕੋਲ ਪੱਤਰਕਾਰਾਂ ਦੇ ਸਵਾਲਾਂ ਦਾ ਵਾਜਬ ਜਵਾਬ ਹੀ ਨਹੀਂ ਹੁੰਦਾ। ਜਿਸ ਤਰਾਂ ਦੇ ਹਾਲਾਤ ਅਮਰੀਕਾ ਵਿੱਚ ਬਣ ਹੋਏ ਹਨ ਕਿ ਟਰੰਪ ਦੀ ਲੜਕੀ ਜੋ ਕਿ ਵਕੀਲ ਹੈ ਉਸ ਨੇ ਵੀ ਆਪਣੇ ਪਿਤਾ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਨਸਲੀ ਵਿਤਕਰੇ ਵਾਲੀ ਨੀਤੀ ਦਾ ਸਖਤ ਵਿਰੋਧ ਕਰਦਿਆਂ ਜਾਰਜ ਫਲਾਇਡ ਦੇ ਹੱਕ ਵਿੱਚ ਕੀਤੇ ਜਾ ਰਹੇ ਮੁਜ਼ਾਹਰਿਆਂ ਦਾ ਸਮਰਥਨ ਕੀਤਾ ਹੈ। ਸਿਰਫ ਇਹ ਹੀ ਨਹੀਂ ਕਿ ਦੇਸ਼ ਦੇ ਰਾਸ਼ਟਰਪਤੀ ਨਾਲੋਂ ਤਾਂ ਇਸ ਦੇਸ਼ ਦੀ ਪੁਲੀਸ ਨੇ ਆਪਣੀ ਜ਼ਿੰਮੇਵਾਰੀ ਨੂੰ ਜਾਣਦਿਆਂ ਹੋਇਆ ਕਿ ਜਾਰਜ ਫਲਾਇਡ ਦੀ ਘਟਨਾ ਨੇ ਪੁਲੀਸ ਦੀ ਵਰਦੀ ਨੂੰ ਦਾਗਦਾਰ ਕੀਤਾ ਹੈ। ਉਨਾਂ ਨੇ ਜਦੋਂ ਲੋਕਾਂ ਵਲੋਂ ਇਸ ਬੇਇਨਸਾਫੀ ਵਿਰੁੱਧ ਜਦੋਂ ਜੋਰਦਾਰ ਰੋਸ ਮੁਜ਼ਾਹਰਾ ਕੀਤਾ ਜਾ ਰਿਹਾ ਸੀ ਤਾਂ ਐਨ ਉਸ ਸਮੇਂ ਹੀ ਪੁਲੀਸ ਨੇ ਰੋਸ ਮੁਜਾਹਰਾ ਕਰ ਰਹੇ ਲੋਕਾਂ ਦੇ ਨਜਦੀਕ ਆ ਕੇ ਸਾਰੇ ਪੁਲੀਸ ਵਾਲਿਆਂ ਆਪਣੀ ਵਰਦੀ ਵਿੱਚ 8 ਮਿੰਟ 46 ਸਕਿੰਟ ਤਕ ਜਿੰਨਾ ਚਿਰ ਉਸ ਪੁਲੀਸ ਵਾਲੇ ਨੇ ਫਲਾਇਡ ਦੀ ਧੌਣ ਤੇ ਗੋਡਾ ਰੱਖੀ ਰੱਖਿਆ ਸੀ, ਉਨਾ ਚਿਰ ਗੋਡੇ ਭਾਰ ਬੈਠ ਕੇ ਤੇ ਸਿਰ ਝੁੱਕਾ ਕੇ ਇਸ ਹੋਈ ਗਲਤੀ ਦੀ ਜਨਤਕ ਤੌਰ ਤੇ ਮੁਆਫੀ ਵੀ ਮੰਗੀ

ਭਾਰਤ ਵਿੱਚ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਚੱਲ ਰਹੀ ਸਰਕਾਰ ਦੇ ਇੱਕ ਰਾਜ ਰਾਜਿਸਥਾਨ ਦੇ ਪ੍ਰਮੁੱਖ ਸ਼ਹਿਰ ਜੌਧਪੁਰ ਵਿਖੇ ਇੱਕ ਪੁਲੀਸ ਕਰਮਚਾਰੀ ਨੇ ਮੈਨੀਐਪਲਿਸ ਵਿਖੇ ਵਾਪਰੀ ਘਟਨਾ ਵਾਂਗ ਮਨੋਜ ਕੁਮਾਰ ਨਾ ਦੇ ਇੱਕ ਮੱਨੁਖ ਦੀ ਧੌਣ ਤੇ ਗੋਡਾ ਰੱਖ ਕੇ ਦਬਾ ਰਿਹਾ ਹੈ ਦੀ ਵਾਇਰਲ ਹੋ ਰਹੀ ਵੀਡੀਓ ਵਿੱਚ ਦਿਖਾਇਆ ਗਿਆ ਹੈ। ਜੋ ਕਿ ਭਾਰਤ ਦੇ ਰਾਜ ਪ੍ਰਬੰਧ ਦੀ ਅਸਲੀ ਤਸਵੀਰ ਨੂੰ ਉਜਾਗਰ ਕਰ ਰਿਹਾ ਹੈ। ਅਮਰੀਕਾ ਦੀ ਪੁਲੀਸ ਵਲੋਂ ਆਪਣੀ ਗਲਤੀ ਦਾ ਅਹਿਸਾਸ ਕੀਤੇ ਜਾਣ ਤੋਂ ਪੰਜਾਬ ਦੀ ਪੁਲੀਸ ਨੂੰ ਸਬਕ ਸਿੱਖਣਾ ਚਾਹੀਦਾ ਹੈ ਜੋ ਹਾਲੇ ਵੀ ਨਿੱਤ ਦਿਨ ਰਾਜਨੀਤਕ ਲੀਡਰਾਂ ਦੇ ਇਸ਼ਾਰਿਆਂ ਤੇ ਬੇਕਸੂਰੇ ਲੋਕਾਂ ਤੇ ਜ਼ੁਲਮ ਤੇ ਧੱਕਾ ਕਰਦੀ ਰਹਿੰਦੀ ਹੈ। ਪੰਜਾਬ ਦੀ ਪੁਲੀਸ ਨੇ ਤਾਂ ਆਪਣੇ ਹੀ ਪ੍ਰਾਂਤ ਵਿੱਚ ਦਸ ਸਾਲ ਤੋਂ ਵਧੇਰੇ ਦੇ ਸਮੇਂ ਵਿੱਚ ਹਜ਼ਾਰਾਂ ਹੀ ਬੇਦੋਸ਼ੇ ਸਿੱਖ ਨੌਜਵਾਨਾਂ ਦੇ ਝੂਠੇ ਪੁਲੀਸ ਮੁਕਾਬਲੇ ਬਣਾ ਕੇ ਸਿਰਫ ਇਨਾਮ ਤੇ ਤਰੱਕੀਆਂ ਲੈਣ ਲਈ ਇਨਸਾਨੀਅਤ ਦਾ ਘਾਣ ਕੀਤਾ ਜਾਂਦਾ ਰਿਹਾ ਹੈ।

ਇਸ ਸਮੇਂ ਭਾਰਤ ਵਿੱਚ ਰਾਜ ਕਰ ਰਹੀ ਮੋਦੀ ਸਰਕਾਰ ਨੂੰ ਅਮਰੀਕਾ ਵਿੱਚ ਪੈਦਾ ਹੋਏ ਹਾਲਤਾਂ ਤੋਂ ਸਬਕ ਸਿੱਖਣਾ ਚਾਹੀਦਾ। ਪਤਾ ਨਹੀਂ ਕਦੋਂ ਉਨਾਂ ਦੇ ਦਿਨ ਵੀ ਪੁੱਠੇ ਪੈਣੇ ਸ਼ੁਰੂ ਹੋ ਜਾਣ। ਦੇਸ਼ ਦਾ ਸਾਰਾ ਹਿੰਦੂ ਭਾਈਚਾਰਾ ਸਿਵਾਏ ਰ ਸ ਸ ਦੇ ਕਟੜ ਹਿੰਦੂਤਵੀਆਂ ਤੋਂ ਬਾਕੀ ਵੱਡੀ ਗਿਣਤੀ ਵਿੱਚ ਹਿੰਦੂ ਮੋਦੀ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ, ਉਹ ਧਾਰਮਿਕ ਕੱਟੜਤਾ ਦੇ ਹਾਮੀ ਨਹੀਂ ਬਲਕਿ ਭਰਾਤਰੀ ਸਾਂਝ ਦੇ ਮੁਦਈ ਹਨ। ਉਹ ਵੀ ਜੋ ਕੁਝ ਮੋਦੀ ਸਰਕਾਰ ਦੇਸ਼ ਵਿੱਚ ਕਰ ਰਹੀ ਹੈ ਉਸ 'ਤੇ ਨਜ਼ਰਾਂ ਰੱਖੀ ਬੈਠੇ ਹਨ। ਜੇ ਕਰ ਅਮਰੀਕਾ ਦੀਆਂ ਰਾਜਨੀਤਕ ਪਾਰਟੀਆਂ ਦੇ ਆਗੂ ਰਾਸ਼ਟਰਪਤੀ ਦੀਆਂ ਚੋਣਾਂ ਵਿੱਚ ਯੋਗ ਤੇ ਸਾਂਝਾ ਉਮੀਦਵਾਰ ਦੇਣ ਦੇ ਸਮਰੱਥ ਹੋ ਗਏ ਤਾਂ ਇਸ ਗੱਲ ਨੂੰ ਵੀ ਇਨਕਾਰਿਆ ਨਹੀਂ ਜਾ ਸਕਦਾ ਕਿ ਉਹ ਸ਼ਾਇਦ ਜਿੱਤ ਦੀਆਂ ਬਰੂਹਾਂ 'ਤੇ ਹੀ ਨਾ ਪੁੱਜ ਸਕਣ। ਇਹੋ ਜਿਹਾ ਹਾਲ ਭਾਰਤ ਵਿੱਚ ਵੀ ਹੋ ਸਕਦਾ ਹੈ ਇਸ ਲਈ ਕੱਟੜਵਾਦੀ ਹਿੰਦੂ ਲੋਕਾਂ ਨੂੰ ਸਮਝ ਲੈਣਾ ਚਾਹੀਦਾ ਕਿ ਸੰਸਾਰ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੇਸ਼ ਵਿੱਚ ਜ਼ਾਲਮ ਔਰੰਗਜ਼ੇਬ, ਹਿਟਲਰ, ਮਸੋਲਿਨੀ, ਸਿਕੰਦਰ, ਨਾਜੀ, ਟੋਜੋ ਜਿਹੇ ਜਾਬਰ ਵੀ ਨਹੀਂ ਰਹੇ, ਇਸੇ ਤਰਾਂ ਭਾਰਤ ਵਿੱਚ ਮੋਦੀ ਰਾਜ ਤੇ ਅਮਰੀਕਾ ਵਿੱਚ ਡੋਨਾਲਡ ਟਰੰਪ ਦੇ ਰਾਜ ਵੀ ਨਹੀਂ ਰਹਿਣੇ। ਅੱਜ ਦੇ ਨੌਜਵਾਨ ਕੱਟੜਵਾਦ ਦੇ ਪੁਜਾਰੀ ਨਹੀਂ, ਉਹ ਨਾ ਤਾਂ ਜਾਤਾਂ ਪਾਤਾਂ ਨੂੰ ਮੰਨਣ ਵਾਲੇ ਹਨ ਤੇ ਨਾ ਹੀ ਕੋਈ ਹੋਰ ਸੌੜੀ ਸੋਚ ਦੇ ਮਾਲਕ ਹਨ। ਉਹ ਰਲਮਿਲ, ਕੇ ਰਹਿਣ ਦੇ ਨਾਲ ਦੇਸ਼ ਦੇ ਲੋਕਾਂ ਦੀ ਆਪਸੀ ਸਾਂਝ ਤੇ ਮਿਲਵਰਤਣ ਦੇ ਇੱਛਕ ਤੇ ਹਾਮੀਦਾਰ ਹਨ। ਇਸ ਲਈ ਸਮਾਂ ਮੰਗ ਕਰਦਾ ਹੈ ਕਿ ਦੋਵੇਂ ਦੇਸ਼ਾਂ ਦੇ ਲੀਡਰ ਆਪਣੀ ਸੌੜੀ ਸੋਚ ਨੂੰ ਤਿਲਾਂਜਲੀ ਦੇ ਕੇ ਨਰੋਏ ਦੇਸ਼ ਉਸਾਰਨ ਲਈ ਆਪਣੀ ਫਿਰਕੂ ਤੇ ਅੰਧਵਿਸ਼ਵਾਸੀ ਸੋਚ ਨੂੰ ਤਿਆਗਣ, ਇਸ ਨਾਲ ਹੀ ਦੋਹਾਂ ਦੇਸ਼ਾਂ ਤੇ ਸੰਸਾਰ ਦੀ ਭਲਾਈ ਹੈ।

---

# ਕੁਰਸੀ, ਚੌਧਰ, ਸ਼ੋਹਰਤ, ਜ਼ਿੰਮੇਵਾਰੀ ਅਤੇ ਸੇਵਾ

### - ਪ੍ਰੋ. ਸ਼ਿੰਗਾਰਾ ਸਿੰਘ ਢਿੱਲੋਂ

ਕੋਈ ਬੰਦਾ ਬਿਨਾਂ ਰੋਟੀ ਪਾਣੀ ਤੋਂ ਕੁਝ ਸਮਾਂ ਜਿਊਂਦਾ ਰਹਿ ਸਕਦਾ, ਪਰ ਜਿਸ ਨੂੰ ਕੁਰਸੀ ਅਤੇ ਚੌਧਰ ਨਾਮ ਦੀ ਭੁੱਖ ਲੱਗ ਜਾਵੇ, ਉਹ ਨਾ ਕਦੇ ਸ਼ਾਂਤ ਹੋ ਸਕਦਾ ਹੈ ਤੇ ਨਾ ਹੀ ਉਸ ਦੀ ਇਹ ਭੁੱਖ ਕਦੇ ਪੂਰੀ ਹੋ ਸਕਦੀ ਹੈ। ਅਸਲ ਵਿੱਚ ਇਹ ਹੀ ਉਹ ਭੁੱਖ ਹੈ ਜੋ ਕਈ ਵਾਰ ਧਰਮ ਕਰਮ ਦਾ ਕਾਰਜ ਕਰਨ ਵਾਲੇ ਕਿਸੇ ਮਨੁੱਖ ਦੇ ਅਚੇਤ ਜਾਂ ਸੁਚੇਤ ਮਨ ਵਿੱਚ ਕਾਰਜਸ਼ੀਲ ਰਹਿੰਦੀ ਹੈ ਤੇ ਇਸ ਭੁੱਖ ਦਾ ਸ਼ਿਕਾਰ ਮਨੁੱਖ ਧਰਮ ਕਰਮ ਦੇ ਕਾਰਜਾਂ ਓਹਲੇ ਵੀ ਇਸਦੀ ਪੂਰਤੀ ਨੂੰ ਹੀ ਮੁੱਖ ਰੱਖਦਾ ਹੈ। ਚੌਧਰ ਅਤੇ ਸੇਵਾ ਵਿੱਚ ਬੁਨਿਆਦੀ ਅੰਤਰ ਇਹੀ ਹੁੰਦਾ ਹੈ ਕਿ ਜੇਕਰ ਕੋਈ ਜਨਤਕ ਕਾਰਜ ਲੋਕਾਂ ਦੇ ਭਲੇ ਵਾਸਤੇ ਦਿਲੀ ਭਾਵਨਾ ਅਤੇ ਨਿਸ਼ਕਾਮਤਾ ਨਾਲ ਕੀਤਾ ਜਾਵੇ ਤਾਂ ਉਹ ਸੇਵਾ ਹੁੰਦਾ ਹੈ, ਪ੍ਰੰਤੂ ਜੇਕਰ ਉਹੀ ਕਾਰਜ ਕਿਸੇ ਵਲੋਂ ਇਹ ਸੋਚ ਕੇ ਕੀਤਾ ਜਾਵੇ ਕਿ ਇਹ ਕਾਰਜ ਮੈਂ ਹੀ ਕਰ ਸਕਦਾ ਹਾਂ, ਹੋਰ ਕੋਈ ਵੀ ਦੂਸਰਾ ਵਿਅਕਤੀ ਇਸ ਕਾਰਜ ਨੂੰ ਨਹੀਂ ਕਰ ਸਕਦਾ ਤਾਂ ਇਸ ਭਾਵਨਾ ਵਿੱਚ ਚੌਧਰ ਤੇ ਹੰਕਾਰ ਦੋਵੇਂ ਰਲਕੇ ਸਾਹਮਣੇ ਆਉਣਗੇ ਜੋ ਕੀਤੇ ਜਾਣ ਵਾਲੇ ਕਾਰਜ ਦੀ ਨਿਸ਼ਕਾਮ ਭਾਵਨਾ ਦਾ ਘਾਤ ਕਰ ਦਿੰਦੇ ਹਨ।

ਸ਼ੋਹਰਤ ਦਾ ਤਾਜ ਪਹਿਨ ਕੇ ਚੱਲਣ ਵਾਲਾ ਜਦੋਂ ਉਸ ਤਾਜ ਨੂੰ ਜ਼ਿੰਮੇਵਾਰੀ ਦੀ ਬਜਾਏ ਚੌਧਰ ਸਮਝਣ ਲੱਗ ਜਾਵੇ ਤਾਂ ਸਮਝੋ ਉਸ ਅੰਦਰ ਹਾਊਮੈ, ਨਫਰਤ ਅਤੇ ਈਰਖਾ ਦਾ ਸਾੜਾ ਭਾਂਬੜ ਬਣਕੇ ਮਚ ਰਿਹਾ ਹੈ ਤੇ ਅਜਿਹਾ ਵਿਅਕਤੀ ਆਪਣੇ ਅਸਲ ਨਿਸ਼ਾਨੇ ਤੋਂ ਭਟਕ ਚੁੱਕਿਆ ਹੈ। ਨਿਮਰਤਾ, ਹਮਦਰਦੀ, ਸੇਵਾ ਤੇ ਨਿਸ਼ਕਾਮਤਾ ਨਾਮ ਦੇ ਗੁਣ ਉਹ ਸਿਰਫ ਦਿਖਾਵੇ ਤੇ ਮਤਲਬ ਪ੍ਰਸਤੀ ਵਾਸਤੇ ਹੀ ਵਰਤਦਾ ਹੈ ਜਦ ਕਿ ਅਸਲੋਂ ਇਹਨਾਂ ਗੁਣਾਂ ਨਾਲ ਅਜਿਹੇ ਵਿਅਕਤੀ ਦਾ ਦੂਰ ਦਾ ਵੀ ਵਾਹ ਵਾਸਤਾ ਵੀ ਨਹੀਂ ਹੁੰਦਾ। ਤੁਸੀਂ ਉਸਦੇ ਚਿਹਰੇ ਦੇ ਹਾਵ ਭਾਵ ਤੇ ਨਕਲੀ ਮੁਸਕਾਨ ਤੋਂ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹੋ ਕਿ ਉਹ ਅਜਿਹਾ ਪ੍ਰਭਾਵ ਦੇ ਕੇ ਤੁਹਾਨੂੰ ਸਿਰਫ ਬੁੱਧੂ ਬਣਾ ਰਿਹਾ ਹੈ। ਚੌਧਰ ਦਾ ਭੁੱਖਾ ਬੰਦਾ ਕਲੇਸ਼ੀ ਹੁੰਦਾ ਹੈ। ਉਹ ਜਿੱਥੋਂ ਵੀ ਵਿਚਰੇਗਾ ਨਫਰਤ ਫੈਲਾਏਗਾ, ਧੜੇਬੰਦੀਆ ਖੜੀਆਂ ਕਰੇਗਾ, ਚੰਗੇ ਕਾਰਜਾਂ ਵਿੱਚ ਵਿਘਨ ਪਾਏਗਾ ਤੇ ਹਮੇਸ਼ਾ ਕੋਸ਼ਿਸ਼ ਕਰੇਗਾ ਕਿ ਜੋ ਵੀ ਹੋਵੇ, ਉਹ ਸਾਰਾ ਉਸ ਦੀ ਮਰਜ਼ੀ ਮੁਤਾਬਿਕ ਹੀ ਹੋਵੇ।

ਨੇਤਾਗਿਰੀ ਅਤੇ ਚੌਧਰ ਦੇ ਚੱਕਰ ਵਿੱਚ ਉਹ ਵਿਅਕਤੀ ਇਹ ਵੀ ਭੁੱਲ ਜਾਏਗਾ ਕਿ ਉਹ ਕਿੱਥੇ ਤੇ ਕਿਸ ਸਥਾਨ 'ਤੇ ਖੜੇ ਹੋ ਕੇ ਕਿਹੜੀ ਗੱਲ ਕਰ ਰਿਹਾ ਹੈ। ਨੇਤਾਗਿਰੀ ਦਾ ਲਾਲਚ ਉਸ ਨੂੰ ਮਾਨਸਿਕ ਪੱਖੋਂ ਇੰਨਾ ਕਮੀਨਾ ਬਣਾ ਦੇਵੇਗਾ ਕਿ ਉਸ ਦੀ ਅਕਲ 'ਤੇ ਪਰਦਾ ਪੈ ਜਾਵੇਗਾ। ਸ਼ਾਇਦ ਇਹੀ ਕਾਰਨ ਹੈ ਕਿ ਡਾ. ਭੀਮ ਰਾਓ ਅੰਬੇਦਕਰ ਨੇ ਕਿਹਾ ਹੈ ਕਿ ਆਪਸੀ ਝਗੜਿਆਂ ਤੋਂ ਬਚੋ ਨਹੀਂ ਤਾਂ ਨੇਤਾਗਿਰੀ ਦਾ ਲਾਲਚ ਤੁਹਾਨੂੰ ਇੰਨਾ ਕਮਜ਼ੋਰ ਕਰ ਦੇਵੇਗਾ, ਤੁਹਾਡੀ ਸਥਿਤੀ ਵਿਗੜ ਜਾਵੇਗੀ ਤੇ ਤੁਸੀਂ ਨਿਸ਼ਾਨੇ ਤੋਂ ਭਟਕ ਜਾਵੋਂਗੇ।

ਚੌਧਰ ਅਤੇ ਨੇਤਾਗਿਰੀ ਦੇ ਜਾਲ ਵਿੱਚ ਇੱਕ ਵਾਰ ਫਸਿਆ ਕੋਈ ਵੀ ਮਨੁੱਖ ਫਿਰ ਵੱਡੇ ਤੋਂ ਵੱਡੇ ਅਪਰਾਧ ਵੀ ਅਸਾਨੀ ਨਾਲ ਕਰਨ ਦਾ ਆਦੀ ਹੋ ਜਾਂਦਾ ਹੈ। ਗੱਲ ਗੱਲ 'ਤੇ ਝੂਠ ਬੋਲਣਾ ਉਸ ਦੀ ਆਦਤ ਬਣ ਜਾਂਦੀ ਹੈ ਤੇ ਲੋਕਾਂ ਨੂੰ ਵੱਡੇ ਵੱਡੇ ਸਬਜ਼ਬਾਗ ਦਿਖਾ ਕੇ ਉਹਨਾਂ ਨੂੰ ਭਰਮਾਉਣਾ ਤੇ ਆਪਣੇ ਹਿਤਾਂ ਲਈ ਗੁਮਰਾਹ ਕਰਕੇ ਉਹਨਾਂ ਦਾ ਇਸਤੇਮਾਲ ਕਰਨਾ ਉਸ ਦੀ ਮੁਹਾਰਤ ਬਣ ਜਾਂਦੀ ਹੈ। ਇਹ ਆਮ ਦੇਖਿਆ ਜਾਂਦਾ ਹੈ ਕਿ ਇਸ ਤਰਾਂ ਦੀ ਮਾਰੂ ਬਿਰਤੀ ਤੇ ਹਉਮੈ ਦੇ ਸ਼ਿਕਾਰ ਲੋਕ ਆਪਣੇ ਆਪ ਨੂੰ ਕਈ ਵਾਰ ਭਗਤ, ਸੇਵਾਦਾਰ, ਪ੍ਰਧਾਨ, ਤੇ ਚੇਅਰਮੈਨ ਆਦਿ ਦਾ ਲੇਬਲ ਲਗਾ ਕੇ ਪੇਸ਼ ਕਰਦੇ ਹਨ ਅਤੇ ਆਪਣੇ ਆਪ ਨੂੰ ਅਸਲੀ ਨਾਵਾਂ ਦੀ ਬਜਾਏ ਉਕਤ ਲਕਬਾਂ ਦੇ ਨਾਮ ਨਾਲ ਹੀ ਬੁਲਾਏ ਜਾਣ 'ਤੇ ਅਥਾਹ ਖੁਸ਼ੀ ਤੇ ਸਕੂਨ ਮਹਿਸੂਸ ਕਰਦੇ ਹੋਏ ਫੁੱਲ ਕੇ ਕੁੱਪਾ ਹੋ ਜਾਂਦੇ ਹਨ।

ਉਕਤ ਕਿਸਮ ਦੇ ਲੋਕ ਆਪਣੇ ਆਲੇ ਦੁਆਲੇ ਚਾਪਲੂਸਾਂ ਦੀ ਭੀੜ ਜਮਾਂ ਰੱਖਣਾ ਪਸੰਦ ਕਰਦੇ ਹਨ ਤੇ ਚਾਪਲੂਸਾਂ ਦੇ ਜਮਘਟੇ ਵਿੱਚ ਰਹਿ ਕੇ ਬਹੁਤ ਖੁਸ਼ ਰਹਿੰਦੇ ਹਨ। ਆਪਣੀ ਮਸ਼ਹੂਰੀ ਵਾਸਤੇ ਪੇਡ ਖ਼ਬਰਾਂ ਵੀ ਲੁਆਉਂਦੇ ਹਨ ਤੇ ਲੋਕਾਂ ਵਿੱਚ ਇਹ ਕੂੜ ਪ੍ਰਚਾਰ ਕਰਦੇ ਹਨ ਕਿ ਉਹ ਮਹਾਨ ਹਨ ਤੇ ਜਨਤਾ ਦੀ ਵੱਡੀ ਸੇਵਾ ਕਰ ਰਹੇ ਹਨ। ਜੇਕਰ ਇੰਜ ਕਹਿ ਲਈਏ ਕਿ ਅਜਿਹੀ ਕਿਸਮ ਦੇ ਸਵਾਰਥੀ ਲੋਕ ਸ਼ੇਰ ਦੀ ਖੱਲ ਵਿੱਚ ਲੂੰਬੜ ਹੁੰਦੇ ਹਨ ਤਾਂ ਗਲਤ ਨਹੀਂ ਹੋਵੇਗਾ।

ਮੁੱਕਦੀ ਗੱਲ ਇਹ ਕੇ ਇਸ ਤਰਾਂ ਦੇ ਭੁੱਖੜ ਤੇ ਸਵਾਰਥੀ ਲੋਕਾਂ ਦੀ ਪਹਿਚਾਣ ਕਰਨੀ ਚਾਹੀਦੀ ਹੈ ਤੇ ਉਹਨਾਂ ਨੂੰ ਮੂੰਹ ਲਾਉਣੋ ਗੁਰੇਜ਼ ਕਰਨਾ ਚਾਹੀਦਾ ਹੈ, ਉਹਨਾਂ ਦੀਆਂ ਚਿਕਨੀਆਂ ਚੋਪੜੀਆਂ ਗੱਲਾਂ ਵਿੱਚ ਆਉਣ ਦੀ ਬਜਾਏ ਉਹਨਾਂ ਨੂੰ ਮੌਕੇ 'ਤੇ ਹੀ ਫਿਟਕਾਰਨਾ ਚਾਹੀਦਾ ਹੈ ਤਾਂ ਕਿ ਸਮਾਜ ਅਤੇ ਸਮਾਜਿਕ ਸੰਸਥਾਵਾਂ ਨੂੰ ਅਜਿਹੇ ਕਮੀਨੇ ਸਵਾਰਥੀ ਤੇ ਘਟੀਆ ਅਨਸਰਾਂ ਤੋਂ ਮੁਕਤ ਰੱਖਿਆ ਜਾ ਸਕੇ।

# ਅਮਰੀਕਾ ਵਿੱਚ ਨਸਲਵਾਦ ਵਿਰੋਧੀ ਘੋਲ਼ ਨੇ ਸਰਮਾਏਦਾਰਾ ਪ੍ਰਬੰਧ ਦੇ ਜਾਬਰ ਚਿਹਰੇ ਨੂੰ ਬੇਨਕਾਬ ਕੀਤਾ

**- ਸੁਖਦੇਵ**

ਅਮਰੀਕਾ ਦੇ ਵੱਡੀ ਗਿਣਤੀ ਸ਼ਹਿਰਾਂ ਵਿੱਚ, ਹਰ ਜਗਾ ਹਜ਼ਾਰਾਂ ਦੀ ਗਿਣਤੀ ਵਿੱਚ ਮੁਜਾਹਰਾਕਾਰੀਆਂ ਦੇ ਹੱਥ ਤਖਤੀਆਂ ਹਨ ਜਿਨਾਂ ‘ਤੇ ਲਿਖਿਆ ਹੋਇਆ ਹੈ, ਮੈਨੂੰ ਸਾਹ ਨਹੀਂ ਆ ਰਿਹਾ ਹੈ। ਇਹੋ ਲਫ਼ਜ਼ ਹੀ, ਨਾਹਰੇ ਲਾਉਂਦੇ ਮੁਜਾਹਰਾਕਾਰੀਆਂ ਦੇ ਮੂੰਹਾਂ ‘ਤੇ ਹਨ। ਇਹ ਇੱਕ ਅਜਿਹੀ ਇਬਾਰਤ ਹੈ ਜਿਸ ਨੇ ਸਰਮਾਏਦਾਰਾ ਪ੍ਰਬੰਧ ਦੇ ਦਮ ਘੁੱਟਵੇਂ ਮਾਹੌਲ ਅਤੇ ਪ੍ਰਸ਼ਾਸਨਿਕ ਜਬਰ ਨੂੰ ਨੰਗਿਆਂ ਕਰ ਦਿੱਤਾ ਹੈ। ਸੰਸਾਰ ਭਰ ਵਿੱਚ ਕਈ ਤਰੀਕਿਆਂ ਨਾਲ਼, ਮਜ਼ਦੂਰਾਂ ਅਤੇ ਕਿਰਤੀ ਲੋਕਾਂ ਦਾ ਸਾਹ ਘੁੱਟਣ ਵਾਲ਼ੇ ਲੁਟੇਰੇ ਪ੍ਰਬੰਧ ਦੇ ਖਿਲਾਫ਼, ਰੋਹ ਦਾ ਪ੍ਰਤੀਕ ਬਣ ਗਏ ਇਹ ਸ਼ਬਦ, ਜੌਰਜ ਫਲੌਇਡ ਦੇ ਆਖਰੀ ਸ਼ਬਦ ਹਨ। 25 ਮਈ 2020 ਸੋਮਵਾਰ, ਅਫਰੀਕਨ ਮੂਲ ਦੇ ਕਾਲ਼ੇ ਅਮਰੀਕਨ ਨਾਗਰਿਕ ਜੌਰਜ ਫਲੌਇਡ ਦੀ ਗ੍ਰਿਫਤਾਰੀ ਵੇਲੇ, ਗੋਰੇ ਪੁਲੀਸ ਅਫਸਰ ਨੇ ਜੌਰਜ ਫਲੌਇਡ ਦੀ ਧੌਣ ‘ਤੇ ਗੋਡਾ ਰੱਖ ਕੇ, ਗਲ਼ ਘੁੱਟ ਕੇ ਮਾਰ ਦਿੱਤਾ।

ਵੇਖਦੇ ਹੀ ਵੇਖਦੇ ਸਾਰੇ ਅਮਰੀਕਾ ਵਿੱਚ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ। ਅਮਰੀਕਾ ਦੇ ਅਫਰੀਕਨ ਮੂਲ ਦੇ ਕਾਲ਼ੇ ਲੋਕਾਂ, ਹੋਰ ਗੈਰ ਗੋਰੀ ਅਬਾਦੀ ਦੇ ਨਾਗਰਿਕਾਂ, ਗੋਰੇ ਅਮਰੀਕਨ ਮਜ਼ਦੂਰਾਂ, ਕਿਰਤੀਆਂ ਅਤੇ ਅਗਾਂਹਵਧੂ ਗੋਰੇ ਨਾਗਰਿਕਾਂ ਦਾ ਨਸਲੀ ਹਿੰਸਾ ਵਿਰੁੱਧ ਰੋਹ ਬਾਹਰ ਆ ਗਿਆ। ਇਸ ਜਾਬਰ ਅਤੇ ਬੇਕਿਰਕ ਘਟਨਾ ਨੇ ਲੋਕਾਂ ਦੇ ਦੱਬੇ ਗੁੱਸੇ ਨੂੰ ਬਾਹਰ ਕੱਢ ਦਿੱਤਾ। ਸ਼ੁੱਕਰਵਾਰ ਤੱਕ 30 ਤੋਂ ਵੱਧ ਸ਼ਹਿਰਾਂ ਵਿੱਚ ਕਰਫਿਊ ਲਾ ਦਿੱਤਾ ਗਿਆ। ਘਟਨਾ ਵਾਲ਼ੇ ਸ਼ਹਿਰ ਮਿਨੀਆਪੋਲਿਸ ਸਮੇਤ ਡੈਟਰਾਇਟ, ਨਿਊਯਾਰਕ, ਐਟਲਾਂਟਾ, ਪੋਰਟਲੈਂਡ, ਲੌਸ ਏਂਜਲਸ ਅਤੇ ਕੈਲੀਫੋਰਨੀਆ ਵਿੱਚ ਲੋਕਾਂ ਨੇ ਕਰਫਿਊ ਦੀ ਉਲੰਘਣਾ ਕਰਕੇ ਮੁਜ਼ਾਹਰੇ ਕੀਤੇ। ਵਾਈਟ ਹਾਊਸ ਦੇ ਨੇੜੇ ਜ਼ੋਰਦਾਰ ਪ੍ਰਦਰਸ਼ਨ ਹੋਣ ਕਾਰਨ, ਮੁਲਕ ਦੇ ਸਭ ਤੋਂ ਵੱਡੇ ਸਦਰ ਮੁਕਾਮ ਨੂੰ, ਕੁਝ ਸਮੇਂ ਲਈ ਜਿੰਦਰੇ ਮਾਰ ਦਿੱਤੇ ਗਏ। ਅਮਰੀਕਾ ਦੀ ਖੁਫੀਆ ਸੇਵਾ ਨੇ ਤੇਜ਼ੀ ਨਾਲ ਵਾਈਟ ਹਾਊਸ ਦੇ ਸਾਰੇ ਦਰਵਾਜੇ ਬੰਦ ਕੀਤੇ। ਰਾਸ਼ਟਰਪਤੀ ਟਰੰਪ ਦੇ ਆਦੇਸ਼ ਨਾਲ਼, ਪੈਂਟਾਗਨ ਨੇ ਫੌਜ ਨੂੰ ਤਿਆਰ ਰਹਿਣ ਦੇ ਹੁਕਮ ਜਾਰੀ ਕਰ ਦਿੱਤੇ। ਟਰੰਪ ਨੇ ਬਲਦੀ ‘ਤੇ ਤੇਲ ਪਾਉਂਦੇ ਹੋਏ ਕਿਹਾ ਕਿ ਮੁਜ਼ਾਹਰਾਕਾਰੀ ਠੱਗ ਹਨ, ਜਿੱਥੇ ਲੁੱਟ ਹੋਵੇਗੀ ਉੱਥੇ ਗੋਲ਼ੀ ਚੱਲੇਗੀ ਅਤੇ ਫੌਜੀ ਤਾਕਤ ਵੀ ਵਰਤ ਸਕਦੀ ਹੈ। ਇਸ ਬਿਆਨ ਨੇ ਲੋਕਾਂ ਦਾ ਗੁੱਸਾ ਹੋਰ ਵਧਾ ਦਿੱਤਾ। ਬਾਅਦ ਵਿੱਚ ਰਾਸ਼ਟਰਪਤੀ ਨੂੰ ਟਵਿੱਟਰ ‘ਤੇ ਸਫ਼ਾਈਆਂ ਦੇਣ ਦਾ ਨਾਟਕ ਵੀ ਕਰਨਾ ਪਿਆ। ਜਾਰਜੀਆ ਦੇ ਗਵਰਨਰ ਨੇ ਸਨਿੱਚਰਵਾਰ ਨੂੰ ਰਾਜ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ।

ਮਿਨੀਆਪੋਲਿਸ ਅਤੇ ਸੇਂਟ ਪਾਲ ਜੁੜਵੇਂ ਸ਼ਹਿਰ ਹਨ, ਜਿੱਥੇ ਗੋਰਿਆਂ ਦੀ ਅਬਾਦੀ ਵੱਧ ਹੈ ਤੇ ਲਗਪਗ ਚੌਥਾ ਹਿੱਸਾ ਅਬਾਦੀ ਕਾਲਿਆਂ ਦੀ ਹੈ, ਜੋ ਸ਼ਹਿਰ ਦੇ ਉੱਤਰੀ ਹਿੱਸੇ ਵਿੱਚ, ਲਾਲ ਲਕੀਰ ਵਾਲ਼ੇ ਵੱਖਰੇ ਰਿਹਾਇਸ਼ ਇਲਾਕੇ ਵਿੱਚ ਰਹਿੰਦੇ ਹਨ। ਮਹਾਂਮਾਰੀ ਤੋਂ ਪਹਿਲਾਂ ਹੀ ਇੱਥੋਂ ਦੇ 10 ਫੀਸਦੀ ਕਾਲ਼ੇ ਅਤੇ 4 ਫੀਸਦੀ ਗੋਰੇ ਬੇਰੁਜ਼ਗਾਰ ਸਨ। ਗੋਰੀ ਅਬਾਦੀ ਦਾ ਅਗਾਂਹਵਧੂ ਹਿੱਸਾ ਵੀ ਨਸਲਵਾਦੀ ਹਿੰਸਾ ਦੇ ਖਿਲਾਫ, ਕਾਲ਼ੇ ਲੋਕਾਂ ਦੇ ਨਾਲ਼ ਹੈ। ਇੱਥੋਂ ਤੱਕ ਕਿ ਜੌਰਜ ਫਲੌਇਡ ਦੇ ਕਾਤਲ, ਨਸਲਵਾਦੀ ਫਾਸਿਸਟ ਗੋਰੇ ਪੁਲੀਸ ਅਫਸਰ ਦੀ ਪਤਨੀ ਨੇ ਵੀ ਇਸ ਘਟਨਾ ਦੇ ਵਿਰੋਧ ਵਿੱਚ ਪਤੀ ਨੂੰ ਤਲਾਕ ਦੇ ਦਿੱਤਾ ਹੈ। ਹੁਣ ਤੱਕ 5 ਮੌਤਾਂ ਦੀ ਖਬਰ ਹੈ। ਅਮਰੀਕਾ ਦੇ ਇਨਾਂ ਦੇਸ ਵਿਆਪੀ ਮੁਜਾਹਰਿਆਂ ਨੇ, ਅਮਰੀਕਾ ਸਮੇਤ ਸੰਸਾਰ ਭਰ ਦੇ ਸਰਮਾਏ ਦੇ ਪ੍ਰਭੂਆਂ ਦੀ ਨੀਂਦ ਹਰਾਮ ਕਰ ਦਿੱਤੀ ਹੈ। ਹੁਣ ਕਈ ਹੋਰ ਦੇਸ਼ਾਂ ਵਿੱਚੋਂ ਵੀ ਮੁਜ਼ਾਹਰਿਆਂ ਦੀਆਂ ਖ਼ਬਰਾਂ ਆ ਰਹੀਆਂ ਹਨ।

ਸਰਮਾਏਦਾਰੀ ਦੇ ਵਿਕਾਸ ਦਾ ਇਤਿਹਾਸ ਮੁੱਢ ਤੋਂ ਹੀ ਕਿਰਤੀ ਲੋਕਾਂ ਦੇ ਲਹੂ ਨਾਲ਼ ਲਿੱਬੜਿਆ ਇਤਿਹਾਸ ਹੈ। ਸਰਮਾਏਦਾਰਾ ਸੰਸਾਰ ਦੀ ਨਮੂਨੇ ਦੀ ਜਮਹੂਰੀਅਤ ਅਮਰੀਕਾ ਦਾ ਇਤਿਹਾਸ ਵੀ ਕੋਈ ਛੋਟ ਨਹੀਂ ਹੈ। ਅਮਰੀਕਾ ਦਾ ਨਸਲੀ ਹਿੰਸਾ ਵਿਰੁੱਧ ਘੋਲ਼, ਸਰਮਾਏਦਾਰਾ ਢਾਂਚੇ ਵਿਰੁੱਧ ਘੋਲ਼ ਦੇ ਨਾਲ਼-ਨਾਲ਼, ਆਧੁਨਿਕ ਗੁਲਾਮਦਾਰੀ ਵਿਰੁੱਧ ਬਹਾਦਰੀ ਭਰੇ ਘੋਲ਼ ਦਾ ਇਤਿਹਾਸ ਵੀ ਹੈ।

ਮਜ਼ਦੂਰ ਜਮਾਤ ਦੇ ਪਹਿਲੇ ਅਧਿਆਪਕ ਅਤੇ ਮਹਾਨ ਇਨਕਲਾਬੀ ਮਾਰਕਸ, ਆਪਣੀ ਰਚਨਾ ‘ਫਲਸਫੇ ਦੀ ਕੰਗਾਲੀ’ ਵਿੱਚ ਲਿਖਦੇ ਹਨ, '. ਗ਼ੁਲਾਮਦਾਰੀ ਤੋਂ ਬਿਨਾਂ ਇੱਥੇ ਕਪਾਹ ਨਹੀਂ ਹੋਣੀ ਸੀ, ਕਪਾਹ ਤੋਂ ਬਿਨਾਂ ਆਧੁਨਿਕ ਸੱਨਅਤ ਨਹੀਂ ਹੋਣੀ ਸੀ, ਇਹ ਗੁਲਾਮਦਾਰੀ ਹੈ ਜਿਸ ਨੇ ਬਸਤੀਆਂ ਨੂੰ ਕਦਰ ਦਿੱਤੀ, ਇਹ ਬਸਤੀਆਂ ਹਨ ਜਿਨਾਂ ਨੇ ਸੰਸਾਰ ਵਪਾਰ ਪੈਦਾ ਕੀਤਾ ਹੈ, ਅਤੇ ਵੱਡੇ ਪੱਧਰ ਦੀ ਮਸ਼ੀਨੀ ਸੱਨਅਤ ਲਈ ਸੰਸਾਰ ਵਪਾਰ ਜ਼ਰੂਰੀ ਸ਼ਰਤ ਹੈ।




ਇਸ ਵਾਸਤੇ, ਗੁਲਾਮਦਾਰੀ, ਉੱਚੇ ਦਰਜੇ ਦੇ ਮਹੱਤਵ ਵਾਲਾ ਆਰਥਿਕ ਪ੍ਰਾਵਰਗ ਹੈ।' ਸਰਮਾਏਦਾਰੀ ਦੇ ਵਿਕਾਸ ਨਾਲ਼ ਗੁਲਾਮਦਾਰੀ ਦੇ ਸਬੰਧਾਂ ਬਾਰੇ ਇਸ ਸਟੀਕ ਟਿੱਪਣੀ ਦੇ ਨਾਲ਼ ਹੀ, ਮਾਰਕਸ ਨੇ ਸ਼ੁਰੂ ਤੋਂ ਹੀ ਸਰਮਾਏਦਾਰੀ ਦੇ ਖ਼ਿਲਾਫ਼ ਗੁਲਾਮਾਂ ਦੇ ਘੋਲ਼ ਦਾ ਉੱਚ ਮੁਲਾਂਕਣ ਕੀਤਾ ਹੈ। ਲਗਭਗ 400 ਸਾਲ ਪਹਿਲਾਂ, 1619 ਵਿੱਚ ਅਮਰੀਕਾ ਦੇ ਵਰਜੀਨੀਆ ਵਿਖੇ, 20 ਅਫਰੀਕੀ ਗੁਲਾਮਾਂ ਨੂੰ ਇੱਕ ਡੱਚ ਜਹਾਜ ‘ਤੇ ਲਿਆਉਣ ਨਾਲ਼ ਅਮਰੀਕਾ ਵਿੱਚ ਗੁਲਾਮਾਂ ਦੇ ਵਪਾਰ ਦੀ ਸ਼ੁਰੂਆਤ ਹੁੰਦੀ ਹੈ। ਉਸੇ ਦਿਨ ਤੋਂ ਹੀ ਗੁਲਾਮਦਾਰੀ ਵਿਰੁੱਧ ਸਰਮਾਏਦਾਰੀ ਦੀ ਨਸਲਵਾਦੀ ਨੀਤੀ ਖਿਲਾਫ ਘੋਲ਼ ਵੀ ਸ਼ੁਰੂ ਹੋ ਜਾਂਦਾ ਹੈ।

ਕਾਲ਼ੇ ਅਫਰੀਕਨ ਮੁੰਡੇ, ਕੁੜੀਆਂ, ਬੱਚੇ, ਬੁੱਢੇ ਅਤੇ ਔਰਤਾਂ ਦੀਆਂ ਮੰਡੀਆਂ ਦਾ ਖ਼ੂਨ ਅਤੇ ਹੰਝੂਆਂ ਭਰਿਆ ਇਤਿਹਾਸ, ਇੱਕ ਵੱਖਰਾ ਵਿਸ਼ਾ ਹੈ। ਇਨਸਾਨਾਂ ਦੀਆਂ ਪਸ਼ੂਆਂ ਵਾਂਗ ਮੰਡੀਆਂ ਲੱਗਦੀਆਂ ਸਨ। ਤੁਸੀਂ ਇੰਟਰਨੈੱਟ ‘ਤੇ ਖੋਜ ਕੇ ਉਸ ਦੌਰ ਦੀਆਂ ਰੂਹ ਕੰਬਾਊ ਤਸਵੀਰਾਂ ਹੰਝੂ ਵਹਾਏ ਬਿਨਾਂ ਨਹੀਂ ਵੇਖ ਸਕਦੇ। ਮੈਨੂੰ ਇੱਕ ਤਸਵੀਰ ਵੇਖਣ ਨੂੰ ਮਿਲ਼ੀ ਜਿਸ ਵਿੱਚ ਇੱਕ 5 ਸਾਲ ਦੇ ਕਾਲ਼ੇ ਬੱਚੇ ਨੂੰ ਫਾਂਸੀ ‘ਤੇ ਲਟਕਾਉਣ ਸਮੇਂ ਬਾਈਬਲ ਦਾ ਪਾਠ ਕਰਨ ਦਾ ਦ੍ਰਿਸ਼ ਸੀ। ਉਸ ਬੱਚੇ ਦਾ ਗੁਨਾਹ ਇਹ ਸੀ ਕਿ ਉਸ ਦੇ ਗੁਲਾਮ ਬਾਪ ਨੇ ਆਪਣੇ ਮਾਲਕ ਦੇ ਘਰ ਤੈਅਸ਼ੁਦਾ ਅਨਾਜ ਨਹੀਂ ਪਹੁੰਚਾਇਆ ਸੀ। 1850 ਤੱਕ ਅਫਰੀਕਨ ਮੂਲ ਦੇ ਗੁਲਾਮਾਂ ਦੇ ਨਾਂ ਗੋਰੇ ਮਾਲਕਾਂ ਦੀ ਜਾਇਦਾਦ ਅਤੇ ਪਸ਼ੂ ਡੰਗਰਾਂ ਦੀ ਸੂਚੀ ਵਿੱਚ ਜਾਇਦਾਦ ਦੀ ਇੱਕ ਮੱਦ ਦੇ ਤੌਰ ‘ਤੇ ਸ਼ਾਮਲ ਕੀਤੇ ਜਾਂਦੇ ਸਨ। ਉਸ ਵੇਲੇ ਦੇ ਸੰਸਾਰ ਸਰਮਾਏ ਦੇ ਵੱਡੇ ਚੌਧਰੀ ਬਰਤਾਨੀਆ ਦਾ ਗੁਲਾਮਾਂ ਦੇ ਵਪਾਰ ਦਾ ਧੰਦਾ ਅੰਧ-ਮਹਾਂਸਾਗਰ ਦੇ ਇਲਾਕੇ ਵਿੱਚ ਸੰਸਾਰ ਦਾ ਸਭ ਤੋਂ ਵੱਡਾ ਧੰਦਾ ਸੀ। ਅਮਰੀਕਾ ਦੇ ਪਹਿਲੇ 12 ਵਿੱਚੋਂ 8 ਰਾਸ਼ਟਰਪਤੀ ਖੁਦ ਗੁਲਾਮਾਂ ਦੇ ਮਾਲਕ ਸਨ। ਖ਼ੁਦ ਇਬਰਾਹਿਮ ਲਿੰਕਨ ਨੇ ਮੰਨਿਆ ਸੀ ਕਿ ਅਮਰੀਕਾ ਦਾ ਗ੍ਰਹਿ ਯੁੱਧ ਗੁਲਾਮਦਾਰੀ ਦੇ ਖਾਤਮੇ ਲਈ ਨਹੀਂ ਸਗੋਂ ਅਮਰੀਕਾ ਨੂੰ ਇੱਕ ਰੱਖਣ ਲਈ ਲੜਿਆ ਗਿਆ ਸੀ।

ਇਤਿਹਾਸਕ ਮਜ਼ਬੂਰੀ ਸੀ ਕਿ ਗੁਲਾਮਾਂ ਦੇ ਮਾਲਕਾਂ ਦੇ ਦਬਦਬੇ ਵਾਲ਼ੇ ਦੱਖਣੀ ਅਮਰੀਕਾ ਦੇ ਰਾਜਾਂ ਵਿਰੁੱਧ ਲੜਾਈ ਜਿੱਤੇ ਬਿਨਾਂ ਅਮਰੀਕਾ ਨੂੰ ਇੱਕ ਨਹੀਂ ਰੱਖਿਆ ਜਾ ਸਕਦਾ ਸੀ। ਅਮਰੀਕਾ ਵਿੱਚ ਸਰਮਾਏਦਾਰੀ ਦੇ ਵਿਕਾਸ ਲਈ ਇਹ ਜ਼ਰੂਰੀ ਹੋ ਗਿਆ ਸੀ। ਅਮਰੀਕਾ ਵਿੱਚ ਅਫਰੀਕਨ ਗੁਲਾਮਾਂ ਦੇ ਮੁਕਤੀ ਘੋਲ਼ ਅਤੇ ਸਰਮਾਏਦਾਰੀ ਪ੍ਰਬੰਧ ਦੀ ਸਥਿਰਤਾ ਲਈ ਸਾਂਝੇ ਦੁਸ਼ਮਣ ਦੱਖਣੀ ਰਾਜਾਂ ਵਿਰੁੱਧ ਘੋਲ਼ ਨੇ ਗੁਲਾਮਦਾਰੀ ਵਿਰੁੱਧ ਘੋਲ਼ ਨੂੰ ਮਜ਼ਬੂਤੀ ਦੇਣ ਦੇ ਨਾਲ਼ ਹੀ ਅਮਰੀਕਾ ਵਿੱਚ ਸਰਮਾਏਦਾਰੀ ਦੇ ਵਿਕਾਸ ਨੂੰ ਵੀ ਹੁਲਾਰਾ ਦਿੱਤਾ। 1865 ਵਿੱਚ ਗ੍ਰਹਿ ਯੁੱਧ ਦੇ ਖਾਤਮੇ ਤੇ ਗੁਲਾਮਦਾਰੀ ਦੇ 246 ਸਾਲਾਂ ਦੇ ਪਹਿਲੇ ਦੌਰ ਦਾ ਅੰਤ ਹੋ ਗਿਆ। ਨਵੇਂ ਇੱਕ ਮੁੱਠ ਅਮਰੀਕਾ ਵਿੱਚ ਗੁਲਾਮਾਂ ਨੂੰ ਕੁਝ ਹੱਕ ਦੇਣੇ ਪਏ। ਪਰ ਕਾਲ਼ੇ ਗੁਲਾਮਾਂ ਦਾ ਘੋਲ਼ ਖਤਮ ਨਹੀਂ ਹੋਇਆ, ਇੱਕ ਨਵੇਂ ਪੜਾਅ ਵਿੱਚ ਦਾਖਲ ਹੋ ਗਿਆ ਸੀ। ਜੰਗ ਖ਼ਤਮ ਹੁੰਦਿਆਂ ਹੀ, 5 ਦਿਨਾਂ ਬਾਅਦ ਲਿੰਕਨ ਦਾ ਕਤਲ ਹੋ ਗਿਆ। ਗ੍ਰਹਿ ਯੁੱਧ ਦੌਰਾਨ ਕਾਲ਼ੇ ਮੁਕਤੀ ਯੋਧਿਆਂ ਨਾਲ਼ ਦਾਅ-ਪੇਚਕ ਏਕਤਾ ਦੀ ਕੀਮਤ, ਲਿੰਕਨ ਨੂੰ ਜਾਨ ਗਵਾ ਕੇ ਦੇਣੀ ਪਈ। ਇੱਕ ਪਾਸੇ ਗ੍ਰਹਿ ਯੁੱਧ ਤੋਂ ਬਾਅਦ ਗੁਲਾਮਾਂ ਨੂੰ ਕੁਝ ਹੱਕ ਦੇਣ ਦਾ ਦਬਾਅ ਵਧਿਆ ਸੀ, ਦੂਜੇ ਪਾਸੇ ਦੱਖਣੀ ਰਾਜਾਂ ਦੀਆਂ ਹਕੂਮਤਾਂ ਨੇ ਜ਼ਾਬਰ ਕਾਲ਼ੇ ਕਾਨੂੰਨ ਬਣਾਉਣੇ ਸ਼ੁਰੂ ਕਰ ਦਿੱਤੇ, ਜਿਹੜੇ ‘ਬਲੈਕ ਕੋਡ’ ਜਾਂ ‘ਕਾਲ਼ੇ ਕੋਡ’ ਦੇ ਨਾਂਅ ਨਾਲ਼ ਜਾਣੇ ਜਾਂਦੇ ਹਨ। ਪਹਿਲਾਂ ਮਿਸੀਸਿੱਪੀ ਤੇ ਫਿਰ ਕੈਰੋਲੀਨਾ ਵਿੱਚ ‘ਕਾਲ਼ਾ ਕੋਡ’ ਮਨਜ਼ੂਰ ਕੀਤਾ ਗਿਆ। ਇਸ ਦੀਆਂ ਕਈ ਵਿਤਕਰੇ ਵਾਲੀਆਂ ਮੱਦਾਂ ਵਿੱਚੋਂ, ਕੁਝ ਇਸ ਤਰਾਂ ਸਨ ਕਿ ਕਾਲ਼ੇ ਮਜ਼ਦੂਰਾਂ ਨੂੰ, ਗੋਰੇ ਮਾਲਕਾਂ ਦੀਆਂ ਜਾਇਦਾਦਾਂ ਤੇ ਬਣੀਆਂ ਰਿਹਾਇਸ਼ਾਂ ਵਿੱਚ ਹੀ ਰਹਿਣਾ ਪਵੇਗਾ। ਸੂਰਜ ਚੜਨ ਤੋਂ ਲੈ ਕੇ ਡੁੱਬਣ ਤੱਕ ਕੰਮ ਕਰਨਾ ਹੋਵੇਗਾ। ਮਾਲਕ ਦੀ ਆਗਿਆ ਤੋਂ ਬਿਨਾਂ ਕਿਤੇ ਜਾ ਨਹੀਂ ਸਕਦੇ। ਬਿਮਾਰੀ ਕਾਰਨ ਛੁੱਟੀ ਦੀ ਤਨਖਾਹ ਕੱਟੀ ਜਾਵੇਗੀ। ਜੇ ਕੋਈ ਚੋਰੀ ਭੱਜ ਜਾਂਦਾ ਹੈ ਤਾਂ ਜੱਜ ਦੇ ਹੁਕਮ ਨਾਲ਼ ਗ੍ਰਿਫਤਾਰ ਕਰਕੇ ਮਾਲਕ ਦੇ ਹਵਾਲੇ ਕੀਤਾ ਜਾਵੇਗਾ।

ਨਾਬਾਲਗ ਮਜ਼ਦੂਰਾਂ ਅਤੇ ਔਰਤਾਂ ਨੂੰ ਸਿਖਲਾਈ ਦੇ ਨਾਂ ‘ਤੇ ਮਾਲਕ ਸਰੀਰਕ ਸਜ਼ਾ ਦੇ ਸਕਦਾ ਸੀ। ‘ਬਲੈਕ ਕੋਡ’ ਗੋਰੇ ਮਾਲਕਾਂ ਨੂੰ ਮਜ਼ਦੂਰ ਮੁਹੱਈਆ ਕਰਵਾਉਣ ਦਾ ਪੱਕਾ ਸਰੋਤ ਬਣ ਗਿਆ ਸੀ। ਅਵਾਰਾ ਜਾਂ ਮੰਗਤਿਆਂ ਨੂੰ ਸਥਾਨਕ ਜੱਜ ਬਾਮੁਸ਼ੱਕਤ ਕੈਦ ਦੀ ਸਜਾ ਦੇਂਦੇ ਸਨ। ਕੈਦ ਦੇ ਦੌਰਾਨ ਕੰਮ ਵਾਸਤੇ ਗੋਰੇ ਮਾਲਕਾਂ ਦੇ ਹਵਾਲੇ ਕਰ ਦਿੰਦੇ ਸਨ। ਹਕੀਕਤ ਵਿੱਚ ਤਬਦੀਲੀ ਤਾਂ ਹੋਈ ਸੀ, ਪਰ ਇਸ ਤਬਦੀਲੀ ਦਾ ਤੱਤ ਇਹ ਸੀ ਕਿ ਵੇਚੇ ਖਰੀਦੇ ਜਾਣ ਵਾਲ਼ੇ ਗੁਲਾਮ, ਹੁਣ ਬੰਧੂਆ ਮਜ਼ਦੂਰਾਂ ਦੀ ਹਾਲਤ ਵਿੱਚ ਪਹੁੰਚਾ ਦਿੱਤੇ ਗਏ ਸਨ। ਭਾਵੇਂ 1865 ਵਿੱਚ ਹੀ, ਅਮਰੀਕਨ ਸੰਵਿਧਾਨ ਵਿਚ 13ਵੀਂ ਸੋਧ ਨਾਲ਼, ਰਸਮੀ ਤੌਰ ‘ਤੇ ਗੁਲਾਮਦਾਰੀ ਖਤਮ ਕਰ ਦਿੱਤੀ ਗਈ ਸੀ, ਪਰ ਅਮਲ ਵਿੱਚ ਕਿਸੇ ਵੀ ਹੱਕ ਨੂੰ ਲਾਗੂ ਕਰਵਾਉਣ ਲਈ, ਜ਼ਬਰਦਸਤ ਸੰਘਰਸ਼ ਕਰਨੇ ਪੈਂਦੇ ਸਨ। ਗ੍ਰਹਿ ਯੁੱਧ ਤੋਂ ਬਾਅਦ ਦੇ ਸਮੇਂ ਨੂੰ ਮੁੜ ਉਸਾਰੀ ਦਾ ਸਮਾਂ ਵੀ ਕਿਹਾ ਜਾਂਦਾ ਹੈ। ਮੁੜ ਉਸਾਰੀ ਦੇ ਸਮੇਂ ਕਾਲ਼ੇ ਨਾਗਰਿਕਾਂ ਖਿਲਾਫ ਬਣਾਏ ਜਾਣ ਵਾਲ਼ੇ ਕਾਨੂੰਨ, ‘ਜਿੰਮ ਕਰੋਅ’ ਕਨੂੰਨਾਂ ਦੇ ਨਾਂਅ ਨਾਲ਼ ਮਸ਼ਹੂਰ ਹਨ। ‘ਜਿੰਮ ਕਰੋਅ’ ਮੰਦ ਬੁੱਧੀ ਪਾਤਰ ਲਈ ਵਰਤਿਆ ਜਾਣ ਵਾਲ਼ਾ ਨਾਂ ਸੀ ਜੋ ਅਪਮਾਨ ਦੇ ਤੌਰ ‘ਤੇ ਕਾਲ਼ੇ ਨਾਗਰਿਕਾਂ ਸਬੰਧੀ ਕਨੂੰਨਾਂ ਲਈ ਲਿਆ ਜਾਂਦਾ ਸੀ। 1890 ਵਿੱਚ ਲੂਸੀਆਨਾ ਰਾਜ ਨੇ, ਸਫ਼ਰ ਵਿੱਚ ਵੱਖਰੀ ਥਾਂ ਜਾਂ ਗੱਡੀ ਵਿੱਚ ਕਾਲ਼ਿਆਂ ਲਈ ਵੱਖਰੇ ਡੱਬਿਆਂ ਵਿੱਚ ਸਫਰ ਕਰਨ ਦਾ ਕਾਨੂੰਨ ਬਣਾਇਆ।

1896 ‘ਚ ਸੁਪਰੀਮ ਕੋਰਟ ਵੱਲੋਂ ਕਾਲ਼ੇ ਨਾਗਰਿਕਾਂ ਨੂੰ ਵੱਖ ਕਰਨ ਵਾਲ਼ੇ ਪਾਬੰਦੀਆਂ ਵਾਲ਼ੇ ਕਨੂੰਨਾਂ ‘ਤੇ ਮੋਹਰ ਲਾਉਣ ਤੋਂ ਬਾਅਦ ਵਿਤਕਰੇ ਭਰੇ ਕਾਨੂੰਨਾਂ ਦਾ ਇੱਕ ਸਿਲਸਿਲਾ ਚੱਲ ਪਿਆ, ਜਿਹੜੇ ਜਿੰਮ ਕਰੋਅ ਕਾਨੂੰਨਾਂ ਦੇ ਨਾਂਅ ਨਾਲ਼ ਪ੍ਰਸਿੱਧ ਹੋਏ ਹਨ। 1899 ਵਿੱਚ ਇੱਕ ਕਾਲ਼ੇ ਕਨੂੰਨ ਤਹਿਤ ਕਾਲ਼ੇ ਅਤੇ ਗੋਰਿਆਂ ਦੇ ਸਕੂਲ ਵੱਖ ਕਰ ਦਿੱਤੇ ਗਏ। ਮਨੁੱਖੀ ਅਧਿਕਾਰਾਂ ਦੀਆਂ ਬੜੀਆਂ ਜ਼ੋਰਦਾਰ ਲਹਿਰਾਂ ਦੇ ਦਬਾਅ ਹੇਠ ਆਖਿਰਕਾਰ 1968 ਵਿੱਚ ਜਿੰਮ ਕਰੋਅ ਕਨੂੰਨਾਂ ਦਾ ਭੋਗ ਪੈ ਗਿਆ। ਨਸਲਵਾਦੀ ਫਾਸਿਸਟਾਂ ਦੀਆਂ ਸਰਗਰਮੀਆਂ ਵੀ ਮਨੁੱਖੀ ਅਧਿਕਾਰਾਂ ਦੇ ਘੋਲ਼ ਅਤੇ ਗ਼ੁਲਾਮਦਾਰੀ ਤੋਂ ਮੁਕਤੀ ਦੇ ਘੋਲ਼ ਦੇ ਨਾਲ਼ ਨਾਲ਼ ਚੱਲਦੀਆਂ ਰਹੀਆਂ। 1877 ਵਿੱਚ ਜਦੋਂ ਸੰਘੀ ਫੌਜੀ ਚੌਕੀਆਂ ਦੱਖਣੀ ਰਾਜਾਂ ਵਿੱਚੋਂ ਚੁੱਕੀਆਂ ਗਈਆਂ ਤਾਂ ਨਸਲਵਾਦੀਆਂ ਨੇ ‘ਕੂ ਕਲੱਕਸ ਕਲਾਨ’ ਅਤੇ ‘ਕੈਮਲੀਆ ਦੇ ਸੂਰਮੇ’ ਵਰਗੀਆਂ ਨਸਲੀ ਜਥੇਬੰਦੀਆਂ ਬਣਾ ਲਈਆਂ। ਕੈਮਲੀਆ ਇੱਕ ਕਿਸਮ ਦਾ ਫੁੱਲ ਹੁੰਦਾ ਹੈ। 1910 ਤੱਕ ਸਾਰੇ ਦੱਖਣੀ ਰਾਜਾਂ ਵਿੱਚ ਕਾਲ਼ਿਆਂ ਨੂੰ ਵੋਟ ਦੇ ਹੱਕ ਤੋਂ ਵਾਂਝੇ ਕਰ ਦਿੱਤਾ ਗਿਆ। ਅਮਰੀਕਾ ਦੇ ਹੋਰਨਾਂ ਰਾਜਾਂ ਵਿੱਚ ਵੀ ਇਹਨਾਂ ਵਿਤਕਰਿਆਂ ਦੀਆਂ ਮਿਸਾਲਾਂ ਹਨ। ਸਕੂਲ, ਹਸਪਤਾਲ, ਲਾਇਬ੍ਰੇਰੀਆਂ, ਰੈਸਟੋਰੈਂਟ, ਹੋਟਲ, ਬਾਥਰੂਮ, ਇੱਥੋਂ ਤੱਕ ਕਿ ਪਾਣੀ ਪੀਣ ਵਾਲ਼ੀਆਂ ਥਾਵਾਂ, ਝਰਨੇ ਤੱਕ ਵੀ ਕਾਲ਼ਿਆਂ ਲਈ ਵੱਖ ਕਰ ਦਿੱਤੇ ਗਏ ਸਨ। ਗੱਲ ਕੀ, ਸਾਰੀਆਂ ਜਨਤਕ ਸਹੂਲਤਾਂ ਨੂੰ ਗੋਰਿਆਂ ਅਤੇ ਕਾਲ਼ਿਆਂ ਵੱਲੋਂ ਸਾਂਝੇ ਤੌਰ ‘ਤੇ ਮਾਨਣਾ ਗੈਰ-ਕਨੂੰਨੀ ਸੀ। ਇਹ ਹੈ ਸਰਮਾਏਦਾਰਾਂ ਸੰਸਾਰ ਦੀ ਨਮੂਨੇ ਦੀ ਜਮਹੂਰੀਅਤ ਦਾ ਸ਼ਰਮਨਾਕ ਪੱਖ। ਲੰਬਾ ਸਮਾਂ ਅਮਰੀਕਾ ਵਿੱਚ ਔਰਤਾਂ ਕਾਲ਼ੇ ਨਾਗਰਿਕਾਂ ਅਤੇ ਅਮਰੀਕਨ ਮੂਲ ਨਿਵਾਸੀਆਂ ਨੂੰ ਬਰਾਬਰੀ ਦੇ ਹੱਕਾਂ ਤੋਂ ਵਾਂਝੇ ਰੱਖਿਆ ਗਿਆ ਹੈ। 1776 ਦੇ ਅਜ਼ਾਦੀ ਦੇ ਐਲਾਨਨਾਮੇ ਵਿੱਚ ਜਿਹੜੇ 56 ਜਣਿਆਂ ਦੇ ਦਸਖਤ ਸਨ ਉਨਾਂ ਵਿੱਚੋਂ ਇੱਕ ਵੀ ਅਫਰੀਕਨ ਮੂਲ ਦਾ ਅਮਰੀਕਨ, ਮੂਲ ਨਿਵਾਸੀ ਅਮਰੀਕਨ ਜਾਂ ਔਰਤ ਨਹੀਂ ਸਨ। ਭਾਵੇਂ ਅਫਰੀਕਨ ਮੂਲ ਦੇ ਲੋਕ, ਅਮਰੀਕਨ ਅਬਾਦੀ ਦਾ ਕਾਫੀ ਵੱਡਾ ਹਿੱਸਾ ਸਨ। ਇਨਕਲਾਬੀ ਜੰਗਾਂ ਦੇ ਵੇਲੇ ਉਨਾਂ ਦੇ ਵੱਡਿਆਂ ਨੇ ਜਾਰਜ ਵਾਸ਼ਿੰਗਟਨ ਦੀ ‘ਕੌਂਟੀਨੈਂਟਲ ਫੌਜ’ ਵੱਲੋਂ ਲੜਦਿਆਂ ਬੜੀਆਂ ਕੁਰਬਾਨੀਆਂ ਵੀ ਦਿੱਤੀਆਂ ਸਨ।

ਗੁਲਾਮਾਂ ਦੇ ਇਤਿਹਾਸਕ ਯੋਗਦਾਨ ਤੋਂ ਬਿਨਾਂ, ਆਧੁਨਿਕ ਅਮਰੀਕਾ ਦਾ ਇਤਿਹਾਸ ਸਮਝਿਆ ਨਹੀਂ ਜਾ ਸਕਦਾ। 1909 ਵਿੱਚ ਬਣੀ ਜਥੇਬੰਦੀ ‘ਕਾਲ਼ੇ ਲੋਕਾਂ ਦੀ ਤਰੱਕੀ ਲਈ ਸਭਾ’, ਹੋਰ ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਕੌਮਾਂਤਰੀ ਪੱਧਰ ‘ਤੇ ਮਜ਼ਦੂਰਾਂ ਅਤੇ ਕਮਿਊਨਿਸਟ ਇਨਕਲਾਬੀਆਂ ਦੇ ਨਸਲਵਾਦ ਵਿਰੁੱਧ ਸੰਘਰਸ਼ ਵਿੱਚ ਸਹਿਯੋਗ ਦਾ ਵੱਖਰਾ ਇਤਿਹਾਸ ਹੈ। ਇਹ, ਅਮਰੀਕਾ ਵਿੱਚ ਫੁੱਟੇ ਵਰਤਮਾਨ ਸੰਘਰਸ਼ ਦੀ ਸ਼ਾਨਦਾਰ ਵਿਰਾਸਤ ਦੀਆਂ ਸਿਰਫ ਕੁੱਝ ਮਿਸਾਲਾਂ ਹਨ। ਇਸ ਤੋਂ ਪਤਾ ਲੱਗਦਾ ਹੈ ਕਿਰਤੀਆਂ ਦੇ ਲੰਬੇ ਸੰਘਰਸ਼ ਭਰੇ ਇਤਿਹਾਸ ਦਾ, ਜਿਸ ਦੀ ਤਹਿ ਵਿੱਚ ਸਰਮਾਏ ਅਤੇ ਕਿਰਤ ਦੇ ਸੰਘਰਸ਼ ਦੀ ਇਤਿਹਾਸਕ ਵਿਰੋਧਤਾਈ ਕੰਮ ਕਰਦੀ ਹੈ।

ਸਰਮਾਏਦਾਰੀ ਦੇ ਅਜੋਕੇ ਗੰਭੀਰ ਸੰਕਟ ਦੇ ਸਮੇਂ ਕੋਵਿੱਡ-19 ਦੇ ਨਾਂ ‘ਤੇ ਦੁਨੀਆਂ ਭਰ ਦੇ ਸਰਮਾਏਦਾਰ ਹਾਕਮ, ਲੋਕਾਂ ‘ਤੇ ਪਾਬੰਦੀਆਂ ਮੜ ਕੇ ਜਨਤਕ ਰੋਹ ਦੇ ਫੁਟਾਰਿਆਂ ਨੂੰ ਠੱਲ ਪਾਉਣ ਵਿੱਚ ਅਸਫਲ ਹੋ ਰਹੇ ਹਨ। ਮਜ਼ਦੂਰ ਜਮਾਤ ਅਤੇ ਸਰਮਾਏਦਾਰ ਹਾਕਮ ਜਮਾਤਾਂ ਵਿਚਲਾ ਘੋਲ਼, ਦਿਨੋਂ-ਦਿਨ ਸਪੱਸ਼ਟ ਹੁੰਦਾ ਜਾ ਰਿਹਾ ਹੈ। ਅਮਰੀਕਾ ਵਿੱਚ ਨਸਲਵਾਦ ਵਿਰੋਧੀ ਘੋਲ਼ ਨੇ ਸਰਮਾਏਦਾਰਾ ਪ੍ਰਬੰਧ ਦੇ ਜਾਬਰ ਅਤੇ ਗ਼ੈਰ-ਮਨੁੱਖੀ ਸੰਵੇਦਨਹੀਣ ਚਿਹਰੇ ਨੂੰ ਬੇਨਕਾਬ ਕਰ ਦਿੱਤਾ ਹੈ। ਅਮਰੀਕਾ ਦੇ ਕਿਰਤੀ ਲੋਕ ਅਤੇ ਜਮਹੂਰੀ ਹੱਕਾਂ ਲਈ ਲੜਨ ਵਾਲ਼ੇ ਨਾਗਰਿਕ ਸਾਰੇ ਸੰਸਾਰ ਦੇ ਕਿਰਤੀਆਂ ਲਈ ਪ੍ਰੇਰਨਾ ਸਰੋਤ ਬਣੇ ਹਨ। ਇਸ ਸ਼ਾਨਦਾਰ ਅਤੇ ਹੌਂਸਲੇ ਭਰੀ ਕਾਰਵਾਈ ਲਈ ਵਧਾਈ ਦੇ ਪਾਤਰ ਹਨ।

# ਲਾਕਡਾਉਨ ਸਮੇਂ ਨੀਟ-2020 ਦੀ ਤਿਆਰੀ ਲਈ ਸੁਝਾਅ



**- ਵਿਜੈ ਗਰਗ**

ਐਨ.ਟੀ.ਏ ਨੇ ਨੀਟ 2020 ਲਈ ਮੁਲਤਵੀ ਕਰ ਦਿੱਤਾ ਹੈ, ਜੋ ਕਿ 3 ਮਈ ਨੂੰ ਹੋਣਾ ਸੀ, ਮਈ,2020 ਦੇ ਅਖੀਰਲੇ ਹਫ਼ਤੇ ਲਈ ਮੁਲਤਵੀ ਕਰ ਦਿੱਤਾ ਗਿਆ ਹੈ।

ਪੂਰਾ ਦੇਸ਼ ਵਿੱਚ 17 ਤਾਰੀਕ ਤੱਕ ਤਾਲਾਬੰਦ ਹੈ ਅਤੇ ਇਸ ਦੇ ਨਾਲ ਨੀਟ ਦੇ ਚਾਹਵਾਨਾਂ ਕੋਲ ਤਿਆਰੀ ਲਈ ਕਾਫ਼ੀ ਸਮਾਂ ਹੈ।

ਨੀਟ 26, ਜੁਲਾਈ,2020 ਨੂੰ ਲਈ ਜਾਵੇਗੀ, ਇਹ ਸਮਾਂ ਹੈ ਤੁਹਾਡੀ ਊਰਜਾ ਨੂੰ ਸਕਾਰਾਤਮਕ ਢੰਗ ਵਿੱਚ ਬਦਲਣ ਦਾ ਅਤੇ ਨੀਟ 2020 ਦੀ ਪ੍ਰਭਾਵੀ ਤਿਆਰੀ ਸ਼ੁਰੂ ਕਰਨ ਦਾ । ਅਕਸਰ ਇਹ ਦੇਖਿਆ ਜਾਂਦਾ ਹੈ ਕਿ ਉਮੀਦਵਾਰ ਬੋਰਡ ਪ੍ਰੀਖਿਆਵਾਂ ਲਈ ਅਣਥੱਕ ਮਿਹਨਤ ਕਰਦੇ ਹਨ ਅਤੇ ਸੰਸ਼ੋਧਨ ਲਈ ਲੋੜੀਂਦਾ ਸਮਾਂ ਨਹੀਂ ਪ੍ਰਾਪਤ ਕਰਦੇ।

ਨੀਟ 2020 ਵਿੱਚ ਚੰਗੇ ਅੰਕ ਪ੍ਰਾਪਤ ਕਰਨ ਦੀ ਕੁੰਜੀ ਹੈ, ਸੋਧ ਅਤੇ ਤਾਲਾਬੰਦੀ ਅਜਿਹਾ ਕਾਰਨ ਲਈ ਮਦਦਗਾਰ ਹੋ ਸਕਦਾ ਹੈ।

ਇਸ ਲੇਖ ਵਿਚ, ਅਸੀਂ ਤੁਹਾਨੂੰ ਯੋਜਨਾ ਦੀ ਜਾਂਚ ਵਿਚ ਸਹਾਇਤਾ ਕਰਾਂਗੇ ਤਾਂ ਜੋ ਤੁਸੀਂ ਨੀਟ ਦੀ ਪ੍ਰੀਖਿਆ ਦੀ ਤਿਆਰੀ ਵਧੀਆ ਢੰਗ ਨਾਲ ਕਰ ਸਕੋ।

**ਨੀਟ 2020 ਦੀ ਦੁਹਰਾਈ ਲਈ ਸੁਝਾਅ**

ਜ਼ਿਆਦਾਤਰ ਨੀਟ ਦੇ ਚਾਹਵਾਨ ਬੋਰਡ ਦੀਆਂ ਪ੍ਰੀਖਿਆਵਾਂ ਲਈ ਚੰਗੀ ਤਰਾਂ ਤਿਆਰ ਹਨ ਅਤੇ ਸਿਰਫ ਇਸ ਲਈ ਸੰਸ਼ੋਧਨ ਕਰਨ ਦੀ ਜ਼ਰੂਰਤ ਹੈ।

ਇਸ ਲਈ ਲਾਕਡਾਉਨ ਦੀ ਵਰਤੋਂ ਨੀਟ ਦੀ ਤਿਆਰੀ ਅਤੇ ਸੰਸ਼ੋਧਨ ਲਈ ਕੀਤੀ ਜਾਣੀ ਚਾਹੀਦੀ ਹੈ।

ਇਹ ਮੁਸ਼ਕਲ ਭਾਗਾਂ ਅਤੇ ਵਿਸ਼ਿਆਂ ਨੂੰ ਸੰਸ਼ੋਧਿਤ ਕਰਨ ਦਾ ਸਭ ਤੋਂ ਵਧੀਆ ਸਮਾਂ ਹੈ ਜਿਸ ਲਈ ਵਧੇਰੇ ਸਮੇਂ ਦੀ ਜ਼ਰੂਰਤ ਹੁੰਦੀ ਹੈ।

**ਕੋਰੋਨਾਵਾਇਰਸ ਲੌਕਡਾਉਨ ਵਿੱਚ ਨੀਟ ਦੀ ਤਿਆਰੀ ਲਈ ਕੁਝ ਸੰਸ਼ੋਧਨ ਸੁਝਾਅ ਹੇਠਾਂ ਦਿੱਤੇ ਹਨ:**

ਇੱਕ ਲਕਸ਼ ਨਿਰਧਾਰਤ ਕਰੋ: ਜਦੋਂ ਨੀਟ 2020 ਦੀ ਤਿਆਰੀ ਦੀ ਗੱਲ ਆਉਂਦੀ ਹੈ, ਇੱਕ ਲਕਸ਼ ਨਿਰਧਾਰਤ ਕਰਨਾ ਬਹੁਤ ਮਹੱਤਵਪੂਰਨ ਹੁੰਦਾ ਹੈ।

ਪਹਿਲਾਂ, ਇਹ ਪਤਾ ਲਗਾਓ ਕਿ ਤੁਹਾਡੇ ਕੋਲ ਨੀਟ ਦੀ ਤਿਆਰੀ ਲਈ ਕਿੰਨੇ ਦਿਨ ਹਨ ਅਤੇ ਫਿਰ ਇਸਦੇ ਅਨੁਸਾਰ ਆਪਣੇ ਲਕਸ਼ ਦੀ ਯੋਜਨਾ ਬਣਾਓ।

**ਨੀਟ 2020 ਦੇ 60 ਦਿਨਾਂ ਦੀ ਅਧਿਐਨ ਯੋਜਨਾ / ਰਣਨੀਤੀ**

ਨਾਜ਼ੁਕ ਵਿਸ਼ਿਆਂ 'ਤੇ ਕੇਂਦ੍ਰਤ: ਲਾਕਡਾਉਨ, ਨੀਟ ਦੇ ਚਾਹਵਾਨਾਂ ਨੂੰ ਨਾਜ਼ੁਕ ਵਿਸ਼ਿਆਂ ਅਤੇ ਸੰਕਲਪਾਂ' ਤੇ ਕੇਂਦ੍ਰਤ ਕਰਨ ਵਿਚ ਸਹਾਇਤਾ ਕਰ ਸਕਦਾ ਹੈ ਕਿਉਂਕਿ ਉਹ ਵਧੇਰੇ ਸਮੇਂ ਦੀ ਮੰਗ ਕਰਦੇ ਹਨ।

ਜ਼ਿਆਦਾਤਰ ਨੀਟ ਚਾਹਵਾਨ ਸੰਤੁਲਨ ਰਹਿਣ ਵਿੱਚ ਅਸਮਰੱਥ ਹੁੰਦੇ ਹਨ ਅਤੇ ਇਹ ਉਦੋਂ ਹੁੰਦਾ ਹੈ ਜਦੋਂ ਉਹ ਘੱਟ ਰੈਂਕ ਹਾਸਲ ਕਰਦੇ ਹਨ।

ਪਿਛਲੇ ਸਾਲ ਦੇ ਇਮਤਿਹਾਨ ਵਿਸ਼ਲੇਸ਼ਣ ਅਤੇ ਮਾਹਰਾਂ ਦੀ ਸਲਾਹ ਨੂੰ ਧਿਆਨ ਵਿਚ ਰੱਖਦਿਆਂ ਅਸੀਂ ਨੀਟ ਦੀ ਤਿਆਰੀ ਲਈ ਵਿਸ਼ੇ ਅਨੁਸਾਰ ਮਹੱਤਵਪੂਰਣ ਵਿਸ਼ੇ ਲੈ ਕੇ ਆਏ ਹਾਂ।

**ਨੀਟ 2020 ਦਾ ਸਭ ਤੋਂ ਮਹੱਤਵਪੂਰਣ ਵਿਸ਼ਾ**

ਨੀਟ 2020 ਲਈ ਜੀਵ-ਵਿਗਿਆਨ ਦੀ ਤਿਆਰੀ ਕਿਵੇਂ ਤਿਆਰ ਕਰੀਏ ?

ਨੀਟ 2020 ਲਈ ਰਸਾਇਣ ਵਿਗਿਆਨ ਦੀ ਤਿਆਰੀ ਕਿਵੇਂ ਤਿਆਰ ਕਰੀਏ ?

ਨੀਟ 2020 ਲਈ ਭੌਤਿਕ ਵਿਗਿਆਨ ਦੀ ਤਿਆਰੀ ਕਿਵੇਂ ਤਿਆਰ ਕਰੀਏ ?

**ਐਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਨੂੰ ਨਾ ਭੁੱਲੋ:**

ਨੀਟ ਦੇ ਚਾਹਵਾਨਾਂ ਦੁਆਰਾ ਕੀਤੀ ਗਈ ਆਮ ਗਲਤੀ ਇਹ ਹੈ ਕਿ ਉਹ ਐਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਨੂੰ ਭੁੱਲ ਜਾਂਦੇ ਹਨ।

ਨੀਟ ਪ੍ਰੀਖਿਆ ਮਾਹਰ ਅਤੇ ਦੇਸ਼ ਭਰ ਦੇ ਚੋਟੀ ਦੇ ਖਿਡਾਰੀਆਂ ਨੇ ਹਮੇਸ਼ਾਂ ਐਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਨੂੰ ਚੰਗੀ ਤਰਾਂ ਜਾਣਨ ਦੀ ਸਲਾਹ ਦਿੱਤੀ ਹੈ।

ਯੂ.ਜੀ ਪੱਧਰੀ ਇਮਤਿਹਾਨਾਂ ਜਿਵੇਂ ਕਿ ਜੇ.ਈ.ਈ ਮੇਨ / ਨੀਟ-ਯੂ.ਜੀ ਨੂੰ ਦਰਸਾਉਣ ਦੀ ਕੁੰਜੀ ਇਹ ਹੈ ਕਿ ਪਹਿਲਾਂ ਐਨ.ਸੀ.ਈ.ਆਰ.ਟੀ. ਨੂੰ ਜਾਣੋ ਅਤੇ ਫਿਰ ਦੂਜੀਆਂ ਕਿਤਾਬਾਂ, ਆਨਲਾਈਨ ਵਿਡੀਓਜ਼, ਆਦਿ ਵਿੱਚ ਜਾਓ, ਇਸ ਲਈ, ਲਾਕਡਾਉਨ ਐਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਨੂੰ ਦੁਬਾਰਾ ਵੇਖਣ ਅਤੇ ਵਧੀਆ ਅੰਕ ਪ੍ਰਾਪਤ ਕਰਨ ਵਿੱਚ ਮਦਦਗਾਰ ਹੋ ਸਕਦਾ ਹੈ।

**ਜੁੜੇ ਰਹਿਣ ਲਈ ਸੋਸ਼ਲ ਨੈਟਵਰਕ ਦੀ ਵਰਤੋਂ ਕਰੋ:**

ਵਟਸਐਪ ਵਰਗੇ ਫਾਰਮ ਪੀਅਰ ਗਰੁੱਪਸਨ ਪਲੇਟਫਾਰਮ ਜੋ ਅਧਿਆਪਕਾਂ ਅਤੇ ਵਿਦਿਆਰਥੀਆਂ ਦੋਵਾਂ ਲਈ ਜੁੜੇ ਰਹਿਣ ਅਤੇ ਸਾਰੇ ਸਬੰਧਤ ਅਪਡੇਟਾਂ ਅਤੇ ਸਪੱਸ਼ਟ ਸ਼ੰਕਿਆਂ ਨੂੰ ਸਾਂਝਾ ਕਰਨ ਲਈ ਸਹਾਇਕ ਹੋਣਗੇ।

ਸੋਸ਼ਲ ਨੈੱਟਵਰਕਿੰਗ ਦੇ ਜ਼ਰੀਏ, ਤੁਸੀਂ ਨੋਟਸ, ਇਮਤਿਹਾਨ ਦੇ ਦਿਸ਼ਾ ਨਿਰਦੇਸ਼, ਸੁਝਾਅ, ਮਹੱਤਵਪੂਰਣ ਵਿਸ਼ੇ ਅਤੇ ਇਸ ਤਰਾਂ ਦੇ ਹੋਰ ਸਾਂਝੇ ਕਰ ਸਕਦੇ ਹੋ।

ਇਕ ਦੂਜੇ ਨਾਲ ਗੱਲ ਕਰਨਾ ਤੁਹਾਨੂੰ ਪ੍ਰੇਰਿਤ ਰਹਿਣ ਵਿਚ ਵੀ ਸਹਾਇਤਾ ਕਰੇਗਾ।

**ਪ੍ਰੀਖਿਆ ਦਿਨ ਦਾ ਰਵੱਈਆ:**

ਦੁਬਾਰਾ ਸੰਸ਼ੋਧਨ ਕਰਦੇ ਸਮੇਂ ਸਾਰੇ ਨੀਟ ਪ੍ਰੀਖਿਆਰਥੀਆਂ ਲਈ ਇੱਕ ਸਭ ਤੋਂ ਮਹੱਤਵਪੂਰਣ ਕਾਰਕ ਇਹ ਹੈ ਕਿ ਪੇਪਰ ਕਿਵੇਂ ਹੋਣਾ ਹੈ, ਕਿਹੜਾ ਪੇਪਰ ਹੋਣ ਜਾ ਰਿਹਾ ਹੈ।

ਇਸ ਲਈ ਪੱਧਰ ਦੀ ਅਗਵਾਈ ਕਰੋ ਅਤੇ ਨੀਟ ਪ੍ਰੀਖਿਆ ਪੈਟਰਨ ਦੀਆਂ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੋ।

ਉਹਨਾਂ ਪ੍ਰਸ਼ਨਾਂ ਦੀ ਕੋਸ਼ਿਸ਼ ਕਰੋ ਜਿਨਾਂ ਬਾਰੇ ਤੁਸੀਂ ਨਿਸ਼ਚਤ ਹੋ ਪਹਿਲਾਂ ਅਤੇ ਫਿਰ ਸਭ ਤੋਂ ਕਮਜ਼ੋਰ ਵਿਸ਼ਿਆਂ / ਪ੍ਰਸ਼ਨਾਂ ਤੇ ਜਾਓ।

ਇਹ ਤੁਹਾਨੂੰ ਬਿਹਤਰ ਮਹਿਸੂਸ ਕਰੇਗਾ ਅਤੇ ਤੁਹਾਡੇ ਵਿਸ਼ਵਾਸ ਨੂੰ ਵਧਾਏਗਾ।

**ਨੀਟ ਪ੍ਰੀਖਿਆ ਪੈਟਰਨ**

ਇਹ ਵੀ ਯਾਦ ਰੱਖੋ ਕਿ ਤੁਸੀਂ ਜਿਸ ਵਿਸ਼ੇ ਵਿਚ ਕਮਜ਼ੋਰ ਹੋ, ਉਸ ਵੱਲ ਵਧੇਰੇ ਵਧੇਰੇ ਧਿਆਨ ਦਿਓ, ਇਸ ਲਈ ਇਹ ਸੁਨਿਸ਼ਚਿਤ ਕਰੋ ਕਿ ਤੁਸੀਂ ਕਿਸੇ ਵੀ ਪ੍ਰਸ਼ਨ ਦਾ ਜਵਾਬ ਬਿਨਾਂ ਸੋਚੇ ਸਮਝੇ ਨਾ ਛੱਡੋ, ਇਮਤਿਹਾਨ ਦੇ ਦੌਰਾਨ ਆਪਣੇ ਸਮੇਂ ਦੀ ਚੰਗੀ ਤਰਾਂ ਯੋਜਨਾ ਬਣਾਓ।

ਅਸੀਂ ਆਸ ਕਰਦੇ ਹਾਂ ਕਿ ਇਸ ਲੇਖ ਨੇ ਤੁਹਾਨੂੰ ਉੱਤਮ ਸੰਸ਼ੋਧਨ ਯੋਜਨਾ ਦੇ ਨਾਲ ਆਉਣ ਵਿੱਚ ਸਹਾਇਤਾ ਕਰੇਗਾ

Homeopathicvibes
We treat Acute and chronic diseases like Asthma, Allergies, Mood swings, Migraine, Anxiety,Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....
Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H
(Ex Homeopathic Medical officer Punjab Govt.)

# ਕੋਰੋਨਾ ਵਾਇਰਸ ਦੇ ਦੌਰ ਵਿਚ ਲਾਹੌਰ ਦੀ ਰੌਣਕ ਤਾਂ ਕੋਰੋਨਾ ਨੇ ਲੁੱਟ ਲਈ

**- ਤਾਇਬਾ ਬੁਖਾਰੀ**

ਪੂਰੀ ਦੁਨੀਆ ਵਿਚ ਇਕ ਗੱਲ ਮਸ਼ਹੂਰ ਹੈ ਕਿ 'ਜਿਨਾਂ ਲਾਹੌਰ ਨਹੀਂ ਵੇਖਿਆ ਉਹ ਜੰਮਿਆ ਨਹੀਂ' ਅਤੇ ਇਹ ਵੀ ਕਿਹਾ ਜਾਂਦਾ ਹੈ ਕਿ 'ਲਾਹੌਰ ਸੌਂਦਾ ਨਹੀਂ'। ਇਸ ਦਾ ਮਤਲਬ ਹੈ ਕਿ ਲਾਹੌਰ ਦੀ ਰੌਣਕ ਰਾਤ ਦਾ ਹਨੇਰਾ ਵੀ ਘੱਟ ਨਹੀਂ ਕਰਦਾ। ਜਿਉਂ-ਜਿਉਂ ਰਾਤ ਪੈਂਦੀ ਹੈ ਲਾਹੌਰ ਦੀ ਰੌਣਕ ਵਧਦੀ ਜਾਂਦੀ ਹੈ। ਹੋਟਲਾਂ 'ਤੇ ਭੋਜਨ ਚਲਦਾ ਰਹਿੰਦਾ ਹੈ, ਲੋਕੀਂ ਸੜਕਾਂ ਤੇ ਮੁਹੱਲਿਆਂ ਵਿਚ ਕ੍ਰਿਕਟ, ਕੈਰਮ ਬੋਰਡ ਖੇਡਦੇ ਹਨ ਤੇ ਯਾਰਾਂ ਬੇਲੀਆਂ ਨਾਲ ਗੱਪਾਂ ਮਾਰਦੇ ਨਜ਼ਰ ਆਉਂਦੇ ਹਨ। ਲਾਹੌਰ ਦੇ ਭੋਜ ਬਾਜ਼ਾਰ (ਫੂਡ ਸਟ੍ਰੀਟਸ) ਵੀ ਵਿਸ਼ਵ ਭਰ ਵਿਚ ਪ੍ਰਸਿੱਧ ਹਨ। ਇਨਾਂ ਬਾਜ਼ਾਰਾਂ ਵਿਚ ਖਾਣ-ਪੀਣ ਦੀ ਐਸੀ ਕਿਹੜੀ ਸ਼ੈਅ ਹੈ, ਜਿਹੜੀ ਨਹੀਂ ਮਿਲਦੀ। ਪੰਜਾਬ ਦੇ ਸੱਭਿਆਚਾਰ ਦਾ ਸਾਰਾ ਭੋਜਨ ਤੁਹਾਨੂੰ ਇਕ ਹੀ ਥਾਂ 'ਤੇ ਭਾਵ ਇਨਾਂ ਭੋਜ ਬਾਜ਼ਾਰਾਂ ਵਿਚ ਸੌਖਿਆਂ ਹੀ ਲੱਭ ਜਾਂਦਾ ਹੈ। ਰਾਤ ਨੂੰ ਸ਼ੁਰੂ ਹੋਣ ਵਾਲੇ ਇਨਾਂ ਬਾਜ਼ਾਰਾਂ ਲਈ ਸ਼ਾਮ ਪੈਂਦਿਆਂ ਹੀ ਸੜਕਾਂ ਤੇ ਗਲੀਆਂ ਨੂੰ ਆਵਾਜਾਈ ਲਈ ਬੰਦ ਕਰ ਦਿੱਤਾ ਜਾਂਦਾ ਹੈ ਤੇ ਸੁਰੱਖਿਆ ਲਈ ਪੁਲਿਸ ਜਾਂ ਗਾਰਡ ਚੌਕਸ ਹੋ ਜਾਂਦੇ ਹਨ ਕਿਉਂਕਿ ਇਨਾਂ ਬਾਜ਼ਾਰਾਂ ਵਿਚ ਸਥਾਨਕ ਸ਼ਹਿਰੀ ਅਤੇ ਵਿਦੇਸ਼ੀ ਵੱਡੀ ਤਾਦਾਦ ਵਿਚ ਆਉਂਦੇ ਹਨ।

1947 ਦੀ ਵੰਡ ਤੋਂ ਬਾਅਦ ਮੇਰਾ ਪੂਰਾ ਪਰਿਵਾਰ ਲੁਧਿਆਣਾ ਤੋਂ ਲਾਹੌਰ ਆ ਗਿਆ ਅਤੇ ਅੱਜ ਵੀ ਸਾਡੇ ਬਾਪ ਦਾਦੇ ਦਾ ਘਰ ਲਾਹੌਰ ਦੇ ਸਭ ਤੋਂ ਪ੍ਰਸਿੱਧ ਇਲਾਕੇ ਲਕਸ਼ਮੀ ਚੌਕ ਵਿਚ ਹੈ, ਜਿਸ ਦਾ ਆਪਣਾ ਇਕ ਪੂਰਾ ਇਤਿਹਾਸ ਹੈ। ਅੱਜ ਨਹੀਂ ਫਿਰ ਕਦੀ ਤੁਹਾਡੇ ਨਾਲ ਇਹ ਇਤਿਹਾਸ ਵੀ ਸਾਂਝਾ ਕਰਾਂਗੀ। ਬੱਸ ਏਨਾ ਦੱਸਣਾ ਬਣਦਾ ਹੈ ਕਿ ਲਕਸ਼ਮੀ ਚੌਕ ਦੇ ਆਲੇ-ਦੁਆਲੇ ਸਿਨੇਮਾ ਬਾਜ਼ਾਰ, ਫਿਲਮ ਬਾਜ਼ਾਰ, ਪੇਂਟਿੰਗ ਮਾਰਕੀਟ, ਵਿਸ਼ਵ ਦੀ ਸਭ ਤੋਂ ਵੱਡੀ ਫੋਟੋ ਮਾਰਕੀਟ, ਫਰਨੀਚਰ ਮਾਰਕੀਟ, ਭੋਜ ਬਾਜ਼ਾਰ ਤੇ ਥੋਕ ਬਾਜ਼ਾਰ ਤੇ ਰੇਲਵੇ ਸਟੇਸ਼ਨ ਆਦਿ ਹਨ। ਥੋੜਾ ਅਰਸਾ ਹੋ ਗਿਆ ਹੈ ਕਿ ਆਵਾਜਾਈ ਦਾ ਭਾਰ ਘੱਟ ਕਰਨ ਲਈ ਇੱਥੋਂ ਬੱਸ ਅੱਡਾ ਸ਼ਹਿਰ ਤੋਂ ਦੂਰ ਕਰ ਦਿੱਤਾ ਹੈ। ਪਰ ਤੁਹਾਨੂੰ ਇਹ ਦੱਸਦੇ ਚਲੀਏ ਕਿ ਪਾਕਿਸਤਾਨ ਨੇ ਚੀਨ ਦੇ ਨਾਲ ਮਿਲ ਕੇ ਲਾਹੌਰ ਸ਼ਹਿਰ ਦੇ ਅੰਦਰ ਜੋ 'ਔਰੇਂਜ ਲਾਈਨ ਰੇਲ ਪ੍ਰੋਜੈਕਟ' ਬਣਾਇਆ ਹੈ, ਜਿਸ ਨੂੰ ਤੁਸੀਂ ਮੈਟਰੋ ਰੇਲ ਗੱਡੀ ਵੀ ਕਹਿ ਸਕਦੇ ਹੋ, ਉਹ ਵੀ ਲਕਸ਼ਮੀ ਚੌਕ ਦੇ ਉੱਤੇ ਹੀ ਚੱਲੇਗੀ। 'ਔਰੇਂਜ ਲਾਈਨ ਟਰੇਨ' 'ਤੇ ਲਾਹੌਰ ਦੇ ਰਹਿਣ ਵਾਲੇ ਰੋਜ਼ਾਨਾ ਢਾਈ ਲੱਖ ਯਾਤਰੀ ਸਫ਼ਰ ਕਰ ਸਕਦੇ ਹਨ। ਇਹ ਪ੍ਰੋਜੈਕਟ ਸੰਪੂਰਨ ਹੋ ਚੁੱਕਾ ਹੈ ਪਰ ਕੋਰੋਨਾ ਦੀ ਵਜਾ ਨਾਲ ਇਸ ਦਾ ਉਦਘਾਟਨ ਨਹੀਂ ਹੋ ਸਕਿਆ।

ਲਾਹੌਰ ਦੀ ਗੱਲਬਾਤ ਕਰਦਿਆਂ ਕੋਰੋਨਾ ਤੋਂ ਯਾਦ ਆਇਆ ਕਿ ਇਸ ਇਕ ਛੋਟੇ ਜਿਹੇ ਵਾਇਰਸ ਨੇ ਪੂਰੀ ਦੁਨੀਆ ਨੂੰ ਇਕ ਵਾਰੀ ਸਾਰੀਆਂ ਰੌਣਕਾਂ ਭੁਲਾ ਕੇ ਮੌਤ ਯਾਦ ਕਰਵਾ ਦਿੱਤੀ ਹੈ। ਇਕ ਵਾਇਰਸ ਨੇ ਵੱਡੇ ਤੋਂ ਵੱਡੇ ਮੁਲਕ ਤੇ ਵਿਸ਼ਵ ਤਾਕਤਾਂ ਨੂੰ ਐਸਾ ਝਟਕਾ ਦਿੱਤਾ ਹੈ ਕਿ ਜਿਸ ਨੂੰ ਕਈ ਵਰਿਆਂ ਤੱਕ ਭੁਲਾਇਆ ਨਹੀਂ ਜਾ ਸਕਦਾ। ਅਰਥਚਾਰਾ, ਸਿਆਸਤ, ਇਕ ਦੂਜੇ ਦੇਸ਼ਾਂ ਦੇ ਸਬੰਧ, ਮਿੱਤਰ, ਦੁਸ਼ਮਣ, ਜ਼ਿੰਦਗੀ ਦਾ ਢਾਂਚਾ ਆਦਿ ਕੀ ਕੁਝ ਹੈ ਜੋ ਬਦਲ ਨਹੀਂ ਗਿਆ ਜਾਂ ਜਿਸ ਨੂੰ ਝਟਕਾ ਨਹੀਂ ਲੱਗਾ। ਜੇ ਗੌਰ ਨਾਲ ਵੇਖਿਆ ਜਾਵੇ ਤਾਂ ਇਸ ਵਾਇਰਸ ਨੇ ਖ਼ਾਸ ਕਰ ਪਾਕਿਸਤਾਨ ਤੇ ਭਾਰਤ ਦੀਆਂ ਹਕੂਮਤਾਂ ਨੂੰ ਉਨਾਂ ਦੀਆਂ 'ਗ਼ਲਤੀਆਂ' ਸਾਫ਼-ਸਾਫ਼ ਵਿਖਾ ਦਿੱਤੀਆਂ ਹਨ, ਜਿਹੜੀਆਂ ਉਹ ਵਰਿਆਂ ਤੋਂ ਕਰਦੇ ਆ ਰਹੇ ਹਨ। ਦੋਵਾਂ ਦੇਸ਼ਾਂ ਵਿਚ ਪੂਰੇ ਵਿਸ਼ਵ ਨਾਲੋਂ ਜ਼ਿਆਦਾ ਨੌਜਵਾਨ ਵਸਦੇ ਹਨ। ਪਰ ਇਨਾਂ ਦੇਸ਼ਾਂ ਵਿਚ ਹੀ ਬੇਰੁਜ਼ਗਾਰੀ ਸਭ ਤੋਂ ਜ਼ਿਆਦਾ ਹੈ। ਭੁੱਖਮਰੀ ਇਨਾਂ ਦੋਵਾਂ ਦੇਸ਼ਾਂ ਵਿਚ ਹੀ



ਸਭ ਤੋਂ ਜ਼ਿਆਦਾ ਹੈ ਅਤੇ ਸਭ ਤੋਂ ਵੱਡਾ ਨੁਕਸਾਨ ਇਹ ਕਿ ਜੰਗ ਦਾ ਖ਼ਤਰਾ ਹਰ ਵੇਲੇ ਦੋਵਾਂ ਦੇਸ਼ਾਂ ਵਿਚ ਪੂਰੀ ਦੁਨੀਆ ਨਾਲੋਂ ਜ਼ਿਆਦਾ ਹੈ।

ਜਿਸ ਤਰਾਂ ਦੀਆਂ ਖ਼ਬਰਾਂ ਮੀਡੀਆ, ਡਾਕਟਰ ਅਤੇ ਮਾਹਿਰਾਂ ਦੇ ਹਵਾਲਿਆਂ ਨਾਲ ਸਾਡੇ ਤੱਕ ਪੁੱਜ ਰਹੀਆਂ ਹਨ, ਉਨਾਂ ਮੁਤਾਬਿਕ ਇਹ ਗੱਲ ਬੜੇ ਅਫ਼ਸੋਸ ਨਾਲ ਕਹਿਣੀ ਪੈ ਰਹੀ ਹੈ ਕਿ ਕੋਰੋਨਾ ਜਿਸ ਤੇਜ਼ੀ ਨਾਲ ਭਾਰਤ ਤੇ ਪਾਕਿਸਤਾਨ ਵਿਚ ਫੈਲ ਰਿਹਾ ਹੈ ਤੇ ਹੁਣ ਤੱਕ ਜਿੰਨੀ ਆਬਾਦੀ ਦੋਵਾਂ ਦੇਸ਼ਾਂ ਦੀ ਮੌਤ ਦੇ ਮੂੰਹ ਵਿਚ ਜਾ ਚੁੱਕੀ ਹੈ ਤੇ ਜਿੰਨੇ ਮਰੀਜ਼ ਸਾਹਮਣੇ ਆ ਰਹੇ ਹਨ, ਉਸ ਨਾਲ ਖ਼ਤਰੇ ਦੀ ਟੱਲੀ ਵੱਜ ਚੁੱਕੀ ਹੈ। ਜੇ ਸੂਰਤ-ਏ-ਹਾਲ ਇਸੇ ਤਰਾਂ ਰਹੀ ਤਾਂ ਸੜਕਾਂ 'ਤੇ ਲਾਸ਼ਾਂ ਹੀ ਨਜ਼ਰ ਆਉਣਗੀਆਂ। ਸਿਹਤ ਖੇਤਰ ਨੂੰ ਦੋਵਾਂ ਦੇਸ਼ਾਂ ਨੇ ਜਿਸ ਤਰਾਂ ਨਜ਼ਰਅੰਦਾਜ਼ ਕੀਤਾ ਤੇ ਇਸ ਕਾਰਨ ਲੋਕਾਂ ਦੀ ਸਿਹਤ ਦਾ ਜੋ ਹਾਲ ਹੈ, ਇਹ ਸਭ ਕੁਝ ਵੀ ਦੁਨੀਆ ਦਾ ਸਾਹਮਣੇ ਆ ਚੁੱਕਾ ਹੈ। ਇਸ ਨੂੰ ਕੋਰੋਨਾ ਦੀ 'ਮਿਹਰਬਾਨੀ' ਕਹਿਣਾ ਚਾਹੀਦਾ ਹੈ ਕਿ ਪਹਿਲੀ ਵਾਰੀ ਦੋਵਾਂ ਦੇਸ਼ਾਂ ਦੀ ਜਨਤਾ ਨੂੰ ਪਤਾ ਲੱਗਾ ਹੈ ਕਿ ਅਸੀਂ ਸਿਹਤ ਸਹੂਲਤਾਂ ਦੀ ਦੌੜ ਵਿਚ ਦੁਨੀਆ ਨਾਲੋਂ ਕਿੰਨੇ ਪਿੱਛੇ ਹਾਂ, ਸਗੋਂ ਇਹ ਕਹਿਣਾ ਚਾਹੀਦਾ ਹੈ ਕਿ ਅਸੀਂ ਤਾਂ ਇਸ ਦੌੜ ਵਿਚ ਸ਼ਾਮਿਲ ਹੀ ਨਹੀਂ। ਅਮਰੀਕਾ, ਇੰਗਲੈਂਡ, ਇਟਲੀ, ਫਰਾਂਸ ਅਤੇ ਸਪੇਨ ਵਰਗੇ ਵਿਕਸਿਤ ਦੇਸ਼ ਕੋਰੋਨਾ ਦੇ ਅੱਗੇ ਹਥਿਆਰ ਸੁੱਟ ਬੈਠੇ, ਉਨਾਂ ਦਾ ਅਰਥਚਾਰਾ ਹਿੱਲ ਗਿਆ, ਲੱਖਾਂ ਕਰੋੜਾਂ ਬੰਦੇ ਬੇਰੁਜ਼ਗਾਰ ਹੋ ਗਏ ਤੇ ਸੋਚੋ ਕਿ ਭਾਰਤ ਅਤੇ ਪਾਕਿਸਤਾਨ ਵਿਚ ਰਹਿਣ ਵਾਲਿਆਂ ਦਾ ਕੀ ਹਾਲ ਹੋਵੇਗਾ? ਕਿਉਂਕਿ ਅਸੀਂ ਤਾਂ ਕਰੀਬ 70 ਸਾਲ ਤੋਂ ਇਕ ਦੂਜੇ ਨਾਲ ਲੜਨ ਭਿੜਨ ਤੋਂ ਇਲਾਵਾ ਕੀਤਾ ਹੀ ਕੁਝ ਨਹੀਂ। ਅਸੀਂ ਆਬਾਦੀ ਨੂੰ ਸਾਹਮਣੇ ਰੱਖ ਕੇ ਨਾ ਤਾਂ ਨਵੇਂ ਹਸਪਤਾਲ ਬਣਾਏ, ਨਾ ਹੀ ਵੈਂਟੀਲੇਟਰਾਂ ਦਾ ਪ੍ਰਬੰਧ ਕੀਤਾ। ਹਰ ਵੇਲੇ ਜੰਗ ਵਾਸਤੇ ਤਿਆਰ ਰਹਿਣ ਵਾਲੇ ਦੋਵੇਂ ਦੇਸ਼ ਸ਼ਾਇਦ ਕੋਰੋਨਾ ਨੂੰ ਭੁਲਾ ਬੈਠੇ ਸਨ। ਇਸ ਹਾਲਤ ਵਿਚ ਕਿਵੇਂ ਮੁਕਾਬਲਾ ਕਰਨਾ ਹੈ ਕੋਰੋਨਾ ਦਾ? ਦੋਵੇਂ ਪਾਸੇ ਕੋਈ 'ਵਿਸ਼ੇਸ਼ ਤਿਆਰੀ' ਵੇਖਣ ਨੂੰ ਨਹੀਂ ਮਿਲੀ। ਅੱਜ ਵੀ ਤਿਆਰੀ ਹੋ ਰਹੀ ਹੈ ਇਕ ਦੂਜੇ ਨੂੰ ਨੀਵਾਂ ਦਿਖਾਉਣ ਦੀ। ਲੋਕਾਂ 'ਤੇ ਕੀ ਬੀਤ ਰਹੀ ਹੈ ਕਿਸੇ ਪ੍ਰਧਾਨ ਮੰਤਰੀ, ਕਿਸੇ ਮੁੱਖ ਮੰਤਰੀ ਜਾਂ ਕਿਸੇ ਹੋਰ ਸਿਆਸਤਦਾਨ ਨੂੰ ਨਹੀਂ ਪਤਾ। ਸਿਰਫ ਕੁਝ ਦਿਨਾਂ ਦੀ ਤਾਲਾਬੰਦੀ ਨੇ ਦੋਵਾਂ ਦੇਸ਼ਾਂ ਦੇ ਲੋਕਾਂ ਨੂੰ ਕਈ ਸਾਲ ਪਿੱਛੇ ਜਾ ਸੁੱਟਿਆ ਹੈ। ਪਾਕਿਸਤਾਨ ਤੇ ਭਾਰਤ ਦੀ ਕੋਰੋਨਾ ਕਹਾਣੀ ਕੋਈ ਇਕ-ਦੂਜੇ ਤੋਂ ਜ਼ਿਆਦਾ ਵੱਖਰੀ ਨਹੀਂ। ਸਰਹੱਦ ਦੇ ਆਰ ਪਾਰ ਮੌਤ ਹੈ ਜਾਂ ਫਿਰ ਖ਼ੌਫ। ਸੂਰਤ ਏ ਹਾਲ ਇਹ ਹੈ ਕਿ ਇਕ ਪਾਸੇ ਮੌਤ ਖੜੀ ਹੈ ਤੇ ਦੂਜੇ ਪਾਸੇ ਭੁੱਖ, ਬੇਰੁਜ਼ਗਾਰੀ, ਗੁਰਬਤ, ਇਕ ਜ਼ਿੰਦਗੀ ਕਿਸ ਕਿਸ ਪਾਸੇ ਜੂਝੇਗੀ?

ਮੈਨੂੰ ਨਹੀਂ ਪਤਾ ਭਾਰਤ ਦੀ 'ਰੌਣਕ' ਦਾ ਕੀ ਹਾਲ ਹੈ ਪਰ ਉਹ ਲਾਹੌਰ ਜਿਸ ਦੀ ਰੌਣਕ ਦੀ ਕਹਾਣੀ ਮੈਂ ਤੁਹਾਨੂੰ ਸ਼ੁਰੂ ਵਿਚ ਸੁਣਾਈ ਸੀ, ਉਹ ਰੌਣਕ ਤਾਂ ਕੋਰੋਨਾ ਨੇ ਲੁੱਟ ਲਈ ਹੈ। ਭੋਜ ਬਾਜ਼ਾਰ (ਫੂਡ ਸਟ੍ਰੀਟ) ਬੰਦ ਪਏ ਹਨ, ਕੋਈ ਕਿਸੇ ਨਾਲ ਗੱਪਾਂ ਨਹੀਂ ਮਾਰ ਰਿਹਾ, ਹਾਸੇ ਲੁਕ ਗਏ ਕਿਉਂਕਿ ਮੂੰਹਾਂ 'ਤੇ ਨਕਾਬ ਚੜ ਚੁੱਕੇ ਹਨ। ਉਹ ਲਾਹੌਰ ਜਿਹੜਾ ਕਦੀ ਸੌਂਦਾ ਨਹੀਂ ਸੀ, ਅੱਜਕੱਲ ਛੇਤੀ ਸੌਂ ਜਾਂਦਾ ਹੈ। 5 ਵਜੇ ਤਮਾਮ ਬਾਜ਼ਾਰ ਬੰਦ ਹੋ ਜਾਂਦੇ ਹਨ, ਸਿਰਫ ਮੈਡੀਕਲ ਸਟੋਰ 24 ਘੰਟੇ ਖੁੱਲੇ ਰਹਿੰਦੇ ਹਨ। ਸਕੂਲ, ਕਾਲਜ, ਯੂਨੀਵਰਸਿਟੀਆਂ ਸਭ ਬੰਦ ਹਨ। ਸਨਿਚਰਵਾਰ ਤੇ ਐਤਵਾਰ ਦੋ ਦਿਨ ਸੰਪੂਰਨ ਤਾਲਾਬੰਦੀ ਕੀਤੀ ਜਾਂਦੀ ਹੈ। ਹਸਪਤਾਲ ਕੋਰੋਨਾ ਮਰੀਜ਼ਾਂ ਨਾਲ ਭਰੇ ਪਏ ਹਨ, ਡਾਕਟਰ ਵੀ ਕੋਰੋਨਾ ਨਾਲ ਮਰ ਰਹੇ ਹਨ, ਕੋਈ ਚੰਗੀ ਖ਼ਬਰ ਨਹੀਂ ਸਿਰਫ ਉਮੀਦ ਦੇ ਸਹਾਰੇ ਜ਼ਿੰਦਗੀ ਚੱਲ ਰਹੀ ਹੈ। ਤੁਸੀਂ ਵੀ ਸੋਚਦੇ ਹੋਵੋਗੇ ਕਿ ਮੈਂ ਕੋਈ ਨਵੀਂ ਗੱਲ ਨਹੀਂ ਦੱਸੀ। ਕਿਉਂਕਿ ਸਭ ਕੁਝ ਤਾਂ ਤੁਹਾਡੇ ਪਾਸੇ ਭਾਵ ਭਾਰਤ ਵਿਚ ਵੀ ਚੱਲ ਰਿਹਾ ਹੈ। ਤਾਂ ਇਸ ਗੱਲ ਦਾ ਜਵਾਬ ਬੱਸ ਏਨਾ ਹੈ ਕਿ ਦੋਵਾਂ ਦੇਸ਼ਾਂ ਦੀ ਜਨਤਾ ਦੀਆਂ ਸਮੱਸਿਆਵਾਂ ਇਕੋ ਜਿਹੀਆਂ ਹਨ ਪਰ ਇਨਾਂ ਨੂੰ ਹੱਲ ਕਰਨ ਲਈ ਹੁਕਮਰਾਨ ਕਦੇ ਵੀ ਇਕ ਮੰਚ 'ਤੇ ਇਕੱਠੇ ਨਹੀਂ ਹੋਏ। ਕੋਰੋਨਾ ਹੋਵੇ, ਟਿੱਡੀਦਲ ਹੋਵੇ ਜਾਂ ਸਰਹੱਦ 'ਤੇ ਜੰਗ, ਸਾਡੀ ਕਿਸਮਤ ਵਿਚ ਸ਼ਾਇਦ ਸਿਰਫ ਮਰਨਾ ਜਾਂ ਸਿਸਕ ਸਿਸਕ ਕੇ ਜਿਊਣਾ ਹੀ ਲਿਖਿਆ ਹੈ। ਪਰ ਕੋਰੋਨਾ ਦੀ ਮਿਹਰਬਾਨੀ ਕਿ ਉਸ ਨੇ ਆਮ ਜਨਤਾ ਅੱਗੇ ਨਿਕੰਮੀਆਂ ਸਰਕਾਰਾਂ ਨੂੰ ਬੇਨਕਾਬ ਜ਼ਰੂਰ ਕਰ ਦਿੱਤਾ ਹੈ। ਜੇਕਰ ਹੁਣ ਇਨਾਂ ਵਿਚੋਂ ਕੋਈ ਸਬਕ ਸਿੱਖਿਆ ਤਾਂ ਸ਼ਾਇਦ ਉਹ ਹਥਿਆਰ ਖਰੀਦਣ ਦੀ ਬਜਾਏ ਵੈਂਟੀਲੇਟਰ ਖਰੀਦਣ ਪਾਸੇ ਤੁਰਨਗੇ। ਜੰਗਾਂ ਲੜਨ ਦੀ ਥਾਂ ਲੋਕਾਂ ਨੂੰ ਸਿਹਤ ਸਹੂਲਤਾਂ ਤੇ ਰੁਜ਼ਗਾਰ ਮੁਹੱਈਆ ਕਰਨ ਦੀ ਜ਼ਰੂਰਤ ਹੈ। ਜੇ ਕੁਝ ਨਾ ਹੋ ਸਕਿਆ ਤਾਂ ਫਿਰ ਜੋ ਕੋਰੋਨਾ ਕਰਨਾ ਚਾਹੁੰਦਾ ਹੈ ਉਹ ਹੋ ਕੇ ਰਹੇਗਾ, ਅਸੀਂ ਜਾਂ ਤੁਸੀਂ ਹੋਈਏ, ਉਸ ਨੂੰ ਰੋਕ ਨਹੀਂ ਸਕਦੇ।

# ਹੁਣ ਲੋਕ ਕਰੋਨਾ ਵਾਇਰਸ ਤੋਂ ਪਹਿਲਾਂ ਵਾਂਗੂ ਨਹੀਂ ਡਰ ਰਹੇ

## ਕਰੋਨਾ ਮਰੀਜ਼ਾਂ ਦਾ ਗਰਾਫ ਵਧਿਆ, ਕਰੋਨਾ ਤੋਂ ਡਰ ਦਾ ਗਰਾਫ ਘਟਿਆ



**- ਚਾਨਣ ਦੀਪ ਸਿੰਘ ਔਲਖ**

ਦਸੰਬਰ 2019 ਵਿੱਚ ਚੀਨ ਦੇ ਵੁਹਾਨ ਇਲਾਕੇ ਤੋਂ ਸ਼ੁਰੂ ਹੋਏ ਨੋਵਲ ਕਰੋਨਾ ਵਾਇਰਸ ਨੇ ਸਾਰੀ ਦੁਨੀਆਂ ਦਾ ਚੱਕਰ ਲਾ ਲਿਆ ਹੈ। ਸੁਰੂਆਤੀ ਦਿਨਾ ਤੋਂ ਹੀ ਦੁਨੀਆਂ ਭਰ ਦੇ ਲੋਕਾਂ ਵਿੱਚ ਇਸਦੇ ਡਰ ਦੀ ਦਹਿਸ਼ਤ ਫੈਲ ਗਈ ਸੀ। ਮਾਸ ਮੀਡੀਆ ਦੇ ਸਾਧਨਾਂ ਦੀ ਬਹੁਤਾਤ ਕਾਰਨ ਪਲ ਪਲ ਦੀ ਖਬਰ ਦੁਨੀਆਂ ਦੇ ਹਰ ਕੋਨੇ ਵਿੱਚਲੇ ਲੋਕਾਂ ਤੱਕ ਮਿੰਟਾਂ ਸਕਿੰਟਾਂ ਵਿੱਚ ਪਹੁੰਚ ਜਾਂਦੀ ਹੈ। ਇਨਾਂ ਖਬਰਾਂ ਨੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਖਬਰਾਂ ਮੁਤਾਬਕ ਲੋਕਾਂ ਦਾ ਨਜ਼ਰੀਆ ਵੀ ਇਸ ਬਿਮਾਰੀ ਪ੍ਰਤੀ ਦਿਨੋ ਦਿਨ ਬਦਲਦਾ ਰਿਹਾ। ਹੌਲੀ ਹੌਲੀ ਜਦੋਂ ਇਹ ਹੋਰਨਾ ਦੇਸ਼ਾਂ ਵਿੱਚ ਫੈਲਣ ਲਗਿਆ ਤਾਂ ਸਭ ਸਹਿਮ ਗਏ। ਚੀਨ ਤੋਂ ਬਾਅਦ ਇਟਲੀ ਵਿੱਚ ਹੋਈਆਂ ਮੌਤਾਂ ਨੇ ਪੂਰੀ ਦੁਨੀਆਂ ਨੂੰ ਡਰਾ ਕੇ ਰੱਖ ਦਿੱਤਾ। ਵਿਸ਼ਵ ਸਿਹਤ ਸੰਸਥਾ ਨੇ ਇਸ ਨੂੰ ਅੰਤਰਾਸ਼ਟਰੀ ਮਹਾਂਮਾਰੀ ਐਲਾਨ ਦਿੱਤਾ। ਸਾਰੇ ਦੇਸ਼ਾਂ ਨੇ ਇਸ ਬਿਮਾਰੀ ਨਾਲ ਲੜਣ ਲਈ ਤਿਆਰੀਆਂ ਅਰੰਭ ਦਿੱਤੀਆਂ। ਬਹੁਤ ਸਾਰੇ ਦੇਸ਼ਾਂ ਨੇ ਲੌਕਡਾਉਨ ਕਰ ਦਿੱਤਾ ਅਤੇ ਆਮ ਲੋਕਾਂ ਨੂੰ ਘਰਾਂ ਵਿੱਚ ਹੀ ਰਹਿਣ ਦੀ ਸਲਾਹ ਦਿੱਤੀ। ਇਸੇ ਵਿਚਕਾਰ ਇਸ ਕਰੋਨਾ ਵਾਇਰਸ ਦਾ ਚੀਨ ਵੱਲੋਂ ਖੁਦ ਤਿਆਰ ਕੀਤਾ ਜਾਣਾ ਅਤੇ ਵੁਹਾਨ ਦੀ ਲੈਬੋਰਟਰੀ ਵਿੱਚੋਂ ਲੀਕ ਹੋਣ ਦੀਆਂ ਖਬਰਾਂ ਵੀ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ।

ਭਾਰਤ ਵਿੱਚ ਜਦੋਂ ਇਸ ਵਾਇਰਸ ਨੇ ਦਸਤਕ ਦਿੱਤੀ ਤਾਂ ਸਾਡੇ ਲੋਕਾਂ ਦਾ ਸਹਿਮ ਹੋਰ ਵੱਧ ਗਿਆ। ਉਸ ਸਮੇਂ ਭਾਵੇਂ ਨੋਵਲ ਕਰੋਨਾ ਵਾਇਰਸ ਦੇ ਮਰੀਜ਼ਾਂ ਦੀ ਗਿਣਤੀ ਬਹੁਤ ਘੱਟ ਸੀ ਪਰ ਆਮ ਲੋਕਾਂ ਵਿੱਚ ਇਸਦੇ ਪ੍ਰਤੀ ਡਰ ਅਤੇ ਸਹਿਮ ਸਿਖਰ ਤੇ ਸੀ। ਇਥੋਂ ਤੱਕ ਕਿ ਲੋਕ ਮਾਨਸਿਕ ਤੌਰ ਤੇ ਆਪਣੇ ਆਪ ਵਿੱਚ ਇਸ ਬਿਮਾਰੀ ਦੇ ਲੱਛਣ ਵੇਖਣ ਲੱਗੇ ਸਨ। ਪੰਜਾਬ ਵਿੱਚ 20ਮਾਰਚ ਨੂੰ ਬੱਸ ਸੇਵਾ ਬੰਦ ਹੋਣ ਤੋਂ ਬਾਅਦ 22 ਮਾਰਚ ਨੂੰ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਕਰਫਿਊ ਲਗਾ ਦਿੱਤਾ ਗਿਆ। ਸਿਹਤ, ਪੁਲਿਸ ਅਤੇ ਸਫਾਈ ਤੋਂ ਇਲਾਵਾ ਸਾਰੀਆਂ ਸੇਵਾਵਾਂ ਬੰਦ ਹੋ ਗਈਆਂ। ਲੋਕ ਘਰਾਂ ਵਿੱਚ ਕੈਦ ਹੋ ਕੇ ਰਹਿ ਗਏ। ਡਰ, ਸਹਿਮ ਅਤੇ ਕਾਰੋਬਾਰੀ ਚਿੰਤਾ ਤੋਂ ਇਲਾਵਾ ਹਰ ਪਾਸੇ ਇਕੋ ਸ਼ਬਦ ਕਰੋਨਾ.. ਕਰੋਨਾ..ਕਰੋਨਾ ਸੁਣ ਸੁਣ ਕੇ ਇਸ ਸ਼ਬਦ ਨਾਲ ਸਭ ਨੂੰ ਨਫਰਤ ਜਿਹੀ ਹੋ ਗਈ।

ਪੰਜਾਬ ਵਿੱਚ ਸ਼ੁਰੂ ਵਿੱਚ ਕਰੋਨਾ ਵਾਇਰਸ ਦੇ ਮਰੀਜ਼ਾਂ ਦੀਆਂ ਹੋਈਆਂ ਮੌਤਾਂ ਪਿੱਛੇ ਕਰੋਨਾ ਬਾਰੇ ਲੋਕਾਂ ਦੇ ਮਨਾਂ ਵਿੱਚ ਬੈਠਿਆ ਡਰ ਜਿਆਦਾ ਜਿੰਮੇਵਾਰ ਲੱਗ ਰਿਹਾ ਹੈ। ਕਿਉਂਕਿ ਕਰੋਨਾ ਦਾ ਖੋਫ ਉਸ ਸਮੇਂ ਇਨਾਂ ਹਾਵੀ ਸੀ ਕਿ ਪਾਜਟਿਵ ਆਉਣ ਵਾਲਾ ਵਿਅਕਤੀ ਆਪਣੀ ਮੌਤ ਤਹਿ ਸਮਝਦਾ ਸੀ। ਉਸ ਦੀਆਂ ਅੱਖਾਂ ਸਾਹਮਣੇ ਚੀਨ ਅਤੇ ਇਟਲੀ ਵਿੱਚ ਹੋਈਆਂ ਮੌਤਾਂ ਦੀਆਂ ਵੀਡੀਓ ਹੀ ਘੁੰਮਣ ਲੱਗਦੀਆਂ ਸਨ। ਕੁਝ ਇੱਕ ਲੋਕਾਂ ਨੂੰ ਛੱਡ ਇਸ ਵਾਇਰਸ ਤੋਂ ਬਚਾਅ ਲਈ ਪੂਰੀਆਂ ਸਾਵਧਾਨੀਆਂ ਵਰਤ ਰਹੇ ਸਨ। ਜਿਉਂ ਜਿਉਂ ਵੱਖ ਵੱਖ ਜਿਲਿਆਂ ਵਿੱਚ ਕੇਸ ਆਉਣ ਲੱਗੇ ਲੋਕਾਂ ਦੀ ਚਿੰਤਾ ਵਧਦੀ ਜਾ ਰਹੀ ਸੀ। ਲੋਕ ਪਾਜਟਿਵ ਮਰੀਜ਼ਾਂ ਵਾਲੇ ਏਰੀਏ ਤੋਂ ਵੀ ਡਰਦੇ ਸਨ। ਹੌਲੀ ਹੌਲੀ ਸਾਰੇ ਜਿਲਿਆਂ ਵਿੱਚ ਮਰੀਜ਼ਾਂ ਦੀ ਗਿਣਤੀ ਵੱਧਣ ਲੱਗੀ। ਪਰ ਖੁਸ਼ਕਿਸਮਤੀ ਨਾਲ ਪੰਜਾਬ ਵਿੱਚ ਕਰੋਨਾ ਕਾਰਨ ਮੌਤਾਂ




ਬਹੁਤ ਘੱਟ ਹੋਈਆਂ ਅਤੇ ਜੋ ਮਰੀਜ਼ ਆਈਸੋਲੇਸ਼ਨ ਵਾਰਡਾਂ ਵਿੱਚ ਭਰਤੀ ਸਨ ਉਹ ਵੀ ਛੇਤੀ ਸਿਹਤਯਾਬ ਹੋ ਕੇ ਘਰ ਪਰਤਣ ਲੱਗੇ। ਇਸ ਨਾਲ ਲੋਕਾਂ ਦੇ ਦਿਲਾਂ ਵਿੱਚ ਕਰੋਨਾ ਵਾਇਰਸ ਦਾ ਡਰ ਕੁੱਝ ਘਟਣ ਲੱਗਾ।

ਪਰ ਇੱਕ ਗੱਲ ਬੜੀ ਹੈਰਾਨੀ ਵਾਲੀ ਹੈ ਕਿ ਜਦੋਂ ਪੰਜਾਬ ਵਿੱਚ ਸਿਰਫ 20-30 ਕਰੋਨਾ ਪਾਜਟਿਵ ਕੇਸ ਸਨ ਤਾਂ ਲੋਕਾਂ ਵਿੱਚ ਬੜਾ ਡਰ ਫੈਲਿਆ ਹੋਇਆ ਸੀ। ਜਦੋਂ ਕਿ ਹੁਣ ਪਾਜਟਿਵ ਮਰੀਜ਼ਾਂ ਦਾ ਗਰਾਫ 3000 ਦੇ ਕਰੀਬ ਪਹੁੰਚ ਚੁੱਕਾ ਹੈ ਲੋਕ ਕਰੋਨਾ ਤੋਂ ਓਨਾ ਜਿਆਦਾ ਨਹੀਂ ਡਰਦੇ ਭਾਵ ਹੁਣ ਲੋਕ ਕਰੋਨਾ ਵਾਇਰਸ ਤੋਂ ਪਹਿਲਾਂ ਵਾਂਗੂ ਨਹੀਂ ਡਰ ਰਹੇ। ਮਨੁੱਖ ਦੀ ਇਹ ਹਸਰਤ ਹੈ ਉਹ ਡਰ ਵੀ ਬੜੀ ਜਲਦੀ ਜਾਂਦਾ ਹੈ ਅਤੇ ਬੜੀ ਛੇਤੀ ਅਵੇਸਲਾ ਵੀ ਹੋ ਜਾਂਦਾ ਹੈ। ਕਰਫਿਊ ਖਤਮ ਹੋਣ ਸਾਰ ਹੀ ਲੋਕਾਂ ਨੇ ਆਵਾਜਾਈ ਸ਼ੁਰੂ ਕਰ ਦਿੱਤੀ ਹੈ ਅਤੇ ਸਮਾਜਿਕ ਦੂਰੀ ਬਣਾਏ ਰੱਖਣ ਦੀ ਕੋਸ਼ਿਸ਼ ਘੱਟ ਕਰਨ ਲੱਗੇ ਹਨ। ਕਰਫਿਊ ਹਟਾਉਣਾ ਸਰਕਾਰ ਦੀ ਮਜਬੂਰੀ ਹੈ ਪਰ ਲੌਕਡਾਉਨ ਜਾਰੀ ਰੱਖ ਕੇ ਇਸ ਬਿਮਾਰੀ ਤੋਂ ਬਚਾਅ ਰੱਖਣ ਲਈ ਮਾਸਕ ਪਹਿਨਣਾ, ਬਿਨਾ ਕਿਸੇ ਜਰੂਰੀ ਕੰਮ ਤੋਂ ਬਾਹਰ ਨਾ ਜਾਣਾ, ਸਮਾਜਿਕ ਦੂਰੀ ਬਣਾਏ ਰੱਖਣਾ ਆਦਿ ਸਾਵਧਾਨੀਆਂ ਵਰਤਣ ਲਈ ਵੀ ਕਿਹਾ ਹੈ। ਸਾਨੂੰ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਕਰਫਿਊ ਖਤਮ ਹੋਇਆ ਹੈ ਕਰੋਨਾ ਵਾਇਰਸ ਨਹੀਂ। ਇਸ ਲਈ ਸਾਨੂੰ ਇਸ ਬਿਮਾਰੀ ਤੋਂ ਆਪਣਾ ਅਤੇ ਹੋਰਾਂ ਦਾ ਬਚਾਅ ਕਰਨ ਲਈ ਜਰੂਰੀ ਹਦਾਇਤਾਂ ਦੀ ਪਾਲਣਾ ਲਾਜਮੀ ਕਰਨੀ ਚਾਹੀਦੀ ਹੈ। ਜੇਕਰ ਕੋਈ ਵਿਅਕਤੀ ਬਾਹਰ ਤੋਂ ਆਇਆ ਹੈ ਤਾਂ ਉਸ ਨੂੰ 14 ਦਿਨ ਇਕਾਂਤਵਾਸ ਰਹਿਣਾ ਅਤੇ ਆਪਣਾ ਆਰ ਟੀ - ਪੀ ਸੀ ਆਰ ਟੈਸਟ (ਕਰੋਨਾ ਟੈਸਟ) ਕਰਵਾ ਲੈਣਾ ਚਾਹੀਦਾ ਹੈ। ਇਹ ਟੈਸਟ ਹਰ ਇੱਕ ਜਿਲੇ ਦੀਆਂ ਸਿਹਤ ਸੰਸਥਾਵਾਂ ਵਿੱਚ ਹਰ ਹਫਤੇ ਵੱਖ ਵੱਖ ਦਿਨ ਮੁਫਤ ਲਏ ਜਾਂਦੇ ਹਨ। ਵਧੇਰੇ ਲੋਕਾਂ ਦੇ ਸੰਪਰਕ ਵਿੱਚ ਆਉਣ ਵਾਲੇ ਦੁਕਾਨਦਾਰਾਂ, ਕਰਮਚਾਰੀਆਂ, ਗਭੀਰ ਰੋਗਾਂ ਤੋਂ ਪੀੜਤ ਮਰੀਜ਼ਾਂ, ਗਰਭਵਤੀ ਔਰਤਾਂ ਨੂੰ ਇਹ ਟੈਸਟ ਕਰਵਾ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਹੋਰ ਸਾਰੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ। ਕਿਉਂਕਿ ਇਹ ਵਾਇਰਸ ਏਨੀ ਛੇਤੀ ਜਾਣ ਵਾਲਾ ਨਹੀਂ ਸਾਨੂੰ ਇਸ ਤੋਂ ਬਚਣ ਲਈ ਲਗਾਤਾਰ ਧਿਆਨ ਰੱਖਣ ਦੀ ਲੋੜ ਹੈ।

# ਕੋਵਿਡ-19 ਦਾ ਰਾਜਨੀਤਕ ਅਰਥ ਸ਼ਾਸਤਰ

**- ਮਨੀਸ਼ ਆਜ਼ਾਦ**

(ਮਨੀਸ਼ ਆਜ਼ਾਦ ਇੱਕ ਰਾਜਨੀਤਕ ਕਾਰਕੁੰਨ ਹਨ। ਇਸ ਲਈ ਸੱਤਾ ਦੇ ਜਬਰ ਦਾ ਸ਼ਿਕਾਰ ਵੀ ਹੋ ਚੁੱਕੇ ਹਨ। ਉਹਨਾਂ ਦਾ ਇਹ ਲੇਖ ਕੋਰੋਨਾ ਵਾਇਰਸ ਦੀ ਮਹਾਂਮਾਰੀ ਨਾਲ ਜੁੜੇ ਤਮਾਮ ਪਹਿਲੂਆਂ ਦੀ ਨਜ਼ਰਸਾਨੀ ਕਰਦਾ ਹੈ। ਇਹ ਲੇਖ ਇਸ ਮਾਅਨੇ ਵਿੱਚ ਬਹੁਤ ਮਹੱਤਵਪੂਰਨ ਹੈ ਕਿ ਜਿੱਥੇ ਅਮਰੀਕੀ ਸਾਮਰਾਜਵਾਦ ਚੀਨ ਨੂੰ ਇਸਦੇ ਲਈ ਦੋਸ਼ੀ ਗਰਦਾਨ ਰਿਹਾ ਹੈ, ਉੱਥੇ ਹੀ ਭਾਰਤ ਇਸਦਾ ਸਾਰਾ ਠੀਕਰਾ ਮੁਸਲਮਾਨਾਂ ਸਿਰ ਭੰਨ ਰਿਹਾ ਹੈ। ਇਹ ਲੇਖ ਇਸ ਮਹਾਂਮਾਰੀ ਦੇ ਕਾਰਨਾਂ ਉੱਪਰ ਵਿਗਿਆਨਕ ਰੂਪ ਵਿੱਚ ਚਾਨਣਾ ਪਾਉਂਦਾ ਹੈ, ਤਾਂ ਕਿ ਭਵਿੱਖ ਵਿੱਚ ਅਸੀਂ ਆਪਣੀ ਤਰੱਕੀ ਦਾ ਰਾਹ ਸਾਫ ਸਾਫ ਦੇਖ ਸਕੀਏ।)

ਨਾਜ਼ੀ ਜਰਮਨੀ ਵਿੱਚ ਜਦੋਂ 'ਸੋਫੀ' ਨਾਮ ਦੀ ਇੱਕ ਔਰਤ ਨੂੰ ਉਸਦੇ ਦੋ ਬੱਚਿਆਂ ਸਮੇਤ ਨਾਜ਼ੀ ਸਿਪਾਹੀ ਗੈਸ ਚੈਂਬਰ ਵਿੱਚ ਲੈ ਕੇ ਆਏ ਤਾਂ ਉਹਨਾਂ ਨੇ ਸੋਫੀ ਦੇ ਰੋਣ-ਕੁਰਲਾਉਣ ਤੋਂ ਮਗਰੋਂ ਉਸਦੇ ਦੋ ਬੱਚਿਆਂ ਵਿੱਚੋਂ ਇੱਕ ਨੂੰ ਜ਼ਿੰਦਾ ਛੱਡਣ ਦਾ ਵਾਅਦਾ ਕੀਤਾ, ਪਰ ਕੌਣ ਜ਼ਿੰਦਾ ਰਹੇਗਾ ਅਤੇ ਕੌਣ ਗੈਸ ਚੈਂਬਰ ਵਿੱਚ ਜਾਵੇਗਾ, ਇਸਦਾ ਫੈਸਲਾ ਉਹਨਾਂ ਨੇ ਸੋਫੀ 'ਤੇ ਹੀ ਛੱਡ ਦਿੱਤਾ। 1979 ਵਿੱਚ ਇਸੇ ਕਹਾਣੀ 'ਤੇ ਆਧਾਰਿਤ ਸੋਫੀਜ਼ ਚੁਆਇਸ ਨਾਮ ਦੇ ਨਾਵਲ ਦੀ ਸਫਲਤਾ ਤੋਂ ਬਾਅਦ ਅੰਗਰੇਜ਼ੀ ਵਿੱਚ 'ਸੋਫੀਜ਼ ਚੁਆਇਸ'ਇੱਕ ਮੁਹਾਵਰਾ ਹੀ ਚੱਲ ਪਿਆ। ਅੱਜ ਜਦੋਂ ਮੈਂ ਕੋਰੋਨਾ ਵਾਇਰਸ ਨਾਲ ਭਿਆਨਕ ਲੌਕਡਾਊਨ ਝੱਲ ਰਹੀ ਦੁਨੀਆ ਨੂੰ ਦੇਖਦਾ ਹਾਂ ਤਾਂ ਮੈਨੂੰ ਅੰਗਰੇਜ਼ੀ ਦਾ ਇਹ ਮੁਹਾਵਰਾ ਯਾਦ ਆਉਂਦਾ ਹੈ। ਜੇ ਲੌਕਡਾਊਨ ਵੱਧਦਾ ਹੈ ਤਾਂ ਦੁਨੀਆ ਦੀ ਅਰਥ ਵਿਵਸਥਾ ਇੱਕ ਡੂੰਘੇ ਟੋਏ ਵਿੱਚ ਡਿੱਗ ਪਵੇਗੀ, ਕਰੋੜਾਂ ਲੋਕਾਂ ਅੱਗੇ ਆਪਣੀ ਹੋਂਦ ਬਚਾਉਣ ਦਾ ਸੰਕਟ ਖੜਾ ਹੋ ਜਾਵੇਗਾ ਅਤੇ ਜੇਕਰ ਲੌਕਡਾਊਨ ਖੋਲਦੇ ਹਨ ਤਾਂ ਕੋਰੋਨਾ ਮਹਾਂਮਾਰੀ ਲੱਖਾਂ ਕਰੋੜਾਂ ਲੋਕਾਂ ਨੂੰ ਨਿਗਲ ਸਕਦੀ ਹੈ। ਲਗਭਗ ਹਰ ਦੇਸ਼ ਵਿੱਚ ਇਹ ਦੁਬਿਧਾ ਮੂੰਹ ਅੱਡੀ ਖੜੀ ਹੈ। ਪਰ ਅਸਲ ਸਵਾਲ ਤਾਂ ਇਹ ਹੈ ਕਿ ਅਸੀ ਇੱਥੇ ਤੱਕ ਪਹੁੰਚੇ ਕਿਵੇਂ? ਕੀ ਇਹ ਹੋਣਾ ਹੀ ਸੀ? ਕੋਰੋਨਾ ਨੇ ਆਉਣਾ ਹੀ ਸੀ? ਜਾਂ ਇਸ ਪਿੱਛੇ ਚੀਨ ਦੀ ਸਾਜਿਸ਼ ਹੈ ਜਿਸਨੇ ਵਿਸ਼ਵ-ਜੇਤੂ ਬਣਨ ਲਈ ਕੋਰੋਨਾ ਨਾਲ ਪਹਿਲਾਂ ਆਪਣੇ ਲੋਕਾਂ ਨੂੰ ਮਾਰਿਆ ਅਤੇ ਫਿਰ ਪੂਰੀ ਦੁਨੀਆ ਨੂੰ ਮਾਰ ਰਿਹਾ ਹੈ। ਜਾਂ ਫਿਰ ਚੀਨ ਦੀ ਗੱਲ ਸਹੀ ਹੈ ਜੋ ਕਹਿ ਰਿਹਾ ਹੈ ਕਿ ਅਮਰੀਕਾ ਨੇ ਉਲੰਪਿਕ ਖੇਡਾਂ ਦੌਰਾਨ ਇਹ ਵਾਇਰਸ ਚੀਨ ਵਿੱਚ ਛੱਡਿਆ ਸੀ, ਤਾਂ ਕਿ ਚੀਨ ਨੂੰ ਕਮਜ਼ੋਰ ਕੀਤਾ ਜਾ ਸਕੇ। ਜਾਂ ਫਿਰ ਕੋਈ ਹੋਰ ਗੱਲ ਹੈ। ਆਓ ਕੁੱਝ ਜਾਂਚ ਕਰਦੇ ਹਾਂ।

ਸਭ ਤੋਂ ਪਹਿਲੀ ਗੱਲ ਤਾਂ ਇਹ ਹੈ ਕਿ Scripps Research Institute ਸਮੇਤ ਹੋਰ ਅਨੇਕਾਂ ਪ੍ਰਯੋਗਸ਼ਾਲਾਵਾਂ ਨੇ ਕੋਵਿਡ-19 ਦੀ ਜੀਨ ਬਣਤਰ ਦਾ ਅਧਿਐਨ ਕਰਕੇ ਇਹ ਸਾਬਿਤ ਕੀਤਾ ਹੈ ਕਿ ਇਸਨੂੰ ਪ੍ਰਯੋਗਸ਼ਾਲਾਵਾਂ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ। ਇਸ ਲਈ ਇਹ ਆਪਣੇ ਆਪ ਵਿਕਸਤ (ਮਿਊਟੇਸ਼ਨ) ਹੋਇਆ ਹੈ। ਅਰਥਾਤ ਇਸ ਪਿੱਛੇ ਕਿਸੇ ਕਿਸੇ ਦੇਸ਼ ਦਾ ਹੱਥ ਨਹੀਂ ਹੈ। ਇਹ ਕੋਰੋਨਾ ਪਰਿਵਾਰ ਦਾ ਹੀ ਨਵਾਂ ਵਾਇਰਸ ਹੈ। ਇਸ ਪਰਿਵਾਰ ਦੇ ਹੀ ਸਾਰਸ ਨੇ ਵੀ 2003-04 ਵਿੱਚ ਦੁਨੀਆ ਦੇ ਕਈ ਦੇਸ਼ਾਂ ਵਿੱਚ ਤਬਾਹੀ ਮਚਾਈ ਸੀ। ਇਹ ਕੋਵਿਡ-19 ਸਾਰਸ-2 ਹੈ।

ਇਹ ਚੀਨ ਦੇ ਵੁਹਾਨ ਸ਼ਹਿਰ ਵਿੱਚ ਪੈਦਾ ਹੋਇਆ ਦੱਸਿਆ ਜਾਂਦਾ ਹੈ (ਹਾਲਾਂਕਿ ਨਾਮਵਰ ਮੈਡੀਕਲ ਜਰਨਲ 'ਲੈਂਸੈਂਟ' ਅਨੁਸਾਰ ਸ਼ੁਰੂਆਤੀ 43 ਕੋਰੋਨਾ ਦੇ ਮਰੀਜ਼ਾਂ ਵਿੱਚੋਂ 13 ਮਰੀਜ਼ ਵੁਹਾਨ ਤੋਂ ਬਾਹਰ ਦੇ ਸਨ ਅਤੇ ਉਹਨਾਂ ਦਾ ਵੁਹਾਨ ਦੇ ਕੋਰੋਨਾ ਮਰੀਜ਼ਾਂ ਜਾਂ ਉੱਥੋਂ ਦੀ 'ਵੈੱਟ ਮਾਰਕਿਟ' ਨਾਲ ਕੋਈ ਸੰਪਰਕ ਨਹੀਂ ਸੀ)। ਦੂਜੀ ਕਹਾਣੀ ਮੀਡੀਆ ਵਿੱਚ ਇਹ ਹੈ ਕਿ ਇਹ ਵਾਇਰਸ ਉੱਥੋਂ ਦੇ ਵੈੱਟ ਬਾਜ਼ਾਰ (ਮੱਛੀ ਅਤੇ ਤਰਾਂ ਤਰਾਂ ਦਾ ਮਾਸ ਵੇਚਣ ਵਾਲੇ ਛੋਟੇ ਬਾਜ਼ਾਰ ਜਿਵੇਂ ਆਪਣੇ ਇੱਥੋਂ ਦੀ ਕੋਈ ਮੱਛੀ ਮਾਰਕਿਟ) ਤੋਂ ਪੂਰੀ ਦੁਨੀਆ ਵਿੱਚ ਫੈਲਿਆ ਹੈ। Scripps Research Institute ਨੇ ਆਪਣੇ ਅਧਿਐਨ ਵਿੱਚ ਇਸ ਤੋਂ ਇਨਕਾਰ ਕੀਤਾ ਹੈ। ਉਸਦੇ ਅਨੁਸਾਰ ਕੋਵਿਡ-19 ਜਿਸ ਤਰਾਂ ਵਿਕਸਿਤ (ਮਿਊਟੇਸ਼ਨ) ਹੋਇਆ ਹੈ ਅਤੇ ਜਿਸ ਤਰਾਂ ਦੀ ਉਸਦੀ ਜੀਨ ਬਣਤਰ ਹੈ, ਉਸਦੇ ਲਈ ਜਾਨਵਰਾਂ ਦੀ ਉੱਚ ਆਬਾਦੀ ਘਣਤਾ (high population density) ਜ਼ਰੂਰੀ ਹੈ। ਅਤੇ ਇਹ ਜਾਨਵਰਾਂ ਦੇ ਉਦਯੋਗਿਕ ਉਤਪਾਦਨ ਵਾਲੀਆਂ ਥਾਵਾਂ 'ਤੇ ਹੀ ਸੰਭਵ ਹੈ। ਜਿੱਥੇ ਉਹਨਾਂ ਨੂੰ ਤੁੰਨ ਕੇ ਰੱਖਿਆ ਜਾਂਦਾ ਹੈ। ਚਿਕਨ ਅਤੇ ਸੂਰ ਦਾ ਉਤਪਾਦਨ ਵਿਸ਼ੇਸ਼ ਤੌਰ 'ਤੇ ਇਹੋ ਜਿਹੀਆਂ ਹਾਲਤਾਂ ਵਿੱਚ ਹੀ ਹੁੰਦਾ ਹੈ। ਖੋਜ ਵਿੱਚ ਇਹ ਕਿਹਾ ਗਿਆ ਹੈ ਕਿ ਕਿਉਂਕਿ ਸੂਰ ਦਾ 'ਇਮਿਊਨ ਸਿਸਟਮ' ਤੁਲਨਾਤਮਕ ਤੌਰ 'ਤੇ ਮਨੁੱਖ ਨਾਲ ਜ਼ਿਆਦਾ ਮੇਲ ਖਾਂਦਾ ਹੈ, ਇਸ ਲਈ ਇਹ ਕੋਵਿਡ-19 ਸੂਰਾਂ ਦੇ ਮਾਧਿਅਮ ਰਾਹੀਂ ਮਨੁੱਖ ਵਿੱਚ ਆਇਆ ਹੈ। ਇਸ ਖੇਤਰ ਵਿੱਚ ਕੰਮ ਕਰਨ ਵਾਲੀ ਮਸ਼ਹੂਰ ਵੈੱਬਸਾਈਟ grain.org ਦਾ ਇਹ ਦਾਅਵਾ ਵੀ ਸਹੀ ਲੱਗਦਾ ਹੈ ਕਿ ਕੋਰੋਨਾ ਦੇ ਬਹਾਨੇ ਵੁਹਾਨ ਦੀ 'ਵੈੱਟ ਮਾਰਕਿਟ' ਨੂੰ ਬੰਦ ਕਰਨ ਦੀ ਸਾਜਿਸ਼ ਦੇ ਤਹਿਤ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ, ਕਿਉਂਕਿ ਇਸ ਬਾਜ਼ਾਰ ਦੇ ਮਾਧਿਅਮ ਨਾਲ ਲੱਖਾਂ ਛੋਟੇ ਲੋਕਾਂ ਦਾ ਜੀਵਨ ਚੱਲਦਾ ਹੈ ਅਤੇ ਗਰੀਬ ਲੋਕਾਂ ਨੂੰ ਸਸਤਾ ਮੀਟ ਉਪਲਬਧ ਹੁੰਦਾ ਹੈ (ਇਹ ਛੋਟੇ ਅਤੇ ਗਰੀਬ ਲੋਕ ਆਮ ਤੌਰ 'ਤੇ ਉਹ ਹੀ ਹਨ ਜਿਹਨਾਂ ਪਾਸੋਂ ਸਮਾਜਵਾਦ ਤੋਂ ਬਾਅਦ ਦੇ ਦੌਰ ਵਿੱਚ ਉੱਥੋਂ ਦੇ 'ਕਾਂਪਰੇਟਿਵ' ਅਤੇ 'ਕਮਿਊਨਾਂ' ਨੂੰ ਤੋੜ ਕੇ ਉਹਨਾਂ ਦੀ ਜ਼ਮੀਨ ਖੋਹ ਲਈ ਗਈ ਅਤੇ ਉਹਨਾਂ ਉੱਪਰ ਹੀ ਅਨੇਕਾਂ ਪ੍ਰਕਾਰ ਦੇ ਵੱਡੇ ਵੱਡੇ ਉਦਯੋਗ, ਜਿਹਨਾਂ ਵਿੱਚ ਮੀਟ ਉਦਯੋਗ ਵੀ ਸ਼ਾਮਿਲ ਹੈ, ਅਤੇ ਵੱਡੇ ਵੱਡੇ ਖੇਤੀ ਉਦਯੋਗਿਕ ਫਾਰਮਾਂ ਦੀ ਸਥਾਪਨਾ ਕੀਤੀ ਗਈ)। ਜ਼ਾਹਿਰ ਹੈ ਕਿ ਵੱਡੇ ਮੀਟ ਉਦਯੋਗਾਂ ਦਾ ਹਿੱਤ ਇਸ ਵਿੱਚ ਹੀ ਹੈ ਕਿ ਇਹ 'ਵੈੱਟ ਮਾਰਕਿਟ' ਬੰਦ ਹੋ ਜਾਵੇ ਅਤੇ ਉਹਨਾਂ ਦੇ ਆਪਣਾ ਬਾਜ਼ਾਰ ਦਾ ਹੋਰ ਵਧੇਰੇ ਵਿਸਤਾਰ ਹੋ ਜਾਵੇ।

ਇਸ ਤੋਂ ਪਹਿਲਾਂ ਕੋਰੋਨਾ ਪਰਿਵਾਰ ਦੇ ਸਾਰਸ ਕੋਰੋਨਾ ਨੇ ਵੀ 2003-04 ਵਿੱਚ ਕਾਫੀ ਲੋਕਾਂ ਦੀ ਜਾਨ ਲਈ ਸੀ। ਇਹ ਵਾਇਰਸ ਸਿਰਫ ਜਾਨਵਰਾਂ ਤੋਂ ਹੀ ਮਨੁੱਖਾਂ ਵਿੱਚ ਆਉਂਦਾ ਹੈ। ਇਸ ਤੋਂ ਪਹਿਲਾਂ ਸਵਾਈਨ ਫਲੂ (81©1) ਨੇ ਵੀ ਪੂਰੀ ਦੁਨੀਆ ਵਿੱਚ ਲੱਖਾਂ ਲੋਕਾਂ ਦੀ ਜਾਨ ਲਈ ਸੀ (ਇਕੱਲੇ ਅਮਰੀਕਾ ਵਿੱਚ ਹੀ ਇਸ ਨਾਲ 1200 ਤੋਂ ਜ਼ਿਆਦਾ ਲੋਕ ਮਾਰੇ ਗਏ ਸਨ)। ਇਹ ਮੈਕਸੀਕੋ ਤੋਂ ਸ਼ੁਰੂ ਹੋਇਆ ਸੀ ਅਤੇ ਸ਼ੁਰੂ ਵਿੱਚ ਇਸ ਨੂੰ ਵੀ 'ਮੈਕਸੀਕਨ ਫਲੂ' ਦਾ ਨਾਮ ਦਿੱਤਾ ਗਿਆ ਜਿਵੇਂ ਅੱਜ ਕੋਰੋਨਾ ਨੂੰ 'ਚਾਈਨੀਜ਼ ਕੋਰੋਨਾ' ਕਿਹਾ ਜਾ ਰਿਹਾ ਹੈ। ਪਰ ਹੁਣ 'ਸਵਾਈਨ ਫਲੂ' ਬਾਰੇ ਕਾਫੀ ਜਾਣਕਾਰੀ ਮਿਲ ਗਈ ਹੈ। ਇਹ ਉਦਯੋਗਿਕ ਉਤਪਾਦਨ ਵਾਲੇ ਸੂਰਾਂ ਤੋਂ ਮਨੁੱਖ ਵਿੱਚ ਆਇਆ। ਮੈਕਸੀਕੋ ਦੇ ਇੱਕ ਸੂਰ ਮੀਟ ਉਦਯੋਗ ਤੋਂ ਇਸਦੀ ਸ਼ੁਰੂਆਤ ਹੋਈ। ਇਸ ਸੂਰ ਮੀਟ ਉਦਯੋਗ ਦਾ ਨਾਮ ਸੀ- 'ਸਮਿੱਥਫੀਲਡ ਫੂਡ ਕੰਪਨੀ'। ਇਹ ਅਮਰੀਕੀ ਕੰਪਨੀ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਸੂਰ ਦਾ ਉਤਪਾਦਨ ਅਤੇ ਉਸਦੀ ਪ੍ਰੋਸੈਸਿੰਗ ਕਰਨ ਵਾਲੀ ਕੰਪਨੀ ਹੈ। ਇਸਦੇ ਵੱਖ ਵੱਖ ਕਾਰਖਾਨਿਆਂ ਵਿੱਚ ਹਰ ਸਾਲ 28 ਮਿਲੀਅਨ ਸੂਰਾਂ ਨੂੰ ਕੱਟਿਆ ਜਾਂਦਾ ਹੈ ਅਤੇ ਪੂਰੇ ਦੁਨੀਆ ਵਿੱਚ ਅਨੇਕ ਰੂਪਾਂ (ਹਾਮ, ਸਾਸੇਜ ਬੇਕਨ, ਆਦਿ) ਵਿੱਚ ਉਸਦੀ ਸਪਲਾਈ ਹੁੰਦੀ ਹੈ। ਇਸਦੀਆਂ ਪ੍ਰਮੁੱਖ ਖਰੀਦਦਾਰ ਕੰਪਨੀਆਂ ਮੈਕਡਾਨਲਡ, ਕੇਐੱਫਸੀ, ਆਦਿ ਹਨ। ਇਹ ਵੀ ਅਮਰੀਕੀ ਕੰਪਨੀਆਂ ਹੀ ਹਨ। ਜਿਸ ਤਰਾਂ ਸਾਰੀਆਂ ਅਮਰੀਕੀ ਕੰਪਨੀਆਂ ਜਿਵੇਂ ਐਪਲ, ਪੈਪਸੀ, ਨਾਇਕ, ਜਨਰਲ ਮੋਟਰਜ਼, ਆਦਿ ਨੇ ਚੀਨ ਦੀ ਸਸਤੀ ਕਿਰਤ ਨੂੰ ਨਿਚੋੜਣ ਲਈ ਆਪਣੇ ਕਾਰਖਾਨੇ ਚੀਨ ਵਿੱਚ ਸਥਾਪਤ ਕੀਤੇ ਹਨ, ਇਸੇ ਤਰਾਂ ਇਸ ਕੰਪਨੀ ਦਾ ਇੱਕ ਵੱਡਾ ਕਾਰਖਾਨਾ ਚੀਨ ਵਿੱਚ ਵੀ ਹੈ।

ਦੁਨੀਆ ਦੀ ਪੰਜਵੀਂ ਸੂਰ ਦਾ ਮਾਸ ਤਿਆਰ ਕਰਨ ਵਾਲੀ ਡੈਨਮਾਰਕ ਦੀ ਕੰਪਨੀ 'ਡੈਨਿਸ ਕ੍ਰਾਊਨ', ਸੂਰ ਮੀਟ ਉਤਪਾਦਨ ਵਿੱਚ ਦੁਨੀਆ ਦੀ ਸੱਤਵੀਂ ਵੱਡੀ ਕੰਪਨੀ ਜਰਮਨੀ ਦੀ 'ਟੋਨੀ', ਇਹਨਾਂ ਸਾਰਿਆਂ ਦੇ ਚੀਨ ਵਿੱਚ ਮੀਟ ਉਤਪਾਦਨ ਅਤੇ ਉਸਦੀ ਪ੍ਰੋਸੈਸਿੰਗ ਦੇ ਵੱਡੇ ਕਾਰਖਾਨੇ ਹਨ। ਇਹ ਮੀਟ ਇੱਥੋਂ ਚੀਨ ਸਮੇਤ ਦੁਨੀਆ ਭਰ ਦੇ ਬਾਜ਼ਾਰਾਂ ਵਿੱਚ ਸਪਲਾਈ ਕੀਤਾ ਜਾਂਦਾ ਹੈ। 'ਮੈਕਡਾਨਲਡ' ਅਤੇ 'ਕੇਐੱਫਸੀ' ਵਰਗੀਆਂ ਕੰਪਨੀਆਂ ਇਸਦੀਆਂ ਪ੍ਰਮੁੱਖ ਖਰੀਦਦਾਰ ਹਨ। ਇਹ ਵੀ ਸਪੱਸ਼ਟ ਹੈ ਕਿ ਚੀਨੀ ਕੰਪਨੀਆਂ ਵੀ ਇਸ ਦੌੜ ਵਿੱਚ ਸ਼ਾਮਲ ਹਨ। 2008 ਦੀ ਮੰਦੀ ਤੋਂ ਬਾਅਦ ਦੁਨੀਆ ਦੀ ਸਭ ਤੋਂ ਵੱਡੀ ਨਿਵੇਸ਼ਕ ਕੰਪਨੀ 'ਗੋਲਡਮੈਨ ਸੈਸ਼' ਨੇ ਆਪਣੇ ਨਿਵੇਸ਼ ਨੂੰ ਵਿਭਿੰਨ ਕਰਨ ਦੀ ਕੋਸ਼ਿਸ਼ ਵਿੱਚ 300 ਮਿਲੀਅਨ ਡਾਲਰ ਦਾ ਨਿਵੇਸ਼ ਕਰਦੇ ਹੋਏ ਚੀਨ ਦੇ 10 ਵੱਡੇ ਪੋਲਟਰੀ ਫਾਰਮਾਂ 'ਤੇ ਕਬਜ਼ਾ ਕਰ ਲਿਆ। ਇਸ ਤੋਂ ਇਲਾਵਾ ਚੀਨ ਦੇ ਸੂਰ ਉਤਪਾਦਨ ਵਿੱਚ ਵੀ ਇਸਦਾ ਲਗਭਗ 200 ਮਿਲੀਅਨ ਡਾਲਰ ਦਾ ਨਿਵੇਸ਼ ਹੈ। ਇਸ ਤੋਂ ਇਲਾਵਾ ਦੂਜੀ ਵੱਡੀ ਅਮਰੀਕੀ ਕੰਪਨੀ 'ਓਐੱਸਆਈ' ਨਾਲ ਜੁੜਿਆ ਇੱਕ ਮਾਮਲਾ ਪਿਛਲੇ ਦਿਨੀਂ ਕਾਫੀ ਚਰਚਾ ਵਿੱਚ ਰਿਹਾ। ਇਹ ਕੰਪਨੀ ਚਿਕਨ ਮੀਟ ਨੂੰ ਪ੍ਰੋਸੈਸ ਕਰਦੀ ਹੈ ਅਤੇ ਇਸਦੇ ਵੀ ਚੀਨ ਵਿੱਚ 10 ਵੱਡੇ ਕਾਰਖਾਨੇ ਹਨ। ਇਹ ਵੀ ਮੈਕਡਾਨਲਡ ਅਤੇ ਕੇਐੱਫਸੀ ਵਰਗੀਆਂ ਅਮਰੀਕੀ ਕੰਪਨੀਆਂ ਦੇ ਮਾਧਿਅਮ ਨਾਲ ਹੀ ਚੀਨ ਸਮੇਤ ਪੂਰੀ ਦੁਨੀਆ ਦੇ ਬਾਜ਼ਾਰਾਂ ਵਿੱਚ ਮੀਟ ਦੇ ਵਿਭਿੰਨ ਰੂਪਾਂ ਦੀ ਸਪਲਾਈ ਕਰਦੀ ਹੈ। ਇਸਨੇ ਸੜੇ ਹੋਏ ਮਾਸ ਨੂੰ ਪ੍ਰੋਸੈਸ ਕਰਕੇ ਚੀਨ ਦੇ ਬਾਜ਼ਾਰਾਂ ਵਿੱਚ ਇਸਦੀ ਸਪਲਾਈ ਕਰ ਦਿੱਤੀ ਸੀ। ਜਿਸ ਕਾਰਨ ਚੀਨ ਮੇ ਇਸ 'ਤੇ ਭਾਰੀ ਜੁਰਮਾਨਾ ਲਗਾਇਆ ਅਤੇ 10 ਕਰਮਚਾਰੀਆਂ ਨੂੰ ਜੇਲ ਭੇਜ ਦਿੱਤਾ।

ਇਹ ਵਿਸਥਾਰ ਇਸ ਲਈ ਜ਼ਰੂਰੀ ਹੈ ਤਾਂ ਕਿ ਅਸੀਂ ਦੇਖ ਸਕੀਏ ਕਿ ਦੁਨੀਆ ਦੇ ਲਗਭਗ 945 ਮਿਲੀਅਨ ਡਾਲਰ ਦੇ ਮੀਟ ਵਪਾਰ ਵਿੱਚ ਅਮਰੀਕਾ ਅਤੇ ਹੋਰ ਯੂਰਪੀ ਦੇਸ਼ਾਂ ਦੀ ਹਿੱਸੇਦਾਰੀ ਕੀ ਹੈ ਅਤੇ ਚੀਨ ਨਾਲ ਇਸਦਾ ਕੀ ਸੰਬੰਧ ਹੈ। ਆਓ ਨਜ਼ਰ ਮਾਰਦੇ ਹਾਂ ਕਿ ਇੱਥੇ ਉਤਪਾਦਨ ਕਿਵੇਂ ਕੀਤਾ ਜਾਂਦਾ ਹੈ।

ਬਾਕੀ ਸਫ਼ਾ 31 'ਤੇ

# ਭਾਰਤੀ 'ਠੱਗ ਸਾਧ' ਕੋਰੋਨਾ ਦੇ ਇਲਾਜ ਲਈ ਹੋਏ ਸਰਗਰਮ

## ਬਾਬਾ ਰਾਮਦੇਵ ਵੱਲੋਂ ਦਾਅਵਾ ਅਸੀਂ ਲੱਭ ਲਿਆ ਕੋਰੋਨਾ ਦਾ ਇਲਾਜ

## ਪਾਖੰਡੀ ਸਾਧ ਚੁੰਮੀਆਂ ਲੈ ਕੇ ਕੋਰੋਨਾ ਪੀੜਤ ਲੋਕਾਂ ਦਾ ਇਲਾਜ ਕਰਦਾ ਸਾਰੇ ਕਸਬੇ ਨੂੰ ਕੋਰੋਨਾ ਬਣਾ ਕੇ ਚਲ ਵਸਿਆ

**- ਸੁਰਿੰਦਰਪਾਲ ਸਿੰਘ ਗੋਲਡੀ**

ਕਰੋਨਾ ਦੇ ਨਾਮ ਉਪਰ ਭਾਰਤ ਵਿਚ ਠੱਗੀ ਚਲ ਰਹੀ ਹੈ। ਇਸ ਬਾਰੇ ਬਾਬੇ ਦੇਵਤੇ ਬਣ ਕੇ ਸਰਗਰਮ ਹੋ ਚੁਕੇ ਹਨ। ਬਾਬਾ ਰਾਮਦੇਵ ਨੇ ਕਿਹਾ ਕਿ ਉਸ ਨੇ ਕਰੋਨਾ ਦਾ ਇਲਾਜ ਲਭ ਲਿਆ। ਜਲਦੀ ਆਯੁਰਵੈਦਿਕ ਬਰਾਂਡ ਉਤਾਰਾਂਗੇ। ਬਹੁ ਗਿਣਤੀ ਲੋਕ ਇਹ ਸ਼ਿਕਾਇਤਾਂ ਕਰ ਰਹੇ ਹਨ ਕਿ ਰਾਮਦੇਵ ਦੇ ਪ੍ਰੋਡਕਟ ਵਧੀਆ ਨਹੀਂ ਹਨ, ਸਿਹਤ ਨੂੰ ਨੁਕਸਾਨ ਕਰਦੇ ਹਨ।

ਪੂਰੇ ਵਿਸ਼ਵ ਵਿਚ ਕਰੋਨਾ ਦਾ ਇਲਾਜ ਲਭਣ ਵਿਚ ਸਾਇੰਸ ਪਿਛੇ ਹੈ, ਪਰ ਬਾਬਾ ਰਾਮਦੇਵ ਦੀ ਕਰੋਨਾ ਦਵਾਈ ਆਯੁਰਵੈਦਿਕ ਢੰਗ ਨਾਲ ਝਟ ਪਟ ਬਣ ਗਈ। ਪਤੰਜਲੀ ਦੇ ਸੀਈਏ ਆਚਾਰਿਆ ਬਾਲਕ੍ਰਿਸ਼ਨ ਨੇ ਦਾਅਵਾ ਕੀਤਾ ਹੈ ਕਿ ਕੋਰੋਨਾ ਵਾਇਰਸ ਨਾਲ ਲੜਨ ਵਾਲੀ ਆਯੁਰਵੇਦਿਕ ਦਵਾਈ ਖੋਜੀ ਜਾ ਚੁੱਕੀ ਹੈ। ਉਨਾਂ ਕਿਹਾ ਕਿ ਕੰਪਨੀ ਵੱਲੋਂ ਕੰਮ ਕਰ ਰਹੇ ਵਿਗਿਆਨਕਾਂ ਦੀ ਇਕ ਟੀਮ ਨੇ ਅਜਿਹੇ ਕੰਪਾਊਂਡ ਲੱਭ ਹਨ, ਜੋ ਜਾਨਲੇਵਾ ਕੋਰੋਨਾ ਵਾਇਰਸ ਨਾਲ ਮੁਕਾਬਲਾ ਕਰ ਸਕਦੇ ਹਨ। ਦਵਾਈ ਦਾ ਪਹਿਲੇ ਚਰਨ ਵਿਚ ਟਰਾਇਲ ਪੂਰਾ ਹੋ ਚੁੱਕਾ ਹੈ, ਜਿਸ ਵਿਚ ਦਵਾਈ ਦਾ 100 ਫ਼ੀਸਦੀ ਰਿਜ਼ਲਟ ਆਇਆ ਹੈ। ਉਨਾਂ ਨੇ ਇਹ ਵੀ ਦੱਸਿਆ ਕਿ ਸੈਂਕੜੇ ਮਰੀਜ ਇਸ ਦਵਾਈ ਨੂੰ ਲੈਣ ਨਾਲ ਠੀਕ ਹੋਏ ਹਨ ਤੇ ਅਗਲੇ ਤਿੰਨ ਤੋਂ ਚਾਰ ਦਿਨਾਂ ਵਿਚ ਇਸ ਬਾਰੇ ਪੂਰੀ ਜਾਣਕਾਰੀ ਦੁਨੀਆ ਦੇ ਸਾਹਮਣੇ ਰੱਖਣਗੇ।

ਬਾਲਕ੍ਰਿਸ਼ਨ ਨੇ ਇਹ ਵੀ ਕਿਹਾ ਕਿ ਆਯੁਰਵੇਦਿਕ ਜ਼ਰੀਏ ਕੋਰੋਨਾ ਦਾ ਇਲਾਜ ਮੁਮਕਿਨ ਹੈ ਤੇ ਉਨਾਂ ਦੀ ਦਵਾਈ ਜ਼ਰੀਏ ਪੰਜ ਤੋਂ 14 ਦਿਨ ਵਿਚ ਕੋਰੋਨਾ ਨਾਲ ਸੰਕ੍ਰਮਿਤ ਮਰੀਜ਼ ਠੀਕ ਹੋਏ ਹਨ। ਉਨਾਂ ਕਿਹਾ ਕਿ ਕੋਰੋਨਾ ਜਦੋਂ ਫੈਲਣਾ ਸ਼ੁਰੂ ਹੋਇਆ ਸੀ ਤਾਂ ਅਸੀਂ ਵਿਗਿਆਨੀਆਂ ਦੀ ਟੀਮ ਅਧਿਐਨ ਲਈ ਲਗਾ ਦਿੱਤੀ ਸੀ। ਜੜੀ-ਬੂਟੀਆਂ ਦੀ ਪਛਾਣ ਕੀਤੀ। ਇਨਾਂ ਕੰਪਾਊਂਡਾਂ ਦਾ ਸੈਮੂਲੇਸ਼ਨ ਕਰਨ ਦੇ ਬਾਅਦ ਪਰੀਖਣ ਕੀਤਾ ਗਿਆ। ਇਹ ਦਵਾਈਆਂ ਸੈਂਕੜੇ ਕੋਰੋਨਾ ਪਾਜ਼ੇਟਿਵ ਮਰੀਜ਼ਾਂ ਨੂੰ ਦਿੱਤੀ ਗਈ, ਜਿਸ ਦਾ 100 ਫ਼ੀਸਦੀ ਰਿਜ਼ਲਟ ਆਇਆ ਹੈ।

ਆਚਾਰਿਆ ਬਾਲਕ੍ਰਿਸ਼ਨ ਨੇ ਅੱਗੇ ਦੱਸਿਆ ਕਿ ਜਿਨਾਂ ਕੋਰੋਨਾ ਮਰੀਜ਼ਾਂ ਨੂੰ ਉਕਤ ਦਵਾਈਆਂ ਦਿੱਤੀਆਂ ਗਈਆਂ, ਉਨਾਂ ਵਿਚੋਂ 70 ਤੋਂ 80 ਫ਼ੀਸਦ ਮਰੀਜ਼ ਠੀਕ



ਹੋ ਗਏ। ਇਨਾਂ ਮਰੀਜ਼ਾਂ ਦੀ ਜਾਂਚ ਕੋਰੋਨਾ ਨੈਗੇਟਿਵ ਪਾਈ ਗਈ ਹੈ। ਇਹੀ ਨਹੀਂ ਜਿਨਾਂ ਗੰਭੀਰ ਮਰੀਜ਼ਾਂ ਨੂੰ ਇਹ ਦਵਾਈ ਦਿੱਤੀ ਗਈ, ਉਹ ਵੀ ਠੀਕ ਹੋ ਗਏ। ਇੱਥੋਂ ਤਕ ਕਿ ਜ਼ੁਕਾਮ, ਬੁਖਾਰ, ਸਾਹ ਲੈਣ ਵਿਚ ਤਕਲੀਫ ਜਿਹੀ ਗੰਭੀਰ ਸਮੱਸਿਆਵਾਂ ਵੀ ਦੂਰ ਹੋ ਗਈਆਂ। ਉਨਾਂ ਨੇ ਕਿਹਾ ਕਿ ਕੋਰੋਨਾ ਦਾ ਹੱਲ ਆਯੁਰਵੇਦ ਨਾਲ 100 ਫ਼ੀਸਦ ਸੰਭਵ ਹੈ।

ਹਾਲੇ ਤੱਕ ਆਯੁਰਵੇਦ ਨੇ ਵੱਡੀਆਂ ਬਿਮਾਰੀਆਂ ਦਾ ਇਲਾਜ ਨਹੀ ਕੀਤਾ। ਹਕੀਮ ਵੀ ਆਯੁਰਵੈਦ ਵਿਚ ਅੰਗਰੇਜ਼ੀ ਦਵਾਈਆਂ ਦੀ ਵਰਤੋਂ ਕਰਕੇ ਮਰੀਜ਼ਾਂ ਤੋਂ ਚੋਖੀ ਕਮਾਈ ਕਰਦੇ ਹਨ। ਹੋਮਿਪੈਥੀ ਕਿਤੇ ਆਯੁਰਵੇਦ ਨਾਲ ਵਧੀਆ ਪੈਥੀ ਹੈ। ਪਖੰਡ ਤੇ ਅੰਧ-ਵਿਸ਼ਵਾਸ ਨੇ ਆਯੁਰਵੇਦ ਦਾ ਵਿਕਾਸ ਨਹੀਂ ਹੋਣ ਦਿੱਤਾ। ਜਿਥੇ ਗਾਂ ਮੂਤਰ ਦੇਸੀ ਦਵਾ ਮੰਨੀ ਜਾਵੇਗੀ ਉਥੇ ਆਯੁਰਵੈਦ ਦਾ ਵਿਕਾਸ ਕਿਥੇ ਸੰਭਵ ਹੈ। ਹੈਰਾਨੀ ਇਹ ਹੈ ਬਾਬੇ ਰਾਮਦੇਵ ਨੇ ਵੀ ਗਾਂ ਮੂਤਰ ਜਲ ਬਣਾ ਲਿਆ। ਮਾਹਿਰਾਂ ਨੇ ਇਸ ਨੂੰ ਮਨੁੱਖੀ ਸਿਹਤ ਲਈ ਹਾਨੀਕਾਰਕ ਦਸਿਆ ਹੈ।

ਮੱਧ ਪ੍ਰਦੇਸ਼ ਦੇ ਰਤਲਾਮ ਤੋਂ ਕੋਰੋਨਾ ਵਾਇਰਸ ਦਾ ਬਹੁਤ ਗੰਭੀਰ ਮਾਮਲਾ ਸਾਹਮਣੇ ਆਇਆ ਹੈ ਕਿ ਬਾਬੇ ਨੇ ਚੁੰਮੀਆਂ ਨਾਲ ਕਰੋਨਾ ਤੇ ਹੋਰਨਾਂ ਬਿਮਾਰੀਆਂ ਅਤੇ ਮੁਸ਼ਕਲਾਂ ਨੂੰ ਦੂਰ ਕਰਦਾ ਸੀ। ਬਾਬਾ ਆਪ ਕਰੋਨੇ ਨਾਲ ਮਰਿਆ ਪੂਰਾ ਕਸਬਾ ਕਰੋਨਾ ਪੀੜਤ ਬਣਾ ਗਿਆ। ਪਿੰਡ ਵਾਲੇ ਇਸਨੂੰ ਭਗਵਾਨ ਮੰਨ ਕੇ ਪੂਜਦੇ ਸਨ। ਪ੍ਰਸ਼ਾਸਨ ਵੱਲੋਂ ਜਾਗਰੁਕਤਾ ਮੁਹਿਮ ਚਲਾਏ ਜਾਣ ਤੋਂ ਬਾਅਦ ਵੀ ਸਥਾਨਕ ਲੋਕ ਬਾਬੇ ਕੋਲ ਇਲਾਜ ਲਈ ਜਾਂਦੇ ਸਨ।

ਬਾਬਾ ਕੋਰੋਨਾ ਲਾਗ ਲੱਗਣ ਦੇ ਬਾਵਜੂਦ ਲੋਕਾਂ ਨੂੰ ਮਿਲਦਾ ਰਿਹਾ। ਬਾਬਾ ਦੀ 4 ਜੂਨ ਨੂੰ ਕੋਰੋਨਾ ਤੋਂ ਮੌਤ ਹੋ ਗਈ ਸੀ। ਇਸ ਤੋਂ ਬਾਅਦ ਪ੍ਰਸ਼ਾਸਨ ਨੇ ਬਾਬੇ ਦੇ ਸੰਪਰਕ ਵਿਚ ਆਉਣ ਵਾਲੇ 19 ਸ਼ਰਧਾਲੂਆਂ ਨੂੰ ਆਈਸੋਲੇਟ ਕੀਤਾ ਸੀ। ਜਦੋਂ ਇਨਾਂ ਸ਼ਰਧਾਲੂਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਤਾਂ ਸਾਰੇ ਕੋਰੋਨਾ ਪੋਸਿਟਿਵ ਪਾਏ ਗਏ। ਇਸ ਨਾਲ ਸ਼ਹਿਰ ਦਾ ਨਿਆਪੁਰਾ ਖੇਤਰ ਇਕ ਕੋਰੋਨਾ ਹੌਟਸਪੌਟ ਬਣ ਗਿਆ ਹੈ।

ਇਹ ਹੈ ਮਨੁਤੰਤਰ ਦਾ ਇਲਾਜ ਕਰੋਨਾ ਮੋਮਬਤੀਆਂ ਨਾਲ ਭਜਾਉ, ਗਾਂ ਮੂਤਰ ਹੀ ਇਲਾਜ ਹੈ ਕਰੋਨਾ ਦਾ। ਭਾਰਤ ਦੇ ਕਿਸੇ ਡਾਕਟਰ ਨੂੰ ਕਰੋਨਾ ਦਵਾਈ ਨਹੀਂ ਮਿਲੀ ਪਰ ਬਾਬਾ ਰਾਮਦੇਵ ਉਪਰ ਕਿਰਪਾ ਹੋ ਗਈ। ਕਰੋਨਾ ਕਾਰਣ ਭਾਰਤ ਚੌਥੇ ਨੰਬਰ ਉਪਰ ਟਾਪ ਕਰ ਗਿਆ ਹੈ। ਮਿਡਲ ਕਲਾਸ ਸੋਚਦੀ ਹੈ ਕਿ ਕਰੋਨਾ ਤੋਂ ਬਚਾਉਣ ਲਈ ਬਹੁਤ ਵੱਡਾ ਦੇਵਤਾ ਅਵਤਾਰ ਧਾਰਨ ਵਾਲਾ ਹੈ। ਇਸੇ ਲਈ ਜਨਤਾ ਬਾਬਿਆਂ ਵਿਚੋਂ ਦੇਵਤਿਆਂ ਦੀ ਭਾਲ ਜਾਰੀ ਹੈ। ਕਰੋਨਾ ਰੱਬ ਦਾ ਦੂਤ ਹੈ ਸਭ ਹੰਕਾਰੀਆਂ ਦੇ ਹੰਕਾਰ ਤੋੜਨ ਆਇਆ ਹੈ ਕਿ ਤੁਸੀਂ ਤੁਛ ਹੋ। ਪਰ ਜਾਪਦਾ ਨਹੀਂ ਸੱਤਾ ਵਾਲੇ ਲੋਕ ਮਨੁੱਖਤਾ ਬਾਰੇ ਸੋਚਨ।

# ਖੇਤੀਬਾੜੀ ਆਰਡੀਨੈਂਸਾਂ ਦਾ ਅਸਲ ਸੱਚ ਕੀ ਹੈ

**- ਗਿਆਨ ਸਿੰਘ**

3 ਜੂਨ, 2020 ਨੂੰ ਕੇਂਦਰੀ ਮੰਤਰੀ ਮੰਡਲ ਨੇ ਖੇਤੀਬਾੜੀ ਨਾਲ ਸਬੰਧਿਤ ਤਿੰਨ ਆਰਡੀਨੈਂਸਾਂ ਨੂੰ ਆਪਣੀ ਸਹਿਮਤੀ ਦੇ ਦਿੱਤੀ ਸੀ। 5 ਜੂਨ, 2020 ਨੂੰ ਮੁਲਕ ਦੇ ਰਾਸ਼ਟਰਪਤੀ ਨੇ ਇਨਾਂ ਆਰਡੀਨੈਂਸਾਂ ਨੂੰ ਆਪਣੀ ਮਨਜ਼ੂਰੀ ਦਿੱਤੀ, ਜਿਸ ਨਾਲ ਇਹ ਆਰਡੀਨੈਂਸ ਮੁਲਕ ਦੇ ਗਜ਼ਟ ਵਿਚ ਦਰਜ ਕਰ ਦਿੱਤੇ ਗਏ। ਹੁਣ ਇਹ ਆਰਡੀਨੈਂਸ ਆਉਣ ਵਾਲੇ 6 ਮਹੀਨੇ ਸੰਸਦ ਤੋਂ ਪਾਸ ਹੋਣ ਤੋਂ ਬਿਨਾਂ ਲਾਗੂ ਰਹਿਣਗੇ। ਇਹ ਤਿੰਨ ਆਰਡੀਨੈਂਸ ਹਨ : ਕਿਸਾਨੀ ਉਪਜ ਵਪਾਰ ਅਤੇ ਵਣਜ (ਉਤਸ਼ਾਹਨ ਅਤੇ ਸਹਾਇਕ) ਆਰਡੀਨੈਂਸ-2020; ਕੀਮਤ ਗਾਰੰਟੀ ਅਤੇ ਖੇਤੀਬਾੜੀ ਸੇਵਾਵਾਂ ਸਬੰਧੀ ਕਿਸਾਨ (ਸ਼ਕਤੀਕਰਨ ਅਤੇ ਸੁਰੱਖਿਆ) ਆਰਡੀਨੈਂਸ-2020; ਅਤੇ ਜ਼ਰੂਰੀ ਵਸਤਾਂ (ਸੋਧ) ਆਰਡੀਨੈਂਸ 2020। ਇਨਾਂ ਆਰਡੀਨੈਂਸਾਂ ਨੂੰ ਕੇਂਦਰੀ ਮੰਤਰੀ ਮੰਡਲ ਵਲੋਂ ਸਹਿਮਤੀ ਦੇਣ ਅਤੇ ਮੁਲਕ ਦੇ ਰਾਸ਼ਟਰਪਤੀ ਵਲੋਂ ਇਨਾਂ ਨੂੰ ਮਨਜ਼ੂਰੀ ਦੇਣ ਅਤੇ ਮੁਲਕ ਦੇ ਗਜ਼ਟ ਵਿਚ ਦਰਜ ਕੀਤੇ ਜਾਣ ਤੋਂ ਪਹਿਲਾਂ ਮੁਲਕ ਦੇ ਪ੍ਰਧਾਨ ਮੰਤਰੀ ਵਲੋਂ 12 ਮਈ, 2020 ਨੂੰ ਰਾਸ਼ਟਰ ਨੂੰ ਸੰਬੋਧਨ ਕਰਦੇ ਹੋਏ ਮੁਲਕ ਨੂੰ ਆਤਮ-ਨਿਰਭਰ ਬਣਾਉਣ ਅਤੇ ਸਥਾਨਕਤਾ ਉੱਪਰ ਜ਼ੋਰ ਦੇਣ ਦੇ ਸਬੰਧ ਵਿਚ ਕੋਰੋਨਾ ਵਾਇਰਸ ਦੀ ਮਹਾਂਮਾਰੀ ਦੇ ਸੰਕਟ ਤੋਂ ਉਭਰਨ ਲਈ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਦਾ ਐਲਾਨ ਕਰਨ ਤੋਂ ਬਾਅਦ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਖੇਤੀਬਾੜੀ ਖੇਤਰ ਦੀ ਕਾਇਆ-ਕਲਪ ਕਰਨ ਲਈ ਇਸ ਸਬੰਧ ਵਿਚ ਖੇਤੀਬਾੜੀ ਸੁਧਾਰ ਕਰਨ ਦਾ ਐਲਾਨ ਕੀਤਾ ਸੀ।

ਪਹਿਲੇ ਆਰਡੀਨੈਂਸ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੀਆਂ ਜਿਣਸਾਂ ਦੀ ਖ਼ਰੀਦ-ਵੇਚ ਦੇ ਸਬੰਧ ਵਿਚ ਮਰਜ਼ੀ ਦੀ ਚੋਣ ਦਾ ਇੰਤਜ਼ਾਮ ਕਰਨਾ ਹੈ, ਤਾਂ ਕਿ ਖੇਤੀਬਾੜੀ ਵਪਾਰ ਵਿਚ ਮੁਕਾਬਲੇਬਾਜ਼ੀ ਸਦਕਾ ਬਦਲਵੇਂ ਵਪਾਰਕ ਵਸੀਲਿਆਂ ਰਾਹੀਂ ਕਿਸਾਨਾਂ ਨੂੰ ਉਨਾਂ ਦੀਆਂ ਜਿਣਸਾਂ ਦੀਆਂ ਲਾਹੇਵੰਦ ਕੀਮਤਾਂ ਮਿਲ ਸਕਣ। ਦੂਜੇ ਆਰਡੀਨੈਂਸ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੇ ਹਿਤਾਂ ਦੀ ਰਾਖੀ ਕਰਨ ਲਈ ਕਿਸਾਨਾਂ ਦੀਆਂ ਜਿਣਸਾਂ ਦੀਆਂ ਕੀਮਤਾਂ ਦੀ ਗਾਰੰਟੀ ਕਰਨ ਅਤੇ ਕਿਸਾਨਾਂ ਨੂੰ ਹੋਰ ਤਾਕਤਵਰ ਬਣਾਉਣ ਲਈ ਖੇਤੀਬਾੜੀ ਇਕਰਾਰਨਾਮਿਆਂ ਨੂੰ ਅਭਿਆਸ ਵਿਚ ਲਿਆਉਣਾ ਹੈ। ਤੀਜੇ ਆਰਡੀਨੈਂਸ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਅਤੇ ਖ਼ਪਤਕਾਰਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜ਼ੀ ਨੂੰ ਵਧਾਉਣਾ ਅਤੇ ਕੰਟਰੋਲ ਕਰਨ ਵਾਲੇ ਨਿਜ਼ਾਮ ਨੂੰ ਨਰਮ ਬਣਾਉਣਾ ਹੈ। ਇਨਾਂ ਤਿੰਨਾਂ ਅਧਿਆਦੇਸ਼ਾਂ ਦੇ ਦੱਸੇ ਗਏ ਉਦੇਸ਼ਾਂ ਵਿਚ ਕਿਸਾਨਾਂ ਦੇ ਹਿਤਾਂ ਦੀ ਰਾਖੀ ਕਰਨ ਬਾਰੇ ਕਹੇ ਜਾਣ ਕਰਕੇ ਇਨਾਂ ਨੂੰ ਕਿਸਾਨੀ ਸੁਧਾਰਾਂ ਦਾ ਨਾਂਅ ਦਿੱਤਾ ਗਿਆ ਹੈ।

ਮੁਲਕ ਦਾ ਸੰਵਿਧਾਨ ਅਤਿ ਦੀ ਜ਼ਰੂਰਤ ਵਿਚ ਕੇਂਦਰ ਸਰਕਾਰ ਨੂੰ ਆਰਡੀਨੈਂਸ ਜਾਰੀ ਕਰਨ ਦਾ ਹੱਕ ਦਿੰਦਾ ਹੈ, ਪਰ ਵਰਤਮਾਨ ਸਬੰਧ ਵਿਚ ਸੋਚਣ ਵਾਲੀ ਗੱਲ ਇਹ ਹੈ ਕਿ ਅਤਿ ਦੀ ਜ਼ਰੂਰਤ ਕੀ ਸੀ? ਜੇਕਰ ਕੇਂਦਰ ਸਰਕਾਰ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਜਾਂ ਖੇਤੀਬਾੜੀ ਖੇਤਰ ਦੀ ਬਿਹਤਰੀ ਲਈ ਨਵੀਆਂ ਨੀਤੀਆਂ ਬਣਾਉਣੀਆਂ ਅਤੇ ਲਾਗੂ ਕਰਨੀਆਂ ਚਾਹੁੰਦੀ ਸੀ ਤਾਂ ਉਸ ਨੂੰ ਇਨਾਂ ਨੀਤੀਆਂ ਸਬੰਧੀ ਬਿੱਲ ਬਣਾ ਕੇ ਸੰਸਦ ਵਿਚ ਵਿਚਾਰ-ਚਰਚਾ ਲਈ ਲਿਆਉਣੇ ਚਾਹੀਦੇ ਸਨ। ਖੇਤੀਬਾੜੀ ਸੂਬਿਆਂ ਦੇ ਅਧਿਕਾਰ ਖੇਤਰ ਵਿਚ ਆਉਂਦੀ ਹੈ, ਜਿਸ ਲਈ ਇਸ ਸਬੰਧ ਵਿਚ ਵੱਖ-ਵੱਖ ਸੂਬਾ ਸਰਕਾਰਾਂ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਸੀ। ਇਸ ਤੋਂ ਬਿਨਾਂ ਖੇਤੀਬਾੜੀ ਤਿੰਨ ਵਰਗਾਂ ਦੇ ਸਹਿਯੋਗ ਨਾਲ ਹੀ ਸੰਭਵ ਹੈ ਅਤੇ ਇਹ ਤਿੰਨ ਵਰਗ ਹਨਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ। ਸੋ, ਇਨਾਂ ਤਿੰਨਾਂ ਵਰਗਾਂ ਦੀਆਂ ਜਥੇਬੰਦੀਆਂ ਤੋਂ ਵੀ ਸਹਿਮਤੀ ਲੈਣੀ ਬਣਦੀ ਸੀ। ਮੁਲਕ ਦੇ ਕੁਝ ਸੂਬਿਆਂ ਵਿਚ ਖੇਤਰੀ ਰਾਜਸੀ ਪਾਰਟੀਆਂ ਸੂਬਿਆਂ ਦੀ ਖ਼ੁਦਮੁਖਤਿਆਰੀ ਨੂੰ ਖ਼ਾਸ ਅਹਿਮੀਅਤ ਦਿੰਦੀਆਂ ਰਹੀਆਂ ਜਾਂ ਦੇ ਰਹੀਆਂ ਹਨ। ਪੰਜਾਬ ਦੀ ਖੇਤਰੀ ਰਾਜਸੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੇ ਤਾਂ ਸੂਬਿਆਂ ਦੀ ਖ਼ੁਦਮੁਖ਼ਤਿਆਰੀ ਸਬੰਧੀ ਅਨੰਦਪੁਰ ਸਾਹਿਬ ਮਤੇ ਨੂੰ ਅਪਣਾਇਆ ਅਤੇ ਇਸ ਉੱਪਰ ਪਹਿਰਾ ਦੇਣ ਦਾ ਅਹਿਦ ਲਿਆ ਸੀ। ਖੇਤੀਬਾੜੀ ਨਾਲ ਸਬੰਧਿਤ ਵਰਤਮਾਨ ਆਰਡੀਨੈਂਸਾਂ ਨੂੰ ਜਾਰੀ ਕਰਨ ਮੌਕੇ ਸੂਬਿਆਂ ਦੀ ਖ਼ੁਦਮੁਖਤਿਆਰੀ ਦੀ ਅਣਦੇਖੀ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਕੌਮੀ ਲੋਕਤੰਤਰੀ ਗੱਠਜੋੜ ਸਰਕਾਰ ਦਾ ਭਾਗੀਦਾਰ ਹੋਣ ਕਾਰਨ, ਆਪ ਵੀ ਸਿੱਧੇ ਤੌਰ ਉੱਤੇ ਜ਼ਿੰਮੇਵਾਰ ਹੈ।

ਪਹਿਲੇ ਆਰਡੀਨੈਂਸ ਦਾ ਦੱਸਿਆ ਗਿਆ ਉਦੇਸ਼ ਕਿਸਾਨਾਂ ਦੀਆਂ ਜਿਣਸਾਂ ਦੀ ਖ਼ਰੀਦ-ਵੇਚ ਦੇ ਸਬੰਧ ਵਿਚ ਮਰਜ਼ੀ ਦੀ ਚੋਣ ਦਾ ਇੰਤਜ਼ਾਮ ਕਰਨਾ ਹੈ। ਇਸ ਸਬੰਧ ਵਿਚ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਇਨਾਂ ਆਰਡੀਨੈਂਸਾਂ ਦੇ ਮੁਲਕ ਦੇ ਗਜ਼ਟ ਵਿਚ ਦਰਜ ਹੋਣ ਤੋਂ ਪਹਿਲਾਂ ਕਿਸਾਨਾਂ ਦੀਆਂ ਜਿਣਸਾਂ ਦੀ ਖ਼ਰੀਦ-ਵੇਚ ਏ.ਪੀ.ਐੱਮ.ਸੀ. ਐਕਟ ਅਧੀਨ ਹੁੰਦੀ ਸੀ, ਜਿਸ ਅਨੁਸਾਰ ਇਹ ਕੰਮ ਸੂਬਾ ਸਰਕਾਰਾਂ ਦੇ ਕੰਟਰੋਲ ਵਾਲੀਆਂ ਮੰਡੀਆਂ ਵਿਚ ਹੁੰਦਾ ਸੀ, ਪਰ ਹੁਣ ਇਸ ਆਰਡੀਨੈਂਸ ਨਾਲ ਨਿੱਜੀ ਮੰਡੀਆਂ ਵਿਚ ਖੇਤੀਬਾੜੀ ਜਿਣਸਾਂ ਦੀ ਖ਼ਰੀਦ-ਵੇਚ ਹੋ ਸਕੇਗੀ। ਸੂਬਾ ਸਰਕਾਰਾਂ ਇਨਾਂ ਮੰਡੀਆਂ ਉੱਪਰ ਆਪਣਾ ਕੰਟਰੋਲ ਸੂਬਾ ਖੇਤੀਬਾੜੀ ਮੰਡੀਕਰਨ ਬੋਰਡਾਂ ਰਾਹੀਂ ਕਰਦੀਆਂ ਹਨ। ਇਹ ਬੋਰਡ ਖੇਤੀਬਾੜੀ ਜਿਣਸਾਂ ਖ਼ਰੀਦਣ ਵਾਲਿਆਂ ਤੋਂ ਆਪਣੀ ਫੀਸ ਅਤੇ ਦਿਹਾਤੀ ਵਿਕਾਸ ਫੰਡ ਇਕੱਠਾ ਕਰਦੇ ਹਨ। 2020-21 ਵਿਚ ਪੰਜਾਬ ਵਿਚ ਇਨਾਂ ਮੱਦਾਂ ਤੋਂ 3900 ਕਰੋੜ ਰੁਪਏ ਦੀ ਆਮਦਨ ਦਾ ਅੰਦਾਜ਼ਾ ਹੈ। ਇਹ ਬੋਰਡ ਆਪਣੀ ਆਮਦਨ ਨਾਲ ਮੰਡੀਆਂ ਦੇ ਫੜਾਂ, ਸ਼ੈੱਡਾਂ ਦੀ ਉਸਾਰੀ ਅਤੇ ਦੇਖਭਾਲ ਤੋਂ ਇਲਾਵਾ ਦਿਹਾਤੀ ਖੇਤਰ ਦੇ ਵਿਕਾਸ ਵਿਚ ਆਪਣਾ ਯੋਗਦਾਨ ਪਾਉਂਦੇ ਆ ਰਹੇ ਹਨ। ਪੰਜਾਬ ਪੂਰੇ ਮੁਲਕ ਦਾ ਇਕੋ-ਇਕ ਅਜਿਹਾ ਸੂਬਾ ਹੈ, ਜਿਸ ਦਾ ਹਰੇਕ ਪਿੰਡ ਸੰਪਰਕ ਸੜਕ ਰਾਹੀਂ ਮੁੱਖ ਸੜਕ ਨਾਲ ਜੁੜਿਆ ਹੋਇਆ ਹੈ, ਜਿਸ ਸਦਕਾ ਖੇਤੀਬਾੜੀ ਜਿਣਸਾਂ ਦੇ ਮੰਡੀਕਰਨ ਵਿਚ ਕਾਫ਼ੀ ਸੌਖ ਰਹਿੰਦੀ ਹੈ। ਇਸ ਆਰਡੀਨੈਂਸ ਅਨੁਸਾਰ ਮੁਲਕ ਦੇ ਕਿਸਾਨ ਆਪਣੀਆਂ ਜਿਣਸਾਂ ਨੂੰ ਮੁਲਕ ਦੇ ਕਿਸੇ ਵੀ ਭਾਗ ਵਿਚ ਵੇਚ ਸਕਣ ਦੇ ਸਮਰੱਥ ਹੋਣ ਬਾਰੇ ਕਿਹਾ ਗਿਆ ਹੈ। ਇਸ ਸਬੰਧ ਵਿਚ ਅਸਲੀਅਤ ਕੁਝ ਹੋਰ ਹੀ ਹੈ। ਪੂਰੇ ਮੁਲਕ ਦੇ 85 ਫ਼ੀਸਦੀ ਤੋਂ ਵੱਧ ਕਿਸਾਨ 5 ਏਕੜ ਤੋਂ ਘੱਟ ਜ਼ਮੀਨ ਦੇ ਮਾਲਕ ਹਨ। ਇਨਾਂ ਵਿਚੋਂ ਵੀ ਬਹੁਤ ਵੱਡੀ ਗਿਣਤੀ ਕਿਸਾਨਾਂ ਕੋਲ ਮੰਡੀ ਵਿਚ ਵੇਚਣਯੋਗ ਵਾਧੂ ਜਿਣਸ ਬਹੁਤ ਘੱਟ ਮਾਤਰਾ ਵਿਚ ਹੁੰਦੀ ਹੈ ਅਤੇ ਇਨਾਂ ਦੀ ਮਾੜੀ ਆਰਥਿਕ ਹਾਲਤ ਕਾਰਨ ਇਹ ਕਿਸਾਨ ਆਪਣੀਆਂ ਨਮਕ, ਤੇਲ ਤੇ ਕੱਪੜੇ ਆਦਿ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਆਪਣੀ ਵਾਧੂ ਜਿਣਸ ਨੂੰ ਮੰਡੀ ਵਿਚ ਲਿਜਾਣ ਲਈ ਵੀ ਕਿਰਾਏ ਦੀ ਗੱਡੀ ਉੱਪਰ ਨਿਰਭਰ ਕਰਦੇ ਹਨ। ਇਹ ਕਿਸਾਨ ਵੱਖ-ਵੱਖ ਮੰਡੀਆਂ ਵਿਚ ਆਪਣੀਆਂ ਜਿਣਸਾਂ ਲਿਜਾਣ ਦੇ ਕਾਬਲ ਨਹੀਂ ਹੋਣਗੇ।

ਦੂਜੇ ਆਰਡੀਨੈਂਸ ਦੇ ਦੱਸੇ ਗਏ ਉਦੇਸ਼ ਅਨੁਸਾਰ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਦੀ ਗਾਰੰਟੀ ਅਨੁਸਾਰ ਖੇਤੀਬਾੜੀ ਨਾਲ ਇਕਰਾਰਨਾਮਿਆਂ ਨੂੰ ਅਮਲ ਵਿਚ ਲਿਆਂਦਾ ਜਾ ਸਕੇਗਾ। ਐਗਰੋ-ਪ੍ਰੋਸੈਸਿੰਗ ਉਦਯੋਗਿਕ ਇਕਾਈਆਂ ਅਤੇ ਵਪਾਰੀਆਂ ਵਲੋਂ ਪਹਿਲਾਂ ਹੀ ਇਸ ਤਰਾਂ ਦੇ ਵਰਤਾਰੇ ਦਾ ਨਿਰਾਸ਼ਾਜਨਕ ਇਤਿਹਾਸ ਸਾਡੇ ਸਾਹਮਣੇ ਹੈ। ਇਹ ਉਦਯੋਗਿਕ ਇਕਾਈਆਂ ਅਤੇ ਵਪਾਰੀ ਪਹਿਲਾਂ ਤੋਂ ਹੀ ਕਿਸਾਨਾਂ ਨਾਲ ਇਕਰਾਰਨਾਮੇ ਕਰਦੇ ਆਏ ਹਨ, ਪਰ ਜਦੋਂ ਮੰਡੀ ਵਿਚ ਉੱਚੀਆਂ ਕੀਮਤਾਂ ਹੁੰਦੀਆਂ ਹਨ ਤਾਂ ਇਹ ਆਪਣੇ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਸਾਰੀ ਜਿਣਸ ਲੈ ਜਾਂਦੇ ਹਨ ਅਤੇ ਜਦੋਂ ਮੰਡੀ ਵਿਚ ਕੀਮਤਾਂ ਬਹੁਤ ਘੱਟ ਹੁੰਦੀਆਂ ਹਨ ਤਾਂ ਇਹ ਤਰਾਂ-ਤਰਾਂ ਦੇ ਬਹਾਨੇ, ਜਿਵੇਂ ਆਲੂਆਂ ਵਿਚ ਸ਼ੱਕਰ ਜ਼ਿਆਦਾ ਹੈ ਜਾਂ ਆਲੂਆਂ ਦਾ ਆਕਾਰ ਛੋਟਾ ਹੈ ਜਾਂ ਬਾਸਮਤੀ ਦੇ ਦਾਣੇ ਬਦਰੰਗ ਹਨ ਜਾਂ ਉਨਾਂ ਵਿਚ ਨਮੀ ਜ਼ਿਆਦਾ ਹੈ ਆਦਿ-ਆਦਿ ਬਣਾ ਕੇ ਜਿਣਸਾਂ ਦੀ ਤੈਅਸ਼ੁਦਾ ਕੀਮਤ ਉੱਪਰ ਖ਼ਰੀਦ ਕਰਨ ਤੋਂ ਮੁਕਰ ਜਾਂਦੇ ਦੇਖੇ ਗਏ ਹਨ।

ਤੀਜੇ ਆਰਡੀਨੈਂਸ ਦਾ ਦੱਸਿਆ ਗਿਆ ਉਦੇਸ਼ ਖੇਤੀਬਾੜੀ ਖੇਤਰ ਵਿਚ ਮੁਕਾਬਲੇਬਾਜ਼ੀ ਵਧਾਉਣ ਲਈ ਸਰਕਾਰੀ ਕੰਟਰੋਲ ਨੂੰ ਨਰਮ ਬਣਾਉਣਾ ਹੈ। ਇਸ ਲਈ ਜ਼ਰੂਰੀ ਵਸਤਾਂ ਕਾਨੂੰਨ 1955 ਅਨੁਸਾਰ ਜ਼ਰੂਰੀ ਵਸਤਾਂ ਨੂੰ ਜਮਾਂ ਕਰਨ ਦੀਆਂ ਹੱਦਾਂ ਨੂੰ ਕੁਝ ਸ਼ਰਤਾਂ ਲਾ ਕੇ ਬਹੁਤ ਹੀ ਨਰਮ ਕੀਤਾ ਗਿਆ ਹੈ। ਹੁਣ ਵਪਾਰੀ, ਕੰਪਨੀਆਂ ਅਤੇ ਕੁਝ ਹੋਰ ਅਦਾਰੇ ਅਨਾਜ, ਦਾਲਾਂ, ਤੇਲ ਬੀਜਾਂ, ਆਲੂ ਤੇ ਪਿਆਜ਼ ਵਗੈਰਾ ਨੂੰ ਕਿਸੇ ਵੀ ਪੱਧਰ ਤੱਕ ਜਮਾਂ ਕਰ ਸਕਣਗੇ। ਅਜਿਹੇ ਵਰਤਾਰੇ ਵਿਚ ਵਪਾਰੀਆਂ ਅਤੇ ਕੰਪਨੀਆਂ ਦੇ ਕਾਰਟਲ ਹੋਂਦ ਵਿਚ ਆਉਂਦੇ ਹਨ, ਜੋ ਫ਼ਸਲਾਂ ਦੀ ਕਟਾਈ ਆਦਿ ਸਮੇਂ ਖੇਤੀਬਾੜੀ ਜਿਣਸਾਂ ਨੂੰ ਬਹੁਤ ਘੱਟ ਕੀਮਤਾਂ ਉੱਪਰ ਖ਼ਰੀਦ ਕੇ ਬਾਅਦ ਵਿਚ ਖ਼ਪਤਕਾਰਾਂ ਨੂੰ ਬਹੁਤ ਉੱਚੀਆਂ ਕੀਮਤਾਂ ਉੱਪਰ ਵੇਚਦੇ ਹਨ, ਜਿਸ ਨਾਲ ਕਿਸਾਨਾਂ ਅਤੇ ਖ਼ਪਤਕਾਰਾਂ ਦੋਵਾਂ ਦਾ ਨਪੀੜਨ ਹੁੰਦਾ ਹੈ।

ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਬਿਹਤਰੀ ਲਈ ਸਰਕਾਰ ਨੂੰ ਆਪਣੀਆਂ ਖੇਤੀਬਾੜੀ ਅਤੇ ਆਰਥਿਕ ਨੀਤੀਆਂ ਵਿਚ ਵੱਡੇ ਬਦਲਾਵਾਂ ਦੀ ਸਖ਼ਤ ਲੋੜ ਹੈ। ਪੰਜਾਬ ਦੇ ਦਲਿਤ ਮਜ਼ਦੂਰ ਪਰਿਵਾਰਾਂ ਨੇ ਪੰਚਾਇਤੀ ਜ਼ਮੀਨਾਂ ਨੂੰ ਠੇਕੇ ਉੱਪਰ ਲੈ ਕੇ ਸਹਿਕਾਰੀ ਖੇਤੀਬਾੜੀ ਰਾਹੀਂ ਸਾਰੇ ਮੁਲਕ ਨੂੰ ਸਹਿਕਾਰੀ ਖੇਤੀਬਾੜੀ ਅਪਣਾਉਣ ਦਾ ਰਾਹ ਦਖਾਇਆ ਹੈ। ਸੋ, ਇਸ ਸਬੰਧ ਵਿਚ ਕੇਂਦਰ ਅਤੇ ਸੂਬਾ ਸਰਕਾਰਾਂ ਖੇਤੀਬਾੜੀ ਨਾਲ ਸਬੰਧਿਤ ਵਰਗਾਂ ਦੀ ਆਮਦਨ ਨੂੰ ਘੱਟੋ-ਘੱਟ ਉਸ ਪੱਧਰ ਤੱਕ ਵਧਾਉਣਾ ਯਕੀਨੀ ਬਣਾਉਣ, ਜਿਸ ਨਾਲ ਉਹ ਆਪਣੀਆਂ ਬੁਨਿਆਦੀ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣ।

**- ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,**
**ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਪੈਦਾਵਰ, ਵਪਾਰ ਅਤੇ ਵਣਜ ਆਰਡੀਨੈਂਸ-2020 ਖੇਤੀਬਾੜੀ ਕਿੱਤੇ ਲਈ ਅਤਿ ਘਾਤਕ

**- ਮੁਹੰਮਦ ਅੱਬਾਸ ਧਾਲੀਵਾਲ**

ਇਸ ਸਮੇਂ ਦੇਸ਼ ਕਰੋਨਾ ਮਹਾਮਾਰੀ ਦੇ ਪ੍ਰਕੋਪ ਨਾਲ ਬੁਰੀ ਤਰਾਂ ਜੂਝ ਰਿਹਾ ਹੈ ਪਰ ਇਸ ਦੌਰਾਨ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੈਬਨਿਟ ਮੀਟਿੰਗ ਵਲੋਂ ਅਜਿਹੇ ਵਿੱਚ ਵੀ ਕਿਸਾਨੀ ਨਾਲ ਸੰਬੰਧਤ ਤਿੰਨ ਕਾਨੂੰਨਾਂ ਦਾ ਨੋਟੀਫਿਕੇਸ਼ਨ ਕੀਤਾ ਗਿਆ ਹੈ। ਇਨਾਂ ਨੋਟੀਫਿਕੇਸ਼ਨਾਂ ਵਿੱਚ ਠੇਕਾ ਖੇਤੀ, ਜਿਸਦਾ ਲੁਭਾਉਣਾ ਨਾਂਅ ਹੈ ਕਿਸਾਨਾਂ ਦਾ ਸੁਸ਼ਕਤੀਕਰਨ ਤੇ ਹਿਫ਼ਾਜ਼ਤੀ ਨੋਟੀਫਿਕੇਸ਼ਨ, ਖੇਤੀ ਜਿਣਸ ਅਤੇ ਵਪਾਰ ਨੋਟੀਫਿਕੇਸ਼ਨ ਤੇ ਜ਼ਰੂਰੀ ਵਸਤੂ ਨੋਟੀਫਿਕੇਸ਼ਨ ਸ਼ਾਮਲ ਹਨ। ਰਾਸ਼ਟਰਪਤੀ ਤੋਂ ਉਕਤ ਤਿੰਨੇ ਨੋਟੀਫਿਕੇਸ਼ਨਾਂ ਦੀ ਮਨਜ਼ੂਰੀ ਵੀ ਲਈ ਜਾ ਚੁੱਕੀ ਹੈ। ਭਾਵੇਂ ਕਿ ਇਸ ਸਮੇਂ ਪ੍ਰਚਾਰਿਆ ਇਹੋ ਜਾ ਰਿਹਾ ਹੈ ਕਿ ਉਕਤ ਕਾਨੂੰਨਾਂ ਦੇ ਲਾਗੂ ਹੋਣ ਨਾਲ ਕਿਸਾਨ ਆਪਣੀ ਜਿਣਸ ਕਿਤੇ ਵੀ ਵੇਚਣ ਲਈ ਆਜ਼ਾਦ ਹੋਣਗੇ, ਪਰ ਹਕੀਕਤ ਇਹ ਹੈ ਕਿ ਮੰਡੀਆਂ ਉੱਤੇ ਸਮੁੱਚੀ ਸਰਦਾਰੀ ਦੇਸੀ ਤੇ ਬਦੇਸ਼ੀ ਕੰਪਨੀਆਂ ਦੀ ਹੀ ਹੋਵੇਗੀ। ਦਰਅਸਲ ਠੇਕਾ ਖੇਤੀ ਦਾ ਸਿੱਧਾ ਮਤਲਬ ਇਹੋ ਹੈ ਕਿ ਕਿਸਾਨ ਆਪਣੀ ਜ਼ਮੀਨ ਉੱਤੇ ਖੇਤੀ ਤਾਂ ਕਰਦਾ ਰਹੇਗਾ ਲੇਕਿਨ ਆਪਣੇ ਲਈ ਨਹੀਂ. ਸਗੋਂ ਸੰਬੰਧਤ ਕੰਪਨੀਆਂ ਲਈ, ਜਿਨਾਂ ਨਾਲ ਉਸ ਦਾ ਐਗਰੀਮੈਂਟ ਹੋਵੇਗਾ। ਮਾਹਿਰਾਂ ਦਾ ਖਿਆਲ ਹੈ ਕਿ ਉਕਤ ਤਿੰਨੇ ਕਾਨੂੰਨ ਖੇਤੀਬਾੜੀ ਕਿੱਤੇ ਲਈ ਅਤਿ ਘਾਤਕ ਸਿੱਧ ਹੋਣਗੇ।

ਇਸ ਸੰਦਰਭ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੰਜਾਬ ਨੇ ਕੇਂਦਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਐਲਾਨੇ ਅਖੌਤੀ ਸੁਧਾਰਾਂ ਨੂੰ ਮੁਲਕ ਦੇ ਸੰਘੀ ਢਾਂਚੇ ਨੂੰ ਖੋਰਾ ਲਾਉਣ ਅਤੇ ਅਸਥਿਰ ਕਰਨ ਲਈ ਢੀਠਤਾ ਵਾਲਾ ਇੱਕ ਹੋਰ ਯਤਨ ਆਖਦਿਆਂ ਇਸ ਨੂੰ ਰੱਦ ਕਰਨ ਦੀ ਵਕਾਲਤ ਕੀਤੀ। ਉਨਾਂ ਚਿਤਾਵਣੀ ਦਿੱਤੀ ਕਿ ਇਸ ਨਾਲ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਅਤੇ ਖਰੀਦ ਵਿਵਸਥਾ ਦੇ ਖਾਤਮੇ ਦਾ ਮੁੱਢ ਬੱਝੇਗਾ ਅਤੇ ਕਿਸਾਨਾਂ ਅੰਦਰ ਬੇਚੈਨੀ ਪੈਦਾ ਹੋਵੇਗੀ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਭਾਰਤ ਸਰਕਾਰ ਦੇ ਮੁਲਕ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਵਾਲੇ ਹਰ ਕਦਮ ਖਿਲਾਫ ਲੜੇਗਾ, ਜਿਸ ਨਾਲ ਸੂਬੇ ਦੇ ਮਜ਼ਬੂਤ ਖੇਤੀ ਉਤਪਾਦਨ ਅਤੇ ਮਾਰਕੀਟਿੰਗ ਵਿਵਸਥਾ ਵਿੱਚ ਸਿੱਧਾ ਜਾਂ ਨੁਕਸਾਨਦਾਇਕ ਦਖਲ ਦਿੱਤਾ ਜਾ ਰਿਹਾ ਹੋਵੇ। ਮੁੱਖ ਮੰਤਰੀ ਨੇ ਚਿਤਾਵਣੀ ਦਿੰਦਿਆਂ ਇਹ ਵੀ ਕਿਹਾ ਕਿ ਅਜਿਹਾ ਫੈਸਲਾ ਮੁਲਕ ਦੀ ਅੰਨ ਸੁਰੱਖਿਆ, ਜਿਸ ਨੂੰ ਬਹਾਲ ਰੱਖਣ ਲਈ ਹਰੀ ਕ੍ਰਾਂਤੀ ਤੋਂ ਹੀ ਪੰਜਾਬ ਦੇ ਨਿਰਸਵਾਰਥ ਕਿਸਾਨਾਂ ਨੇ ਸਖਤ ਮਿਹਨਤ ਕੀਤੀ ਹੈ, ਨੂੰ ਬੁਰੀ ਤਰਾਂ ਅਤੇ ਨਾਂਹਪੱਖੀ ਢੰਗ ਨਾਲ ਪ੍ਰਭਾਵਤ ਕਰੇਗਾ।ਉਨਾਂ ਕਿਹਾ ਕਿ ਭਾਰਤ ਦਾ ਸੰਘੀ ਢਾਂਚਾ ਕੇਂਦਰ ਅਤੇ ਸੂਬਿਆਂ ਦੀਆਂ ਜ਼ਿੰਮੇਵਾਰੀਆਂ ਅਤੇ ਭੂਮਿਕਾ ਨੂੰ ਸਪਸ਼ਟ ਰੂਪ ਵਿੱਚ ਨਿਰਧਾਰਤ ਕਰਦਾ ਹੈ। ਸੰਵਿਧਾਨਕ ਵਿਵਸਥਾ ਤਹਿਤ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ ਅਤੇ ਕੇਂਦਰ ਸਰਕਾਰ ਪਾਸ ਅਜਿਹਾ ਕਾਨੂੰਨ ਬਣਾਉਣ ਲਈ ਕੋਈ ਸ਼ਕਤੀਆਂ ਨਹੀਂ, ਜਿਸ ਨਾਲ ਖੇਤੀਬਾੜੀ ਉਤਪਾਦਨ, ਮਾਰਕੀਟਿੰਗ ਅਤੇ ਪ੍ਰੋਸੈਸਿੰਗ ਦੀ ਗਤੀਸ਼ੀਲਤਾ ਨਾਲ ਨਜਿੱਠਿਆ ਜਾ ਸਕੇ। ਇਹ ਮਸਲੇ ਸੂਬਿਆਂ ਦੇ ਹਨ, ਜਿਨਾਂ ਨੂੰ ਸੂਬੇ ਨਿੱਜੀ ਪੱਧਰ 'ਤੇ ਬਿਹਤਰੀ ਨਾਲ ਨਜਿੱਠ ਸਕਦੇ ਹਨ। ਉਨਾਂ ਕਿਹਾ, 'ਕਿਸਾਨੀ ਪੈਦਾਵਰ, ਵਪਾਰ ਅਤੇ ਵਣਜ (ਉਥਾਨ ਅਤੇ ਸਹੂਲਤ) ਆਰਡੀਨੈਂਸ-2020 ਕੇਂਦਰ ਸਰਕਾਰ ਦੀ ਪੱਧਰ 'ਤੇ ਉੱਚ ਦਰਜੇ ਦਾ ਨਾਂਹ-ਪੱਖੀ ਫੈਸਲਾ ਹੈ। ਆਪਣੇ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਦੇ ਸੰਕਟ ਦੌਰਾਨ ਕੇਂਦਰ ਸਰਕਾਰ ਦੇ ਅਜਿਹੇ ਕਦਮ ਆਰਥਿਕ, ਸਮਾਜਕ, ਕਾਨੂੰਨ ਅਤੇ ਵਿਵਸਥਾ ਲਈ ਗੰਭੀਰ ਨਤੀਜੇ ਪੈਦਾ ਕਰ ਸਕਦੇ ਹਨ। ਉਨਾਂ ਕਿਹਾ ਕਿ ਇਸ ਨਾਲ ਕਿਸਾਨਾਂ ਦਾ ਕੋਈ ਲਾਭ ਨਹੀਂ ਅਤੇ ਇਸ ਕਾਨੂੰਨੀ ਤਬਦੀਲੀ ਨਾਲ ਕਿਸਾਨਾਂ ਦਾ ਵਪਾਰੀਆਂ ਹੱਥੋਂ ਨੁਕਸਾਨ ਹੋਵੇਗਾ। ਉਨਾਂ ਕਿਹਾ ਕਿ ਝਗੜਿਆਂ ਦੇ ਨਿਪਟਾਰੇ ਲਈ ਕੋਈ ਵਿਵਸਥਾ ਨਹੀਂ ਬਣਾਈ ਗਈ ਅਤੇ ਨਾ ਹੀ ਸੂਬਾ ਸਰਕਾਰਾਂ ਨਾਲ ਇਸ ਸੰਬੰਧੀ ਕੋਈ ਵਿਚਾਰ-ਵਟਾਂਦਰਾ ਕੀਤਾ ਗਿਆ ਹੈ, ਜਿਨਾਂ ਨੂੰ ਕੇਂਦਰ ਦੇ ਜਲਦਬਾਜ਼ੀ ਵਿੱਚ ਉਠਾਏ ਇਸ ਕਦਮ ਦੇ ਨਤੀਜੇ ਭੁਗਤਣ ਲਈ ਛੱਡ ਦਿੱਤਾ ਗਿਆ ਹੈ। ਇਸ ਕਾਨੂੰਨ ਨੂੰ ਕਿਸਾਨ ਭਾਈਚਾਰੇ, ਜਿਨਾਂ ਦੇ ਹਿਤਾਂ ਨੂੰ ਐੱਨ ਡੀ ਏ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਲਗਾਤਾਰ ਅਣਗੌਲਿਆ ਕੀਤਾ ਹੈ, ਨਾਲ ਇੱਕ ਕੋਝਾ ਮਜ਼ਾਕ ਕਰਾਰ ਦਿੰਦਿਆਂ ਮੁੱਖ ਮੰਤਰੀ ਨੇ ਖੇਤੀਬਾੜੀ ਲਈ ਅਤਿ-ਲੋੜੀਂਦੇ ਸੁਧਾਰਾਂ ਦੇ ਯੁਗ ਦੀ ਸ਼ੁਰੂਆਤ ਕਰਨ ਤੋਂ ਕੋਹਾਂ ਦੂਰੀ ਵਾਲੇ ਇਨਾਂ ਐਲਾਨਾਂ ਨੂੰ ਇਸ ਖੇਤਰ ਨੂੰ ਇਕਮੁੱਠ ਰੱਖਣ ਵਾਲੀਆਂ ਪ੍ਰਕ੍ਰਿਆਵਾਂ ਅਤੇ ਵਿਵਸਥਾਵਾਂ 'ਤੇ ਡੂੰਘੀ ਸੱਟ ਮਾਰਨ ਵਾਲੀ ਸਪਸ਼ਟ ਅਤੇ ਜ਼ਾਹਰਾ ਵਿਉਂਤ ਕਿਹਾ ਹੈ।

ਪੰਜਾਬ ਵਿੱਚ ਖੇਤੀ ਦੀ ਉਪਜ ਲਈ ਪ੍ਰਭਾਵਸ਼ਾਲੀ ਮੰਡੀਕਰਨ ਪ੍ਰਣਾਲੀ ਦਾ ਹਵਾਲਾ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਵਿਵਸਥਾ ਸੂਬੇ ਦੇ ਹੱਕ ਵਿੱਚ ਭੁਗਤੀ ਹੈ ਅਤੇ 60 ਸਾਲਾਂ ਦੇ ਲੰਮੇ ਸਮੇਂ ਤਕ ਇਸ ਨੇ ਹਰ ਪਰਖ ਦੀ ਘੜੀ ਨੂੰ ਪਾਰ ਕੀਤਾ ਹੈ। ਸੂਬੇ ਵਿੱਚ ਉਪਜ ਦੇ ਖੁੱਲੇ ਮੰਡੀਕਰਨ ਅਤੇ ਖੇਤਾਂ ਤੋਂ ਮੰਡੀਆਂ ਅਤੇ ਗੋਦਾਮਾਂ ਤਕ ਨਿਰਵਿਘਨ ਢੋਆ-ਢੁਆਈ ਲਈ ਅਤਿ ਆਧੁਨਿਕ ਢਾਂਚਾ ਵਿਕਸਤ ਹੈ।ਇਸ ਦੌਰਾਨ ਜਿਣਸ ਦਾ ਬੀਜ, ਖਾਦ ਤੇ ਖਰਚੇ ਸਭ ਕੰਪਨੀ ਦੇ ਹੋਣਗੇ। ਭਾਅ ਵੀ ਪਹਿਲਾਂ ਤੈਅ ਕਰ ਲਿਆ ਜਾਵੇਗਾ। ਕੰਪਨੀ ਹੀ ਇਹ ਤੈਅ ਕਰੇਗੀ ਕਿ ਕਿਹੜੀ ਫ਼ਸਲ ਬੀਜੀ ਜਾਣੀ ਹੈ। ਕਿਸਾਨ ਦੀ ਹੈਸੀਅਤ ਸਿਰਫ਼ ਇੱਕ ਮਜ਼ਦੂਰ ਦੀ ਹੋਵੇਗੀ। ਖੇਤ ਵਿੱਚ ਹੋਈ ਪੈਦਾਵਾਰ ਵਿੱਚੋਂ ਉਹ ਇੱਕ ਵੀ ਦਾਣਾ ਨਾ ਆਪਣੇ ਘਰ ਰੱਖ ਸਕੇਗਾ, ਨਾ ਕਿਸੇ ਹੋਰ ਨੂੰ ਵੇਚ ਸਕੇਗਾ। ਮੌਜੂਦਾ ਸਿਸਟਮ ਵਿੱਚ ਇਸ ਗੱਲ ਦੀ ਵੀ ਗਰੰਟੀ ਨਹੀਂ ਕੀਤੀ ਜਾ ਸਕਦੀ ਕਿ ਸਮਝੌਤੇ ਵਿੱਚ ਤੈਅ ਕੀਤਾ ਭਾਅ ਕਿਸਾਨਾਂ ਨੂੰ ਸਮੇਂ ਸਿਰ ਮਿਲ ਜਾਵੇਗਾ। ਅਸੀਂ ਸਭ ਜਾਣਦੇ ਹਾਂ ਕਿ ਕਾਨੂੰਨ ਮੁਤਾਬਕ ਗੰਨਾ ਮਿੱਲਾਂ ਨੂੰ ਗੰਨਾ ਸੁੱਟਣ ਤੋਂ ਬਾਅਦ ਦੋ ਹਫ਼ਤਿਆਂ ਵਿੱਚ ਕਿਸਾਨ ਨੂੰ ਭੁਗਤਾਨ ਕਰਨਾ ਹੁੰਦਾ ਹੈ, ਪਰ ਇਸਦੇ ਬਾਵਜੂਦ ਕਿਸਾਨ ਸਾਲਾਂਬੱਧੀ ਆਪਣੇ ਬਕਾਇਆਂ ਦੀ ਅਦਾਇਗੀ ਲਈ ਤਰਸਦੇ ਰਹਿੰਦੇ ਹਨ। ਬਹੁਤ ਵਾਰੀ ਠੇਕਾ ਪ੍ਰਣਾਲੀ ਅਧੀਨ ਖੇਤੀ ਕਰਨ ਵਾਲੇ ਕਿਸਾਨਾਂ ਨੂੰ ਠੱਗੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਇਨਾਂ ਕਾਨੂੰਨਾਂ ਰਾਹੀਂ ਮੌਜੂਦਾ ਮੰਡੀ ਢਾਂਚਾ ਖ਼ਤਮ ਕਰਕੇ ਖੁਰਾਕੀ ਵਪਾਰ ਨੂੰ ਪੂਰੀ ਤਰਾਂ ਕਾਰਪੋਰੇਟਾਂ ਦੇ ਹਵਾਲੇ ਕਰ ਦਿੱਤਾ ਜਾਵੇਗਾ। ਇਸ ਨਾਲ ਜਿਹੜੇ ਕਿਸਾਨ ਠੇਕਾ ਖੇਤੀ ਨਾਲ ਨਹੀਂ ਜੁੜਨਗੇ, ਉਨਾਂ ਦੀਆਂ ਜਿਣਸਾਂ ਦੇ ਯੋਗ ਭਾਅ ਮਿਲਣ ਦੀ ਕੋਈ ਗਰੰਟੀ ਨਹੀਂ ਹੋਵੇਗੀ। ਜ਼ਰੂਰੀ ਵਸਤਾਂ ਸੰਬੰਧੀ ਕਾਨੂੰਨ ਨੂੰ ਖ਼ਤਮ ਕਰਕੇ ਅਨਾਜ, ਤੇਲ ਬੀਜ, ਦਾਲਾਂ, ਆਲੂ ਤੇ ਪਿਆਜ਼ ਨੂੰ ਵੀ ਸਰਕਾਰੀ ਕੰਟਰੋਲ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇੰਜ ਕਰਕੇ ਸਿਰਫ਼ ਕਿਸਾਨੀ ਨੂੰ ਹੀ ਕੰਗਾਲੀ ਦੇ ਰਾਹ ਨਹੀਂ ਤੋਰਿਆ ਗਿਆ, ਸਗੋਂ ਉਪਭੋਗਤਾ ਨੂੰ ਵੀ ਮੁਨਾਫ਼ੇਖੋਰਾਂ ਤੇ ਜ਼ਖੀਰੇਬਾਜ਼ਾਂ ਦੇ ਰਹਿਮ ਉੱਤੇ ਛੱਡ ਦਿੱਤਾ ਗਿਆ ਹੈ। ਕਾਰਪੋਰੇਟ ਕੰਪਨੀਆਂ ਆਪਣੀ ਮਰਜ਼ੀ ਦੇ ਭਾਅ ਉੱਤੇ ਜਿਣਸਾਂ ਖਰੀਦਣਗੀਆਂ ਤੇ ਜ਼ਖੀਰੇਬਾਜ਼ੀ ਰਾਹੀਂ ਕਿੱਲਤ ਪੈਦਾ ਕਰਕੇ ਉਪਭੋਗਤਾਵਾਂ ਨੂੰ ਮਹਿੰਗੇ ਭਾਅ ਵੇਚਣਗੀਆਂ।

ਮੁੱਖ ਮੰਤਰੀ ਨੇ ਸਪਸ਼ਟ ਕੀਤਾ ਕਿ ਮੌਜੂਦਾ ਸਮੇਂ ਖੇਤੀਬਾੜੀ ਉਪਜ ਦਾ ਸਾਰਾ ਵਪਾਰ ਨੋਟੀਫਾਈਡ ਮੰਡੀਆਂ/ ਮੰਡੀ ਯਾਰਡਾਂ ਵਿੱਚ ਪੰਜਾਬ ਖੇਤੀਬਾੜੀ ਉਤਪਾਦ ਮੰਡੀਕਰਨ ਐਕਟ, 1961 (ਏ ਪੀ ਐੱਮ ਸੀ ਐਕਟ) ਤਹਿਤ ਲਾਇਸੰਸਸ਼ੁਦਾ ਪ੍ਰਣਾਲੀ ਜ਼ਰੀਏ ਕੀਤਾ ਜਾਂਦਾ ਹੈ, ਜੋ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਲਿਆਉਣ ਦੀ ਆਗਿਆ ਦਿੰਦਾ ਹੈ, ਜਿੱਥੇ ਫ਼ਸਲ ਦੀ ਖਰੀਦ/ ਵੇਚ ਪਾਰਦਰਸ਼ੀ ਢੰਗ ਨਾਲ ਕੀਤੀ ਜਾਂਦੀ ਹੈ ਅਤੇ ਕਿਸਾਨਾਂ ਨੂੰ ਅਦਾਇਗੀ ਯਕੀਨੀ ਬਣਾਈ ਜਾਂਦੀ ਹੈ। ਪੰਜਾਬ ਸਰਕਾਰ ਨੇ ਪਹਿਲਾਂ ਹੀ ਪੰਜਾਬ ਦੇ ਏ ਪੀ ਐੱਮ ਸੀ ਐਕਟ ਵਿੱਚ ਲੋੜੀਂਦੀਆਂ ਸੋਧਾਂ ਕਰ ਦਿੱਤੀਆਂ ਹਨ, ਤਾਂ ਜੋ ਖਾਸ ਉਤਪਾਦਾਂ ਲਈ ਨਿੱਜੀ ਖੇਤਰ ਵਿੱਚ ਵੀ ਨਿਯਮਤ ਮੰਡੀਆਂ ਸਥਾਪਤ ਕੀਤੀਆਂ ਜਾ ਸਕਣ। ਇਸ ਮੌਕੇ ਉਨਾਂ ਸਪਸ਼ਟ ਕੀਤਾ ਕਿ ਪੰਜਾਬ ਦੇ ਮੰਡੀ ਯਾਰਡਾਂ ਵਿੱਚ ਸਾਲਾਨਾ 80 ਹਜ਼ਾਰ ਕਰੋੜ ਦੀ ਖਰੀਦ/ ਵੇਚ ਹੁੰਦੀ ਹੈ, ਜੋ ਖੇਤੀਬਾੜੀ ਅਤੇ ਖੇਤੀ ਉਤਪਾਦਾਂ 'ਤੇ ਨਿਰਭਰ ਸੂਬੇ ਦੀ 65% ਆਬਾਦੀ ਲਈ ਸਹਾਇਕ ਬਣਦੇ ਹਨ। ਇਸ ਗੱਲ 'ਤੇ ਜ਼ੋਰ ਦਿੰਦਿਆਂ ਕਿ ਪੰਜਾਬ ਵਿੱਚ ਪਹਿਲਾਂ ਤੋਂ ਚੰਗੀ ਤਰਾਂ ਸਥਾਪਤ ਮਾਰਕੀਟਿੰਗ ਪ੍ਰਣਾਲੀ ਵਿੱਚ ਦਖਲ ਲਈ ਕਿਸੇ ਕੇਂਦਰੀ ਕਾਨੂੰਨ ਦੀ ਜ਼ਰੂਰਤ ਨਹੀਂ, ਕੈਪਟਨ ਅਮਰਿੰਦਰ ਸਿੰਘ ਨੇ ਚਿਤਾਵਣੀ ਦਿੱਤੀ ਕਿ ਇਸ ਢੁੱਕਵੀਂ ਤਰਾਂ ਸਥਾਪਤ ਪ੍ਰਣਾਲੀ ਵਿੱਚ ਦਖ਼ਲ ਵਾਲਾ ਕੋਈ ਵੀ ਕਦਮ ਰਾਜ ਵਿੱਚ ਬੇਚੈਨੀ ਪੈਦਾ ਕਰ ਸਕਦਾ ਹੈ, ਕਿਉਂ ਜੋ ਇਸ ਨਾਲ ਕਿਸਾਨਾਂ, ਖ਼ਾਸਕਰ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਬੁਰੀ ਤਰਾਂ ਸੱਟ ਵੱਜੇਗੀ।

ਬਾਕੀ ਸਫ਼ਾ 31 'ਤੇ


MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA Nasdaq Listed

# ਸਥਾਪਨਾ ਆਨੰਦਪੁਰ ਸਾਹਿਬ 19 ਜੂਨ 1665

**- ਪ੍ਰਮਿੰਦਰ ਸਿੰਘ ਪ੍ਰਵਾਨਾ**

ਸਿੱਖ ਧਰਮ ਦੇ ਗੁਰੂ ਕਾਲ ਵਿਚ ਗੁਰਾਂ ਨੇ ਮਨੁਖਤਾ ਨੂੰ ਵਹਿਮਾਂ, ਭਰਮਾਂ, ਝੂਠੇ ਕਰਮ ਕਾਂਡਾਂ ਵਿਚੋਂ ਕੱਢ ਕੇ ਸਾਵੀਂ ਪੱਧਰੀ ਜੀਵਨ ਜਾਚ ਸਿਖਾਈ। ਸਿੱਖ ਲਹਿਰ ਦਾ ਨਿਸ਼ਾਨਾ ਮਨੁੱਖ ਦੀ ਪੂਰਨ ਆਜ਼ਾਦੀ ਰਿਹਾ। ਮਨੁੱਖ ਨੂੰ ਸਵੈਮਾਣ ਅਤੇ ਸਵੈ ਰੱਖਿਆ ਦੇ ਯੋਗ ਬਣਾਇਆ। ਮਨੁੱਖੀ ਜੀਵਨ ਹਰ ਖੇਤਰ ਵਿਚ ਪ੍ਰਪੱਕ ਤੇ ਖੁਸ਼ਹਾਲ ਹੋਵੇ। ਆਪਣੀ ਲੋਕ ਬੋਲੀ ਵਿਚ ਬਾਣੀ ਰਚ ਕੇ ਇਸ ਯੋਗ ਬਣਾਇਆ ਕਿ ਹਰ ਕੋਈ ਬਿਨਾਂ ਕਿਸੇ ਵਿਚੋਲੇ ਦੇ ਆਪ ਗਿਆਨ ਪ੍ਰਾਪਤ ਕਰਕੇ, ਰੱਬ ਨਾਲ ਸਿੱਧਾ ਰਾਬਤਾ ਕਾਇਮ ਕਰੇ। ਹਰ ਮਨੁੱਖ ਧਾਰਮਿਕ, ਸਮਾਜਿਕ, ਵਿਦਿਅਕ, ਆਰਥਿਕ, ਵਿਹਾਰਕ ਤੌਰ 'ਤੇ ਸੰਪੂਰਨ ਖੁਸ਼ਹਾਲ ਹੋਵੇ। ਗੁਰਧਾਮਾਂ ਨਾਲ ਸੰਗਤ ਨੂੰ ਜੋੜਿਆ। ਗੁਰਧਾਮਾਂ ਦੀ ਸੇਵ ਸੰਭਾਲ ਅਤੇ ਉੱਨਤੀ ਲਈ ਸੰਗਤਾਂ ਦੇ ਵਸੇਬੇ ਲਈ ਕਸਬੇ ਅਤੇ ਸ਼ਹਿਰਾਂ ਦਾ ਨਿਰਮਾਣ ਕੀਤਾ। ਵੱਖ ਵੱਖ ਕਿੱਤਿਆਂ ਦੇ ਮਾਹਰ ਕਾਰੀਗਰਾਂ ਨੂੰ ਵਸਾਇਆ। ਵਪਾਰ ਵਿਚ ਲਾਇਆ। ਹਰ ਕੋਈ ਅਧਿਆਤਮਕਤਾ ਨਾਲ ਜੁੜ ਕੇ ਕ੍ਰਿਤ ਕਰੇ, ਨਾਮ ਜਪੇ, ਵੰਡ ਛਕੇ।

ਹੋਂਦ ਵਿਚ ਆਉਂਦੇ ਨਗਰਾਂ ਦੀ ਸ਼ਾਂਤੀ ਨੂੰ ਗੁਰ ਚਰਨਾਂ ਦੀ ਛੋਹ ਪ੍ਰਾਪਤ ਹੋਈ, ਜਿਵੇਂ ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ (ਪਾਕਿਸਤਾਨ) ਕਰਤਾਰਪੁਰ (ਪਾਕਿਸਤਾਨ), ਸੁਲਤਾਨਪੁਰ ਲੋਧੀ, ਖ਼ਡੂਰ ਸਾਹਿਬ, ਗੋਂਦਵਾਲ, ਗੁਰੂ ਕਾਚੱਕ ਜਾਂ ਰਾਮਦਾਸਪੁਰ ਜੋ ਅੰਮ੍ਰਿਤਸਰ ਵਜੋਂ ਪ੍ਰਸਿੱਧ ਹੋਇਆ, ਅਕਾਲ ਤਖਤ ਸਾਹਿਬ, ਛੇਹਰਟਾ, ਹਰਗੋਬਿੰਦਪੁਰਾ, ਕਰਤਾਰਪੁਰ (ਜਲੰਧਰ), ਕੀਰਤਪੁਰ ਸਾਹਿਬ, ਪੰਜੋਖਰਾ, ਬੰਗਲਾ ਸਾਹਿਬ (ਦਿੱਲੀ) ਆਦਿ।

ਸਥਾਪਨਾ ਅਨੰਦਪੁਰ ਸਾਹਿਬ : ਪਹਿਲਾਂ ਨਾਉਂ 'ਚੱਕ ਨਾਨਕੀ' ਦੀ ਸਥਾਪਨਾ ਗੁਰੂ ਤੇਗ ਬਹਾਦਰ ਜੀ ਵਲੋਂ ਕੀਤੀ ਗਈ। ਪਹਿਲਾਂ ਉਹ ਬਾਬਾ ਬਕਾਲਾ ਰਹਿੰਦੇ ਸਨ। ਅਪ੍ਰੈਲ 1665 ਵਿਚ ਕੀਰਤਪੁਰ ਦਾ ਦੌਰਾ ਕੀਤਾ। ਜਦ ਬਿਲਾਸਪੁਰ ਪਹੁੰਚੇ ਤਾਂ ਉਨਾਂ ਖਿਆਲ ਕੀਤਾ ਕਿ ਮੁਗਲ ਹਾਕਮਾਂ ਦੇ ਜ਼ੁਲਮ ਵਧਦੇ ਜਾ ਰਹੇ ਹਨ। ਇਸ ਲਈ ਰਣਨੀਤਕ ਤੌਰ 'ਤੇ ਸੁਰੱਖਿਅਤ ਜਗਾ ਦੀ ਖੋਜ ਹੋਣੀ ਚਾਹੀਦੀ ਹੈ। ਤਦ ਉਨਾਂ ਮਾਖੋਵਾਲ ਦੇ ਗਿਰਦ ਖੰਡਰਾਂ ਨੇੜੇ ਰਾਜਾ ਤਾਰਾ ਚੰਦ ਤੋਂ ਜਗਾ ਖਰੀਦ ਲਈ। ਇਹ ਅਨੰਦਮਈ ਰਮਣੀਕ ਜਗਾ ਰਣਨੀਤਕ ਤੌਰ 'ਤੇ ਸੁਰੱਖਿਅਤ ਸੀ। ਇਸ ਦੇ ਦੁਆਲੇ ਸਤਲੁਜ ਨਦੀ ਦੇ ਨਾਲ ਪਹਾੜੀ ਅਤੇ ਜੰਗਲ ਸਨ। ਮਾਖੋਵਾਲ ਦੇ ਦੋਵੇਂ ਪਾਸੇ ਚਰਨਗੰਗਾ ਧਾਰਾ ਤੀਜੇ ਪਾਸੇ ਸਤਲੁਜ ਦਰਿਆ। ਪਹਾੜ ਵਾਲੇ ਪਾਸੇ ਸੰਘਣਾ ਜੰਗਲ। ਇੱਥੇ ਕਈ ਤਰਾਂ ਦੇ ਜਾਨਵਰ ਅਤੇ ਹਾਥੀਆਂ ਦੇ ਝੁੰਡ ਸਨ। ਇਸ ਨੂੰ ਹਥੋਟ (ਹਾਥੀਆਂ ਦਾ ਘਰ) ਕਿਹਾ ਜਾਂਦਾ ਸੀ। ਇਹ ਰਮਣੀਕ ਅਤੇ ਉਪਜਾਊ ਜਗਾ ਸੀ। ਇਸ ਖੇਤਰ ਦਾ ਨੀਂਹ ਪੱਥਰ ਭਾਈ ਗੁਰਦਿੱਤਾ ਜੀ ਨੇ 19 ਜੂਨ 1665 ਨੂੰ ਰੱਖਿਆ। ਗੁਰੂ ਜੀ ਨੇ ਇਸ ਕਸਬੇ ਦਾ ਨਾਮ ਆਪਣੀ ਮਾਤਾ ਜੀ ਦੇ ਨਾਮ 'ਤੇ 'ਚੱਕ ਨਾਨਕੀ' ਰੱਖਿਆ। ਗੁਰੂ ਜੀ ਤਿੰਨ ਕੁ ਮਹੀਨੇ ਠਹਿਰੇ। ਸੰਗਤਾਂ ਵੀ ਆਉਣ ਲੱਗ ਪਈਆਂ। ਗੁਰੂ ਜੀ ਨੇ ਆਪਣੇ ਸੇਵਕਾਂ ਨੂੰ ਇੱਥੇ ਵਸਣ ਲਈ ਪ੍ਰੇਰਿਆ। ਰਿਹਾਇਸ਼ ਬਣਾਉਣ ਲਈ ਸਹੂਲਤਾਂ ਵੀ ਦਿੱਤੀਆਂ। ਮਾਖੋਵਾਲ ਚੱਕ ਨਾਨਕੀ ਦੀ ਧਰਤੀ ਤੇ ਸੇਵਾ ਸਿਮਰਨ ਸੰਗਤੀ ਵਾਤਾਵਰਣ ਬਣ ਗਿਆ। ਸਿੱਖ ਧਰਮ ਦੇ ਵਿਰਸੇ ਦਾ ਵਿਸਥਾਰ ਹੋਣ ਲੱਗਾ। ਸਮਾਜਿਕ ਏਕਤਾ ਬਰਾਬਰਤਾ ਸਥਾਪਤ ਹੋਈ। ਮਾਖੋਵਾਲ ਚੱਕ ਨਾਨਕੀ ਦੀ ਧਰਤੀ ਪਵਿੱਤਰ ਹੋ ਗਈ। ਗੁਰੂ ਉਪਦੇਸ਼ ਨਾਲ ਸੰਗਤਾਂ ਨੂੰ ਅਧਿਆਤਮਕ ਪ੍ਰੇਰਨਾ ਮਿਲਦੀ। ਲੋਕਾਂ ਵਿਚ ਅਮਨ ਚੈਨ ਆਇਆ।

ਸੰਨ 1666 ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ। ਪ੍ਰਵਾਰ ਵਿਚ ਅਤਿਅੰਤ ਖੁਸ਼ੀ ਆਈ। ਬਾਲ ਗੁਰੂ ਗੋਬਿੰਦ 6 ਸਾਲ ਦੀ ਉਮਰ ਤੱਕ ਪਟਨਾ ਸਾਹਿਬ ਹੀ ਰਹੇ। ਸੰਨ 1666-72 ਤੱਕ ਗੁਰੂ ਤੇਗ ਬਹਾਦਰ ਜੀ ਪ੍ਰਚਾਰਕ ਦੌਰਿਆਂ ਤੇ ਰਹੇ, ਜਿਵੇਂ ਪੰਜਾਬ, ਉਤਰ ਪ੍ਰਦੇਸ਼, ਬਿਹਾਰ, ਅਸਾਮ, ਬੰਗਾਲ ਆਦਿ। ਮੁਗਲਾਂ ਦੀ ਜ਼ੁਲਮੀ ਨੀਤੀ ਹੇਠ ਔਰੰਗਜੇਬ ਦੇ ਤਸ਼ੱਦਦ ਵਧਦੇ ਵੇਖ ਕੇ ਗੁਰੂ ਜੀ ਨੇ ਆਪਣਾ ਪ੍ਰਵਾਰ ਮਾਖੋਵਾਲ ਚੱਕ ਨਾਨਕੀ ਲੈਆਂਦਾ। ਸੰਨ. 1672 ਦੇ ਇਸ ਗੁਰ ਅਤੇ ਸਪੁੱਤਰ ਦੇ ਮਿਲਾਪ ਨਾਲ ਇਲਾਕੇ ਵਿਚ ਆਨੰਦ ਆ ਗਿਆ ਅਤੇ ਮਾਖੋਵਾਲ ਚੱਕ ਨਾਨਕੀ ਦਾ ਨਾਮ ਅਨੰਦਪੁਰ ਹੋ ਗਿਆ।

ਅਨੰਦਪੁਰ ਦੀ ਸਿਰਜਣਾ ਦਾ ਉਪਦੇਸ਼ ਸੀ ਕਿ ਗੁਰ ਸਿੱਖਾਂ ਨੂੰ ਕਦੇ ਨਾ ਮੁੱਕਣ ਵਾਲੀ ਪ੍ਰਸੰਨਤਾ ਅਤੇ ਆਤਮਿਕ ਬੱਲ ਮਿਲਦਾ ਰਹੇ। ਖ਼ਾਲਸਾ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ। ਇਸੇ ਆਤਮਕ ਬਲ ਤੇ ਬਾਲ ਗੋਬਿੰਦ ਨੇ 9 ਸਾਲ ਦੀ ਉਮਰ ਵਿਚ ਧਰਮ ਦੀ ਰੱਖਿਆ ਲਈ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਨੂੰ ਸ਼ਹਾਦਤ ਲਈ ਤੋਰਿਆ। ਗੁਰੂ ਤੇਗ ਬਹਾਦਰ ਜੀ ਨੇ 11 ਨਵੰਬਰ 1675 ਵਿਚ ਧਰਮ ਦੀ ਰੱਖਿਆ ਲਈ ਸ਼ਹਾਦਤ ਪ੍ਰਾਪਤ ਕੀਤੀ। ਬਾਲ ਗੋਬਿੰਦ ਸਿੱਖਾਂ ਦੇ ਦਸਵੇਂ ਗੁਰੂ ਬਣੇ। ਗੁਰੂ ਜੀ ਨੇ ਸਿੱਖਾਂ ਨੂੰ ਬਲਵਾਨ ਬਣ ਕੇ ਜਿਊਣ ਦਾ ਵਰਦਾਨ ਦਿੱਤਾ। ਜਿਸ ਦੀ ਮਿਸਾਲ ਹੈ ਕਿ ਬਾਲ ਗੋਬਿੰਦ ਜੀ ਨੇ ਗੁਰ ਪਿਤਾ ਦਾ ਸੀਸ ਝੋਲੀ ਵਿਚ ਪੁਆ ਕੇ ਚੜ੍ਹਦੀ ਕਲਾ ਦੀ ਪ੍ਰਚੰਡ ਭਾਵਨਾ ਵਿਖਾਈ। ਇਸ ਵਰਦਾਨ ਹੇਠ 1699 ਈ. ਵਿਚ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੇ ਪੰਚ ਗੁਰ ਸਿੱਖਾਂ ਨੇ ਗੁਰੂ ਨੂੰ ਆਪਣੇ ਸੀਸ ਭੇਟ ਕੀਤੇ। ਗੁਰੂ ਜੀ ਪ੍ਰਸੰਨਤਾ ਪ੍ਰਾਪਤ ਕੀਤੀ। ਗੁਰੂ ਜੀ ਨੇ ਉਨਾਂ ਨੂੰ ਅੰਮ੍ਰਿਤ ਦੀ ਦਾਤ ਦੇ ਕੇ 'ਪਿਆਰਾ' ਬਣਾ ਦਿੱਤਾ ਕਿ ਆਪ ਉਨਾਂ ਕੋਲੋਂ ਅੰਮ੍ਰਿਤ ਛਕ ਲਿਆ ਅਤੇ ਗੋਬਿੰਦ ਸਿੰਘ ਅਖਵਾਇਆ। ਖ਼ਾਲਸੇ ਨੂੰ ਸਵੈ ਰੱਖਿਆ, ਸਵੈਮਾਣ ਦਾ ਬਲ ਮਿਲਿਆ। ਗੁਰੂ ਜੀ ਨੇ ਖ਼ਾਲਸੇ ਨੂੰ ਅੰਮ੍ਰਿਤ ਛਕਾ ਕੇ ਮੌਤ ਤੋਂ ਅਜਿੱਤ ਬਣਾ ਦਿੱਤਾ। ਖ਼ਾਲਸਾ ਅਕਾਲ ਪੁਰਖ ਦੀ ਫੌਜ ਬਣਿਆ। ਜਿਸ ਨਾਲ ਅਨੰਦਪੁਰ ਦੀ ਧਰਤੀ ਨੂੰ ਖ਼ਾਲਸਾ ਸਿਰਜਣ ਅਤੇ ਖ਼ਾਲਸੇ ਦੀ ਜਨਮ ਭੂਮੀ ਹੋਣ ਦਾ ਮਾਣ ਪ੍ਰਾਪਤ ਹੋਇਆ। ਜਿਸ ਨਾਲ ਅਨੰਦਪੁਰ ਦੀ ਮਾਨਤਾ ਵਧ ਗਈ।

ਜਦੋਂ ਪਹਾੜੀ ਰਾਜੇ ਔਰੰਗਜੇਬ ਦਾ ਸਾਥ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨਾਲ ਦੁਸ਼ਮਣੀ ਦੀਆਂ ਚਾਲਾਂ ਚੱਲ ਰਹੇ ਸਨ, ਗੁਰੂ ਜੀ 1685-1689 ਤੱਕ ਪਾਉਂਟਾ ਸਾਹਿਬ ਦੀ ਧਰਤੀ ਤੇ ਕਾਵਿ ਗੋਸ਼ਟੀਆਂ ਕਰਵਾ ਰਹੇ ਸਨ। ਗੁਰੂ ਜੀ ਨੂੰ ਆਪ ਸ਼ਾਇਰੀ ਦਾ ਬੜਾ ਸ਼ੌਕ ਸੀ । ਆਪ ਜੀ ਅਨੂਪਮ ਇਲਾਹੀ ਦਰਬਾਰ ਵਿਚ 52 ਦਰਬਾਰੀ ਰਤਨ ਕਵੀ ਸਨ। ਗੁਰੂ ਜੀ ਦਾ ਕਵੀਆਂ ਦਾ ਸਨਮਾਨ ਕਰਦੇ ਸਨ। ਗੁਰੂ ਜੀ ਨ ਬਹੁਤ ਸਾਰੀ ਬਾਣੀ ਦੀ ਰਚਨਾ ਪਾਉਂਟਾ ਸਾਹਿਬ ਦੀ ਧਰਤੀ ਤੇ ਹੀ ਕੀਤੀ। ਭਾਵੇਂ ਪਹਾੜੀ ਰਾਜਿਆਂ ਦੇ ਹਮਲੇ ਵਿਚ ਭੰਗਾਣੀ ਅਤੇ ਨਾਂਦੇੜ ਦੀਆਂ ਜੰਗਾਂ ਵਿਚ ਨਿਡਰਤਾ ਨਾਲ ਜੂਝ ਪਏ। ਸੂਰਬੀਰਤਾ ਦਾ ਵਿਹਾਰ ਚੜ੍ਹਦੀ ਕਲਾ ਦੀ ਬਿਰਤੀ ਨਾਲ ਹਰ ਮੈਦਾਨ ਫਤਹਿ ਦਾ ਜਜ਼ਬਾ ਰੱਖਿਆ। ਗੁਰੂ ਜੀ ਨੇ ਆਪਣੇ ਅਜਿੱਤ ਜਜਬੇ ਵਿਚ ਅਨੰਦਪੁਰ ਹੀ ਕਿਲਾ ਉਸਾਰੀ ਇਸ ਢੰਗ ਨਾਲ ਕੀਤੀ ਕਿ ਵੱਡਾ ਮਾਰੂ ਹਮਲਾ ਵੀ ਨੁਕਸਾਨ ਨਾ ਕਰ ਸਕੇ। ਆਪ ਜੀ ਨੇ 5 ਕਿਲੇ ਣਵਾਏ, ਕਿਲਾ ਅਨੰਦਗੜ੍ਹ ਸਾਹਿਬ, ਕਿਲਾ ਹੌਲਗੜ੍ਹ, ਕਿਲਾ ਲੋਹਗੜ੍ਹ, ਕਿਲਾ ਫਤਹਿਗੜ੍ਹ ਸਾਹਿਬ, ਕਿਲਾ ਤਾਰਾਗੜ੍ਹ। ਇਥੋਂ ਹੀ ਅਨੰਦਪੁਰ ਸਾਹਿਬ ਦੀ ਧਰਤੀ ਖ਼ਾਲਸਾ ਕੌਮ ਦੀ ਆਤਮਕ ਤ੍ਰਿਮਤੀ ਨਿਡਰ ਅਤੇ ਅਜਿੱਤ ਸ਼ਕਤੀ ਦਾ ਸੰਗਠਾਨਤਮਕ ਪ੍ਰਤੀਕ ਹੈ। ਇਹ ਧਰਮੀ ਧਰਮ ਯੁੱਧ ਦੀ ਧਰਤੀ ਹੈ ਜਿਥੋਂ ਦੁਸ਼ਟ ਦੋਖੀਆਂ ਨੂੰ ਪਛਾੜਨਾ ਸੀ। ਗੁਰੂ ਜੀ ਨੇ ਇਸੇ ਧਰਤੀ ਤੋਂ ਪਹਾੜੀ ਰਾਜਿਆਂ ਅਤੇ ਮੁਗਲਾਂ ਵਿਰੁਧ ਜੰਗ ਲੜੇ। ਸਾਰੇ ਜੰਗ ਮਨੁੱਖਤਾ ਦੀ ਆਜ਼ਾਦੀ ਲਈ ਸਨ। ਕੋਈ ਵੀ ਜੰਗ ਕਬਜਾ ਕਰਨ ਦੀ ਭਾਵਨਾ ਨਾਲ ਨਹੀਂ ਲੜੀ, ਸਗੋਂ ਮਨੁੱਖਤਾ ਦੀ ਭਲਾਈ ਅਤੇ ਰੱਖਿਆ ਲਈ ਲੜੀ। ਅਜਿਹੇ ਜੋਸ਼ ਦੀ ਭਾਵਨਾ ਭਰੀ ਕਿ ਮੁੱਠੀ ਭਰ ਸਿੰਘਾਂ ਨੇ ਲੱਖਾਂ ਦੀਆਂ ਫੌਜਾਂ ਦਾ ਟਾਕਰਾ ਕੀਤਾ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਰਬੰਸ ਕੌਮ ਲਈ ਵਾਰ ਦਿੱਤਾ। ਅਨੇਕ ਸਿੰਘਾਂ ਦੀ ਸ਼ਹੀਦੀ ਨੇ ਕੌਮ ਵਿਚ ਜੂਝ ਕੇ ਲੜਨ ਦੀ ਭਾਵਨਾ ਭਰੀ। ਵਿਰਸੇ ਅਤੇ ਅਧਿਆਤਮਕ ਉਨਤੀ ਲਈ ਗੁਰਦੁਆਰਿਆਂ ਦੀ ਉਸਾਰੀ ਨੇ ਅਨੰਦਪੁਰ ਦੀ ਧਰਤੀ ਨੂੰ ਅਮਰ ਕਰ ਦਿੱਤਾ।

ਤਖਤ ਸ੍ਰੀ ਕੇਸਗੜ੍ਹ ਸਾਹਿਬ, ਗੁਰਦੁਆਰਾ ਸੀਸ ਗੰਜ ਅਨੰਦਪੁਰ ਸਾਹਿਬ, ਗੁਰਦੁਆਰਾ ਭੌਰਾ ਸਾਹਿਬ, ਗੁਰਦੁਆਰਾ ਥੜ੍ਹਾ ਸਾਹਿਬ, ਗੁਰਦੁਆਰਾ ਅਕਾਲ ਬੁੰਗਾ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਦੁਮਾਲਗੜ੍ਹ ਸਾਹਿਬ, ਗੁਰਦੁਆਰਾ ਸ਼ਹੀਦੀ ਬਾਗ, ਗੁਰਦੁਆਰਾ ਮਾਤਾ ਜੀਤ ਕੌਰ, ਗੁਰਦੁਆਰਾ ਗੁਰੂ ਕਾ ਮਹਿਲ ਆਦਿ।

ਹੋਲਾ ਮਹੱਲਾ ਅਨੰਦਪੁਰ ਦੀ ਧਰਤੀ ਦਾ ਸ਼ਾਨਾਮੱਤਾ ਗੌਰਵਮਈ ਵਿਲੱਖਣ ਵਿਰਸੇ ਸ਼ਕਤੀ ਅਤੇ ਅਣਖ ਦਾ ਪ੍ਰਤੀਕ ਹੈ। ਜੋ ਬੀਰਰਸੀ ਰਵਾਹਿਤਾਂ ਅਤੇ ਜੰਗੀ ਹੁਨਰ ਦੀ ਯਾਦ ਦਿਵਾਉਂਦਾ ਹੈ। ਖ਼ਾਲਸਾਈ ਜਾਹੋ ਜਲਾਲ ਦਾ ਪ੍ਰਤੀਕ ਹੈ। ਜਿਸ ਵਿਚ ਸ਼ਸਤਰਾਂ ਦਾ ਸਤਿਕਾਰ ਅਤੇ ਉਪਯੋਗ ਕਰਨ ਤੇ ਜ਼ੋਰ ਦਿੱਤਾ ਗਿਆ ਹੈ। ਜੋ ਸਿੱਖ ਗੁਰੂਆਂ ਦੇ ਸੰਕਲਪ ਧਰਮ ਵਿਚ ਸਮਾਜ ਨੂੰ ਸਾਰਥਿਕ ਅਤੇ ਉਸਾਰੂ ਸੇਧ ਦਿੰਦਾ ਹੈ। ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਜੰਗਾਂ ਦਾ ਇਤਿਹਾਸ ਦਰਸਾਉਂਦਾ ਅਜਾਇਬ ਘਰ ਹੈ। ਜੋ ਇਸ ਨਗਰ ਦੀ ਗੌਰਵਮਈ ਵਿਰਾਸਤ, ਦੁਨੀਆਂ ਵਿਚ ਇਕ ਅਜੂਬਾ ਹੈ।

ਅੰਤਿਕਾ : ਗੁਰੂ ਤੇਗ ਬਹਾਦਰ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰਾਂ ਅਤੇ ਅਨੇਕਾਂ ਸ਼ਹੀਦਾਂ ਦੀ ਉਹ ਪਵਿੱਤਰ ਰਮਣੀਕ ਧਰਤੀ ਹੈ ਅਨੰਦਪੁਰ ਦੀ। ਜਿਥੋਂ ਧਰਮ ਦਾ ਲੋਕਰਾਜ਼ੀ ਪੱਖ ਉਜਾਗਰ ਹੋਇਆ। ਜਿੱਥੇ ਪੰਜ ਸਿੱਖਾਂ ਨੇ ਮੌਤ ਦੇ ਭੈ ਨੂੰ ਖਤਮ ਕਰਕੇ ਗੁਰੂ ਜੀ ਨੂੰ ਆਪਣੇ ਸੀਸ ਭੇਟ ਕੀਤੇ। ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਨ ਖਾਲਸਾ ਸਿਰਜਿਆ। ਜੋ ਅਣਖ ਅਤੇ ਆਜਾਦੀ ਲਈ ਯੋਧੇ ਵਾਂਗ ਜੀਵਿਆ ਅਤੇ ਕੁਰਬਾਨ ਹੋਇਆ। ਮਨੁੱਖਤਾ ਦੀ ਭਲਾਈ ਲਈ ਜੂਝ ਕੇ ਸ਼ਹੀਦ ਹੋਣ ਦਾ ਨਿਸ਼ਾਨਾ ਬਣਿਆ। ਸੱਚ, ਸਿਮਰਨ, ਸੇਵਾ ਅਤੇ ਅਨੰਦ ਵਿਚ ਰਹਿੰਦਾ ਹੈ ਖ਼ਾਲਸਾ, ਸੰਤ ਸਿਪਾਹੀ ਬਣਿਆ। ਸੰਤ ਰਸ ਦੇ ਨਾਲ ਬੀਰਰਸ ਮਿਲਿਆ। ਅਨੰਦਪੁਰ ਸਾਹਿਬ ਵਿਖੇ ਅਧਿਆਤਮਕਤਾ ਦਾ ਸਿਖਰ ਹੈ। ਉਥੇ ਸਿੱਖ ਕੌਮ ਵਾਸਤੇ ਇਕ ਤਖਤ ਦਾ ਮਾਣ ਸਤਿਕਾਰ ਪ੍ਰਾਪਤ ਹੈ। ਕਿਸੇ ਵੀ ਤਖਤ ਦਾ ਹੁਕਮ ਸਮੁੱਚੇ ਪੰਥ ਨੂੰ ਪ੍ਰਮਾਣਿਤ ਹੈ। ਅਨੰਦਪੁਰ ਦੀ ਪਵਿੱਤਰ ਗੁਰ ਚਰਨਾਂ ਦੀ ਛੋਹ ਪ੍ਰਾਪਤ ਧਰਤੀ ਨੂੰ ਕੌਮ ਦਾ ਪ੍ਰਣਾਮ।

**ਝੂਲਤੇ ਨਿਸ਼ਾਨ ਰਹੇਂ, ਗੁਰੂ ਮਹਾਰਾਜ ਕੇ।**

# ਆਧੁਨਿਕ ਪੰਜਾਬੀ ਸਾਹਿਤ ਦੇ ਨਿਰਮਾਤਾ ਭਾਈ ਵੀਰ ਸਿੰਘ



**- ਡਾ. ਚਰਨਜੀਤ ਕੌਰ**

ਭਾਈ ਵੀਰ ਸਿੰਘ ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਇੱਕ ਉੱਘੇ ਪੰਜਾਬੀ ਕਵੀ ਅਤੇ ਯੁਗ ਪੁਰਸ਼ ਹੋਏ ਹਨ, ਜਿਨਾਂ ਨੇ ਪੰਜਾਬੀ ਕਵਿਤਾ ਵਿੱਚ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਵਿੱਚ ਨਵ-ਚੇਤਨਤਾ ਦੀ ਲਹਿਰ ਤੋਰੀ ਅਤੇ ਆਪਣੇ ਜੀਵਨ ਵਿਅਕਤੀਤਵ ਅਤੇ ਰਚਨਾ ਰਾਹੀਂ ਅਨੇਕਾਂ ਜ਼ਿੰਦਗੀਆਂ ਨੂੰ ਜੀਵਨ-ਛੂਹ ਲਾ ਕੇ ਉਤਸ਼ਾਹਿਤ ਕੀਤਾ ਅਤੇ ਪੰਜਾਬੀ ਸਾਹਿਤ ਨੂੰ ਨਵੇਂ ਰਾਹਾਂ ਉੱਤੇ ਤੋਰਿਆ। ਭਾਰਤ ਦੇ ਪ੍ਰਸਿੱਧ ਦਾਰਸ਼ਨਿਕ ਡਾ. ਰਾਧਾ ਕ੍ਰਿਸ਼ਨਨ ਨੇ ਭਾਈ ਵੀਰ ਸਿੰਘ ਨੂੰ 'ਭਾਰਤ ਦੀ ਸਨਾਨਤੀ ਵਿਦਵਤਾ ਦੇ ਪ੍ਰਤਿਨਿਧ' ਕਿਹਾ ਹੈ। ਸ੍ਰੀ ਹਰਿੰਦਰਨਾਥ ਚਟੋਪਾਧਿਆਏ ਨੇ ਭਾਈ ਸਾਹਿਬ ਨੂੰ 'ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ' ਦੀ ਉਪਾਧੀ ਦਿੱਤੀ ਹੈ।

ਭਾਈ ਵੀਰ ਸਿੰਘ ਦਾ ਜਨਮ 5 ਦੰਸਬਰ, 1872 ਈ. ਨੂੰ ਅੰਮ੍ਰਿਤਸਰ ਵਿਖੇ ਡਾ. ਚਰਨ ਸਿੰਘ ਦੇ ਘਰ ਮਾਤਾ ਉੱਤਮ ਕੌਰ ਦੀ ਕੁੱਖੋਂ ਹੋਇਆ। ਭਾਈ ਸਾਹਿਬ ਦਾ ਜਨਮ ਦਾ ਦਿਨ ਵੀਰਵਾਰ ਹੋਣ ਕਾਰਣ ਉਨਾਂ ਦੇ ਦਾਦਾ ਭਾਈ ਕਾਹਨ ਸਿੰਘ ਜੀ ਨੇ ਇਨਾਂ ਦਾ ਨਾਮ ਇਸੇ ਦਿਨ ਨਾਲ ਜੋੜ ਕੇ ਰੱਖਣ ਦਾ ਪਰਿਵਾਰ ਨੂੰ ਆਦੇਸ਼ ਦਿੱਤਾ। ਉਨਾਂ ਨੇ ਕਿਹਾ ਦੁਨੀਆਂ ਉੱਤੇ ਇਸਦਾ ਨਾਮ ਇਸੇ ਵੀਰਵਾਰ ਦੇ ਦਿਨ ਉੱਪਰ ਮਸ਼ਹੂਰ ਹੋਵੇਗਾ।

ਭਾਈ ਸਾਹਿਬ ਦੀ ਵੰਸ਼-ਪਰੰਪਰਾ ਦਾ ਸੰਬੰਧ ਦੀਵਾਨ ਕੌੜਾ ਮੱਲ ਨਾਲ ਹੈ। ਦੀਵਾਨ ਕੌੜਾ ਮੱਲ ਫਰੁਖ਼ਸੀਅਤ ਦੇ ਸਮੇਂ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਂ ਦੀ ਫ਼ੌਜ ਵਿੱਚ ਇੱਕ ਖ਼ਾਸ ਆਹੁਦੇਦਾਰ ਸਨ। ਸੰਨ 1747 ਵਿੱਚ ਉਨਾਂ ਨੂੰ ਤਰੱਕੀ ਦੇ ਕੇ ਲਾਹੌਰ ਦਾ ਦੀਵਾਨ ਬਣਾਇਆ ਅਤੇ 1759 ਵਿੱਚ ਉਨਾਂ ਨੂੰ ਮੁਲਤਾਨ ਦੇ ਹਾਕਮ ਦੀ ਪਦਵੀ ਪ੍ਰਾਪਤ ਹੋਈ। ਦੀਵਾਨ ਸਾਹਿਬ ਸਿੱਖਾਂ ਦੇ ਵਿਸ਼ੇਸ਼ ਹਮਾਇਤੀ ਸਨ। ਸਮੇਂ ਦੀ ਮੁਗ਼ਲ ਹਕੂਮਤ ਵਲੋਂ ਸਿੱਖ ਕੌਮ ਉੱਤੇ ਕੀਤੇ ਜਾਂਦੇ ਜ਼ੁਲਮਾਂ ਅਤੇ ਅੱਤਿਆਚਾਰਾਂ ਨੂੰ ਘਟਾਉਣ ਵਿੱਚ ਦੀਵਾਨ ਕੌੜਾ ਮੱਲ ਦਾ ਵਿਸ਼ੇਸ਼ ਯੋਗਦਾਨ ਸੀ, ਜਿਸ ਕਾਰਨ ਨਿਹੰਗ ਸਿੰਘਾਂ ਨੇ ਉਨਾਂ ਦਾ ਨਾ ਕੌੜਾ ਮੱਲ ਦੀ ਥਾਂ ਮਿੱਠਾ ਮੱਲ ਰੱਖਿਆ ਹੋਇਆ ਸੀ।

ਭਾਈ ਸਾਹਿਬ ਦੀ ਵਿੱਦਿਆ ਪ੍ਰਾਪਤੀ ਦਾ ਸਮਾਂ ਪੰਜ ਸਾਲ ਦੀ ਉਮਰ ਤੋਂ ਆਰੰਭ ਹੋਇਆ। ਇਨਾਂ ਨੂੰ ਵਿੱਦਿਅਕ ਅਤੇ ਧਾਰਮਿਕ ਵਾਤਾਵਰਣ ਵਿਰਸੇ ਵਿੱਚ ਹੀ ਪ੍ਰਾਪਤ ਹੋਇਆ। ਭਾਈ ਸਾਹਿਬ ਦੇ ਪਿਤਰੀ ਧਨ ਵਿੱਚ ਦੀਵਾਨ ਕੌੜਾ ਮੱਲ ਦੀ ਰਾਜਸੀ ਮਹੱਤਤਾ, ਬਾਬਾ ਕਾਹਨ ਸਿੰਘ ਦਾ ਸਾਧੂਤੱਵ, ਡਾ. ਚਰਨ ਸਿੰਘ ਦੀ ਬੁੱਧੀਜੀਵਤਾ ਅਤੇ ਗਿਆਨੀ ਹਜ਼ਾਰਾ ਸਿੰਘ ਦਾ ਪਰਮਾਰਥ ਗਿਆਨ ਸ਼ਾਮਲ ਸਨ। ਭਾਈ ਸਾਹਿਬ ਨੇ ਆਪਣੀ ਮੁੱਢਲੀ ਵਿੱਦਿਆ ਗਿਆਨੀ ਹਜ਼ਾਰਾ ਸਿੰਘ ਅਤੇ ਉਨਾਂ ਦੇ ਸਹਿਚਾਰੀਆਂ ਪਾਸੋਂ ਪ੍ਰਾਪਤ ਕੀਤੀ। ਅੱਠ ਸਾਲ ਦੀ ਉਮਰ ਤਕ ਉਸ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰ ਲਿਆ ਸੀ। ਸੰਨ 1891 ਵਿੱਚ ਉਸ ਨੇ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਵਿੱਚ ਐਂਟਰੈਂਸ ਦੇ ਇਮਤਿਹਾਨ ਵਿੱਚ ਜ਼ਿਲੇ ਵਿੱਚੋਂ ਅੱਵਲ ਦਰਜਾ ਪ੍ਰਾਪਤ ਕੀਤਾ, ਜਿਸ ਤੋਂ ਖ਼ੁਸ਼ ਹੋ ਕੇ ਡਿਸਟ੍ਰਿਕਟ ਬੋਰਡ ਨੇ ਆਪ ਨੂੰ ਸੋਨੇ ਦਾ ਤਮਗਾ ਇਨਾਮ ਵਜੋਂ ਦਿੱਤਾ। ਇਹ ਪ੍ਰੀਖਿਆ ਪਾਸ ਕਰਨ ਤੋਂ ਦੋ ਸਾਲ ਪਹਿਲਾਂ (1889) ਵਿੱਚ ਉਸ ਦਾ ਵਿਆਹ ਬੀਬੀ ਚਤੁਰ ਕੌਰ ਨਾਲ ਹੋ ਗਿਆ ਸੀ, ਜਿਸ ਦੀ ਕੁੱਖੋਂ ਦੋ ਧੀਆਂ ਕਰਤਾਰ ਕੌਰ ਅਤੇ ਸੁਸ਼ੀਲ ਕੌਰ ਨੇ ਜਨਮ ਲਿਆ। ਮੈਟ੍ਰਿਕ ਤੋਂ ਪਿੱਛੋਂ ਉਸ ਨੇ ਸਰਕਾਰੀ ਨੌਕਰੀ ਦਾ ਵਿਚਾਰ ਨਾ ਬਣਾਇਆ, ਕਿਉਂਕਿ ਆਪਣੇ ਪਿਤਾ ਦੇ ਪ੍ਰਭਾਵ ਹੇਠ ਅਤੇ ਉਨਾਂ ਦੇ ਸਫ਼ਲ ਜੀਵਨ ਸਦਕਾ ਉਸ ਦੇ ਮਨ ਵਿੱਚ ਸਮਾਜ ਦੀ ਖੁੱਲੀ ਸੇਵਾ ਦੀ ਧੁਨ ਵੱਜ ਰਹੀ ਸੀ। ਸਾਹਿਤ ਪ੍ਰਤੀ ਉਸ ਦੀ ਰੁਚੀ ਬਹੁਤ ਜ਼ਿਆਦਾ ਸੀ।

ਪਿਤਾ ਦੇ ਇੱਕ ਸਹਿਯੋਗੀ ਵਜ਼ੀਰ ਸਿੰਘ ਨਾਲ ਮਿਲ ਕੇ ਉਸ ਨੇ 'ਵਜ਼ੀਰ ਹਿੰਦ ਪ੍ਰੈੱਸ' ਨਾਂ ਦਾ ਛਾਪੇਖਾਨਾ ਸ਼ੁਰੂ ਕੀਤਾ ਫਿਰ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਨੀਂਹ ਰੱਖੀ। ਨਵੰਬਰ 1899 ਵਿੱਚ ਇੱਕ ਸਪਤਾਹਿਕ 'ਖਾਲਸਾ ਸਮਾਚਾਰ' ਜਾਰੀ ਕੀਤਾ।

ਸਾਹਿਤ ਦੇ ਖੇਤਰ ਵਿੱਚ ਭਾਈ ਸਾਹਿਬ ਨੇ ਬਹੁਪੱਖੀ ਹਿੱਸਾ ਪਾਇਆ। ਕਵਿਤਾ ਤੋਂ ਬਿਨਾ ਉਸ ਨੇ ਨਾਵਲ, ਨਾਟਕ, ਵਾਰਤਕ ਸੰਪਾਦਨ ਤੇ ਸਟੀਕ ਦੇ ਖੇਤਰ ਵਿੱਚ ਕਾਫ਼ੀ ਗੰਭੀਰ ਰਚਨਾਵਾਂ ਦੇ ਕੇ ਨਵੀਆਂ ਲੀਹਾਂ ਪਾਈਆਂ। ਉਸ ਦੇ ਨਾਵਲ 'ਸੁੰਦਰੀ', 'ਬਿਜੈ ਸਿੰਘ', 'ਸਤਵੰਤ ਕੌਰ', 'ਬਾਬਾ ਨੌਧ ਸਿੰਘ' ਅਤੇ ਨਾਟਕ 'ਰਾਜਾ ਲਖਦਾਤਾ ਸਿੰਘ' ਹਨ। ਉਸ ਦੀਆਂ ਰਚਨਾਵਾਂ ਦੇ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਵੀ ਪ੍ਰਕਾਸ਼ਿਤ ਹੋਏ। ਭਾਈ ਸਾਹਿਬ ਦੀਆਂ ਕਵਿਤਾਵਾਂ ਦੇ ਵਿਸ਼ੇ ਸਰਬਾਂਗੀ ਹਨ, ਜਿਨਾਂ ਵਿੱਚ ਉਸ ਨੇ ਆਪਣੇ ਕਾਵਿ ਸਿਧਾਂਤ ਨੂੰ ਸਪਸ਼ਟ ਕਰਨ ਦੇ ਨਾਲ-ਨਾਲ ਕਾਵਿ ਦਾ ਸਰੂਪ, ਸੁੰਦਰਤਾ, ਨੈਤਿਕ ਸਿੱਖਿਆ, ਨਿੱਜੀ ਭਾਵਾਂ ਦੀ ਅਭਿਵਿਅਕਤੀ, ਪ੍ਰਕ੍ਰਿਤੀ ਚਿੱਤਰਣ ਆਦਿ ਨੂੰ ਪ੍ਰਸਤੁਤ ਕੀਤਾ ਹੈ। ਉਸ ਨੂੰ 'ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ' ਅਤੇ 'ਗੁਰਮਤਿ ਦਾ ਵਿਆਖਿਆਕਾਰ ਕਵੀ' ਹੋਣ ਦਾ ਮਾਣ ਪ੍ਰਾਪਤ ਹੈ।

ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ।
ਤ੍ਰਿਖੇ ਆਪਣੇ ਵੇਗ, ਗਿਆ ਟੱਪ ਬੰਨੇ ਬੰਨੀ।
ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵੱਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।

ਸਮਾਜ ਸੇਵਾ ਦੇ ਖੇਤਰ ਵਿੱਚ ਭਾਈ ਵੀਰ ਸਿੰਘ ਦੇ ਯੋਗਦਾਨ ਨੂੰ ਭੁਲਾਇਆ ਨਹੀਂ ਜਾ ਸਕਦਾ। ਭਾਈ ਸਾਹਿਬ ਦੀ ਅਦੁੱਤੀ ਸ਼ਖ਼ਸੀਅਤ ਦੀ ਪਾਰਸ ਛੋਹ ਨੇ ਮੌਲਾ ਬਖ਼ਸ ਕੁਸ਼ਤਾ, ਚਰਨ ਸਿੰਘ ਸ਼ਹੀਦ, ਧਨੀ ਰਾਮ ਚਾਤ੍ਰਿਕ ਤੇ ਪ੍ਰੋ. ਪੂਰਨ ਸਿੰਘ ਵਰਗੇ ਆਧੁਨਿਕ ਪੰਜਾਬੀ ਸਾਹਿਤ ਦੇ ਉੱਘੇ ਕਵੀ ਪੈਦਾ ਕੀਤੇ। ਪ੍ਰੋ. ਪੂਰਨ ਸਿੰਘ ਨੇ ਇਸ ਨੂੰ ਸਵੀਕਾਰ ਕਰਦਿਆਂ ਲਿਖਿਆ ਹੈ, ਇਸ ਸੁਭਾਗ ਘੜੀ ਇੱਕ ਮਹਾਂਪੁਰਖ (ਭਾਈ ਸਾਹਿਬ) ਦੇ ਦੀਦਾਰ ਹੋਏ। ਕਵਿਤਾ ਵੀ ਮਿਲੀ ਤੇ ਉਸ ਮਿਹਰ ਦੀ ਨਜ਼ਰ ਨਾਲ ਮਿੱਠੇ ਸਾਧ ਵਚਨ ਵਿੱਚ ਮੈਨੂੰ ਪੰਜਾਬੀ ਆਪ ਮੁਹਾਰੀ ਆਈ।

ਭਾਈ ਸਾਹਿਬ ਦੀ ਅਨੁਪਮ ਸ਼ਖ਼ਸੀਅਤ ਅਤੇ ਸਾਹਿਤਕ ਸੇਵਾ ਦੀ ਮਹਾਨਤਾ ਨੂੰ ਵੇਖਦੇ ਹੋਏ ਵੱਖ-ਵੱਖ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਅਦਾਰਿਆਂ ਵਲੋਂ ਬਹੁਤ ਸਾਰਾ ਮਾਨ-ਸਨਮਾਣ ਪ੍ਰਾਪਤ ਹੋਇਆ। ਪੈਪਸੂ ਦੇ ਪੰਜਾਬੀ ਮਹਿਕਮਾ ਦੀ ਸਥਾਪਨਾ ਪਿੱਛੋਂ ਆਪ ਨੂੰ ਪੰਜਾਬੀ ਦੇ ਸਭ ਤੋਂ ਪਹਿਲੇ ਸ਼ਰੋਮਣੀ ਸਾਹਿਤਕਾਰ ਦਾ ਸਨਮਾਨ ਪ੍ਰਾਪਤ ਹੋਇਆ। ਸੰਨ 1948 ਵਿੱਚ ਪੰਜਾਬ ਯੂਨੀਵਰਸਿਟੀ ਵਲੋਂ 'ਡਾਕਟਰੇਟ' ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ। ਆਜ਼ਾਦ ਭਾਰਤੀ ਦੀ ਸਥਾਪਨਾ ਪਿੱਛੋਂ ਉਸ ਨੂੰ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ। ਸੰਨ 1953 ਵਿੱਚ ਭਾਰਤੀ ਸਾਹਿਤ ਅਕਾਡਮੀ ਵਲੋਂ ਉਸ ਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਪੁਰਸਕ੍ਰਿਤ ਕੀਤਾ ਗਿਆ, ਜੋ ਪੰਜਾਬੀ ਪੁਸਤਕ ਨੂੰ ਮਿਲਣ ਵਾਲਾ ਸਭ ਤੋਂ ਪਹਿਲਾ ਇਨਾਮ ਸੀ।

ਬਾਕੀ ਸਫ਼ਾ 32 'ਤੇ

# ਖਾਲਿਸਤਾਨ, ਖਾਲਸਾ ਰਾਜ ਤੇ ਸਿਖ ਕੌਮ



- ਗੁਰਬਚਨ ਸਿੰਘ

ਸੀਨੀਅਰ ਪੱਤਰਕਾਰ ਕਰਮਜੀਤ ਸਿੰਘ ਦੀ 29 ਅਪ੍ਰੈਲ 1986 ਨੂੰ ਖਾਲਿਸਤਾਨ ਦੇ ਕੀਤੇ ਗਏ ਇਤਿਹਾਸਕ ਐਲਾਨਨਾਮੇ ਬਾਰੇ ਇਕ ਲਿਖਤ ਛਪੀ ਹੈ, 'ਖਾਲਿਸਤਾਨ ਦਾ ਐਲਾਨਨਾਮਾ : ਪ੍ਰਚੰਡ ਜਜ਼ਬਿਆਂ ਦੀ ਨਵੀਂ ਸਵੇਰ, ਨਵੀਂ ਬਹਾਰ।' ਕਰਮਜੀਤ ਸਿੰਘ ਦਾ ਮੰਨਣਾ ਹੈ ਕਿ 'ਇਸ ਘਟਨਾ ਨੂੰ ਇਤਿਹਾਸਕ ਨਜ਼ਰੀਏ ਤੋਂ ਵੇਖਣ ਦੀ ਲੋੜ ਹੈ। ਕਿਉਂਕਿ ਇਤਿਹਾਸ ਸਿਰਫ ਬੀਤੇ ਦੀਆਂ ਘਟਨਾਵਾਂ ਦੀ ਵਿਆਖਿਆ ਹੀ ਨਹੀਂ ਕਰਦਾ, ਸਗੋਂ ਇਹ ਵਰਤਮਾਨ ਤੇ ਭਵਿਖ ਲਈ ਰੌਸ਼ਨੀ ਵੀ ਵਿਖਾਉਂਦਾ ਹੈ' ਤੇ 'ਖ਼ਾਲਿਸਤਾਨ ਬਾਰੇ ਇਤਿਹਾਸਕ ਐਲਾਨਨਾਮਾ ਅਸਲ ਵਿਚ ਪ੍ਰਚੰਡ ਚੇਤਨਾ ਦੀ ਨਵੀਂ ਪ੍ਰਭਾਤ ਸੀ।'

ਲਿਖਤ ਉੱਤੇ ਕੋਈ ਵੀ ਟਿਪਣੀ ਕਰਨ ਤੋਂ ਪਹਿਲਾਂ ਅਸੀਂ ਉਨਾਂ ਵਲੋਂ ਉਠਾਏ ਗਏ ਇਕ ਅਹਿਮ ਨੁਕਤੇ ਨੂੰ ਸਪੱਸ਼ਟ ਕਰਨ ਦੀ ਲੋੜ ਜਰੂਰੀ ਸਮਝਦੇ ਹਾਂ। ਉਨਾਂ ਦਾ ਕਹਿਣਾ ਹੈ ਕਿ "ਇਕ ਅਜਿਹੀ ਸੋਚ ਵੀ ਉਭਰ ਕੇ ਸਾਹਮਣੇ ਆਈ ਹੈ ਜਿਹੜੀ ਪੂਰਨ ਪ੍ਰਭੂ ਸਤਾ ਸੰਪੰਨ ਖ਼ਾਲਿਸਤਾਨ ਦੀ ਸਥਾਪਨਾ ਦੇ ਪੰਥਕ ਨਿਸ਼ਾਨੇ ਨੂੰ ਦੁਨੀਆਂ ਦੇ ਕੁਝ ਕੌਮੀ ਰਾਜਾਂ ਵਲੋਂ ਲੋਕਾਂ ਉਤੇ ਢਾਹੇ ਗਏ ਜ਼ੁਲਮਾਂ ਦੀਆਂ ਉਦਾਹਰਣਾਂ ਦੇ ਕੇ ਗ਼ਲਤ ਸਾਬਤ ਕਰਨ ਲਈ ਖੰਭ ਫੜਕ ਰਹੀ ਹੈ।"

... "ਕਿਸੇ ਜ਼ਾਲਮ ਬਾਦਸ਼ਾਹ ਦਾ ਜ਼ੁਲਮੀ ਰਾਜ ਨਾ ਤਾਂ ਕੌਮੀ ਰਾਜ ਹੀ ਹੁੰਦਾ ਹੈ ਅਤੇ ਨਾ ਦੁਨੀਆਂ ਵਿਚਲੇ ਲੋਕਾਂ ਉਤੇ ਕਹਿਰ ਵਰਾਉਣ ਵਾਲੇ ਅਜਿਹੇ ਕਿਸੇ ਰਾਜ ਨੂੰ ਕੌਮੀ ਰਾਜ ਕਰਾਰ ਦੇ ਕੇ ਉਸ ਦੁਆਰਾ ਲੋਕਾਂ ਤੇ ਇਨਸਾਨੀ ਹੱਕਾਂ ਦੇ ਵਿਰੁਧ ਕੀਤੀਆਂ ਜ਼ਾਲਮਾਨਾ ਕਾਰਵਾਈਆਂ ਦੀਆਂ ਮਿਸਾਲਾਂ ਨਾਲ "ਪੂਰਨ ਪ੍ਰਭੂ ਸਤਾ ਸੰਪੰਨ ਖਾਲਿਸਤਾਨ" ਦਾ ਸੰਕਲਪ ਰੱਦ ਕੀਤਾ ਜਾ ਸਕਦਾ ਹੈ।"

ਇਸੇ ਲਿਖਤ ਵਿਚ ਆਪਣਾ ਇਹ ਕਥਨ ਉਨਾਂ ਨੇ ਇਕ ਵਾਰ ਫਿਰ ਦੁਹਰਾਇਆ ਹੈ, "ਦੁਨੀਆਂ ਭਰ ਵਿਚ ਖਿਲਰੇ ਹੋਏ ਜੁਝਾਰੂ ਲਹਿਰ ਦੇ ਸਾਰੇ ਦਸਤਾਵੇਜ਼ਾਂ ਵਿਚ ਝਲਕਦੀ ਸੁਹਿਰਦਤਾ, ਇਮਾਨਦਾਰੀ, ਪ੍ਰਤੀਬਧਤਾ, ਲੋਕ ਪਖੀ ਵਿਚਾਰਧਾਰਾ, ਜੂਝ ਮਰਨ ਦਾ ਚਾਅ, ਮੰਜ਼ਿਲ ਸਰ ਕਰਨ ਦਾ ਜਜ਼ਬਾ ਨਾ ਸਿਰਫ ਤੋਹਮਤਾਂ ਦੇ ਰਾਹੀਂ ਆਪ ਸੱਚੇ ਬਣਨ ਤੇ ਜੁਝਾਰੂਆਂ ਨੂੰ ਝੂਠੇ ਆਖਣ ਤੇ ਬਦਨਾਮ ਕਰਨ ਲਈ ਯਤਨਸ਼ੀਲ ਭਾਰਤ ਸਰਕਾਰ, ਫਿਰਕੂ ਸੋਚ ਤੇ ਪੰਥ ਦੁਸ਼ਮਣ ਤਾਕਤਾਂ ਦੇ ਮੂੰਹ ਉਤੇ ਚਪੇੜ ਹੈ, ਸਗੋਂ ਉਸ ਸੋਚ ਲਈ ਵੀ ਕਰਾਰਾ ਜਵਾਬ ਹੈ ਜੋ ਕੌਮੀ ਰਾਜ ਦਾ ਡਰ ਪੈਦਾ ਕਰਕੇ ਲੋਕਾਂ ਵਿਚ ਪੂਰਨ ਪ੍ਰਭੂਸਤਾ ਸੰਪਨ ਖ਼ਾਲਸਾ ਰਾਜ ਬਾਰੇ ਵੀ ਭੁਲੇਖੇ ਪਾ ਰਹੀ ਹੈ।"

ਇਥੇ ਉਨਾਂ ਦਾ ਇਸ਼ਾਰਾ ਉਨਾਂ ਸਿਖ ਚਿੰਤਕਾਂ ਵੱਲ ਹੈ ਜਿਹੜੇ ਖਾਲਿਸਤਾਨ ਦੀ ਸਿਰਜਣਾ ਨੂੰ ਕੌਮੀ ਰਾਜ ਨਾਲੋਂ ਅਡ ਕਰ ਕੇ ਵੇਖਦੇ ਹਨ। ਜੇ ਸਪਸ਼ਟ ਰੂਪ ਵਿਚ ਗੱਲ ਕੀਤੀ ਜਾਵੇ ਤਾਂ ਉਨਾਂ ਦਾ ਇਸ਼ਾਰਾ ਉਨਾਂ ਸਿਖ ਚਿੰਤਕਾਂ ਵੱਲ ਹੈ ਜਿਹੜੇ ਸਿਖਾਂ ਨੂੰ ਇਕ 'ਕੌਮ' ਵਜੋਂ ਨਹੀਂ ਸਗੋਂ ਇਕ 'ਪੰਥ' ਵਜੋਂ ਮਾਨਤਾ ਦੇਂਦੇ ਹਨ। ਇਸ ਪਖੋਂ ਕਰਮਜੀਤ ਸਿੰਘ ਜੀ ਵੀ ਉਨਾਂ ਕੁਝ ਕੁ ਆਧੁਨਿਕ ਸਿਖ ਵਿਦਵਾਨਾਂ ਵਿਚ ਸ਼ਾਮਿਲ ਹਨ, ਜਿਹੜੇ 'ਕੌਮ' ਨੂੰ 'ਪੰਥ' ਨਾਲੋਂ ਵਡਾ ਸਮਝਦੇ ਹਨ ਤੇ ਜਿਹੜੇ ਹਾਲੇ ਤਕ ਵੀ ਇਸੇ ਕੱਟੜ ਪੱਛਮੀ ਸੋਚ ਦਾ ਸ਼ਿਕਾਰ ਹਨ, ਕਿ ਜਿੰਨਾ ਚਿਰ ਸਿਖ ਦੁਨੀਆਂ ਭਰ ਦੇ ਰਾਜਸੀ ਹਲਕਿਆਂ ਵਿਚ ਆਪਣੇ ਆਪ ਨੂੰ ਇਕ ਕੌਮ ਵਜੋਂ ਸਥਾਪਤ ਨਹੀਂ ਕਰਦੇ, ਓਨਾ ਚਿਰ ਉਹ 'ਪ੍ਰਭੂ ਸਤਾ ਸੰਪਨ ਖਾਲਿਸਤਾਨ' ਦੀ ਮੰਗ ਕਰਨ ਦੇ ਹਕਦਾਰ ਨਹੀਂ ਬਣ ਸਕਦੇ। ਜਦੋਂ ਕਿ ਉਨਾਂ ਦੀ ਆਪਣੀ ਇਸੇ ਲਿਖਤ ਵਿਚ ਹੀ ਇਹ ਦਰਜ ਹੈ, "ਜਦ ਕਿ ਸਿਖ ਰਾਜ ਦੀ ਰੂਪ ਰੇਖਾ ਦੇ ਗੰਭੀਰ ਸੰਕੇਤ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਾਕਾਇਦਾ ਮਿਲਦੇ ਹਨ।ਦਸਮੇਸ਼ ਪਿਤਾ ਜੀ ਨੇ ਤਾਂ ਰਾਜ ਕਰੇਗਾ ਖ਼ਾਲਸਾ ਦਾ ਸੰਕਲਪ ਖਾਲਸੇ ਦੇ ਮਨ ਮੰਦਰ ਵਿਚ ਉਕਰਿਆ ਹੋਇਆ ਹੈ। ਹਰ ਸਿਖ ਦੋਨੋਂ ਵੇਲੇ ਦੀ ਅਰਦਾਸ ਵਿਚ ਇਸ ਦਾ ਬੁਲੰਦ ਆਵਾਜ਼ ਨਾਲ ਅਲਾਪ ਕਰਦਾ ਹੈ।"

ਹੁਣ ਖਾਲਸਾ ਰਾਜ ਦੇ ਗੰਭੀਰ ਸੰਕੇਤ ਜੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ ਤੇ ਦਸਮੇਸ਼ ਪਿਤਾ ਨੇ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਖਾਲਸੇ ਦੇ ਮਨ ਮੰਦਰ ਵਿਚ ਉਕਰਿਆ ਹੋਇਆ ਹੈ ਅਤੇ ਹਰੇਕ ਸਿਖ ਦੋ ਵੇਲੇ ਦੀ ਅਰਦਾਸ ਵਿਚ ਇਸ ਦਾ ਬੁਲੰਦ ਆਵਾਜ ਨਾਲ ਅਲਾਪ ਕਰਦਾ ਹੈ, ਤਾਂ ਫਿਰ ਖਾਲਿਸਤਾਨ ਦੀ ਮੰਗ ਦਾ ਸੰਬੰਧ 'ਕੌਮੀ ਰਾਜ' ਨਾਲ ਕਿਵੇਂ ਆ ਜੁੜਦਾ ਹੈ?

ਕੌਮੀ ਰਾਜ ਦਾ ਸੰਕਲਪ ਤਾਂ ਗੁਰੂ ਸਾਹਿਬ ਤੋਂ ਤਿੰਨ ਸੌ ਸਾਲ ਬਾਅਦ ਪੱਛਮੀ ਯੂਰਪ ਵਿਚ ਪੈਦਾ ਹੋਏ 18ਵੀਂ ਸਦੀ ਦੇ ਪੂੰਜੀਵਾਦ ਦੀ ਦੇਣ ਹੈ। ਗੁਰੂ ਸਾਹਿਬ ਵਲੋਂ ਸਿਖਾਂ ਨੂੰ ਹਲੇਮੀ ਰਾਜ ਦੇ ਰੂਪ ਵਿਚ ਦਿਤੇ ਗਏ ਸੰਕਲਪ ਨੂੰ 'ਕੌਮੀ ਰਾਜ' ਦੀ ਮੰਗ ਨਾਲ ਜੋੜ ਕੇ ਅਜਿਹੇ ਸਿਖ ਵਿਦਵਾਨ ਖੁਦ ਹੀ ਅਜਿਹੀ ਕਸੂਤੀ ਵਿਚਾਰਧਾਰਕ ਹਾਲਤ ਵਿਚ ਘਿਰ ਜਾਂਦੇ ਹਨ, ਜਿਥੇ ਉਨਾਂ ਨੂੰ 'ਕੌਮੀ ਰਾਜਾਂ' ਵਲੋਂ ਆਪਣੇ ਲੋਕਾਂ ਉਤੇ ਢਾਹੇ ਗਏ ਜਬਰ ਨੂੰ ਬਦੋਬਦੀ ਜਾਇਜ ਠਹਿਰਾਉਣ ਦਾ ਜੋਖਮ ਉਠਾਉਣਾ ਪੈਂਦਾ ਹੈ। ਇਸ ਖੇਤਰ ਵਿਚ ਕੌਮੀ ਰਾਜ ਦੇ ਝੰਡੇ ਥਲੇ ਉਸਰੇ ਦੋ ਮੁਲਕ ਭਾਰਤ ਤੇ ਪਾਕਿਸਤਾਨ ਸਭ ਦੇ ਸਾਹਮਣੇ ਹਨ। ਇਹ ਕਿਸੇ ਨੂੰ ਦਸਣ ਦੀ ਲੋੜ ਨਹੀਂ ਕਿ 'ਧਰਮ ਨਿਰਪਖਤਾ' ਦੇ ਦਾਅਵੇ ਕਰਨ ਵਾਲਾ ਹਿੰਦੁਸਤਾਨ ਆਪਣੇ ਜਨਮ ਤੋਂ ਹੀ ਸਿਖਾਂ ਉੱਤੇ ਜੁਲਮ ਢਾਹੁਣ ਲਗ ਪਿਆ ਸੀ, ਜਿਸ ਦੀ ਇਕ ਠੋਸ ਮਿਸਾਲ ਆਪਣੇ ਵੇਲੇ ਸਿਖ ਆਗੂ ਮਾਸਟਰ ਤਾਰਾ ਸਿੰਘ ਦੀ 'ਆਜਾਦ' ਭਾਰਤ ਵਿਚ ਹੋਈ ਪਹਿਲੀ ਗ੍ਰਿਫਤਾਰੀ ਹੈ ਅਤੇ ਉਸ ਤੋਂ ਬਾਅਦ ਸਿਖਾਂ ਨਾਲ ਜੋ ਕੁਝ ਵਾਪਰਿਆ ਜਾਂ ਦਲਿਤਾਂ, ਮੁਸਲਮਾਨਾਂ, ਇਸਾਈਆਂ ਅਤੇ ਗਰੀਬ ਹਿੰਦੂਆਂ ਨਾਲ ਹੁਣ ਤਕ ਵਾਪਰਦਾ ਆ ਰਿਹਾ ਹੈ, ਉਹ ਕਿਸੇ ਨੂੰ ਦਸਣ ਦੀ ਲੋੜ ਨਹੀਂ। ਇਨਕਲਾਬੀ ਧਰਮ ਇਸਲਾਮ ਦੇ ਨਾਂ ਉਤੇ ਉਸਰੇ ਪਾਕਿਸਤਾਨ ਵਿਚ ਵੀ ਬਲੋਚੀਆਂ, ਸਿੰਧੀਆਂ ਅਤੇ ਗਰੀਬ ਮੁਸਲਮਾਨਾਂ ਨਾਲ ਇਹੀ ਕੁਝ ਵਾਪਰ ਰਿਹਾ ਹੈ। ਪੱਛਮੀ ਸਾਮਰਾਜੀ ਦੇਸਾਂ ਨੇ ਕੌਮੀ ਜਮਹੂਰੀ ਰਾਜ ਦੇ ਨਾਂ ਉੱਤੇ ਦੁਨੀਆਂ ਭਰ ਦੇ ਮਜਲੂਮ ਲੋਕਾਂ ਉਤੇ ਜਿਹੜੇ ਜਬਰ ਢਾਹੇ ਹਨ, ਉਹ ਇਤਿਹਾਸ ਦਾ ਇਕ ਅਟੁਟ ਹਿਸਾ ਹਨ।

ਦਰਅਸਲ ਜਿਸ ਵਿਸ਼ੇ ਉੱਤੇ ਕਰਮਜੀਤ ਸਿੰਘ ਜੀ ਬਾਅਦ ਵਿਚ ਗੱਲ ਕਰਨ ਬਾਰੇ ਕਹਿੰਦੇ ਹਨ, ਉਸ ਵਿਸ਼ੇ ਉਤੇ ਸਭ ਤੋਂ ਪਹਿਲਾਂ ਗੱਲ ਕਰਨ ਦੀ ਲੋੜ ਹੈ। ਉਨਾਂ ਦੇ ਆਪਣੇ ਕਥਨ ਅਨੁਸਾਰ ਜੇ ਖਾਲਸਾ ਰਾਜ ਜਾਂ ਖਾਲਿਸਤਾਨ ਦੇ ਗੰਭੀਰ ਸੰਕੇਤ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹਨ ਤਾਂ ਫਿਰ ਸਭ ਤੋਂ ਪਹਿਲਾਂ ਇਹ ਵੇਖਣ ਦੀ ਲੋੜ ਹੈ ਕਿ ਇਹ ਸੰਕੇਤ ਕੀ ਹਨ?

## ਖਾਲਸਾ ਰਾਜ ਦੀ ਦਾਰਸ਼ਨਿਕਤਾ

ਗੁਰੂ ਸਾਹਿਬ ਦਾ ਸਭ ਤੋਂ ਪਹਿਲਾ ਵੱਡਾ ਕਦਮ ਆਪਣੇ ਵੇਲੇ ਦੇ ਰਾਜ ਪ੍ਰਬੰਧ ਨੂੰ ਮੁਕੰਮਲ ਤੌਰ ਉਤੇ ਰੱਦ ਕਰਨਾ ਸੀ। ਗੁਰੂ ਸਾਹਿਬ ਨੇ ਸਦੀਆਂ ਤੋਂ ਚਲੇ ਆ ਰਹੇ ਇਸ ਬ੍ਰਾਹਮਣੀ ਭਰਮ ਨੂੰ ਤੋੜਿਆ ਕਿ ਰਾਜੇ ਪਰਮਾਤਮਾ ਦੇ ਬਣਾਏ ਹੋਏ ਹਨ ਜਾਂ ਇਹ ਪਿਛਲੇ ਜਨਮਾਂ ਦੇ ਕਰਮ ਕਰਕੇ ਬਣੇ ਹਨ। ਇਨਾਂ ਰਾਜਿਆਂ ਦੀ ਲੋਕ ਮਨਾਂ ਵਿਚ ਬਣੀ ਹਸਤੀ ਦੇ ਭਰਮ ਨੂੰ ਤੋੜਨ ਲਈ ਗੁਰੂ ਸਾਹਿਬ ਨੇ ਪ੍ਰਚੰਡ ਐਲਾਨ ਕੀਤਾ —

**ਕੋਊ ਹਰਿ ਸਮਾਨ ਨਹੀਂ ਰਾਜਾ ਏ ਭੂਪਤਿ ਸਭਿ ਦਿਵਸ ਚਾਰ ਕੈ ਝੂਠੇ ਕਰਤ ਦਿਵਾਜਾ॥**
**(ਪੰਨਾ 856)**

**ਹਰਿ ਜੀਉ ਕੀ ਹੈ ਸਭ ਸਿਰਕਾਰਾ॥**
**ਏਹੁ ਜਮੁ ਕਿਆ ਕਰੇ ਵਿਚਾਰਾ॥**
**ਹੁਕਮੀ ਬੰਦਾ ਹੁਕਮੁ ਕਮਾਵੈ**
**ਹੁਕਮੇ ਕਢਦਾ ਸਾਹਾ ਹੇ॥**
**(ਪੰਨਾ 1054)**

**ਅਤੇ**

**ਰਾਜਾ ਤਖ਼ਤ ਟਿਕੈ ਗੁਣੀ ਭੈ ਪੰਚਾਇਣ ਰਤੁ॥**
**(ਪੰਨਾ 992)**

**ਤਖ਼ਤ ਰਾਜਾ ਸੋ ਬਹੈ ਜਿ ਤਖ਼ਤੈ ਲਾਇਕ ਹੋਈ॥**
**ਜਿਨੀ ਸਚੁ ਪਛਾਣਿਆ ਸਚੁ ਰਾਜੇ ਸੋਈ॥**
**ਇਹ ਭੂਪਤਿ ਰਾਜੇ ਨਾ ਆਖੀਅਹਿ ਦੂਜੇ ਭਾਇ ਦੁਖੁ ਹੋਈ॥**
**(ਪੰਨਾ 1088)**

ਭਾਵ ਇਹ ਹਰਿ ਜੀਉ ਅਤਿ ਸੁੰਦਰ ਹੈ ਅਤੇ ਇਸ ਬਿਨਾਂ ਕਿਸੇ ਹੋਰ ਰਾਜੇ ਦੀ ਕੋਈ ਹੋਂਦ ਨਹੀਂ। ਇਥੇ ਸੁਆਲ ਪੈਦਾ ਹੁੰਦਾ ਹੈ ਕਿ ਇਹ ਹਰਿ ਜੀਉ ਕੌਣ ਹੈ? ਇਸ ਦੀ ਵਿਆਖਿਆ ਗੁਰੂ ਅਮਰ ਦਾਸ ਜੀ ਨੇ ਕੀਤੀ ਹੈ। ਉਨਾਂ ਦੇ ਬਚਨ ਹਨ — ਆਪਣੇ ਆਲੇ ਦੁਆਲੇ ਚਾਰ ਚੁਫੇਰੇ ਫੈਲਿਆ ਇਹ ਸੰਸਾਰ ਜੋ ਤੂੰ ਵੇਖ ਰਿਹਾ ਹੈ, ਇਹੀ ਹਰਿ ਜੀਉ ਦਾ ਪ੍ਰਗਟ ਰੂਪ ਹੈ। ਇਸ ਦੇ ਬਰਾਬਰ ਕਿਸੇ ਹੋਰ ਰਾਜੇ ਦੀ ਕੋਈ ਹੋਂਦ ਨਹੀਂ। ਇਹ ਜਿਹੜੇ ਆਪਣੇ ਆਪ ਨੂੰ ਭੂਮੀ ਦੇ ਮਾਲਕ ਅਖਵਾਉਂਦੇ ਹਨ ਅਤੇ ਧਰਤੀ ਉਤੇ ਰਾਜ ਕਰਨ ਦਾ ਦਾਅਵਾ ਕਰਦੇ ਹਨ, ਇਹ ਖੁਦ ਆਪ ਚਾਰ ਦਿਨਾਂ ਦੇ ਪ੍ਰਾਹੁਣੇ ਹਨ। ਇਨਾਂ ਦੇ ਕੀਤੇ ਸਾਰੇ ਕਾਰਜ ਝੂਠੇ ਹਨ। ਗੁਰੂ ਸਾਹਿਬ ਦੇ ਬਚਨ ਹਨ ਕਿ ਇਹ ਰਾਜੇ ਸ਼ੀਹ ਅਤੇ ਇਨਾਂ ਦੇ ਸਾਰੇ ਅਹਿਲਕਾਰ ਕੁਤੇ ਹਨ, ਜਿਹੜੇ ਇਸ ਧਰਤੀ ਉਤੇ ਵਸਦੇ ਮਜਲੂਮ ਲੋਕਾਂ ਦਾ ਖੂਨ ਚੂਸ ਰਹੇ ਹਨ। ਗੁਰੂ ਸਾਹਿਬ ਇਕ ਵਾਰ ਫਿਰ ਸਪਸ਼ਟ ਕਰਦੇ ਹਨ ਕਿ ਇਹ ਸਾਰੀ ਸਰਕਾਰ ਹਰਿ ਜੀਉ ਦੀ ਹੈ। ਹਰੇਕ ਥਾਂ ਹਰਿ ਜੀਉ ਦਾ ਹੁਕਮ ਚਲਦਾ ਹੈ। ਕਹੇ ਜਾਂਦੇ ਵਿਚਾਰੇ ਜਮ ਦੀ ਕੀ ਔਕਾਤ ਹੈ ਕਿ ਉਹ ਹਰਿ ਜੀਉ ਦੇ ਹੁਕਮੁ (ਕੁਦਰਤੀ ਨੇਮਾਂ) ਵਿਚ ਕੋਈ ਦਖਲ ਅੰਦਾਜੀ ਕਰ ਸਕੇ। ਹੁਕਮ ਵਿਚ ਜੰਮਿਆ ਬੰਦਾ ਹੁਕਮੁ ਅਨੁਸਾਰ ਹੀ ਸਾਰੀ ਜਿੰਦਗੀ ਬਸਰ ਕਰਦਾ ਹੈ ਅਤੇ ਇਥੋਂ ਤਕ ਕਿ ਉਹ ਆਪਣਾ ਹਰੇਕ ਸਾਹ ਵੀ ਇਨਾਂ ਨੇਮਾਂ ਅਨੁਸਾਰ ਹੀ ਲੈਂਦਾ ਹੈ। ਸਭ ਤੋਂ ਵਡਾ ਰਾਜਾ ਅਕਾਲ ਪੁਰਖ ਆਪ ਹੈ, ਜਿਹੜਾ ਸਾਰੀ ਕਾਇਨਾਤ ਦਾ ਮਾਲਕ ਹੈ। ਗੁਰੂ ਸਾਹਿਬ ਨੇ ਪੁਰਾਣੇ ਰਾਜਪ੍ਰਬੰਧ ਨੂੰ ਸਿਰਫ ਨਿੰਦਿਆ ਹੀ ਨਹੀਂ ਸਗੋਂ ਉਸ ਦੀ ਥਾਂ ਬਦਲਵੇਂ ਰਾਜਪ੍ਰਬੰਧ ਦੀ ਵਿਆਖਿਆ ਵੀ ਕੀਤੀ ਹੈ। ਉਨਾਂ ਨੇ ਬੁਲੰਦ ਐਲਾਨ ਕੀਤਾ ਕਿ ਤਖ਼ਤ ਦੇ ਯੋਗ ਸਿਰਫ ਓਹੀ ਰਾਜਾ ਹੈ ਜਿਹੜਾ ਗੁਣੀ ਹੈ ਤੇ ਜਿਹੜਾ ਸਾਰਿਆਂ ਨਾਲ ਇਨਸਾਫ ਕਰਦਾ ਹੈ।

**ਕੁਦਰਤਿ ਤਖਤੁ ਰਚਾਇਆ ਸਚਿ ਨਬੇੜਣਹਾਰੋ॥**
**(ਪੰਨਾ 580)**

ਗੁਰੂ ਅੰਗਦ ਦੇਵ ਜੀ ਨੇ ਵਿਦਿਆ ਦਾ ਪਸਾਰ ਕਰ ਕੇ ਅਤੇ ਲੰਗਰ ਦੀ ਪ੍ਰੰਪਰਾ ਨੂੰ ਅਗੇ ਵਧਾ ਕੇ, ਗੁਰੂ ਅਮਰਦਾਸ ਜੀ ਨੇ ਸੰਗਤ ਤੇ ਪੰਗਤ ਦੀ ਪ੍ਰੰਪਰਾ ਦੀ ਸ਼ੁਰੂਆਤ ਕਰ ਕੇ, ਗੁਰੂ ਰਾਮਦਾਸ ਜੀ ਨੇ ਇਸ ਸੰਗਤ ਨੂੰ ਸਥਾਈ ਰੂਪ ਦੇਣ ਲਈ ਅੰਮ੍ਰਿਤਸਰ ਵਸਾ ਕੇ, ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਅਤੇ ਗੁਰੂ ਹਰਿਗੋਬਿੰਦ ਜੀ ਨੇ ਇਸ ਸੰਗਤੀ ਪਰੰਪਰਾ ਨੂੰ ਹਥਿਆਰਬੰਦ ਕਰਕੇ ਛੋਟੀਆਂ-ਛੋਟੀਆਂ ਝੜਪਾਂ ਦੇ ਰੂਪ ਵਿਚ ਵੇਲੇ ਦੀ ਸਥਾਪਤੀ ਨਾਲ ਟਕਰਾਅ ਦੀ ਸ਼ੁਰੂਆਤ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਫਿਲਾਸਫੀ ਨੂੰ ਅਮਲ ਵਿਚ ਢਾਲਣ ਲਈ ਖਾਲਸਾ ਪੰਥ ਦੀ ਸਿਰਜਣਾ ਕੀਤੀ। ਜਿਸ ਨੇ ਲਗਪਗ ਡੇਢ ਦਹਾਕੇ ਦੀ ਹਥਿਆਰਬੰਦ ਜਦੋਜਹਿਦ ਤੋਂ ਬਾਅਦ ਪਹਿਲੀ ਵਾਰ ਇਸ ਖਿਤੇ ਵਿਚ ਖਾਲਸਾ ਰਾਜ ਭਾਵ ਸਿਖ ਪਾਤਸ਼ਾਹੀ ਦੀ ਸਥਾਪਨਾ ਕੀਤੀ। ਇਹ ਸਿਖ ਪਾਤਸ਼ਾਹੀ ਕਾਇਮ ਕਿਉਂ ਨਾ ਰਹਿ ਸਕੀ, ਇਸ ਦੇ ਕਾਰਨ ਲਭਣ ਦੀ ਲੋੜ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿਖ ਪਾਤਸ਼ਾਹੀ, ਬੇਗਮਪੁਰਾ, ਹਲੇਮੀ ਰਾਜ, ਰਾਜ ਕਰੇਗਾ ਖਾਲਸਾ, ਇਕ ਅਸਲੋਂ ਜਮਹੂਰੀ ਗਣਰਾਜ ਦੇ ਮੌਲਿਕ ਸੰਕਲਪ ਹਨ, ਜਿਨਾਂ ਨੂੰ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪਹਿਲੀ ਵਾਰੀ ਪੰਜਾਬ ਅੰਦਰ ਅਮਲ ਵਿਚ ਢਾਲਣ ਦੇ ਯਤਨ ਕੀਤੇ ਗਏ। ਬੇਸ਼ਕ ਹੋਈ ਇਸ ਪ੍ਰਾਪਤੀ ਨੂੰ ਸਮੂਹ ਲੋਕਾਂ ਵਿਚ ਵੰਡਣ ਦੀ ਥਾਂ (ਅਜੋਕੇ ਬਾਦਲਕਿਆਂ ਵਰਗੇ) ਸਿਖਾਂ ਦੀ ਇਕ ਧਿਰ ਦੀ ਸੋਚ ਵਿਚ ਮਾਲਕੀ ਦਾ ਜਜ਼ਬਾ ਪੈਦਾ ਹੋ ਗਿਆ ਅਤੇ ਉਹ ਹੰਨੇ-ਹੰਨੇ ਮੀਰੀ ਦੇ ਜਮਹੂਰੀ ਸਮਾਜੀ ਪ੍ਰਬੰਧ ਨੂੰ ਸਥਾਪਤ ਕਰਨ ਦੀ ਥਾਂ ਬਾਦਸ਼ਾਹੀ ਦੀਆਂ ਜਗੀਰਾਂ ਲੈਣ ਵੱਲ ਰੁਚਿਤ ਹੋ ਗਈ। ਇਨਾਂ ਦੋ ਧਾਰਾਵਾਂ ਕਾਰਨ ਸਿਖ ਪੰਥ ਵਿਚ ਫੁਟ ਪੈ ਗਈ ਅਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਰਾਜ ਖਤਮ ਹੋ ਗਿਆ। ਉਸ ਤੋਂ ਬਾਅਦ ਭਾਵੇਂ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋਇਆ ਪਰ ਇਹ ਰਾਜ ਅਕਾਲ ਪੁਰਖੀ ਅਸੂਲਾਂ ਅਨੁਸਾਰੀ ਨਾ ਰਿਹਾ, ਜਿਸ ਕਰਕੇ ਇਸ ਦਾ ਪਤਨ ਹੋ ਗਿਆ ਅਤੇ ਸਿਖ ਇਕ ਵਾਰ ਫਿਰ 1849 ਵਿਚ ਅੰਗਰੇਜ਼ ਸਾਮਰਾਜ ਦੇ ਗੁਲਾਮ ਹੋ ਗਏ। ਸਿਖਾਂ ਦੀ ਇਹ ਗੁਲਾਮੀ ਅਤੇ ਪਾਤਸ਼ਾਹੀ ਪਖੀ ਤੇ ਬਾਦਸ਼ਾਹੀ ਪਖੀ ਧਿਰਾਂ ਵਿਚਕਾਰ ਪਈ ਇਹ ਵੰਡ ਹੁਣ ਤੱਕ ਤੁਰੀ ਆਉਂਦੀ ਹੈ। ਸਿਖਾਂ ਦੀ ਇਸੇ ਗੁਲਾਮੀ ਨੂੰ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਨੇ ਅਨੁਭਵ ਕੀਤਾ ਅਤੇ ਉਨਾਂ ਨੇ ਇਸ ਗੁਲਾਮੀ ਨੂੰ ਚੁਣੌਤੀ ਦਿਤੀ। ਸੰਤ ਭਿੰਡਰਾਂਵਾਲੇ ਵਲੋਂ ਦਿਤੀ ਗਈ ਇਸ ਚੁਣੌਤੀ ਕਾਰਨ ਹੀ ਅੱਜ ਸਿਖ ਪੰਥ ਖਾਲਿਸਤਾਨ, ਹਲੇਮੀ ਰਾਜ, ਬੇਗ਼ਮਪੁਰਾ ਦੇ ਜਮਹੂਰੀ ਸੰਕਲਪਾਂ ਦੀ ਵਿਆਖਿਆ ਕਰ ਰਿਹਾ ਹੈ।

20ਵੀਂ ਸਦੀ ਦੇ ਇਕ ਇਨਕਲਾਬੀ ਚਿੰਤਕ ਬਾਬਾ ਸਾਹਿਬ ਡਾ. ਅੰਬੇਡਕਰ ਦਾ ਕਥਨ ਹੈ, "ਲੋਕ ਰਾਜ ਜਾਂ ਜਮਹੂਰੀਅਤ ਦੀ ਇਹ ਕਹਿ ਕੇ ਹਮਾਇਤ ਕਰਨਾ ਕਿ ਅਸੀਂ ਸਾਰੇ ਇਕ ਪਰਮਾਤਮਾ ਦੇ ਪੁੱਤਰ ਹਾਂ, ਉਸ ਦਾ ਬਹੁਤ ਹੀ ਤੁੱਛ ਆਧਾਰ ਹੈ। ਜਦ ਉਸਦਾ ਇਹ ਆਧਾਰ ਮੰਨਿਆ ਜਾਂਦਾ ਹੈ, ਤਾਹੀਓਂ ਤਾਂ ਇਹ ਇੰਝ ਖਸਤਾ ਹਾਲ ਹੈ। ਇਸ ਗਲ ਨੂੰ ਮੰਨਣਾ ਅਤੇ ਮਹਿਸੂਸ ਕਰਨਾ ਕਿ ਤੁਸੀਂ ਅਤੇ ਅਸੀਂ ਸਾਰੇ ਇਕੋ ਬ੍ਰਹਮ (ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ॥ ਪੰਨਾ 695) ਦਾ ਅੰਸ਼ ਹਾਂ, ਜਮਹੂਰੀਅਤ ਤੋਂ ਸਿਵਾਏ ਜੀਵਨ ਦੇ ਕਿਸੇ ਹੋਰ ਸਿਧਾਂਤ ਨੂੰ ਸਵੀਕਾਰਨ ਦੀ ਕੋਈ ਗੁਜਾਇੰਸ਼ ਹੀ ਨਹੀਂ ਛਡਦਾ। ਇਹ ਸਿਧਾਂਤ ਨਾ ਸਿਰਫ ਜਮਹੂਰੀਅਤ ਦਾ ਪ੍ਰਚਾਰ ਕਰਦਾ ਹੈ ਸਗੋਂ ਇਹ ਸਾਰਿਆਂ ਨੂੰ ਇਸ ਵਾਸਤੇ ਵਚਨਬਧ ਕਰਦਾ ਹੈ। ਪੱਛਮੀ ਜਮਹੂਰੀਅਤ ਦੇ ਖੋਜੀਆਂ ਨੇ ਇਹ ਵਿਸ਼ਵਾਸ ਫੈਲਾਅ ਦਿਤਾ ਹੈ ਕਿ ਜਮਹੂਰੀਅਤ ਦਾ ਸੰਕਲਪ ਇਸਾਈਅਤ ਜਾਂ ਪਲੈਟੋ ਦੇ ਕਥਨਾਂ ਵਿਚੋਂ ਨਿਕਲਿਆ ਹੈ। ਉਨਾਂ ਤੋਂ ਇਲਾਵਾ ਜਮਹੂਰੀਅਤ ਦੀ ਪ੍ਰੇਰਨਾ ਵਾਸਤੇ ਹੋਰ ਕੋਈ ਵੀ ਸਰੋਤ ਨਹੀਂ ਹੈ। ਜੇਕਰ ਉਨਾਂ ਨੂੰ ਇਹ ਜਾਣਕਾਰੀ ਹੁੰਦੀ ਕਿ ਭਾਰਤ ਵਿਚ 'ਬ੍ਰਹਮ' ਦੇ ਸਿਧਾਂਤ ਨੂੰ ਪ੍ਰਗਟ ਕੀਤਾ ਗਿਆ ਹੈ, ਜੋ ਜਮਹੂਰੀਅਤ ਦਾ ਬੇਹਤਰ ਆਧਾਰ ਬਣਦਾ ਹੈ ਤਾਂ ਉਹ ਇਸ ਤਰਾਂ ਦੇ ਕਟੜਪੰਥੀ ਨਾ ਬਣਦੇ। ਇਹ ਗਲ ਲਾਜ਼ਮੀ ਮੰਨੀ ਜਾਣੀ ਚਾਹੀਦੀ ਹੈ ਕਿ ਭਾਰਤ ਨੇ ਜਮਹੂਰੀਅਤ ਦੇ ਸਿਧਾਂਤ ਦੀ ਸਿਰਜਣਾ ਵਿਚ ਆਪਣਾ ਹਿਸਾ ਪਾਇਆ ਹੈ।" (ਡਾ. ਅੰਬੇਡਕਰ ਬ੍ਰਹਮ ਅਤੇ ਬ੍ਰਾਹਮਣਵਾਦ)

ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਦੇ ਗੁਰੂ ਸਾਹਿਬ ਵਲੋਂ ਨਿਸਚਿਤ ਕੀਤੇ ਗਏ ਅਸੂਲ ਇਸ ਬ੍ਰਹਿਮੰਡੀ ਜਮਹੂਰੀਅਤ ਦਾ ਮੁਖ ਅਧਾਰ ਹਨ। ਇਨਾਂ ਆਧਾਰਾਂ ਨੂੰ ਅਜੋਕੀ ਹਾਲਤ ਵਿਚ ਕਿਵੇਂ ਸਪਸ਼ਟ ਕਰਨਾ ਹੈ ਅਤੇ ਇਨਾਂ ਦਾ ਅਮਲੀ ਰੂਪ ਕੀ ਹੋਵੇ, ਇਹੀ ਅਜੋਕੇ ਸਿਖ ਚਿੰਤਕਾਂ ਦੀ ਬਹਿਸ ਦਾ ਆਧਾਰ ਬਣਨਾ ਚਾਹੀਦਾ ਹੈ। ਅਜਿਹੀ ਬਹਿਸ ਹੀ ਅਜੋਕੇ ਸਿਖ ਪੰਥ ਦੀ ਰਾਜਨੀਤਕ ਦਿਸ਼ਾ ਦਾ ਫੈਸਲਾ ਕਰੇਗੀ।

ਅਜੋਕਾ ਰਾਜ ਪ੍ਰਬੰਧ ਬਨਾਮ ਵਹਿਸ਼ੀਪੁਣਾ

ਅੱਜ ਗੁਰੂ ਸਾਹਿਬ ਦੇ ਵੇਲੇ ਤੋਂ ਚਲਿਆ ਆ ਰਿਹਾ ਰਜਵਾੜਸ਼ਾਹੀ ਰਾਜਪ੍ਰਬੰਧ ਦਾ ਰੂਪ ਬਦਲ ਗਿਆ ਹੈ। ਅੱਜ ਕਾਰਪੋਰੇਟ ਅਤੇ ਅਜਾਰੇਦਾਰਾਂ ਨੇ ਨਵੇਂ ਰਾਜਿਆਂ ਦਾ ਰੂਪ ਧਾਰਨ ਕਰ ਲਿਆ ਹੈ। ਜਿਹੜੇ ਸਮੁਚੀ ਮਨੁੱਖਤਾ ਨੂੰ ਲੁਟ ਕੇ ਤੇ ਕੁਦਰਤੀ ਸਾਧਨਾਂ ਉਤੇ ਕਾਬਜ ਹੋ ਕੇ ਨਵੀਂ ਕਿਸਮ ਦਾ ਵਹਿਸ਼ੀ ਲੁਟੇਰਾ ਰਾਜਪ੍ਰਬੰਧ ਚਲਾ ਰਹੇ ਹਨ। ਇਨਾਂ ਵਹਿਸ਼ੀ ਧਨਾਢਾਂ ਦੀ ਮੁਨਾਫੇ ਦੀ ਹਵਸ ਨੇ ਅੱਜ ਕੁਦਰਤੀ ਚੌਗਿਰਦੇ ਨੂੰ ਤਬਾਹ ਦਿਤਾ ਹੈ। ਜਿਸ ਦਾ ਸਿਟਾ ਇਹ ਕਰੋਨਾ ਵਰਗੀਆਂ ਮਹਾਂਮਾਰੀਆਂ ਹਨ। ਪਿਛਲੇ ਡੇਢ ਸੌ ਸਾਲ ਦੇ ਸਾਮਰਾਜੀ ਕੌਮੀ ਰਾਜਾਂ ਤੇ ਆਲਮੀ ਖੱਬੇ ਪੱਖੀ ਲਹਿਰ ਦੇ ਟਕਰਾਅ ਵਿਚੋਂ ਨਵੀਂ ਰਾਜਨੀਤਕ ਸ਼ਬਦਾਵਲੀ ਵਿਕਸਿਤ ਹੋਈ ਹੈ, ਜਿਸ ਦੀ ਵਰਤੋਂ ਅਜੋਕੇ ਰਾਜਪ੍ਰਬੰਧ ਤੇ ਅਰਥਚਾਰੇ ਨੂੰ ਸਮਝਣ ਲਈ ਬਹੁਤ ਜ਼ਰੂਰੀ ਹੈ। ਰਜਵਾੜਸ਼ਾਹੀ ਦੌਰ ਦੇ ਅਹਿਲਕਾਰਾਂ ਦੀ ਥਾਂ ਹੁਣ ਹਰੇਕ ਤਰਾਂ ਦੀ ਅਫਸਰਸ਼ਾਹੀ ਨੇ ਲੈ ਲਈ ਹੈ, ਜਿਹੜੀ ਹੁਣ ਰਾਜਪ੍ਰਬੰਧ ਉਤੇ ਪਹਿਲਾ ਨਾਲੋਂ ਵੀ ਵਧੇਰੇ ਭਾਰੂ ਹੈ।

ਸਾਡੇ ਸੋਚਣ ਵਾਲੀ ਗਲ ਇਹ ਹੈ ਕਿ ਕੀ ਬੰਦੇ ਨੂੰ ਸਾਮਰਾਜੀ ਮਸ਼ੀਨ ਦਾ ਮਹਿਜ ਇਕ ਪੁਰਜਾ ਬਣਾ ਦੇਣ ਵਾਲਾ ਮੌਜੂਦਾ ਤਕਨੀਕ ਪ੍ਰਧਾਨ ਰਾਜਪ੍ਰਬੰਧ ਸਿਖ ਅਸੂਲਾਂ ਦੇ ਅਨੁਸਾਰੀ ਹੈ? ਇਸਦਾ ਜੁਆਬ ਸਿਰਦਾਰ ਕਪੂਰ ਸਿੰਘ ਨੇ ਦਿਤਾ ਹੈ। ਉਨਾਂ ਦਾ ਕਥਨ ਹੈ, "ਖਾਲਸਾ ਕਦੇ ਵੀ ਕਿਸੇ ਦੀ ਸੂਰਤ ਵਿਚ ਇਸ ਧਾਰਨਾ ਨੂੰ ਪ੍ਰਵਾਨ ਨਹੀਂ ਕਰੇਗਾ ਕਿ ਆਪਣੇ ਤੌਰ ਤਰੀਕਿਆਂ ਅਤੇ ਕਦਰਾਂ-ਕੀਮਤਾਂ ਸਮੇਤ ਤਕਨੀਕ ਇਕ ਭਰਵਾਂ ਸਭਿਆਚਾਰ ਹੈ ਜਾਂ ਸਨਅਤੀ ਪੈਦਾਵਾਰ ਅਤੇ ਆਰਥਿਕ ਟੀਚੇ ਹੀ ਜ਼ਿੰਦਗੀ ਦੇ ਸਾਰੇ ਮਨੁਖੀ ਸਰੋਕਾਰਾਂ ਨੂੰ ਸੰਤੁਸ਼ਟ ਕਰ ਸਕਦੇ ਹਨ ਅਤੇ ਮਨੁਖ ਦੇ ਸਭ ਤੋਂ ਉਤਮ ਸਰੋਕਾਰ ਧਰਮ ਦੀ ਥਾਂ ਲੈ ਸਕਦੇ ਹਨ। ਖਾਲਸਾ ਪੰਥ ਸਭਨਾਂ ਲਈ ਆਜ਼ਾਦੀ, ਸਹਿਣਸ਼ੀਲਤਾ, ਅਨੇਕਤਾਮੁਖੀ ਸਮਾਜਾਂ ਦੀ ਸਥਾਪਨਾ, ਸ਼ਾਂਤੀ ਅਤੇ ਆਪਸੀ ਭਾਈਚਾਰੇ ਦੇ ਝੰਡੇ ਨੂੰ ਹਮੇਸ਼ਾ ਬੁਲੰਦ ਰਖੇਗਾ ਤਾਂ ਕਿ ਸਮੁਚੀ ਮਨੁੱਖਤਾ, ਨਾ ਕਿ ਕੁਝ ਕੁ ਗਿਣਤੀ ਦੇ ਮਨੁੱਖ ਵਿਕਾਸ ਦੇ ਰਾਹ ਉਤੇ ਅਗੇ ਵਧਣ ਤੇ ਖੁਸ਼ਹਾਲ ਹੋਣ।"

ਮਨੁੱਖ ਨੂੰ ਮਹਿਜ ਖਾਣ-ਪੀਣ ਅਤੇ ਲਿੰਗ ਤ੍ਰਿਪਤੀ ਤਕ ਸੀਮਤ ਇਕ ਪਸੂ ਵਜੋਂ ਮਸ਼ੀਨ ਸਮਝਣ ਵਾਲੇ ਇਸ ਤਕਨੀਕੀ ਅਤੇ ਖਪਤਕਾਰੀ ਸਭਿਆਚਾਰ ਦਾ ਸਭ ਤੋਂ ਵੱਡਾ ਮੁਦਈ ਅੱਜਕਲ ਅਮਰੀਕਾ ਬਣਿਆ ਹੋਇਆ ਹੈ। ਅੰਗਰੇਜ਼ ਸਾਮਰਾਜ ਤੇ ਪੱਛਮੀ ਦੇਸਾਂ ਦੇ ਗੁਟ ਦਾ ਆਗੂ ਬਣ ਕੇ ਅਮਰੀਕਾ ਸਾਰੀ ਦੁਨੀਆਂ ਵਿਚ ਇਹ ਵਹਿਸ਼ੀ ਸਭਿਆਚਾਰ ਫੈਲਾਅ ਰਿਹਾ ਹੈ। ਅਸਲ ਵਿਚ ਮਨੁੱਖੀ ਜਜ਼ਬਿਆਂ ਨੂੰ ਅਣਗੌਲਿਆ ਕਰਕੇ ਤਕਨੀਕ ਉਤੇ ਲੋੜੋਂ ਵਧੇਰੇ ਭਰੋਸਾ ਕਰਨਾ ਅਤੇ 'ਖਪਤਕਾਰੀ ਦਾ ਅਮਰੀਕੀ ਝਲਪੁਣਾ' ਸਾਮਰਾਜੀ ਵਹਿਸ਼ੀ ਸਭਿਆਚਾਰ ਦੇ ਮੁਖ ਲਛਣ ਹਨ। ਇਸ ਸਭਿਆਚਾਰ ਨੇ ਅੱਜ ਦੁਨੀਆ ਭਰ ਵਿਚ ਆਪਣਾ ਮੱਕੜਜਾਲ ਫੈਲਾਅ ਲਿਆ ਹੈ ਅਤੇ ਮਧਵਰਗੀ ਅਤੇ ਧਨਾਢ ਸਿਖਾਂ ਦੇ ਵਡੇ ਹਿਸੇ ਸਮੇਤ, ਪੰਜਾਬ ਦੇ ਲੋਕਾਂ ਦੀ ਇਕ ਵਡੀ ਗਿਣਤੀ ਇਸ ਸਭਿਆਚਾਰ ਦੀ ਲਪੇਟ ਵਿਚ ਆ ਚੁਕੀ ਹੈ।

ਬਾਕੀ ਸਫ਼ਾ 31 'ਤੇ

# ਸੂਰਜ ਦਾ ਰੱਥ

**- ਸਰਬਜੀਤ ਸਿੰਘ ਸੈਕਰਾਮੈਂਟੋ**

ਧਰਤੀ ਦੇ ਸੂਰਜ ਦੁਆਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਧਰਤੀ ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਸਾਲ ਵਿਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ ਉਸੇ ਵੇਲੇ ਦੱਖਣੀ ਅਰਧ ਗੋਲੇ ਵਿਚ ਰਾਤ ਵੱਡੀ ਤੋਂ ਵੱਡੀ ਅਤੇ ਦਿਨ ਛੋਟੇ ਤੋਂ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉਤਰੀ ਅਰਧ ਗੋਲੇ ਵਿੱਚ ਦਿਨ ਛੋਟੇ ਤੋਂ ਛੋਟਾ ਅਤੇ ਰਾਤ ਵੱਡੀ ਤੋਂ ਵੱਡੀ ਹੁੰਦੀ ਹੈ ਉਸ ਵੇਲੇ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਅਤੇ ਰਾਤ ਛੋਟੀ ਤੋਂ ਛੋਟੀ ਹੁੰਦੀ ਹੈ। ਭਾਵੇਂ ਸਾਨੂੰ ਇਹ ਪੜਾਇਆ ਗਿਆ ਹੈ ਕਿ ਸੂਰਜ ਪੂਰਬ ਤੋਂ ਨਿਕਲਦਾ ਹੈ ਅਤੇ ਪੱਛਮ ਵਿੱਚ ਛਿਪ ਜਾਂਦਾ ਹੈ। ਪਰ ਅਜੇਹਾ ਸਾਲ ਵਿੱਚ ਦੋ ਕੁ ਦਿਨ ਹੀ ਹੁੰਦਾ ਹੈ ਜਦੋਂ ਸੂਰਜ ਪੂਰਬ ਭਾਵ 90° ਤੋਂ ਨਿਕਲਦਾ ਹੈ। ਉਸ ਤੋਂ ਅਗਲੇ ਦਿਨ ਇਹ 89° ਜਾਂ 91° ਤੋਂ ਉਦੇ ਹੁੰਦਾ ਹੈ। ਸੂਰਜ ਦੇ ਉਦੇ ਹੋਣ ਦੀ ਦਿਸ਼ਾ ਪੂਰਬ ਤੋਂ (90°) ਉੱਤਰ ਵੱਲ ਨੂੰ ਲੱਗਭੱਗ 28° ਅਤੇ ਦੱਖਣ ਵੱਲ ਨੂੰ 28° ਤੱਕ ਹੁੰਦੀ ਹੈ। ਇਸ ਨੂੰ ਇਸ ਤਰਾਂ ਵੀ ਸਮਝਿਆ ਜਾ ਸਕਦਾ ਹੈ ਕਿ ਅੰਮ੍ਰਿਤਸਰ ਵਿਖੇ ਸੂਰਜ ਲੱਗਭੱਗ 62.15° ਤੋਂ 117.32° ਦੇ ਦਰਮਿਆਨ ਚੜਦਾ ਹੈ। ਇਸ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ।

**ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ**
**(ਪੰਨਾ 1108)**

ਕਦੇ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜੀ ਹੈ। ਸੂਰਜ ਇਸ ਦੀ ਪ੍ਰਕਰਮਾ ਕਰਦਾ ਹੈ। ਕੋਪਰਨੀਕਸ (1473-1534) ਅਤੇ ਕੈਪਲਰ (1571-1630) ਨੇ ਗਣਿਤ ਰਾਹੀ ਇਹ ਸਾਬਿਤ ਕੀਤਾ ਕਿ ਧਰਤੀ ਘੁੰਮ ਰਹੀ ਹੈ। ਗੈਲੀਲੀਓ (1564-1642) ਨੇ ਪ੍ਰਯੋਗ ਰਾਹੀ ਸਾਬਿਤ ਕੀਤਾ ਸੀ ਕਿ ਗ੍ਰਹਿ ਚਾਲ ਦਾ ਕੇਂਦਰ ਧਰਤੀ ਨਹੀਂ ਸਗੋਂ ਸੂਰਜ ਹੈ। ਧਰਤੀ ਸਮੇਤ ਸਾਰੇ ਗ੍ਰਹਿ ਸੂਰਜ ਦੁਆਲੇ, ਇਕ ਖਾਸ ਰਫਤਾਰ ਅਤੇ ਇਕ ਖਾਸ ਦੂਰੀ ਤੇ ਰਹਿ ਕੇ ਚੱਕਰ ਲਾਉਂਦੇ ਹਨ। ਉਸ ਵੇਲੇ ਦੇ ਧਾਰਮਿਕ ਆਗੂਆਂ ਨੇ ਗੈਲੀਲੀਓ ਨਾਲ ਕਿਵੇਂ ਸਿੱਝਿਆ, ਉਹ ਇਤਿਹਾਸ ਦਾ ਅੰਗ ਬਣ ਚੁੱਕਾ ਹੈ। ਅਖੀਰ ਜਦੋਂ ਉਨਾਂ ਦੇ ਧਾਰਮਿਕ ਆਗੂਆਂ ਨੂੰ, ਕਰਤੇ ਦੇ ਨਿਯਮ ਦੀ ਸਮਝ ਆਈ ਤਾਂ ਉਨਾਂ ਨੂੰ ਆਪਣੇ ਪੂਰਵਜਾਂ ਵੱਲੋਂ ਕੀਤੀ ਗਈ ਗਲਤੀ ਦਾ ਅਹਿਸਾਸ ਹੋਇਆ ਕਿ ਗੈਲੀਲੀਓ ਨਾਲ ਜ਼ਿਆਦਤੀ ਹੋਈ ਸੀ। ਉਨਾਂ ਨੇ ਸਾਢੇ ਤਿੰਨ ਸਦੀਆਂ ਪਿਛੋਂ, 1992 ਈ: ਵਿੱਚ ਪਿਛਲਾ ਫੈਸਲਾ ਖ਼ਾਰਜ ਕਰ ਦਿੱਤਾ। ਪੋਪ ਜੌਹਨਪਾਲ (ਦੂਜਾ) ਨੇ ਗੈਲੀਲੀਓ ਤੋਂ ਮਾਫ਼ੀ ਮੰਗਦਿਆਂ ਕਿਹਾ ਕਿ ਤੂਸੀ ਸਹੀ ਸੀ, ਅਸੀਂ ਸਾਰੇ ਹੀ ਗਲਤ ਸੀ। ਅੱਜ ਇਹ ਘੋੜੇ ਚੜੀ ਸਚਾਈ ਹੈ ਕਿ ਧਰਤੀ ਗੋਲ ਹੈ। ਧਰਤੀ ਆਪਣੇ ਧੁਰੇ ਦੁਆਲੇ ਲੱਗ ਭੱਗ 1037 ਮੀਲ ਪ੍ਰਤੀ ਘੰਟਾ (ਭੂ ਮੱਧ ਰੇਖਾਂ ਉੱਪਰ) ਦੀ ਰਫਤਾਰ ਨਾਲ ਘੁੰਮਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਅਤੇ ਰਾਤ ਬਣਦੇ ਹਨ। ਧਰਤੀ ਦਾ ਜਿਹੜਾ ਪਾਸਾ ਸੂਰਜ ਦੇ ਸਾਹਮਣੇ ਆ ਜਾਂਦਾ ਹੈ ਉਥੇ ਸੂਰਜ ਦੀ ਰੋਸ਼ਨੀ ਪੈਣ ਕਾਰਨ ਦਿਨ ਹੁੰਦਾ ਅਤੇ ਦੂਜੇ ਪਾਸੇ ਹਨੇਰਾ ਹੋਣ ਕਾਰਨ ਰਾਤ ਪੈ ਜਾਂਦੀ ਹੈ। ਧਰਤੀ ਸੂਰਜ ਤੋਂ ਲੱਗਭੱਗ 92962000 ਮੀਲ ਦੂਰ ਰਹਿ ਕੇ ਸੂਰਜ ਦੀ ਪ੍ਰਕਰਮਾ ਕਰਦੀ ਹੈ। ਧਰਤੀ ਦਾ ਇਹ ਚੱਕਰ, ਜਿਸ ਨੂੰ ਸਾਲ ਕਿਹਾ ਜਾਂਦਾ ਹੈ, 365 ਦਿਨ 5 ਘੰਟੇ 48 ਮਿੰਟ 45 ਸੈਕਿੰਡ ਵਿਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (Tropical year) ਕਿਹਾ ਜਾਂਦਾ ਹੈ। ਧਰਤੀ ਤੇ ਰੁੱਤਾਂ, ਸਾਲ ਦੀ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ।

ਧਰਤੀ ਦੇ ਧੁਰੇ ਦਾ ਲੱਗਭੱਗ 23.5° ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੋਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਵੱਖ-ਵੱਖ ਰੁੱਤਾਂ ਬਦਲਦੀਆਂ ਹਨ। ਚੰਦ, ਧਰਤੀ ਦੇ ਦੁਆਲੇ ਘੁੰਮਦਾ ਹੈ। ਇਸ ਦੇ ਪੰਧ ਵਿੱਚ ਤਾਰਿਆਂ ਦੇ 27 ਸਮੂਹ ਮੰਨੇ ਗਏ ਹਨ। ਜਿਨਾਂ ਨੂੰ ਨਛੱਤਰ ਕਿਹਾ ਜਾਂਦਾ ਹੈ। ਇਕ ਦਿਨ ਦਾ ਇਕ ਨਛੱਤਰ ਮੰਨਿਆ ਗਿਆ ਹੈ। ਇਸ ਹਿਸਾਬ ਨਾਲ ਚੰਦ ਦਾ ਧਰਤੀ ਦੁਆਲੇ ਇਕ ਚੱਕਰ ਦਾ 27.32 ਦਿਨ (27 ਦਿਨ 7 ਘੰਟੇ 43 ਮਿੰਟ) ਸਮਾਂ ਬਣਦਾ ਹੈ। ਪਰ ਇਸੇ ਸਮੇਂ ਦੌਰਾਨ ਧਰਤੀ ਜੋ ਸੂਰਜ ਦੁਆਲੇ ਘੁੰਮਦੀ ਹੈ, ਲੱਗਭੱਗ 27° ਅੱਗੇ ਵੱਧ ਜਾਂਦੀ ਹੈ ਤਾਂ ਇਹ ਵੱਧੇ ਹੋਏ ਫਾਸਲੇ ਸਮੇਤ ਇਕ ਚੱਕਰ ਪੂਰਾ ਕਰਨ ਲਈ ਚੰਦ ਨੂੰ 29.53 ਦਿਨ (29 ਦਿਨ 12 ਘੰਟੇ 44 ਮਿੰਟ) ਲੱਗਦੇ ਹਨ। ਇਸ ਨੂੰ ਚੰਦ ਦਾ ਇਕ ਮਹੀਨਾ ਕਿਹਾ ਜਾਂਦਾ ਹੈ। ਇਹ ਮੱਸਿਆ ਤੋਂ ਮੱਸਿਆ (ਅਮਾਂਤਾ) ਜਾਂ ਪੁੰਨਿਆ ਤੋਂ ਪੁੰਨਿਆ (ਪੂਰਨਮੰਤਾ) ਤਾਈਂ ਗਿਣਿਆ ਜਾਂਦਾ ਹੈ। ਚੰਦ ਦੇ ਸਾਲ ਵਿੱਚ 12 ਮਹੀਨੇ ਹੁੰਦੇ ਹਨ, ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਮੰਨੀ ਗਈ ਹੈ। ਚੰਦ ਦਾ ਇਕ ਸਾਲ ਸੂਰਜ ਦੇ ਸਾਲ ਨਾਲੋਂ ਲੱਗਭੱਗ 11 ਦਿਨ ਛੋਟਾ ਹੁੰਦਾ ਹੈ। ਇਕ ਸਾਲ ਵਿੱਚ 11 ਦਿਨ, ਦੋ ਸਾਲਾਂ ਵਿੱਚ 22 ਜਦੋਂ ਚੰਦ ਦਾ ਸਾਲ ਸੂਰਜੀ ਸਾਲ ਤੋਂ ਪਿਛੇ ਰਹਿ ਜਾਂਦਾ ਹੈ ਇਸ ਨੂੰ ਸੂਰਜੀ ਸਾਲ ਦੇ ਨੇੜੇ ਤੇੜੇ ਰੱਖਣ ਲਈ ਇਸ ਵਿੱਚ ਤੀਜੇ ਸਾਲ (19 ਸਾਲ ਵਿੱਚ 7 ਸਾਲ) ਇਕ ਮਹੀਨਾ ਜੋੜ ਦਿੱਤਾ ਜਾਂਦਾ ਹੈ। ਇਸ ਸਾਲ ਚੰਦ ਦੇ ਸਾਲ ਵਿੱਚ 384/85 ਦਿਨ ਹੋ ਜਾਂਦੇ ਹਨ। ਇਹ ਹੀ ਕਾਰਨ ਹੈ ਕਿ ਚੰਦ ਦੇ ਸਾਲ ਜਾਂ ਕੈਲੰਡਰ ਦਾ ਰੁੱਤਾਂ ਨਾਲ ਸਬੰਧ ਨਹੀਂ ਰਹਿੰਦਾ। ਸੱਚ ਤਾ ਇਹ ਹੈ ਕਿ ਚੰਦ ਦੇ ਸਾਲ ਨੂੰ ਜਿਸ ਸੂਰਜੀ ਬਿਕ੍ਰਮੀ ਸਾਲ ਦੇ ਨੇੜੇ ਤੇੜੇ ਰੱਖਿਆ ਜਾਂਦਾ ਹੈ, ਉਸ ਸਾਲ ਦਾ ਵੀ ਰੁੱਤਾਂ ਨਾਲ ਸਬੰਧ ਨਹੀਂ ਹੈ। ਜੂਨ ਦੇ ਮਹੀਨੇ ਉਤਰੀ ਅਰਧ ਗੋਲੇ ਵਿਚ ਗਰਮੀ ਪੂਰੇ ਜੋਬਨ ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਸਵੇਰ ਵੇਲੇ ਸੂਰਜ, ਪਹਿਲੇ ਦਿਨ ਨਾਲੋਂ ਕੁਝ ਸਮਾਂ ਪਹਿਲਾ ਚੜਦਾ ਹੈ ਅਤੇ ਕੁਝ ਸਮਾਂ ਪਿਛੋਂ ਛਿਪਦਾ ਹੈ। ਜੇ ਆਪਾਂ ਸੂਰਜ ਨੂੰ ਚੜਨ ਵੇਲੇ ਵੇਖੀਏ ਤਾਂ, ਹਰ ਰੋਜ ਸੂਰਜ ਥੋੜਾ-ਥੋੜਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿੱਚ ਇਸ ਨੂੰ ਉਤਰਾਇਣ ਕਹਿੰਦੇ ਹਨ। ਇਕ ਸਮਾਂ ਅਜੇਹਾ ਆਉਂਦਾ ਹੈ ਜਦੋਂ ਸੂਰਜ ਦਾ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁਕ ਜਾਂਦਾ ਹੈ ਅਤੇ ਪਿਛੇ ਮੁੜ ਪੈਂਦਾ ਹੈ ਭਾਵ ਦੱਖਣ ਵੱਲ ਨੂੰ ਮੁੜ ਪੈਂਦਾ ਹੈ, ਦਿਨ ਦੀ ਲੰਬਾਈ ਹੋਲੀ-ਹੋਲੀ ਘਟਣੀ ਆਰੰਭ ਹੋ ਜਾਂਦੀ ਹੈ। ਜਿਸ ਨੂੰ ਦਖਰਾਇਣ ਕਿਹਾ ਜਾਂਦਾ ਹੈ। ਇਸ ਸਾਲ ਇਹ ਘਟਨਾ 21 ਜੂਨ, ਦਿਨ ਐਤਵਾਰ ਨੂੰ ਲੱਗਭੱਗ 21:45 (U T) ਮੁਤਾਬਕ ਇੰਡੀਆ ਵਿੱਚ 22 ਜੂਨ ਸੋਮਵਾਰ ਸਵੇਰੇ 04:15 (IST) ਤੇ ਵਾਪਰੇਗੀ। ਇਸ ਸਮੇਂ ਸੂਰਜ ਅੱਗੇ ਜਾਣ ਦੀ ਬਿਜਾਏ ਪਿਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 22 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। ਸੂਰਜ ਦੇ ਦਖਨਾਇਣ ਤੋਂ ਉਤਰਾਇਣ ਅਤੇ ਉਤਰਾਇਣ ਤੋਂ ਦਖਨਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਸਾਲ ਦੀ ਲੰਬਾਈ ਹੈ। ਜਿਸ ਮੁਤਾਬਕ ਇਸ ਧਰਤੀ ਤੇ ਰੁੱਤਾਂ ਬਣਦੀਆਂ ਅਤੇ ਬਦਲਦੀਆਂ ਹਨ। ਇਸ ਨੂੰ ਰੁੱਤੀ ਸਾਲ (Tropical year) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪਾਵਨ ਪੰਗਤੀ, ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ (ਪੰਨਾ 1108) ਇਸ ਪੰਗਤੀ ਵਿੱਚ ਸੂਰਜ ਦੇ ਰੱਥ ਫਿਰਨ ਦਾ ਸੰਕੇਤ ਹੈ। ਇਸ ਪਾਵਨ ਪੰਗਤੀ (ਬਾਰਹਮਾਹ, ਤੁਖਾਰੀ) ਦੇ ਅਰਥ ਫਰੀਦਕੋਟੀ ਟੀਕੇ ਮੁਤਾਬਕ, ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾ ਕੌਂ ਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ। ਜਿਸ ਵੇਲੇ ਸੂਰਜ ਦਾ ਰਥ ਹਾੜ ੧੩ ਨੂੰ ਦਖਨੇਣ ਦੀ ਤਰਫ਼ ਫਿਰ ਜਾਂਦਾ ਹੈ ਤਾਂ ਧਨ=ਇਸਤਰੀ ਤੇ ਮੁਸਾਫਰ ਬ੍ਰਿਛਾ ਦੀ ਛਾਇਆ ਤਾਕੇ-ਤੱਕਦੇ ਹਨ ਅਤੇ ਟਿਡੁ- ਬਿੰਡੇ, ਬਾਹੇ =ਉਜਾੜ ਮੰਝਿ ਲਵੇ=ਬੋਲਦੇ ਹਨ। (ਸੰਪਰਦਾਈ ਟੀਕਾ) ਇਸੇ ਪੰਨੇ ਦੇ ਅਖੀਰ ਤੇ ਇਕ ਨੋਟ ਹੈ:- ਜਿਸ ਵੇਲੇ ਹਾੜ 13 ਨੂੰ ਸੂਰਜ ਦਾ ਰਥ ਦਖਨੇਣ ਹੁੰਦਾ ਹੈ ਤਾਂ ਸੂਰਗ ਦੇ ਬੂਹੇ ਬੰਦ ਹੁੰਦੇ ਹਨ, ਜਿਸ ਵੇਲੇ ੯ ਪੋਹ ਨੂੰ ਸੂਰਜ ਦਾ ਰਥ ਉਤਰੇਣ ਹੁੰਦਾ ਹੈ ਤਾਂ ਸੂਰਗ ਦੇ ਬੂਹੇ ਖੁਲ ਜਾਂਦੇ ਹੈ। ਇਸੇ ਕਾਰਨ ਕਰਕੇ ਜੋਗੀ ਸਮੇਂ ਦਾ ਵਿਚਾਰ ਕਰ ਕੇ ਪ੍ਰਾਣ ਤਿਆਗਦੇ ਹਨ ਇਹ ਪੁਰਾਣਕ ਅਨੁਸਾਰ ਹੈ। ਇਸ ਟਿੱਪਣੀ ਵਿਚ ਰਥ ਫਿਰਨ ਦੀਆਂ ਦੋ ਤਾਰੀਖਾਂ (13 ਹਾੜ ਅਤੇ 9 ਪੋਹ) ਦਿੱਤੀਆਂ ਹੋਈਆਂ ਹਨ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਇਨਾਂ ਤਾਰੀਖਾਂ ਅਨੁਸਾਰ ਰੱਥ ਕਦੋਂ ਫਿਰਿਆ ਸੀ ? ਕਿਹਾ ਜਾਂਦਾ ਹੈ ਸੰਪਰਦਾਈ ਟੀਕੇ ਵਿਚ ਉਹ ਦਰਜ ਅਰਥ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਪੜਾਏ ਸਨ। ਇਸ ਲਈ ਇਹ ਤਾਰੀਖਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਦੀਆ ਹਨ।

ਉਪ੍ਰੋਕਤ ਪਾਵਨ ਪੰਗਤੀ ਦਾ ਭਾਵ ਹੈ ਕਿ ਜਦੋਂ ਸੂਰਜ ਵੱਧ ਤੋਂ ਵੱਧ ਉਤਰ ਵੱਲ ਗਿਆ ਹੁੰਦਾ ਹੈ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਅਰੰਭ ਹੋ ਜਾਂਦਾ ਹੈ ਇਸ ਨੂੰ ਸੂਰਜ ਦਾ ਰੱਥ ਫਿਰਨਾ ਕਹਿੰਦੇ ਹਨ। ਪੰਜਾਬ ਵਿਚ ਇਸ ਦਿਨ ਵਰਖਾ ਰੁਤ ਦਾ ਅਰੰਭ ਮੰਨਿਆ ਜਾਂਦਾ ਹੈ। ਅੱਜ ਇਹ ਮੰਨਿਆ ਜਾਂਦਾ ਹੈ ਕਿ ਇਹ ਘਟਨਾ 21-22 ਜੂਨ ਨੂੰ ਕਿਸੇ ਵੇਲੇ ਵਾਪਰਦੀ ਹੈ। ਸੰਪਰਦਾਈ ਟੀਕੇ ਵਿਚ ਦਰਜ ਤਾਰੀਖਾਂ ਦੀ ਜਦੋਂ ਪੜਤਾਲ ਕੀਤੀ ਤਾਂ 13 ਹਾੜ 1756 ਬਿਕ੍ਰਮੀ ਦੀ ਤਾਰੀਖ, 11 ਜੂਨ ਜੂਲੀਅਨ ਮੁਤਾਬਕ 21 ਜੂਨ ਗਰੈਗੋਰੀਅਨ (1699 ਈ:) ਨੂੰ ਵੱਡੇ ਤੋਂ ਵੱਡਾ ਦਿਨ ਸੀ। ਭਾਵ ਸੂਰਜ ਦਾ ਰਥ ਫਿਰਿਆ ਸੀ। ਪਰ 9 ਪੋਹ ਦੀ ਤਾਰੀਖ ਠੀਕ ਨਹੀ ਹੈ ਉਸ ਸਾਲ 12 ਪੋਹ, 11 ਦਸੰਬਰ ਜੂਲੀਅਨ ਮੁਤਾਬਕ 21 ਦਸੰਬਰ ਗਰੈਗੋਰੀਅਨ ਨੂੰ ਛੋਟੇ ਤੋਂ ਛੋਟਾ ਦਿਨ ਸੀ। ਖੈਰ, ਆਪਾ ਹਾੜ ਦੀ ਤਾਰੀਖ ਦੀ ਪੜਤਾਲ ਕਰਨੀ ਹੈ। ਅੱਜ ਵੀ ਇਹ ਸਚਾਈ ਹੈ ਕਿ ਉਤਰੀ ਅਰਧ ਗੋਲੇ ਵਿਚ 21-22 ਜੂਨ ਨੂੰ ਜਦ ਸੂਰਜ ਵੱਧ ਤੋਂ ਵੱਧ ਉਤਰ ਵੱਲ ਹੁੰਦਾ ਹੈ ਤਾਂ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਇਸ ਦਿਨ ਸੂਰਜ ਕਿਸੇ ਵੇਲੇ ਵਾਪਸ ਦੱਖਣ ਨੂੰ ਮੁੜ ਪੈਂਦਾ ਹੈ ਅਤੇ ਦਿਨ ਛੋਟਾ ਹੋਣਾ ਅਰੰਭ ਹੋ ਜਾਂਦਾ ਹੈ।

ਹੁਣ ਜਦੋਂ ਇਹ ਸਪੱਸ਼ਟ ਹੈ ਕਿ ਸੂਰਜ ਦਾ ਰੱਥ 21-22 ਜੂਨ (ਗਰੈਗੋਰੀਅਨ) ਨੂੰ ਕਿਸੇ ਵੇਲੇ ਫਿਰਦਾ ਹੈ। ਤਾਂ ਆਓ ਵੇਖੀਏ ਕਿ ਗੁਰੂ ਨਾਨਕ ਜੀ ਦੇ ਸਮੇਂ ਸੂਰਜ ਦਾ ਰੱਥ ਕਦੋਂ ਫਿਰਿਆ ਸੀ। ਸੰਮਤ 1526 ਬਿਕ੍ਰਮੀ ਵਿਚ ਰੱਥ ਸੂਰਜ ਦਾ ਰੱਥ 12 ਜੂਨ 1469 ਈ: (ਜੂਲੀਅਨ) ਮੁਤਾਬਕ 16 ਹਾੜ ਦਿਨ ਸੋਮਵਾਰ ਨੂੰ ਫਿਰਿਆ ਸੀ। ਯਾਦ ਰਹੇ ਜੇ 12 ਜੂਨ ਜੂਲੀਅਨ ਨੂੰ ਗਰੈਗੋਰੀਅਨ ਵਿੱਚ ਬਦਲੀ ਕਰੀਏ ਤਾਂ ਇਹ 21 ਜੂਨ ਹੀ ਬਣਦੀ ਹੈ। ਉਪਰ ਆਪਾਂ ਵੇਖ ਆਏ ਹਾਂ ਕਿ 1756 ਬਿਕ੍ਰਮੀ (1699 ਈ:) ਵਿਚ ਰੱਥ 13 ਹਾੜ (11 ਜੂਨ ਜੂਲੀਅਨ/21 ਜੂਨ ਗਰੈਗੋਰੀਅਨ) ਦਿਨ ਐਤਵਾਰ ਨੂੰ ਫਿਰਿਆ ਸੀ। ਇਸ ਸਾਲ (2020 ਈ:) 22 ਜੂਨ ਮੁਤਾਬਕ 7 ਹਾੜ ਨੂੰ ਫਿਰੇਗਾ। ਅੱਜ ਤੋਂ 500 ਸਾਲ ਭਾਵ ਸੰਮਤ 2520 ਈ: ਨੂੰ ਸੂਰਜ ਦਾ ਰੱਥ 20 ਜੂਨ 22:44 (IST) ਵਜੇ ਮੁਤਾਬਕ 29 ਜੇਠ ( ਸੂਰਜੀ ਸਿਧਾਂਤ) ਦਿਨ ਵੀਰਵਾਰ ਨੂੰ ਫਿਰੇਗਾ ਅਤੇ 3000 ਈ: 20 ਜੂਨ ਮੁਤਾਬਕ 21 ਜੇਠ ਦਿਨ ਸ਼ੁਕਰਵਾਰ ਨੂੰ ਫਿਰੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਸੰਮਤ 2075 ਬਿਕ੍ਰਮੀ ਤੋਂ ਪਿਛੋਂ ਇਹ ਪੰਗਤੀ 'ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ' ਤਾਂ ਹਾੜ ਦੇ ਮਹੀਨੇ 'ਚ ਪੜੀ ਜਾਵੇਗੀ ਪਰ ਸੂਰਜ ਦਾ ਰੱਥ ਤਾਂ ਜੇਠ ਦੇ ਮਹੀਨੇ (ਸੂਰਜੀ ਸਿਧਾਂਤ ਮੁਤਾਬਕ) ਫਿਰ ਚੁੱਕਾ ਹੋਵੇਗਾ। ਦੂਜੇ ਪਾਸੇ ਨਾਨਕਸ਼ਾਹੀ ਕੈਲੰਡਰ ਮੁਤਾਬਕ ਨਾਨਕਸ਼ਾਹੀ ਸੰਮਤ 530 (1999 ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰਿਆ ਸੀ। ਨਾਨਕਸ਼ਾਹੀ ਸੰਮਤ 1030 (2499-2500 ਈ:) ਵਿਚ ਵੀ ਰੱਥ 7 ਹਾੜ ਨੂੰ ਫਿਰੇਗਾ ਅਤੇ ਨਾਨਕਸ਼ਾਹੀ ਸੰਮਤ 1530 (2999-3000 ਈ:) ਵਿਚ ਵੀ ਰੱਥ 7 ਹਾੜ (21 ਜੂਨ ਗਰੈਗੋਰੀਅਨ) ਨੂੰ ਫਿਰੇਗਾ।

ਇਸ ਦਾ ਕਾਰਨ ਇਹ ਹੈ ਕਿ ਬਿਕ੍ਰਮੀ ਸਾਲ ਦੀ ਲੰਬਾਈ 365.2587 ਦਿਨ (ਸੂਰਜੀ ਸਿਧਾਂਤ) ਹੈ ਜੋ ਅਸਲ ਸਾਲ ਦੀ ਲੰਬਾਈ ਤੋਂ ਲੱਗਭੱਗ 24 ਮਿੰਟ ਵੱਧ ਹੈ। ਸਾਲ ਦੀ ਲੰਬਾਈ ਵੱਧ ਹੋਣ ਕਾਰਨ ਹਰ 60 ਸਾਲ ਪਿਛੋਂ (1440/24=60) ਬਿਕ੍ਰਮੀ ਸਾਲ ਦਾ ਇਕ ਦਿਨ ਦਾ ਫਰਕ ਪੈ ਜਾਂਦਾ ਹੈ। 1964 ਈ: ਵਿੱਚ ਹਿੰਦੂ ਵਿਦਵਾਨਾਂ ਨੇ ਬਿਕ੍ਰਮੀ ਸਾਲ ਦੀ ਲੰਬਾਈ ਵਿੱਚ ਸੋਧ ਕਰਕੇ, ਇਸ ਨੂੰ 365.2563 ਦਿਨ ਕਰ ਦਿੱਤਾ ਸੀ। ਹੁਣ ਇਸ ਨੂੰ ਦ੍ਰਿਕਗਿਣਤ ਸਿਧਾਂਤ ਕਹਿੰਦੇ ਹਨ। ਹੁਣ ਵੀ ਇਹ ਲੰਬਾਈ ਲੱਗਭੱਗ 20 ਮਿੰਟ ਵੱਧ ਹੈ। ਇਸ ਕਾਰਨ ਹੁਣ (1440/20=72) ਸਾਲ ਪਿਛੋਂ ਇਕ ਦਿਨ ਦਾ ਫਰਕ ਪੈ ਜਾਵੇਗਾ। ਜਿਸ ਕਾਰਨ ਬਿਕ੍ਰਮੀ ਕੈਲੰਡਰ ਵਿਚ ਰੁੱਤਾਂ ਸਥਿਰ ਨਹੀਂ ਰਹਿੰਦੀਆਂ। 1999 ਈ: ਵਿੱਚ ਸਿੱਖ ਵਿਦਵਾਨਾਂ ਨੇ ਸਾਲ ਦੀ ਲੰਬਾਈ ਵਿੱਚ ਸੋਧ ਕਰਕੇ 365.2425 ਦਿਨ ਕਰਕੇ ਨਾਨਕਸ਼ਾਹੀ ਕੈਲੰਡਰ ਬਣਾਇਆ ਸੀ। ਸਾਲ ਦੀ ਇਹ ਲੰਬਾਈ ਸੂਰਜ ਦੇ ਰੱਥ ਫਿਰਨ ਦੀ ਲੰਬਾਈ 365.2422 ਦਿਨ ਦੇ ਬਹੁਤ ਨੇੜੇ ਹੈ। ਇਸ ਮੁਤਾਬਕ ਹੁਣ ਲੱਗਭੱਗ 3200 ਸਾਲ ਪਿਛੋਂ ਇਕ ਦਿਨ ਦਾ ਫਰਕ ਪਵੇਗਾ।

ਯਾਦ ਰਹੇ ਦੁਨੀਆਂ ਦੇ ਸਾਂਝੇ ਸਾਲ ਦੀ ਲੰਬਾਈ ਵੀ ਸੂਰਜ ਦੇ ਰੱਥ ਫਿਰਨ ਦੇ ਮੁਤਾਬਕ ਹੀ ਹੈ। ਰੋਮ ਵਾਸੀਆਂ ਨੇ ਆਪਣੇ ਕੈਲੰਡਰ (ਜੂਲੀਅਨ) ਵਿੱਚ ਇਹ ਸੋਧ 1582 ਈ: ਕਰ ਲਈ ਸੀ, ਇਸ ਸੋਧ ਨੂੰ ਇੰਗਲੈਂਡ ਨੇ 1752 ਈ: ਪ੍ਰਵਾਨ ਕੀਤਾ ਸੀ। ਆਪਣੇ ਆਪ ਨੂੰ ਸ਼੍ਰੋਮਣੀ ਅਖਵਾਉਣ ਵਾਲੀ ਕਮੇਟੀ ਨੂੰ ਇਹ ਨੁਕਤਾ ਅੱਜ ਵੀ ਸਮਝ ਨਹੀਂ ਆ ਰਿਹਾ। ਕਿੰਨੀ ਹੈਰਾਨੀ ਦੀ ਗੱਲ ਹੈ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਹਿੰਦੂ ਵਿਦਵਾਨਾਂ ਵੱਲੋਂ 1964 ਈ: ਵਿੱਚ, ਗੁਰੂ ਕਾਲ ਵਾਲੇ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ ਵਿੱਚ ਕੀਤੀ ਗਈ ਸੋਧ ਤਾਂ ਪ੍ਰਵਾਨ ਹੈ, ਪਰ 1999 ਈ: ਵਿੱਚ ਸਿੱਖ ਵਿਦਵਾਨਾਂ ਵੱਲੋਂ ਵਿਗਿਆਨਕ ਨਜ਼ਰੀਏ ਅਨੁਸਾਰ ਕੀਤੀ ਗਈ ਅਤੀ ਜਰੂਰੀ ਸੋਧ ਨੂੰ ਮੰਨਣ ਲਈ ਤਿਆਰ ਨਹੀਂ ਹੈ। ਅਜੇਹਾ ਕਿਉ ?


Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747
info@webmediaart.com
www.webmediaart.com

# ਹਾਸੇ ਦੇ ਜ਼ਖ਼ਮ

ਕਹਾਣੀ

- ਸੁਖਚੈਨ ਸਿੰਘ ਭੰਡਾਰੀ

ਬਹੁਤ ਦਿਨਾਂ ਤੋਂ ਮੈਂ ਆਪਣੇ ਫਾਰਮ ਦੀ ਦੇਖ-ਭਾਲ ਵਾਸਤੇ ਕਿਸੇ ਚੰਗੇ ਮਾਲੀ ਦੀ ਤਲਾਸ਼ ਵਿਚ ਸਾਂ। ਮੇਰਾ ਇਹ ਫਾਰਮ ਵੈਸੇ ਤਾਂ ਸਿਰਫ ਪੰਜ ਏਕੜਾਂ ਦਾ ਹੀ ਸੀ, ਪਰ ਇਸ ਪੰਜ ਏਕੜ ਜ਼ਮੀਨ ਵਿਚ ਮੈਂ ਹਰ ਮੌਸਮ ਦੀਆਂ ਸਬਜ਼ੀਆਂ ਹੀ ਲਗਵਾਇਆ ਕਰਦਾ ਸੀ, ਜਿਸ ਨਾਲ ਮੈਨੂੰ ਚੰਗੀ ਆਮਦਨ ਹੋ ਜਾਇਆ ਕਰਦੀ ਸੀ। ਵੈਸੇ ਵੀ ਮੇਰਾ ਫਾਰਮ, ਮੇਰੇ ਬੰਗਲੇ ਤੋਂ ਦੋ ਕਿਲੋ-ਮੀਟਰ ਹੀ ਦੂਰ, ਪੱਕੀ ਸੜਕ ਦੇ ਕਿਨਾਰੇ ਬਣਿਆ ਹੋਇਆ ਸੀ। ਇਸ ਲਈ ਮੈਨੂੰ ਉਥੋਂ ਤੱਕ ਆਣ-ਜਾਣ ਵਿਚ ਕਿਸੇ ਤਰਾਂ ਦੀ ਕੋਈ ਮੁਸ਼ਕਲ ਪੇਸ਼ ਨਹੀਂ ਆਉਂਦੀ। ਉਂਜ ਵੀ ਇਹ ਫਾਰਮ ਮੈਂ ਆਮਦਨੀ ਲਈ ਨਾ ਬਣਾ ਕੇ, ਆਪਣੇ ਮਨ ਦੀ ਮੌਜ ਨੂੰ ਪੂਰਾ ਕਰਨ ਲਈ ਖਰੀਦਿਆ ਸੀ। ਅਸਲ ਵਿਚ ਮੈਨੂੰ ਖੇਤਾਂ 'ਚ ਉਗੀ ਹਰ ਤਰਾਂ ਦੀ ਫਸਲ ਦੀ ਭਿੰਨੀ-ਭਿੰਨੀ ਮਹਿਕ ਤੇ ਉਨਾਂ ਦੇ ਵਿਚਕਾਰ ਬਣੇ ਬੰਨਿਆਂ 'ਤੇ ਘੁੰਮਣ ਵਿਚ ਬੜਾ ਲੁਤਫ਼ ਦਾ ਅਹਿਸਾਸ ਹੁੰਦਾ ਸੀ। ਖਾਸ ਕਰ ਉਸ ਵੇਲੇ ਤਾਂ ਮੈਨੂੰ ਆਪਣੇ ਆਸ-ਪਾਸ ਜਨਤ ਦਾ ਇਕ ਸੁਪਨੀਲਾ, ਅਸਮਾਨੀ ਟੰਗਿਆ ਸਤਰੰਗੀ ਪੀਂਘ ਦਾ ਝੂਲਾ ਦਿਖਾਈ ਦੇਣ ਲਗਦਾ ਜਦੋਂ ਬਾਹਰ ਦਾ ਮੌਸਮ ਕਿਸੇ ਪਰੀ ਜਿਹਾ ਰੂਪ ਲਈ, ਜ਼ਮੀਨ ਉਤੇ ਲਹਿ ਆਉਂਦਾ ਮਹਿਸੂਸ ਹੁੰਦਾ ਜਾਂ ਫਿਰ ਸਾਵਨ ਦੀਆਂ ਝੜੀਆਂ ਵਿਚ ਕੁਦਰਤ ਦਾ ਬਿਖਰਿਆ ਹੁਸ਼ਨ ਹੀ ਹੁਸਨ।

ਇਨਾਂ ਸਭ ਦਾ ਰਸ ਪੀਣ ਖਾਤਿਰ, ਮੈਂ ਆਪਣੇ ਇਸ ਫਾਰਮ ਵਿਚ ਇਕ ਛੋਟੀ ਜਿਹੀ ਕਾਟੇਜ ਵੀ ਬਣਵਾ ਲਈ ਸੀ ਤਾਂ ਕਿ ਮੈਂ ਆਪਣੇ ਉਨਾਂ ਇਕੱਲੇਪਲਾਂ ਨੂੰ ਉਸ ਅੰਦਰ ਬੈਠ ਕੇ ਪੂਰੀ ਤਰਾਂ ਜੀ ਸੱਕਾਂ ਜਿਨਾਂ ਵਿਚ ਕੁਦਰਤ ਆਪ ਆ ਕੇ ਸਮਾ ਗਈ ਹੋਵੇ। ਉਸ ਕਾਟੇਜ ਦੀਆਂ ਅੰਦਰਲੀਆਂ ਦੀਵਾਰਾਂ 'ਤੇ ਮੈਂ ਰੰਗ ਬਿਰੰਗੇ ਬਾਂਸਾਂ ਨਾਲ ਸਜਾਵਟ ਕਰ ਦਿੱਤੀ ਸੀ, ਜੋ ਰਾਤ ਦੀ ਹਲਕੀ ਰੌਸ਼ਨੀ ਵਿਚ ਬੜੀ ਪਿਆਰੀ ਲਗਦੀ ਸੀ।

ਪਿਛਲਾ ਮਾਲੀ ਜੋ ਇਕ ਬਿਹਾਰੀ ਸੀ ਤੇ ਜਿਸ ਦਾ ਮੇਰੇ ਇਸ ਫਾਰਮ ਨੂੰ ਤਿਆਰ ਕਰਨ ਵਿਚ ਬਹੁਤਾ ਵੱਡਾ ਹੱਥ ਸੀ, ਕੈਂਸਰ ਨਾਲ ਅੱਡੀਆਂ ਰਗੜ-ਰਗੜ ਕੇ ਮਰ ਗਿਆ ਸੀ। ਮੈਨੂੰ ਉਸ ਨੇ ਇਹ ਕਦੀ ਨਹੀਂ ਦੱਸਿਆ ਸੀ ਕਿ ਉਸ ਨੂੰ ਇਹ ਖਾਨਦਾਨੀ ਬੀਮਾਰੀ ਹੈ, ਜਿਹੜੀ ਉਸ ਨੂੰ ਉਸਦੇ ਬਾਪ ਤੋਂ ਤੇ ਪਤਾ ਨਹੀਂ ਕਦੋਂ ਤੋਂ ਉਨਾਂ ਦੇ ਲਹੂ ਵਿਚ ਚਲੀ ਆ ਰਹੀ ਸੀ। ਮੈਨੂੰ ਉਸ ਵਕਤ ਪਤਾ ਚੱਲਿਆ, ਜਦੋਂ ਉਹ ਇਕ ਦਿਨ ਮੇਰੇ ਫਾਰਮ ਪਹੁੰਚਣ 'ਤੇ, ਖੂਨ ਦੀਆਂ ਉਲਟੀਆਂ ਕਰ ਰਿਹਾ ਸੀ।

ਉਸੇ ਵੇਲੇ ਮੈਂ ਉਸ ਨੂੰ ਆਪਣੀ ਜੀਪ ਵਿਚ ਬਿਠਾ ਕੇ ਸਰਕਾਰੀ ਹਸਪਤਾਲ ਲੈ ਆਇਆ ਸੀ ਤੇ ਆਪਣੀ ਜਾਣ-ਪਹਿਚਾਣ ਦੇ ਕਾਰਨ ਉਸ ਵੇਲੇ ਕੈਂਸਰ ਵਾਰਡ ਵਿਚ ਭਰਤੀ ਕਰਵਾ ਦਿੱਤਾ ਸੀ। ਉਸ ਵਾਰਡ ਦੇ ਇੰਚਾਰਜ ਡਾਕਟਰ ਮਨੋਹਰ ਸ਼ਰਮਾ ਨੇ ਮੈਨੂੰ ਦੱਸਿਆ ਸੀ ਕਿ ਇਹ ਹੁਣ ਨਹੀਂ ਬਚ ਸਕੇਗਾ, ਕਿਉਂਕਿ ਬਹੁਤ ਦੇਰ ਹੋ ਚੁੱਕੀ ਹੈ। ਫਿਰ ਵੀ ਮੈਂ ਹਰ ਤਰਾਂ ਦਾ ਖਰਚਾ ਕਰਕੇ ਉਸ ਨੂੰ ਜ਼ਿੰਦਾ ਰੱਖਣ ਦੀ ਕੋਸ਼ਿਸ਼ ਵਿਚ ਲੱਗਾ ਰਿਹਾ। ਪਰ ਉਹ ਖਰਚੇ, ਉਹ ਕੋਸ਼ਿਸ਼, ਉਹ ਇਲਾਜ ਸਭ ਉਸ ਦੀ ਮੌਤ ਦੇ ਨਾਲ ਹੀ ਦਫ਼ਨ ਹੋ ਗਏ।

ਉਸ ਦੀ ਮੌਤ ਤੋਂ ਬਾਅਦ ਮੈਂ ਕਈ ਦਿਨ ਫਾਰਮ 'ਤੇ ਨਹੀਂ ਗਿਆ। ਇਸ ਤਰਾਂ ਮਹਿਸੂਸ ਹੁੰਦਾ ਸੀ ਜਿਵੇਂ ਉਥੇ ਜਾਣ 'ਤੇ ਉਸ ਬਿਹਾਰੀ ਮਾਲੀ ਦੀ ਆਤਮਾ ਮੈਨੂੰ ਖੂਨ ਦੀਆਂ ਉਲਟੀਆਂ ਕਰਦੀ ਮਿਲੇਗੀ। ਪਰ ਫਿਰ ਬੀਵੀ ਦੇ ਸਮਝਾਣ-ਬੁਝਾਣ ਤੇ ਮੈਂ ਇਕ ਸਵੇਰ ਬੇ-ਮਨ ਚਲਿਆ ਗਿਆ। ਫਾਰਮ ਵਿਚ ਜਿਵੇਂ ਹਰ ਪਾਸੇ ਮਰਘਟ ਜਿਹੀ ਮਾਤਮੀ ਖਾਮੋਸ਼ੀ ਫੈਲੀ ਹੋਵੇ। ਸਬਜ਼ੀਆਂ ਤੇ ਪੱਤਿਆਂ ਨਾਲ ਲੱਗੇ ਫੁੱਲ ਤੇ ਫਲ ਇੰਜ ਮੁਰਝਾ ਗਏ ਸਨ, ਜਿਵੇਂ ਉਹ ਵੀ ਆਪਣੇ ਪਾਲਣਹਾਰ ਦੀ ਮੌਤ ਨੂੰ ਜਾਣ ਕੇ, ਮਾਤਮ ਮਨਾ ਰਹੇ ਹੋਣ। ਇਹ ਦੇਖ ਕੇ ਮੈਂ ਇਕ ਸਰਦ ਆਹ ਭਰ ਕੇ ਕੁਝ ਦੇਰ ਉਥੇ ਖੜਾ ਰਿਹਾ ਤੇ ਫਿਰ ਉਸ ਤੋਂ ਬਾਅਦ ਘਰ ਵਾਪਸ ਪਰਤ ਆਇਆ।

ਕੁਝ ਦਿਨਾਂ ਬਾਅਦ ਮੈਂ ਸੰਭਲਿਆ ਤਾਂ ਦੂਸਰੇ ਮਾਲੀ ਦੀ ਭਾਲ ਵਿਚ ਲੱਗ ਗਿਆ। ਆਸ-ਪਾਸ ਦੇ ਖੇਤਾਂ ਵਾਲੇ ਮਾਲੀਆਂ ਤੇ ਨੌਕਰਾਂ ਨੂੰ ਮੈਂ ਕੋਈ ਪਹਿਲਾਂ ਵਰਗਾ ਹੀ ਚੰਗਾ ਜਿਹਾ ਮਾਲੀ ਲਿਆਉਣ ਵਾਸਤੇ ਕਹਿ ਦਿੱਤਾ।

ਇਕ ਦਿਨ ਜਦੋਂ ਮੈਂ ਫਾਰਮ 'ਤੇ ਪਹੁੰਚਿਆ ਤਾਂ ਗੁਆਂਢ ਦੇ ਖੇਤ ਵਾਲੇ ਮਾਲੀ ਰਾਮੂ ਨੇ ਦੱਸਿਆ ਕਿ ਯੂ ਪੀ ਤੋਂ ਹੀ ਵਿਸ਼ਨੂੰ ਨਾਂ ਦਾ ਇਕ ਨਵਾਂ ਆਦਮੀ ਆਇਆ ਹੈ, ਜਿਹੜਾ ਖੇਤੀਬਾਣੀ ਦਾ ਕੰਮ ਜਾਣਦਾ ਹੈ ਪਰ ਉਸ ਦੇ ਨਾਲ ਉਸ ਦੀ ਔਰਤ ਤੇ ਜਵਾਨ ਲੜਕੀ ਵੀ ਹਨ ਤੇ ਜੇਕਰ ਮੈਂ ਉਸ ਨੂੰ ਰੱਖਾਂ ਤਾਂ ਉਹ ਫਾਰਮ 'ਤੇ ਹੀ ਆਪਣੇ ਪਰਿਵਾਰ ਨਾਲ ਰਹੇਗਾ, ਕਿਉਂਕਿ ਮੈਨੂੰ ਆਦਮੀ ਦੀ ਜ਼ਰੂਰਤ ਸੀ, ਇਸ ਲਈ ਮੈਂ ਹਾਂ ਕਰ ਦਿੱਤੀ।

ਸ਼ਾਮ ਨੂੰ ਚਾਰ ਵਜੇ ਦੇ ਲੱਗਭੱਗ ਰਾਮੂ ਉਸ ਨਵੇਂ ਮਾਲੀ ਵਿਸ਼ਨੂੰ, ਉਸ ਦੀ ਪਤਨੀ ਤੇ ਲੜਕੀ ਨੂੰ ਲੈ ਕੇ ਮੇਰੀ ਕਾਟੇਜ਼ ਵਿਚ ਆ ਗਿਆ। ਮੈਂ ਦੇਖਿਆ, ਵਿਸ਼ਨੂੰ ਦੀ ਉਮਰ ਚਾਲੀ ਸਾਲਾਂ ਦੇ ਕਰੀਬ ਹੈ ਤੇ ਜਿਸ ਤੋਂ ਵੀ ਤਗੜਾ ਹੈ। ਮੈਨੂੰ ਉਹ ਖੇਤ ਲਈ ਠੀਕ ਲੱਗਾ। ਮੈਂ ਉਸ ਨੂੰ ਕੰਮ 'ਤੇ ਰੱਖ ਲਿਆ। ਉਹ ਵੀ ਮੈਥੋਂ ਕਾਫੀ ਪ੍ਰਭਾਵਿਤ ਹੋਇਆ। ਉਸ ਨੇ ਉਥੇ ਹੀ ਮੇਰੀ ਕਾਟੇਜ ਦੇ ਕੋਲ ਬਣੇ ਇਕ ਛੋਟੇ ਜਿਹੇ ਸਟੋਰ ਵਿਚ ਆਪਣੇ ਥੋੜੇ-ਜਿਹੇ ਸਾਮਾਨ, ਪਤਨੀ ਤੇ ਲੜਕੀ ਨਾਲ ਡੇਰਾ ਲਾ ਦਿੱਤਾ।

ਮੈਂ ਘਰ ਆ ਕੇ ਆਪਣੀ ਬੀਵੀ ਨੂੰ ਵਿਸ਼ਨੂੰ ਤੇ ਉਸ ਦੇ ਛੋਟੇ ਜਿਹੇ ਪਰਿਵਾਰ ਦੇ ਬਾਰੇ ਦੱਸਿਆ। ਉਹ ਵੀ ਖੁਸ਼ ਹੋਈ ਕਿ ਚਲੋ ਆਦਮੀ ਤਾਂ ਮਿਲਿਆ ਤੇ ਨਾਲ ਹੀ ਉਸ ਦੇ ਟੱਬਰ ਨਾਲ ਫਾਰਮ ਦੀ ਦੇਖਭਾਲ ਵੀ ਹੋਰ ਚੰਗੀ ਤਰਾਂ ਹੋ ਪਾਵੇਗੀ।

ਅਗਲੇ ਦਿਨ ਮੈਂ ਕੁਝ ਜਲਦੀ ਹੀ ਫਾਰਮ 'ਤੇ ਪਹੁੰਚ ਗਿਆ, ਕਿਉਂਕਿ ਨਵੇਂ ਮਾਲੀ ਨੂੰ ਸਾਰਾ ਕੰਮ ਸਮਝਾਣਾ ਸੀ। ਅਜੇ ਮੈਂ ਆਪਣੀ ਜੀਪ ਕਾਟੇਜ ਦੇ ਕੋਲ ਜਾ ਕੇ ਖੜੀ ਹੀ ਕੀਤੀ ਸੀ ਕਿ ਮੈਨੂੰ ਆਇਆ ਦੇਖ ਕੇ, ਵਿਸ਼ਨੂੰ ਦੀ ਲੜਕੀ ਮੇਰੇ ਕੋਲ ਆਈ ਤੇ ਹੱਥ ਜੋੜ ਕੇ ਬੋਲੀ, "ਰਾਮ ਰਾਮ ਬਾਬੂ ਸਾਹਿਬ!" ਮੈਂ ਹੌਲੀ ਜਿਹੀ ਸਿਰ ਹਿਲਾ ਕੇ ਉਸ ਨੂੰ ਇਕ ਭਰਪੂਰ ਨਜ਼ਰ ਨਾਲ ਤੱਕਿਆ। ਉਮਰ ਇਹੀ ਅਠਾਰਾਂ ਸਾਲਾਂ ਦੀ ਗੱਲ ਕਹਿੰਦੀ ਹੋਈ। ਭਰਿਆ-ਭਰਿਆ ਜਿਸਮ, ਜਿਵੇਂ ਬਾਗਾਂ 'ਚ ਅੰਬਾਂ ਦੀ ਬਹਾਰ ਆਉਂਦੇ ਕੋਈ ਪਹਿਲਾਂ ਅੰਬ ਤਿਆਰ ਹੋ ਕੇ ਆਪਣੇ ਆਪ ਜ਼ਮੀਨ 'ਤੇ ਤੜਪ ਕੇ ਡਿੱਗ ਜਾਏ।

"ਕੀ ਨਾਂ ਹੈ ਤੇਰਾ?" ਮੈਂ ਜੀਪ ਵਿਚ ਬੈਠੇ-ਬੈਠੇ ਹੀ ਹੌਲੀ ਜਿਹੀ ਪੁੱਛਿਆ। "ਹਮਰਾ ਨਾਮ ਸਾਂਵਲੀ ਹੈ ਸਾਬ!" ਇਹ ਕਹਿੰਦੇ ਹੋਏ ਥੋੜਾ ਜਿਹਾ ਉਹ ਹੱਸ ਪਈ। ਹਾਸਾ ਜਿਵੇਂ ਸਰੋਂ ਦੇ ਫੁੱਲਾਂ ਜਿਹਾ ਸੋਂਧੀ-ਸੋਂਧੀ ਮਹਿਕ ਭਰਿਆ। ਨਾਂ ਸਾਂਵਲੀ ਤੇ ਰੰਗ ਵੀ ਜਿਵੇਂ ਉਸ ਦੇ ਨਾਂ-ਜਿਹਾ ਸਾਵਣ ਦੀਆਂ ਘਟਨਾਵਾਂ ਵਰਗਾ ਮੁਸ਼ਕੀ-ਮੁਸ਼ਕੀ, ਪਰ ਨੈਣ-ਨਕਸ਼ ਇਸ ਤਰਾਂ ਜਿਵੇਂ ਕੋਈ ਮੁਜਸੱਮਾ। ਸਾਂਵਲੇ ਰੰਗ 'ਤੇ ਅਜਿਹੇ ਨਕਸ਼, ਸ਼ਾਇਦ ਆਪਣੀ ਖੂਬਸੂਰਤੀ ਤੋਂ ਸਾਂਵਲੀ ਆਪ ਵੀ ਹੁਣ ਤੱਕ ਅਣਜਾਣ ਰਹੀ ਹੋਵੇ।

"ਕੀ ਗੱਲ ਹੈ, ਤੇਰੇ ਮਾਂ-ਬਾਪ ਨਜ਼ਰ ਨਹੀਂ ਆ ਰਹੇ ਸਾਂਵਲੀ?"

"ਵੋ! ਵੋ ਤੋ ਕਬ ਕੇ ਖੇਤਾਂ ਮੇਂ ਕਾਮ ਪਰਨ ਲਗਤ ਹੈਂ ਬਾਬੂ! ਮੈਂ ਹੀ ਘਰ ਮੇ ਕਾਮ ਧੰਦਾ ਕਰਤ। ਆਪ ਕੀ ਮੋਟਰੀਆ ਕੀ ਅਵਾਜ਼ ਸੁਣ ਹਮ ਆਈ ਗਵਾ।" ਤੇ ਉਹ ਇਕ ਵਾਰ ਫਿਰ ਜ਼ੋਰ ਦੀ ਹੱਸ ਪਈ। ਹਾਸਾ ਜਿਵੇਂ ਦੂਰ ਕਿਸੇ ਪਰਬਤ 'ਤੇ ਬਣੇ ਮੰਦਰ ਵਿਚ ਖੜਕਦੀਆਂ ਖੜਤਾਲਾਂ ਵਾਂਗ ਸੁਣਾਈ ਦਿੱਤਾ ਹੋਵੇ।

"ਇਹ ਤੂੰ ਗੱਲ-ਗੱਲ 'ਤੇ ਹੱਸ ਕਿਉਂ ਪੈਂਦੀ ਹੈਂ ਸਾਂਵਲੀ?"

ਮੈਂ ਜੀਪ ਤੋਂ ਹੁਣ ਤੱਕ ਥੱਲੇ ਉਤਰ ਚੁੱਕਿਆ ਸੀ। ਉਸ ਨੇ ਆਪਣੇ ਪੈਰਾਂ ਵਿਚ ਪਾਈ ਇਕ ਝਾਂਜਰ ਨੂੰ ਥੋੜਾ ਪਬੀ ਹਿਲਾ ਕੇ ਖਨਕਾਇਆ ਤੇ ਇਕ ਵਾਰ ਫਿਰ ਜ਼ੋਰ ਨਾਲ ਹੱਸਦੀ ਹੋਈ ਬੋਲੀ, "ਕਿਉਂ, ਕਿਆ ਬਾਤ ਹੈ ਸਾਹਿਬ, ਤੁਮਾਰ ਕੋ ਹੰਸੀ ਅੱਛਾ ਨਹੀਂ ਲਗਤ?"

ਮੈਂ ਉਸ ਖਨਕਦੀ ਹੋਈ ਝਾਂਜਰ ਤੇ ਹਿੱਲਦੇ ਹੋਏ ਪੱਬ ਨੂੰ ਦੱਬੇ ਸਾਹਾਂ ਹੇਠ ਦੇਖਦੇ ਹੋਏ ਕਹਿਣ ਲੱਗਾ, "ਨਹੀਂ-ਨਹੀਂ, ਐਸੀ ਕੋਈ ਗੱਲ ਨਹੀਂ! ਮੈਂ ਤਾਂ ਐਵੇਂ ਹੀ ਪੁੱਛ ਰਿਹਾ ਸਾਂ ਸਾਂਵਲੀ।"

ਅਜੇ ਅਸੀਂ ਗੱਲਾਂ ਕਰ ਹੀ ਰਹੇ ਸੀ ਕਿ ਮਾਲੀ ਵਿਸ਼ਨੂੰ ਤੇ ਉਸਦੀ ਪਤਨੀ ਖੇਤਾਂ 'ਚੋਂ ਨਿਕਲ ਕੇ ਮੇਰੇ ਵੱਲ ਆਉਂਦੇ ਦਿਸੇ। ਇਹ ਦੇਖ ਸਾਂਵਲੀ ਇਕ ਵਾਰ ਫਿਰ ਖੁੱਲਾ ਜਿਹਾ ਹਾਸਾ ਹੱਸ ਕੇ ਆਪਣੀ ਕੋਠੜੀ ਵਿਚ ਚਲੀ ਗਈ। ਇਸੇ ਦੌਰਾਨ ਮਾਲੀ ਤੇ ਮਾਲਣ ਮੇਰੇ ਕੋਲ ਪਹੁੰਚ ਗਏ ਤੇ ਮੈਨੂੰ ਦੋਵੇਂ ਹੱਥ ਜੋੜ ਕੇ ਰਾਮ-ਰਾਮ ਆਖਿਆ। ਮੈਂ ਆਪਣੀ ਬੰਦੂਕ ਜੀਪ 'ਚੋਂ ਚੁੱਕਦੇ ਹੋਏ ਪੁੱਛਿਆ, "ਸੁਣਾ ਮਾਲੀ, ਕੰਮ ਸ਼ੁਰੂ ਕਰ ਦਿੱਤਾ।"

"ਹਾਂ ਸਾਹਿਬ! ਹਮਕੋ ਤੋ ਸੁਬਹ ਉਠਤ ਹੀ ਕਾਮ ਪਰ ਜਾਣੇ ਕੀ ਲਗਨ ਹੈ। ਆਤ ਤਨਿਕ ਭੀ ਚਿੰਤਾ ਨਾਹੀਂ ਕਰਨੀ।"

"ਠੀਕ ਹੈ ਵਿਸ਼ਨੂੰ! ਮੈਨੂੰ ਤੇਰੇ ਜਿਹੇ ਆਦਮੀ ਦੀ ਹੀ ਤਲਾਸ਼ ਸੀ। ਜਦੋਂ ਤੋਂ ਮੇਰਾ ਪਹਿਲਾ ਆਦਮੀ ਮਰਿਆ ਹੈ, ਮੇਰਾ ਫਾਰਮ ਤਾਂ ਜਿਵੇਂ ਅਨਾਥ ਹੋ ਗਿਆ ਸੀ। ਪਰ ਹੁਣ ਤੂੰ ਆ ਗਿਆ ਹੈਂ, ਉਮੀਦ ਹੈ ਉਸ ਦੀ ਕਮੀ ਪੂਰੀ ਕਰ ਦੇਵੇਂਗਾ।"

ਇਹ ਕਹਿ ਕੇ ਮੈਂ ਆਪਣੀ ਕਾਟੇਜ ਵਿੱਚ ਚਲਾ ਗਿਆ। ਰਹਿ-ਰਹਿ ਕੇ ਸਾਂਵਲੀ ਦੀ ਉਹ ਸਾਦਗੀ, ਹਾਸਾ ਤੇ ਉਸ ਦਾ ਖੂਬਸੂਰਤ ਰੂਪ-ਖਜ਼ਾਨਾ ਮੇਰੇ ਸਾਹ-ਸਾਹ ਨੂੰ ਗਰਮਾ ਰਿਹਾ ਸੀ। ਪਰ ਇਕ ਖਿਆਲ ਉਸ ਖੂਬਸੂਰਤ ਰੂਪ ਖਜ਼ਾਨੇ ਤੋਂ ਮੈਨੂੰ ਦੂਰ ਲੈ ਜਾਣ ਲਈ ਉਭਾਰਨ ਲਗਾ ਤੇ ਉਸ ਖਿਆਲ ਨਾਲ ਮੇਰੇ ਹੋਂਠ ਤੜਪੇ, "ਨਹੀਂ! ਇਹ ਠੀਕ ਨਹੀਂ। ਮੈਂ ਇਕ ਸ਼ਾਦੀ ਸ਼ੁਦਾ ਆਦਮੀ ਹਾਂ। ਸਾਂਵਲੀ ਨੂੰ ਸਾਂਵਲੀਆਂ ਨਜ਼ਰਾਂ ਨਾਲ ਦੇਖਣਾ, ਆਪਣੇ ਆਪ ਨੂੰ ਸਾਂਵਲਾ ਕਰਨਾ ਹੈ।" ਤੇ ਇਹ ਸੋਚ ਕੇ ਮੈਂ ਆਪਣੇ ਸਿਰ ਨੂੰ ਜ਼ੋਰ ਦਾ ਇਕ ਝਟਕਾ ਦਿੱਤਾ ਤੇ ਫਿਰ ਆਪਣੀ ਬੰਦੂਕ ਚੁੱਕ ਕੇ, ਕਾਟੇਜ਼ ਤੋਂ ਨਿਕਲ ਖੇਤਾਂ 'ਚੋਂ ਹੁੰਦਾ ਹੋਇਆ, ਕੋਲ ਹੀ ਲਗਦੇ ਜੰਗਲ ਵਿਚ ਸ਼ਿਕਾਰ ਕਰਨ ਲਈ ਤੁਰ ਗਿਆ। ਅਜੇ ਮੈਂ ਥੋੜੀ ਦੂਰ ਹੀ ਗਿਆ ਸਾਂ ਕਿ ਮੇਰੇ ਕੋਲ ਦੀ ਇਕ ਝਾੜੀ 'ਚੋਂ ਇਕ ਕਾਲੇ ਰੰਗ ਦਾ ਤਿੱਤਰ ਫੁੱਰ ਕਰਕੇ ਮੇਰੇ ਕੋਲੋਂ ਦੀ ਉਡਾਰੀ ਮਾਰ, ਥੋੜੀ ਦੂਰ ਖਲੋਤੀ ਇਕ ਬੇਰੀ 'ਤੇ ਜਾ ਬੈਠਾ। ਉਸ ਦਾ ਬੈਠਣਾ ਸੀ ਕਿ ਮੇਰੀ ਬੰਦੂਕ ਦੀ ਸੱਜੀ ਨਾਲ 'ਚੋਂ ਠਾਹ ਕਰਦੀ ਗੋਲੀ ਨਿਕਲੀ ਤੇ ਉਹ ਕਾਲਾ ਤਿੱਤਰ ਫੜ-ਫੜਾਂਦਾ ਹੋਇਆ ਜ਼ਮੀਨ 'ਤੇ ਆ ਡਿੱਗਾ। ਇਹ ਦੇਖ ਕੇ ਖੁਸ਼ੀ ਦੇ ਨਾਲ ਮੈਂ ਨੱਚ ਉਠਿਆ ਤੇ ਤੇਜ਼-ਤੇਜ਼ ਕਦਮ ਪੁੱਟੀ, ਉਸ ਡਿੱਗੇ ਹੋਏ ਤਿੱਤਰ ਦੇ ਕੋਲ ਪਹੁੰਚ ਕੇ ਉਸ ਨੂੰ ਹੱਥ ਵਧਾ ਕੇ ਬੜੇ ਚਾਅ ਨਾਲ ਚੁੱਕ ਲਿਆ। ਉਹ ਅਜੇ ਵੀ ਫੜਫੜਾਈ ਜਾ ਰਿਹਾ ਸੀ।

ਅਚਾਨਕ ਮੇਰੀਆਂ ਨਜ਼ਰਾਂ ਉਸ ਦੀਆਂ ਅੱਖਾਂ ਨਾਲ ਜਾ ਟਕਰਾਈਆਂ। ਮੈਨੂੰ ਜਿਵੇਂ ਇਕ ਧੱਕਾ ਜਿਹਾ ਲੱਗਾ ਹੋਵੇ। ਮੈਂ ਤੱਕਿਆ, ਉਨਾਂ ਅੱਖਾਂ ਵਿਚ ਵੀ ਉਹ ਸਲੋਨਾਪਨ ਵਸਿਆ ਹੋਇਆ ਸੀ ਜਿਵੇਂ ਕਿ ਮੈਂ ਹੁਣੇ ਕੁਝ ਦੇਰ ਪਹਿਲਾਂ, ਫਾਰਮ 'ਤੇ ਸਾਂਵਲੀ ਦੀਆਂ ਅੱਖਾਂ ਵਿਚ ਤੱਕ ਕੇ ਆਇਆ ਸੀ। ਬਸ ਫਰਕ ਸੀ ਤਾਂ ਇਤਨਾ ਕਿ ਇਸ ਪਰਿੰਦੇ ਦੀਆਂ ਅੱਖਾਂ ਵਿਚ ਬੇਸ਼ੁਮਾਰ ਦਰਦ ਦਾ ਸਮੁੰਦਰ ਛੱਲਾਂ ਮਾਰ ਰਿਹਾ ਸੀ ਤੇ ਸਾਂਵਲੀ ਦੇ ਨੈਣਾਂ ਵਿਚ ਹਾਸੇ ਦੀਆਂ ਸ਼ੋਖੀਆਂ ਤੇ ਅੱਖਾਂ ਹੀ ਨਹੀਂ, ਉਸਦੇ ਖੰਭਾਂ ਦਾ ਰੰਗ ਵੀ ਤਾਂ ਕਈ ਹੋਰ ਰੰਗਾਂ ਨਾਲ ਮਿਲਿਆ ਖੂਬਸੂਰਤ ਚਮਕ ਲਈ ਸਾਂਵਲਾ-ਸਾਂਵਲਾ ਹੀ। ਹੋਰ ਗੌਰ ਨਾਲ ਦੇਖਿਆ ਤਾਂ ਮੇਰੇ ਮਨ 'ਚੋਂ ਇਕ ਹੂਕ ਉਠੀ, "ਹਾਏ! ਇਹ ਮੈਂ ਕੀ ਕੀਤਾ। ਇਹ ਤਾਂ ਨਰ ਤਿੱਤਰ ਨਾ ਹੋ ਕੇ ਮਾਦਾ ਤਿਤਰੀ ਹੈ।" ਕਿਉਂਕਿ ਮਾਦਾ ਤਿਤਰੀ ਦੀਆਂ ਲੱਤਾਂ ਤੇ ਕੰਡੇ ਦੀ ਸ਼ਕਲ-ਜਿਹਾ ਕੰਡਾ ਨਹੀਂ ਹੁੰਦਾ ਪਰ ਤਿੱਤਰ ਦੀਆਂ ਲੱਤਾਂ 'ਤੇ ਹੁੰਦਾ ਹੈ। ਇਹ ਤੱਕ ਮੈਨੂੰ ਇੰਜ ਲੱਗਾ ਜਿਵੇਂ ਮੈਂ ਇਹ ਗੋਲੀ ਕਾਲੀ ਤਿੱਤਰੀ ਤੇ ਨਹੀਂ, ਸਗੋਂ ਸਾਂਵਲੀ ਉੱਤੇ ਚਲਾਈ ਹੋਵੇ ਜਿਸ ਨੂੰ ਗੋਲੀ ਲਗਦੇ ਹੀ ਉਸ ਦਾ ਖੁਲਾ-ਖੁਲਾ ਹਾਸਾ, ਜ਼ਖ਼ਮੀ ਹੋ ਕੇ ਮੇਰੀਆਂ ਬਾਹਵਾਂ ਵਿਚ ਦਮ ਤੋੜਦਾ ਜਾ ਰਿਹਾ ਹੋਵੇ।

# ਜੋਤਸ਼ੀ ਕਿਵੇਂ ਮਾਰਦੇ ਨੇ ਠੱਗੀਆਂ

ਸੱਚੀ ਦਾਸਤਾਨ

- ਭੁਪਿੰਦਰ ਸਿੰਘ ਮਾਨ

ਛੇ ਕੁ ਮਹੀਨੇ ਪਹਿਲਾਂ ਅਸੀਂ ਕਈ ਦੋਸਤ ਸਾਡੇ ਮਿੱਤਰ ਬਲਵੀਰ ਆਰਟਸ ਦੀ ਦੁਕਾਨ 'ਤੇ ਬੈਠੇ ਗੱਪਸ਼ੱਪ ਕਰ ਰਹੇ ਸੀ ਕਿ ਦੋ ਪੇਂਡੂ ਜਾਪਦੇ ਬੰਦੇ ਤੇ ਸਾਡੇ ਸ਼ਹਿਰ ਦਾ ਵਰਦੀਧਾਰੀ ਐੱਸ.ਐੱਚ.ਓ. ਆਪਣੇ ਨਾਲ ਤਿੰਨ ਚਾਰ ਸਿਪਾਹੀ ਲੈ ਕੇ ਆ ਪਹੁੰਚਿਆ। ਉਹਨਾਂ ਬਲਵੀਰ ਨੂੰ ਬੁਲਾ ਕੇ ਪੁੱਛਿਆ ਕਿ ਤੇਰੀ ਦੁਕਾਨ 'ਤੇ ਕੈਮਰੇ ਲੱਗੇ ਹੋਏ ਹਨ, ਅਸੀਂ ਪਿਛਲੇ ਮਹੀਨੇ ਦੀ ਫੁਟੇਜ ਚੈੱਕ ਕਰਨੀ ਹੈ। ਬਲਵੀਰ ਨੇ ਉਹਨਾਂ ਨੂੰ ਫੁਟੇਜ ਚੈੱਕ ਕਰਵਾਉਣੀ ਸ਼ੁਰੂ ਕਰ ਦਿੱਤੀ।

ਜਦੋਂ ਅਸੀਂ ਉਸ ਤੋਂ ਸਾਰਾ ਮਾਜਰਾ ਪੁੱਛਿਆ ਤਾਂ ਉਨਾਂ ਨੇ ਇਹ ਕਹਾਣੀ ਦੱਸੀ ਕਿ ਨੇੜਲੇ ਪਿੰਡ ਦੇ ਉਹ ਦਰਮਿਆਨੇ ਕਿਸਾਨ ਹਨ। ਉਹਨਾਂ ਨੇ ਡੇਅਰੀ ਫਾਰਮ ਵੀ ਖੋਲਿਆ ਹੋਇਆ ਹੈ। ਪਿੱਛੇ ਜਿਹੇ ਉਹਨਾਂ ਦੀਆਂ ਕਈ ਗਾਵਾਂ ਭੇਦ ਭਰੇ ਢੰਗ ਨਾਲ ਬਿਮਾਰ ਹੋ ਕੇ ਮਰ ਗਈਆਂ ਸਨ। ਇਸੇ ਸਮੇਂ ਦੌਰਾਨ ਪਿੰਡ ਵਿੱਚ ਇਕ ਬੰਦਾ ਜਗਦੰਬੇ ਜੋਤਿਸ਼ ਕੇਂਦਰ ਦੇ ਇਸ਼ਤਿਹਾਰ ਘਰ ਘਰ ਵੰਡ ਕੇ ਗਿਆ। ਕੁਦਰਤੀ ਉਹ ਇਸ਼ਤਿਹਾਰ ਉਸਦੀ ਭਰਜਾਈ ਨੇ ਪੜ ਲਿਆ ਅਤੇ ਉਸਨੇ ਜੋਰ ਦੇ ਕੇ ਸਾਨੂੰ ਜੋਤਿਸ਼ ਕੇਂਦਰ ਬੱਸ ਸਟੈਂਡ ਰੋਡ 'ਤੇ ਭੇਜ ਦਿੱਤਾ। ਉਸ ਨੇ ਦੱਸਿਆ ਕਿ ਇਕ ਪੱਚੀ ਕੁ ਸਾਲ ਦਾ ਗੋਰਾ ਵਿਅਕਤੀ ਹਿੰਦੀ ਭਾਸ਼ੀ ਜੋਤਿਸ਼ੀ ਭੇਸ ਧਾਰੀ ਬੈਠਾ ਸੀ। ਕਈ ਬੰਦੇ ਉੱਥੇ ਉਨਾਂ ਤੋਂ ਪਹਿਲਾਂ ਬੈਠੇ ਹੋਏ ਸਨ। ਉਹਨਾਂ ਦੀ ਵਾਰੀ ਆਉਣ 'ਤੇ ਉਹ ਸਮੱਸਿਆ ਪੁੱਛ ਕੇ, ਖਾਸਾ ਚਿਰ ਗ੍ਰੰਥ ਵਾਚ ਕੇ, ਕਾਗਜ਼ 'ਤੇ ਕੁੰਡਲੀਆਂ ਬਣਾਉਂਦਾ ਰਿਹਾ। ਫੇਰ ਗੰਭੀਰ ਹੋ ਕੇ ਕਹਿਣ ਲੱਗਾ, "ਸਰਦਾਰ ਜੀ, ਕਰੋਪੀ ਤੋ ਬਹੁਤ ਬੜੀ ਹੈ।"

ਫਿਰ ਸਾਡੇ ਕੋਲ ਬੈਠਾ ਬੰਦਾ ਆਪ ਬੀਤੀ ਦੱਸਣ ਲੱਗਾ, "... ਤੇ ਫੇਰ ਉਹ ਚੁੱਪ ਕਰ ਗਿਆ। ਅਸੀਂ ਬਹੁਤ ਡਰ ਗਏ। ਸਾਡੇ ਵਾਰ ਵਾਰ ਪੁੱਛਣ ਤੇ ਉਸਨੇ ਦੱਸਿਆ ਕਿ ਆਪ ਕੇ ਬੱਚੇ ਕਾ ਨੁਕਸਾਨ ਹੋ ਸਕਤਾ ਹੈ। ਅਸੀਂ ਉਪਾਅ ਪੁੱਛਿਆ ਤਾਂ ਉਸ ਨੇ ਵਿਸ਼ੇਸ਼ ਜਾਪ ਕਰਕੇ ਇਸ ਹੋਣੀ ਨੂੰ ਟਾਲਣ ਦੀ ਵਿਧੀ ਦੱਸੀ। ਬੱਚੇ ਦੀ ਜਾਨ ਸਾਹਮਣੇ ਅਸੀਂ ਸਭ ਕੁਝ ਭੁੱਲ ਗਏ। ਅਸੀਂ ਉਸ ਨੂੰ ਜਾਪ ਕਰਨ ਦੀ ਬੇਨਤੀ ਕੀਤੀ। ਉਸਨੇ ਸਮਗਰੀ ਤੇ ਇਕਵੰਜਾ ਸੌ ਰੁਪਏ ਦਾ ਖਰਚਾ ਦੱਸਿਆ। ਸਾਡੇ ਹਾਮੀ ਭਰਨ 'ਤੇ ਉਸ ਨੇ ਦੱਸਿਆ ਕਿ ਉਹ ਜਾਪ ਜੋਤਿਸ਼ ਕੇਂਦਰ 'ਤੇ ਕਰੇਗਾ ਅਤੇ ਉਪਾਅ ਦੀਆਂ ਅੰਤਿਮ ਰਸਮਾਂ ਘਰ ਵਿਚ ਕਰੇਗਾ। ਅਸੀਂ ਉਸ ਨੂੰ ਸਮੱਗਰੀ ਦੇ ਦਿੱਤੀ ਤੇ ਨਿਸ਼ਚਿਤ ਦਿਨ 'ਤੇ ਉਸ ਨੂੰ ਆਪਣੇ ਘਰ ਲੈ ਗਏ। ਉੱਥੇ ਉਸ ਨੇ ਆਪਣੇ ਢੰਗ ਨਾਲ ਪੂਜਾ ਪਾਠ ਕੀਤਾ ਤੇ ਕਿਹਾ ਕਿ ਉਪਾਅ ਸਫਲ ਰਿਹਾ ਹੈ। ਅਸੀਂ ਉਸ ਦੀ ਕਾਫੀ ਸੇਵਾ ਕੀਤੀ। ਉਸਨੇ ਸਾਨੂੰ ਆਪਣੀਆਂ ਗੱਲਾਂ ਨਾਲ ਕਾਇਲ ਕਰ ਲਿਆ। ਜਾਣ ਲੱਗਿਆਂ ਉਹ ਕਹਿਣ ਲੱਗਾ ਕਿ ਉਸਦੀ ਤੰਤਰ ਵਿੱਦਿਆ ਕਹਿੰਦੀ ਹੈ ਕਿ ਇੱਥੇ ਕੋਈ ਖਜਾਨਾ ਦੱਬਿਆ ਹੋਇਆ ਹੈ। ਸਾਡੀਆਂ ਪੌਂ ਬਾਰਾਂ ਹੋ ਜਾਣਗੀਆਂ। ਧਨ ਦੌਲਤ ਵਿੱਚ ਅਥਾਹ ਵਾਧਾ ਹੋਵੇਗਾ। ਪਰੰਤੂ ਇਸ ਕੰਮ ਲਈ ਪੰਦਰਾਂ ਦਿਨ ਸਾਡੇ ਘਰ ਵਿੱਚ ਆ ਕੇ ਉਸ ਨੂੰ ਵਿਸ਼ੇਸ਼ ਤਾਂਤਰਿਕ ਵਿੱਦਿਆ ਨਾਲ ਪੂਜਾ ਪਾਠ ਕਰਨਾ ਪਵੇਗਾ। ਸਾਡੇ ਲਈ ਇਸ ਨੂੰ ਗੁਪਤ ਰੱਖਣ ਦਾ ਬੰਨਣ ਹੋਵੇਗਾ। ਅਸੀਂ ਤੁਰੰਤ ਹਾਂ ਕਰ ਦਿੱਤੀ। ...

"ਅਗਲੇ ਸੋਮਵਾਰ ਤੋਂ ਉਸਨੇ ਧੁਰ ਅੰਦਰਲੇ ਕਮਰੇ ਵਿੱਚ ਪੂਜਾ ਪਾਠ ਸ਼ੁਰੂ ਕਰ ਦਿੱਤਾ। ਤੀਜੇ ਕੁ ਦਿਨ ਉਹ ਸਾਨੂੰ ਕਹਿਣ ਲੱਗਾ ਕਿ ਖਜਾਨੇ ਉੱਪਰ ਨਾਗ ਦਾ ਪਹਿਰਾ ਹੈ। ... ਅਗਲੇ ਦਿਨ ਪੂਜਾ ਤੋਂ ਬਾਅਦ ਉਹਨੇ ਨਾਗ ਦਾ ਪਹਿਰਾ ਖਤਮ ਕਰ ਦਿੱਤਾ। ਹੁਣ ਉਹਨੇ ਖਜਾਨੇ ਨੂੰ ਪ੍ਰਗਟ ਕਰਾਉਣ ਲਈ ਥੋੜੇ ਜਿਹੇ ਘਰ ਦੇ ਖਜਾਨੇ ਦੀ ਲੋੜ ਦੱਸੀ। ਇਕ ਲਾਲ ਕੱਪੜਾ ਦਿੰਦੇ ਹੋਏ ਕਿਹਾ ਕਿ ਤੁਸੀਂ ਇਸ ਤਰਾਂ ਕਰੋ ਕਿ ਘਰ ਦਾ ਜਿੰਨਾ ਸੋਨਾ ਅਤੇ ਪੈਸੇ ਹਨ, ਉਹ ਸਾਰੇ ਇਸ ਪੋਟਲੀ ਵਿੱਚ ਬੰਨ ਦਿਓ। ਸ਼ਨੀਵਾਰ ਨੂੰ ਆਪਾਂ ਇਸ ਨੂੰ ਪੂਜਾ ਸਥਾਨ 'ਤੇ ਰੱਖ ਕੇ ਪੂਜਾ ਅੱਗੇ ਵਧਾਵਾਂਗੇ। ਜਿੰਨਾ ਸਮਾਨ ਆਪਾਂ ਰੱਖਾਂਗੇ, ਉਸ ਤੋਂ ਦੁੱਗਣਾ ਸਮਾਨ ਤਾਂ ਮਿਲੂ ਹੀ ਮਿਲੂ। ਅਸੀਂ ਲਾਲਚ ਵਿੱਚ ਆ ਗਏ।...

"ਅਗਲੇ ਦਿਨ ਉਹ ਦੋ ਸੋਨੇ ਵਰਗੀਆਂ ਪੀਲੇ ਰੰਗ ਦੀਆਂ ਇੱਟਾਂ ਲੈ ਆਇਆ ਤੇ ਕਹਿਣ ਲੱਗਾ ਕਿ ਤੁਸੀਂ ਆਪਣਾ ਧਨ ਸ਼ਨੀਵਾਰ ਨੂੰ ਰੱਖੋਗੇ, ਮੈਂ ਇਸ ਨੂੰ ਸੋਮਵਾਰ ਨੂੰ ਰੱਖਾਂਗਾ। ਤੁਹਾਡੇ ਨਾਲ ਮੇਰਾ ਵੀ ਭਲਾ ਹੋ ਜਾਊਗਾ। ਸਾਡੇ ਸਾਹਮਣੇ ਹੀ ਉਹਨੇ ਉਨਾਂ ਇੱਟਾਂ ਨੂੰ ਲਾਲ ਕੱਪੜੇ ਦੀ ਪੋਟਲੀ ਵਿੱਚ ਬੰਨ ਕੇ ਸਾਡੀ ਅਲਮਾਰੀ ਵਿੱਚ ਰੱਖ ਦਿੱਤਾ ਅਤੇ ਜਿੰਦਰਾ ਮਾਰ ਕੇ ਮੇਰੀ ਭਰਜਾਈ ਨੂੰ ਚਾਬੀ ਦਿੰਦੇ ਸਖਤੀ ਨਾਲ ਕਿਹਾ – ਇਸ ਨੂੰ ਸੋਮਵਾਰ ਤੋਂ ਪਹਿਲਾਂ ਨਹੀਂ ਖੋਲਣਾ, ਨਹੀਂ ਤਾਂ ਪੂਜਾ ਵਿੱਚ ਵਿਘਨ ਪੈ ਜਾਊ।...

"ਉੱਧਰ ਅਸੀਂ ਆੜਤੀਏ ਤੋਂ, ਰਿਸ਼ਤੇਦਾਰਾਂ ਤੋਂ ਫੜ ਕੇ ਚੌਦਾਂ ਲੱਖ ਨਕਦ ਤੇ ਘਰ ਦਾ ਸਾਰਾ ਸੋਨਾ ਸ਼ਨੀਵਾਰ ਨੂੰ ਲਾਲ ਕੱਪੜੇ ਵਿੱਚ ਬੰਨ ਕੇ ਫੜਾ ਦਿੱਤਾ। ਐਤਵਾਰ ਉਸਨੇ ਫੇਰ ਆਪਣਾ ਪੂਜਾ ਪਾਠ ਕੀਤਾ। ਸੋਮਵਾਰ ਨੂੰ ਉਹ ਨਾ ਬਹੁੜਿਆ। ਫੋਨ ਕੀਤਾ ਤਾਂ ਨੰਬਰ ਬੰਦ ਆਈ ਜਾਵੇ। ਭਾਈ ਮੋਟਰ ਸਾਈਕਲ 'ਤੇ ਇੱਥੇ ਆਇਆ ਤਾਂ ਦੁਕਾਨ ਬੰਦ ਪਈ ਸੀ। ਅਸੀਂ ਸਾਰਾ ਦਿਨ ਉਡੀਕਦੇ ਰਹੇ। ਜਦੋਂ ਉਸਦਾ ਕੋਈ ਅਤਾ ਪਤਾ ਨਾ ਲੱਗਿਆ ਤਾਂ ਸਾਡਾ ਮੱਥਾ ਠਣਕਿਆ। ਅਸੀਂ ਪੂਜਾ ਵਾਲੇ ਥਾਂ 'ਤੇ ਗਏ। ਪੋਟਲੀ ਉੱਥੇ ਪਈ ਸੀ। ਪੋਟਲੀ ਖੋਲ ਕੇ ਦੇਖੀ ਤਾਂ ਅੰਦਰ ਲੀਰਾਂ ਤੇ ਕਾਗਜ ਭਰੇ ਪਏ, ਸੋਨਾ ਤੇ ਨਕਦੀ ਗਾਇਬ ਸੀ। ਸਾਡੇ ਘਰ ਵਿੱਚ ਬੂ ਪਾਹਰੀਆਂ ਮੱਚ ਗਈ। ਭਰਜਾਈ ਕਹਿੰਦੀ, ਉਹਦੀਆਂ ਸੋਨੇ ਦੀਆਂ ਇੱਟਾਂ ਤਾਂ ਪਈਆਂ, ਘਬਰਾਓ ਨਾ। ਉਸੇ ਸਮੇਂ ਜਦੋਂ ਉਹ ਇੱਟਾਂ ਅਸੀਂ ਕੱਢ ਕੇ ਦੇਖੀਆਂ ਤਾਂ ਧਾਤ ਦੀ ਇੱਟਾਂ ਤੇ ਪੀਲਾ ਜਿਹਾ ਰੰਗ ਕੀਤਾ ਹੋਇਆ ਸੀ। ਅੰਧ ਵਿਸ਼ਵਾਸ ਦੀ ਪੱਟੀ ਬੰਨ ਕੇ ਸਾਡੀ ਬੜੀ ਨਮੋਸ਼ੀ ਹੋਈ, ਮੂਰਖ ਵੀ ਬਣੇ ਅਤੇ ਲੁੱਟੇ ਵੀ ਗਏ। ਪੁਲਿਸ ਕੋਲ ਗਏ। ਪਰ ਉਸ ਦਾ ਕੋਈ ਅਤਾ ਪਤਾ ਹੋਵੇ ਤਾਂ ਪਤਾ ਲੱਗੇ। ਕਿਸੇ ਨੇ ਦੱਸਿਆ ਕਿ ਇਸ ਦੁਕਾਨ 'ਤੇ ਕੈਮਰੇ ਲੱਗੇ ਹੋਏ ਹਨ। ਅਸੀਂ ਸੋਚਿਆ, ਕੀ ਪਤਾ ਉਸ ਠੱਗ ਦੀ ਕੋਈ ਫੋਟੋ ਹੀ ਮਿਲ ਜਾਵੇ।"

ਅੰਧ ਵਿਸ਼ਵਾਸ ਦੀ ਭੇਟ ਚੜ ਕੇ ਠੱਗੇ ਗਏ ਮਿਹਨਤਕਸ਼ ਬੰਦਿਆਂ ਨੂੰ ਦੇਖ ਕੇ ਸਾਡਾ ਮਨ ਉਦਾਸ ਹੋ ਗਿਆ।

# ਸ਼੍ਰੋਮਣੀ ਕਮੇਟੀ ਨੂੰ ਅਜ਼ਾਦ ਕਰਵਾਏ ਬਗੈਰ ਅਕਾਲ ਤਖਤ ਸਾਹਿਬ ਦੀ ਖੁਦਮੁਖਤਿਆਰੀ ਨਹੀਂ ਹੋ ਸਕੇਗੀ

## ✪ ਸਚਿਆਰੇ ਸਿੱਖਾਂ ਤੇ ਪੰਥਕ ਜਥੇਬੰਦੀਆਂ ਨੂੰ ਇਕਮੁਠ ਹੋ ਕੇ ਸ਼੍ਰੋਮਣੀ ਕਮੇਟੀ ਨੂੰ ਅਜ਼ਾਦ ਕਰਵਾ ਕੇ ਹਲੇਮੀ ਰਾਜ ਵਲ ਤੁਰਨ ਦੀ ਲੋੜ

## ✪ ਪੰਜਾਬ ਦੀ ਨਸਲਕੁਸ਼ੀ ਦੀਆਂ ਸਾਜ਼ਿਸਾਂ ਨੂੰ ਸਮਝਣ ਤੇ ਵਿਉਂਤਬੰਦੀ ਕਰਕੇ ਰੋਕਣ ਦੀ ਲੋੜ



**- ਬਘੇਲ ਸਿੰਘ ਧਾਲੀਵਾਲ**

ਬੜੀਆਂ ਕੁਰਬਾਨੀਆਂ ਤੋਂ ਬਾਅਦ ਹੋਂਦ ਵਿੱਚ ਆਈ ਸ਼੍ਰੋਮਣੀ ਕਮੇਟੀ ਆਪਣੀ ਪਹਿਲੀ ਸਤਾਬਦੀ ਪੂਰੀ ਕਰਨ ਤੋਂ ਪਹਿਲਾਂ ਪਹਿਲਾਂ ਹੀ ਗੁਰਦੁਆਰਾ ਸਾਹਿਬਾਨਾਂ ਦੀ ਸਹੀ ਸਾਂਭ ਸੰਭਾਲ ਤੇ ਸਿੱਖ ਰਹਿਤ ਮਰਯਾਦਾ ਨੂੰ ਵਿਸਾਰ ਕੇ ਆਪਣੇ ਫਰਜਾਂ ਨੂੰ ਪਾਲਣ ਵਿੱਚ ਅਸਫਲ ਰਹਿਣ ਦਾ ਲੇਬਲ ਆਪਣੇ ਉੱਪਰ ਲਵਾ ਚੁੱਕੀ ਹੈ। ਸ਼੍ਰੋਮਣੀ ਕਮੇਟੀ ਵਿੱਚ ਆਏ ਨਿਘਾਰ ਦਾ ਮੁੱਖ ਕਾਰਨ ਇਸ ਦੇ ਪ੍ਰਬੰਧਾਂ ਵਿੱਚ ਅਜਿਹੀਆਂ ਗੈਰ ਸਿੱਖ ਤਾਕਤਾਂ ਦੀ ਲੋੜੋਂ ਵੱਧ ਦਖਲ ਅੰਦਾਜ਼ੀ ਹੈ, ਜਿਹੜੀਆਂ ਸਿੱਖੀ ਨੂੰ ਖਤਮ ਕਰਨ ਲਈ ਦਿਨ ਰਾਤ ਗੋਂਦਾਂ ਗੁੰਦਦੀਆਂ ਰਹਿੰਦੀਆਂ ਹਨ। ਸਿੱਖੀ ਦਾ ਨਿਆਰਾਪਣ, ਇਹਦਾ ਵਹਿਮਾਂ ਭਰਮਾਂ ਅਤੇ ਹੋਰ ਅਜਿਹੇ ਕਰਮਕਾਂਡਾਂ ਤੋਂ ਨਿਰਲੇਪ ਹੋਣਾ ਜਿਹੜੇ ਹਿੰਦੂ ਧਰਮ ਦਾ ਅਹਿਮ ਤੇ ਅਨਿੱਖੜਵਾਂ ਅੰਗ ਹਨ, ਹੀ ਸਿੱਖ ਦੁਸ਼ਮਣ ਤਾਕਤਾਂ ਨੂੰ ਚੁਭਦਾ ਰਹਿੰਦਾ ਹੈ। ਮੁੱਢ ਤੋਂ ਹੀ ਸਿੱਖੀ ਦੇ ਕਦੇ ਬ੍ਰਾਹਮਣਾਂ ਨਾਲ, ਕਦੇ ਮੁਲਾਣਿਆਂ ਨਾਲ ਟਕਰਾਉ ਵਾਲੇ ਸਬੰਧ ਹੀ ਰਹੇ ਹਨ। ਇਸ ਦਾ ਕਾਰਨ ਵੀ ਗੁਰੂ ਸਾਹਿਬਾਨਾਂ ਵੱਲੋਂ ਲੋਕਾਂ ਨੂੰ ਦਿੱਤੀ ਜਾਂਦੀ ਬਿਬੇਕ ਭਰਪੂਰ ਸਿਖਿਆ ਹੀ ਸੀ, ਜਿਹੜੀ ਸਮੁੱਚੀ ਮਨੁੱਖਤਾ ਦੇ ਭਲੇ ਲਈ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਜਿਹੜੀ ਸਮੁੱਚੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਚਲਣ ਦੇ ਸਮਰੱਥ ਹੈ, ਜਿਸ ਦੀ ਰਹਿਨੁਮਾਈ ਪੂਰੀ ਦੁਨੀਆਂ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ ਜਿਹੜੀ ਆਧੁਨਿਕ ਜੁੱਗ ਦੇ ਵਿਗਿਆਨੀਆਂ ਵੱਲੋਂ ਕੀਤੀਆਂ ਜਾ ਰਹੀਆਂ ਨਵੀਂਆਂ ਖੋਜਾਂ ਦੀ ਅਗਾਊਂ ਪ੍ਰੇਰਨਾ ਦੇ ਕੇ ਸਿੱਖੀ ਨੂੰ ਵਿਗਿਆਨਕ ਧਰਮ ਹੋਣ ਦਾ ਮਾਣ ਦਿਵਾਉਂਦੀ ਹੈ, ਉਸ ਦੀ ਪ੍ਰਮਾਣਿਕਤਾ ਨੂੰ ਵੀ ਝੁਠਲਾਉਣ ਦੇ ਯਤਨ ਹੋ ਰਹੇ ਹਨ। ਗੁਰੂ ਗ੍ਰੰਥ ਸਹਿਬ ਪੂਰੇ ਵਿਸ਼ਵ ਲਈ ਅਦੁੱਤੀ ਗਿਆਨ ਦਾ ਸੋਮਾ ਹੈ। ਸਿੱਖੀ ਵਿੱਚ ਘੁਸਪੈਂਠ ਕਰ ਚੁੱਕੇ ਪੁਜਾਰੀ ਕਿਸਮ ਦੇ ਲੋਕਾਂ ਨੇ ਗੁਰੂ ਗਰੰਥ ਸਹਿਬ ਵਿੱਚ ਦਰਜ ਇਲਾਹੀ ਬਾਣੀ ਦੇ ਅਰਥਾਂ ਨੂੰ ਤੋੜ ਮਰੋੜ ਕੇ ਆਪਣੀ ਨਿੱਜੀ ਲਾਲਸਾ ਵਸ ਇਸ ਗਿਆਨ ਦੇ ਸੋਮੇ ਨੂੰ ਕਰਮਕਾਂਡੀ ਵਿਚਾਰਧਾਰਾ ਬਣਾਕੇ ਅਗਿਆਨਤਾ ਫੈਲਾਉਣ ਲਈ ਆਪਣੀ ਸਾਰੀ ਸ਼ਕਤੀ ਝੋਕੀ ਹੋਈ ਹੈ। ਇਸ ਮਕਸਦ ਲਈ ਸਿੱਖ ਵਿਰੋਧੀ ਤਾਕਤਾਂ ਉਹਨਾਂ ਦਾ ਹਰ ਤਰਾਂ ਨਾਲ ਸਾਥ ਦੇ ਰਹੀਆਂ ਹਨ। ਸਿੱਖ ਵਿਰੋਧੀ ਸ਼ਕਤੀਆਂ ਇਹ ਭਲੀਭਾਂਤ ਸਮਝਦੀਆਂ ਹਨ ਕਿ ਜਿੰਨਾਂ ਚਿਰ ਸਿੱਖਾਂ ਦੇ ਗਿਆਨ ਅਤੇ ਸ਼ਕਤੀ ਦੇ ਸੋਮਿਆਂ ਤੇ ਲੁਕਵੇਂ ਢੰਗ ਨਾਲ ਕਬਜ਼ੇ ਨਹੀ ਕੀਤੇ ਜਾਂਦੇ ਓਨਾ ਚਿਰ ਸਿੱਖਾਂ ਨੂੰ ਦਬਾਇਆ ਨਹੀ ਜਾ ਸਕਦਾ। ਇਹ ਹੀ ਚਾਲ ਅੰਗਰੇਜ਼ਾਂ ਨੇ ਖੇਡੀ, ਉਹ ਗੁਰਦੁਆਰਾ ਪ੍ਰਬੰਧ ਆਪਣੇ ਹੱਥ ਲੈ ਕੇ ਅਕਾਲ ਤਖਤ ਦੇ ਜਥੇਦਾਰ ਨੂੰ ਆਪਣੇ ਪੱਖ ਵਿੱਚ ਭੁਗਤਾਉਂਦੇ ਰਹੇ ਹਨ। ਗੁਰਦੁਆਰਿਆਂ ਤੇ ਮਹੰਤਾਂ ਤੇ ਪੁਜਾਰੀਆਂ ਦੇ ਕਬਜੇ ਸਿੱਖਾਂ ਦੀ ਬੋਧਿਕ ਸ਼ਕਤੀ ਨੂੰ ਖਤਮ ਕਰਨ ਲਈ ਹੀ ਕਰਵਾਏ ਗਏ ਸਨ। ਗੁਰਦੁਆਰਾ ਪ੍ਰਬੰਧ ਨੂੰ ਮਹੰਤਾਂ ਤੇ ਪੁਜਾਰੀਆਂ ਤੋ ਅਜ਼ਾਦ ਕਰਵਾਉਣ ਲਈ ਆਰੰਭ ਹੋਈਆਂ ਲਹਿਰਾਂ ਵਿੱਚੋਂ ਹੀ ਸੁਚੱਜੇ ਗੁਰਦੁਆਰਾ ਪ੍ਰਬੰਧ ਲਈ ਪੰਥਕ ਆਗੂਆਂ ਨੇ 15,16 ਨਵੰਬਰ 1920 ਦਰਬਾਰ ਸਹਿਬ ਵਿਖੇ ਇਕੱਠ ਕਰਕੇ 175 ਮੈਂਬਰੀ ਕਮੇਟੀ ਦਾ ਗਠਨ ਕੀਤਾ ਜਿਸ ਨੂੰ ਸਰੋਮਣੀ ਕਮੇਟੀ ਦਾ ਨਾਮ ਦਿੱਤਾ ਗਿਆ। ਇਸ ਤਰਾਂ ਭਾਰੀ ਕੁਰਬਾਨੀਆਂ ਤੋਂ ਬਾਅਦ ਸਰੋਮਣੀ ਕਮੇਟੀ ਹੋਂਦ ਵਿੱਚ ਆਈ ਅਤੇ ਉਸ ਤੋਂ ਕੋਈ ਮਹੀਨਾ ਕੁ ਬਾਅਦ ਹੀ 14 ਦਸੰਬਰ 1920 ਨੂੰ ਸ਼੍ਰੋਮਣੀ ਅਕਾਲੀ ਦਲ ਹੋਂਦ ਵਿੱਚ ਆਇਆ। ਸੋ ਸਿੱਖਾਂ ਦੀਆਂ ਅਥਾਹ ਕੁਰਬਾਨੀਆਂ ਤੋਂ ਬਾਅਦ ਹੋਂਦ ਵਿੱਚ ਆਈ ਇਹ ਧਾਰਮਿਕ ਸੰਸਥਾ ਅਤੇ ਅਕਾਲੀ ਪਾਰਟੀ ਨੂੰ 1947 ਵੇਲੇ ਦੇਸ ਅਜ਼ਾਦ ਹੋਣ ਤੋ ਕੁਝ ਸਮਾਂ ਪਹਿਲਾਂ ਹੀ ਭਾਰਤ ਦੇ ਚਲਾਕ ਸਿਆਸਤਦਾਨਾਂ ਨੇ ਹਾਈਜੈਕ ਕਰ ਲਿਆ ਸੀ। ਸਰੋਮਣੀ ਕਮੇਟੀ ਅਤੇ ਸਰੋਮਣੀ ਅਕਾਲੀ ਦਲ ਉਸ ਸਮੇ ਤੋਂ ਹੀ ਘੱਟ ਗਿਣਤੀਆਂ ਦੀ ਕੱਟੜ ਵਿਰੋਧੀ ਜਮਾਤ ਆਰਐਸਐਸ ਦੇ ਲੁਕਵੇਂ ਰੂਪ ਵਿੱਚ ਅਧੀਨ ਚੱਲੇ ਆ ਰਹੇ ਹਨ। ਅਕਾਲ ਤਖਤ ਸਹਿਬ ਦੀ ਮਰਯਾਦਾ ਵਿੱਚ ਵਿਗਾੜ ਕਰਕੇ ਉਥੋਂ ਸੁਰੂ ਕੀਤੀਆਂ ਬ੍ਰਾਹਮਣੀ ਕਰਮਕਾਂਡੀ ਰਸਮਾਂ ਜਿਹੜੀਆਂ ਸਾਡੇ ਗੁਰਦੁਆਰਾ ਪ੍ਰਬੰਧ ਵਿੱਚ ਐਨੀਆਂ ਰਲਗਡ ਕਰ ਦਿੱਤੀਆਂ ਗਈਆਂ ਹਨ ਕਿ ਉਹਨਾਂ ਨੂੰ ਗੁਰ ਮਰਿਯਾਦਾ ਨਾਲੋਂ ਨਿਖੇੜ ਕੇ ਦੇਖਣਾ ਵੀ ਮੁਸ਼ਕਲ ਕਰ ਦਿੱਤਾ ਗਿਆ ਹੈ। ਇਹੋ ਕਾਰਨ ਹੈ ਕਿ ਸਰੋਮਣੀ ਅਕਾਲੀ ਦਲ ਅਤੇ ਸਰੋਮਣੀ ਕਮੇਟੀ ਤੇ ਕਾਬਜ ਲੋਕਾਂ ਨੂੰ ਕੇਂਦਰ ਦੀ ਉਸ ਚਲਾਕ ਜਮਾਤ ਨੇ ਬੜੀ ਹੁਸ਼ਿਆਰੀ ਨਾਲ ਪੰਜਾਬ ਖਾਸ ਕਰਕੇ ਸਿੱਖਾਂ ਦੇ ਆਗੂ ਬਣਾਇਆ ਹੋਇਆ ਹੈ। ਸਰੋਮਣੀ ਕਮੇਟੀ ਦੀਆਂ ਚੋਣਾਂ ਸਮੇ ਵਾਰ ਵਾਰ ਉਹਨਾਂ ਲੋਕਾਂ ਦੇ ਹੱਥ ਚੌਧਰ ਰਹਿਣ ਪਿੱਛੇ ਵੀ ਉਸ ਕੱਟੜ ਹਿੰਦੂ ਜਮਾਤ ਆਰਐਸਐਸ ਦਾ ਦਿਮਾਗ ਹੀ ਕੰਮ ਕਰਦਾ ਹੈ ਜਿਸ ਨੂੰ ਸਮਝਣ ਵਿੱਚ ਸਿੱਖ ਕੌਮ ਨੇ ਪੌਣੀ ਸਦੀ ਦਾ ਸਮਾਂ ਬਰਬਾਦ ਕਰ ਦਿੱਤਾ। ਸਿੱਖੀ 'ਤੇ ਹੋ ਰਹੇ ਲਗਾਤਾਰ ਹਮਲਿਆਂ ਜਿੰਨਾਂ ਵਿੱਚ ਦਰਬਾਰ ਸਹਿਬ ਦਾ ਤੀਜਾ ਘਲੂਘਾਰਾ ਵੀ ਸ਼ਾਮਿਲ ਹੈ, ਦੀ ਸੂਤਰਧਾਰ ਉਹ ਕੱਟੜ ਜਮਾਤ ਹੀ ਹੈ ਜਿਹੜੀ ਹਰ ਸਮੇ ਸਿੱਖ ਕੌਮ ਨੂੰ ਆਪਣੇ ਵਿੱਚ ਸਮਾਉਣ ਲਈ ਘਾੜਤਾਂ ਘੜਦੀ ਰਹਿੰਦੀ ਹੈ। ਸਰੋਮਣੀ ਕਮੇਟੀ, ਜਿਸ ਦਾ ਮੁੱਖ ਕੰਮ ਗੁਰਦੁਆਰਾ ਪ੍ਰਬੰਧ ਨੂੰ ਸੁਚੱਜਤਾ ਨਾਲ ਚਲਾਉਣਾ ਅਕਾਲ ਤਖਤ ਸਹਿਬ ਤੋ ਨਿਰੋਲ ਸਿੱਖ ਰਹਿਤ ਮਰਯਾਦਾ ਨੂੰ ਲਾਗੂ ਕਰਨਾ ਅਤੇ ਸਿੱਖੀ ਦੇ ਪ੍ਰਚਾਰ ਪਸਾਰ ਵਿੱਚ ਤੇਜੀ ਲਿਆਉਣਾ ਹੈ ਪਰ ਸਿੱਖਾਂ ਦੀ ਇਹ ਸਿਰਮੌਰ ਸੰਸਥਾ ਉਪਰੋਕਤ ਗੱਲਾਂ ਨੂੰ ਛੱਡ ਕੇ ਸਿਰਫ ਨਾਗਪੁਰ ਤੋਂ ਆਏ ਹੁਕਮ ਲਾਗੂ ਕਰਨ ਦਾ ਹੀ ਕੰਮ ਕਰ ਰਹੀ ਹੈ। ਤਖਤ ਸਹਿਬਾਨਾਂ ਤੇ ਸੁਸ਼ੋਭਿਤ ਜਥੇਦਾਰ ਸਾਹਿਬ,ਜਥੇਦਾਰ ਨਾ ਹੋ ਕੇ ਸਿਆਸਤਦਾਨਾਂ ਦੇ ਪਿਛਲਗ ਬਣ ਬੈਠੇ ਹਨ। ਪਿਛਲੇ ਕੁੱਝ ਮਹੀਨਿਆਂ ਦਾ ਹੀ ਵਾਕਿਆ ਹੈ ਜਦੋਂ ਤਖਤ ਦਮਦਮਾ ਸਾਹਿਬ ਵਿਖੇ ਆਰਐਸਐਸ ਦੇ ਕਾਰਕੁਨਾਂ ਨੇ ਆਪਣੀ ਪੂਰੀ ਤਿਆਰੀ ਨਾਲ ਸਮਾਗਮ ਕਰਨ ਲਈ ਡੇਰੇ ਲਾ ਲਏ ਪਰੰਤੂ ਉਸ ਸਮੇ ਸਿੱਖ ਕੌਮ ਦੀ ਖੁਸ਼ਕਿਸਮਤੀ ਨੂੰ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਬਲਵੰਤ ਸਿੰਘ ਨੰਦਗੜ ਸਨ ਜਿੰਨਾਂ ਨੇ ਸਖਤੀ ਨਾਲ ਸਟੈਂਡ ਲੈ ਕੇ ਇਹ ਸਮਾਗਮ ਰੁਕਵਾਇਆ ਤੇ ਆਰਐਸਐਸ ਵਾਲਿਆਂ ਨੂੰ ਤਖਤ ਸਹਿਬ ਤੋਂ ਭਜਾਇਆ। ਇਥੇ ਇਹ ਦਸਣਾ ਵੀ ਜਰੂਰੀ ਹੋਵੇਗਾ ਕਿ ਇਹ ਇੱਕੋ ਇੱਕ ਜਥੇਦਾਰ ਸਨ, ਜਿਸ ਨੇ ਮੂਲ ਨਾਨਕਸ਼ਾਹੀ ਕਲੰਡਰ ਨੂੰ ਰੱਦ ਕਰਵਾਉਣ ਵਾਲੇ ਬਾਕੀ ਸਿੰਘ ਸਾਹਿਬਾਨਾਂ ਦੇ ਫੈਸਲੇ ਦਾ ਸੰਘ ਦੀ ਤਾਬਿਆਦਾਰ ਸ਼੍ਰੋਮਣੀ ਕਮੇਟੀ ਅਤੇ ਪੰਜਾਬ ਸਰਕਾਰ ਦੇ ਭਾਰੀ ਦਬਾਅ ਦੇ ਬਾਵਜੂਦ ਵੀ ਕਰੜਾ ਵਿਰੋਧ ਕੀਤਾ, ਉਸ ਦੇ ਬਦਲੇ ਭਾਵੇਂ ਉਹਨਾਂ ਨੂੰ ਆਪਣੇ ਇਸ ਸਤਿਕਾਰਿਤ ਰੁਤਬੇ ਤੋਂ ਵੀ ਲ਼ਾਂਭੇ ਹੋਣਾ ਪਿਆ। ਜਦੋਂ ਕਿ ਬਾਕੀ ਜਥੇਦਾਰ ਸਿੱਖ ਕੌਮ ਦੇ ਵਿਰੋਧ ਦੀ ਪ੍ਰਵਾਹ ਕੀਤੇ ਵਗੈਰ ਆਏ ਦਿਨ ਅਜਿਹੇ ਕੌਮ ਵਿਰੋਧੀ ਫੈਸਲੇ ਸਣਾਉਂਦੇ ਰਹਿੰਦੇ ਹਨ ਜਿਹੜੇ ਸਿੱਖਾਂ ਨੂੰ ਦੁਨੀਆਂ ਸਾਹਮਣੇ ਸਰਮਸਾਰ ਕਰਦੇ ਹਨ। ਨਾਗਪੁਰ ਦੇ ਹੁਕਮ ਪ੍ਰਕਾਸ਼ ਸਿੰਘ ਬਾਦਲ ਰਾਹੀਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪਾਸ ਪਹੁੰਚਦੇ ਹਨ, ਜਿੰਨਾਂ ਨੂੰ ਜਥੇਦਾਰਾਂ ਦੇ ਸਹਿਯੋਗ ਨਾਲ ਤਾਮੀਲ ਕਰਵਾਇਆ ਜਾਂਦਾ ਹੈ। ਸੋ ਅਜਿਹੇ ਪ੍ਰਬੰਧਕਾਂ ਦੇ ਹੁੰਦਿਆਂ ਸਰੋਮਣੀ ਕਮੇਟੀ ਦੀ ਟਾਸਕ ਫੋਰਸ ਵੱਲੋਂ ਸਿੱਖਾਂ ਦੇ ਗੁਰਦੁਆਰਿਆਂ ਵਿੱਚ ਦਾਖਲ ਹੋਣ 'ਤੇ ਪਾਬੰਦੀ ਲਾਉਣਾ, ਗੁਰਦੁਆਰਿਆਂ ਦੇ ਦਰਵਾਜ਼ੇ ਸਿੱਖਾਂ ਲਈ ਬੰਦ ਕਰਨੇ ਅਤੇ ਹਰਿਮੰਦਰ ਸਹਿਬ ਵਿਖੇ ਘੱਲੂਘਾਰੇ ਦੀ ਯਾਦ ਮਨਾਉਣ ਆਏ ਸਰਧਾਲੂ ਸਿੱਖਾਂ ਤੇ ਪੁਲਿਸ ਦੀ ਮਦਦ ਨਾਲ ਡਾਂਗਾਂ ਸੋਟੀਆਂ ਨਾਲ ਹਮਲੇ ਕਰਨੇ ਤੇ ਝੂਠੇ ਪਰਚੇ ਦਰਜ ਕਰਵਾ ਕੇ ਗ੍ਰਿਫਤਾਰ ਕਰਵਾਉਣ ਤੋਂ ਇਲਾਵਾ ਹੋਰ ਕੀ ਆਸ ਰੱਖੀ ਜਾ ਸਕਦੀ ਹੈ। ਜਿੰਨਾ ਚਿਰ ਇਹ ਪ੍ਰਬੰਧ ਨੂੰ ਬਦਲਣ ਲਈ ਸਿੱਖ ਕੌਮ ਇਮਾਨਦਾਰੀ ਨਾਲ ਬੈਠ ਕੇ ਸਵੈ ਪੜਚੋਲ ਨਹੀ ਕਰਦੀ ਓਨੀ ਦੇਰ ਸ਼੍ਰੋਮਣੀ ਕਮੇਟੀ ਨੂੰ ਪੰਥ ਵਿਰੋਧੀ ਤਾਕਤਾਂ ਤੋਂ ਅਜਾਦ ਕਰਵਾਉਣ ਦਾ ਸੁਪਨਾ ਲੈਣਾ ਵੀ ਸਿਆਣਪ ਨਹੀ। ਬਾਕੀ ਸਫ਼ਾ 31 'ਤੇ

# ਅਕਾਲ ਤਖ਼ਤ ਦੇ ਜਥੇਦਾਰ ਬਾਰੇ ਗ਼ੈਰ-ਜ਼ਿੰਮੇਦਾਰਾਨਾ ਬਿਆਨਬਾਜ਼ੀ

**- ਰਜਿੰਦਰ ਸਿੰਘ**

ਬੀਤੇ ਦਿਨੀਂ ਸਾਕਾ ਨੀਲਾ ਤਾਰਾ ਦੀ 36ਵੀਂ ਬਰਸੀ ਦੇ ਮੌਕੇ 'ਤੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਨਾ ਸਿਰਫ ਖਾਲਿਸਤਾਨ ਦੀ ਮੰਗ ਦੀ ਹਮਾਇਤ ਹੀ ਕੀਤੀ ਹੈ, ਸਗੋਂ ਇਹ ਵੀ ਕਿਹਾ ਹੈ ਕਿ ਜੇਕਰ ਭਾਰਤ ਸਰਕਾਰ ਸਿੱਖਾਂ ਨੂੰ ਖਾਲਿਸਤਾਨ ਦੇ ਦਿੰਦੀ ਹੈ ਤਾਂ ਉਹ ਇਸ ਨੂੰ ਲੈ ਲੈਣਗੇ। ਇਸ ਤੋਂ ਵੀ ਅੱਗੇ ਉਨਾਂ ਇਹ ਵੀ ਕਿਹਾ ਹੈ ਕਿ ਦੁਨੀਆ ਦਾ ਹਰ ਸਿੱਖ ਖਾਲਿਸਤਾਨ ਚਾਹੁੰਦਾ ਹੈ। ਇਸ ਬਾਰੇ ਸ਼ੋਸ਼ਲ ਮੀਡੀਆ ਤੇ ਮੀਡੀਆ ਦੇ ਵਿਚ ਬਹੁਤ ਚਰਚਾ ਚਲ ਰਹੀ ਹੈ। ਇਸ ਸਮੇਂ ਇਹ ਮੱਸਲਾ ਪੰਜਾਬ ਦਾ ਭੱਖਦਾ ਮੱਸਲਾ ਬਣ ਗਿਆ ਹੈ। ਜਿਹੜੇ ਖੱਬੇ ਪੱਖੀ, 'ਆਪ' ਵਾਲੇ, ਕਾਂਗਰਸ ਹਿੰਦੂ ਰਾਸ਼ਟਰਵਾਦ ਦੇ ਵਿਰੁਧ ਨਹੀਂ ਬੋਲੀ, ਉਹ ਇਸ ਬਿਆਨ 'ਤੇ ਊਲ ਜਲੂਲ ਬਿਆਨਬਾਜ਼ੀ ਕਰਕੇ ਇਸ ਵਿਵਾਦ ਨੂੰ ਹੋਰ ਭੜਕਾ ਰਹੀ ਹੈ। ਸੁਪਰੀਮ ਕੋਰਟ ਪਹਿਲਾਂ ਹੀ ਕਹਿ ਚੁੱਕੀ ਹੈ ਕਿ ਖਾਲਿਸਤਾਨ ਬਾਰੇ ਚਰਚਾ ਜਾਂ ਬਿਆਨਬਾਜ਼ੀ ਤੇ ਨਾਅਰੇਬਾਜ਼ੀ ਕੋਈ ਗਲਤ ਨਹੀਂ। ਗਲਤ ਇਹ ਹੈ ਕਿ ਜੇ ਇਸ ਉੱਪਰ ਹਿੰਸਾ ਫੈਲਦੀ ਹੈ ਤੇ ਦੂਸਰੇ ਭਾਈਚਾਰੇ ਵਿਰੁਧ ਨਫ਼ਰਤ ਫੈਲਾਈ ਜਾਂਦੀ ਹੈ। ਕੁਝ ਪੰਥਕ ਧਿਰਾਂ ਦਾ ਇਹ ਵੀ ਮੰਨਣਾ ਹੈ ਕਿ ਇਹ ਬਿਆਨ ਬਾਦਲ ਦਲ ਦੇ ਆਗੂਆਂ ਦੇ ਇਸ਼ਾਰੇ 'ਤੇ ਦਿੱਤਾ ਗਿਆ ਤਾਂ ਜੋ ਭਾਜਪਾ ਨੂੰ ਪੰਜਾਬ ਵਿਚ ਕੰਟਰੋਲ ਕੀਤਾ ਜਾ ਸਕੇ ਕਿ ਸਿੱਖਾਂ ਸਿੱਖ ਸਾਡੇ ਨਾਲ ਹਨ, ਕਿਉਂਕਿ ਸਾਡਾ ਅਕਾਲ ਤਖ਼ਤ ਤੇ ਸ਼੍ਰੋਮਣੀ ਕਮੇਟੀ 'ਤੇ ਕੰਟਰੋਲ ਹੈ, ਇਸ ਕਰਕੇ ਭਾਜਪਾ ਕਿਸੇ ਹੋਰ ਅਕਾਲੀ ਧੜੇ ਨਾਲ ਸਮਝੌਤਾ ਕਰਨ ਦੀ ਨਾ ਸੋਚੇ। ਕੁਝ ਹੱਦ ਤੱਕ ਇਨਾਂ ਗੱਲਾਂ ਵਿਚ ਵੀ ਸੱਚਾਈ ਲੱਗਦੀ ਹੈ।

ਪਰ ਖਾਲਿਸਤਾਨ ਦਾ ਮੁੱਦਾ ਪੰਥਕ ਹਲਕਿਆਂ ਵਿਚ ਵੱਡਾ ਮੁੱਦਾ ਇਸ ਕਰਕੇ ਬਣਿਆ ਹੈ, ਕਿਉਂਕਿ ਜੂਨ 84 ਤੋਂ ਬਾਅਦ ਕਾਂਗਰਸ ਤੋਂ ਬਾਅਦ ਆਈਆਂ ਸਰਕਾਰਾਂ ਨੇ ਵੀ ਸਿੱਖਾਂ ਨਾਲ ਇਨਸਾਫ਼ ਨਹੀਂ ਕੀਤਾ। ਪੰਜਾਬ ਨਾਲ ਹੁਣ ਤੱਕ ਧੱਕਾ ਹੁੰਦਾ ਰਿਹਾ ਹੈ। ਇਸ ਗੱਲ ਨੂੰ ਗਿਆਨੀ ਹਰਪ੍ਰੀਤ ਸਿੰਘ ਹੁਰਾਂ ਨੇ ਆਪਣੇ ਬਿਆਨਾਂ ਵਿਚ ਸਪੱਸ਼ਟ ਤੌਰ 'ਤੇ ਕਿਹਾ ਹੈ। ਉਹ ਕੇਂਦਰ ਸਰਕਾਰ ਦੀਆਂ ਸਿੱਖਾਂ ਪ੍ਰਤੀ ਨੀਤੀਆਂ ਤੋਂ ਬਹੁਤ ਖ਼ਫ਼ਾ ਹਨ। ਜੇਕਰ ਪਿਛਲੇ ਸਮੇਂ ਵਿਚ ਪੰਜਾਬ ਇਕ ਵੱਡੇ ਸੰਤਾਪ ਵਿਚੋਂ ਗੁਜ਼ਰਿਆ ਹੈ ਤਾਂ ਉਸ ਪਿੱਛੇ ਸਟੇਟ ਜ਼ਿੰਮੇਵਾਰ ਹੈ, ਕਿਉਂਕਿ ਪੰਜਾਬ ਮੱਸਲਾ ਗੱਲਬਾਤ ਰਾਹੀਂ ਨਿਬੜ ਸਕਦਾ ਸੀ ਤੇ ਇਹੋ ਜਿਹੇ ਘੱਲੂਘਾਰੇ ਵਰਤਾਉਣ ਦੀ ਲੋੜ ਨਹੀਂ ਸੀ। ਪਰ ਇਸ ਪਿੱਛੇ ਸਿਆਸੀ ਲਾਲਸਾ ਤੇ ਕੁਰਸੀ ਦਾ ਲਾਲਚ ਕਾਰਜ਼ਸ਼ੀਲ ਸੀ।

ਜਦੋਂ ਸਿਆਸਤਦਾਨਾਂ ਵਲੋਂ ਸੱਤਾ ਦੀ ਪ੍ਰਾਪਤੀ ਲਈ ਮੁਲਕ ਦੇ ਲੋਕ ਫਿਰਕੂ ਵਿਚਾਰਧਾਰਾ ਨਾਲ ਜੋੜ ਦਿੱਤੇ ਜਾਣ ਤਾਂ ਇਹੋ ਜਿਹੇ ਦੁਖਾਂਤ ਵਾਪਰਦੇ ਹਨ। ਆਪਣੇ ਲੋਕਾਂ ਤੋਂ ਕਦੇ ਵੀ ਦੇਸ ਨੂੰ ਖਤਰਾ ਨਹੀਂ ਹੁੰਦਾ। ਖਤਰਾ ਤਾਂ ਹੁੰਦਾ ਹੈ ਜਦੋਂ ਉਨਾਂ ਨਾਲ ਬੇਇਨਸਾਫ਼ੀ ਕੀਤੀ ਜਾਵੇ। ਇਹ ਕੁਝ ਹੁਣ ਵੀ ਵਾਪਰ ਰਿਹਾ ਹੈ। ਹਿੰਦੂ ਰਾਸ਼ਟਰਵਾਦ ਇਸੇ ਫਿਰਕੂਵਾਦ ਦੀ ਉਪਜ ਹੈ। ਘੱਟ ਗਿਣਤੀਆਂ ਇਸ ਵਾਤਾਵਰਨ ਤੋਂ ਡਰ ਤੇ ਦਹਿਸ਼ਤ ਮਹਿਸੂਸ ਕਰ ਰਹੀਆਂ ਹਨ।

ਤੁਹਾਨੂੰ ਯਾਦ ਕਰਵਾ ਦੇਈਏ ਕਿ ਖ਼ਾਲਿਸਤਾਨ ਦੀ ਮੰਗ ਰਸਮੀ ਤੌਰ 'ਤੇ 29 ਅਪ੍ਰੈਲ 1986 ਨੂੰ ਖਾੜਕੂ ਸੰਗਠਨਾਂ ਦੇ ਸਾਂਝੇ ਮੋਰਚੇ ਪੰਥਕ ਕਮੇਟੀ ਵੱਲੋਂ ਕੀਤੀ ਗਈ। ਇਸ ਦਾ ਰਾਜਸੀ ਨਿਸ਼ਾਨਾ ਇੰਝ ਬਿਆਨ ਕੀਤਾ ਗਿਆ ਸੀ : "ਪਵਿੱਤਰ ਅਕਾਲ ਤਖ਼ਤ ਸਾਹਿਬ ਤੋਂ ਅੱਜ ਦੇ ਖ਼ਾਸ ਦਿਹਾੜੇ 'ਤੇ ਅਸੀਂ ਸਾਰੇ ਮੁਲਕਾਂ, ਸਰਕਾਰਾਂ ਸਾਹਮਣੇ ਐਲਾਨ ਕਰਦੇ ਹੋਏ, ਉਨਾਂ ਨੂੰ ਦੱਸ ਰਹੇ ਹਾਂ ਕਿ ਅੱਜ ਤੋਂ ਖਾਲਸਾ ਪੰਥ ਦਾ 'ਖ਼ਾਲਿਸਤਾਨ' ਅਲੱਗ ਘਰ ਹੋਵੇਗਾ, ਜਿੱਥੇ ਸਾਰੇ ਖਾਲਸੇ ਦੇ ਆਸ਼ੇ ਮੁਤਾਬਕ ਚੜਦੀ ਕਲਾ ਵਿੱਚ ਰਹਿਣਗੇ।"

ਹਾਲਾਂਕਿ, ਸਾਲ 1992 ਵਿੱਚ ਇਹ ਮੁੱਦਾ ਰਸਮੀ ਤੌਰ 'ਤੇ ਅਕਾਲੀ ਦਲ ਦੇ ਪ੍ਰਮੁੱਖ ਆਗੂਆਂ ਵੱਲੋਂ ਚੁੱਕਿਆ ਗਿਆ ਸੀ। ਇਸ ਸਬੰਧੀ ਉਨਾਂ ਨੇ 22 ਅਪ੍ਰੈਲ, 1992 ਨੂੰ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਨੂੰ ਇੱਕ ਮੈਮੋਰੰਡਮ ਵੀ ਸੌਂਪਿਆ ਸੀ। ਮੈਮੋਰੰਡਮ ਦਾ ਆਖ਼ਰੀ ਪੈਰਾ ਇਸ ਪ੍ਰਕਾਰ ਸੀ,"ਸਿੱਖਾਂ ਦੇ ਆਰਥਿਕ, ਸਮਾਜਕ ਅਤੇ ਸੱਭਿਆਚਾਰਕ ਹੱਕਾਂ ਦੀ ਰਾਖੀ ਅਤੇ ਆਜ਼ਾਦੀ ਦੀ ਬਹਾਲੀ ਲਈ ਪੰਜਾਬ ਨੂੰ ਫੌਜ ਦੇ ਘੇਰੇ ਵਿਚੋਂ ਕੱਢਣਾ ਅਤੇ ਗ਼ੈਰ-ਬਸਤੀਵਾਦੀ ਬਣਾਉਣਾ ਅਹਿਮ ਕਦਮ ਹੈ। ਦੁਨੀਆਂ ਦੀਆਂ ਸਾਰੀਆਂ ਆਜ਼ਾਦ ਕੌਮਾਂ ਵਾਂਗ ਸਿੱਖ ਕੌਮ ਵੀ ਹੈ।"

"ਲੋਕਾਂ ਨੂੰ ਆਜ਼ਾਦੀ ਨਾਲ ਰਹਿਣ ਦੇ ਹੱਕ ਸਬੰਧੀ ਸੰਯੁਕਤ ਰਾਸ਼ਟਰ ਦੇ ਐਲਾਨਨਾਮੇ ਮੁਤਾਬਕ ਸਿੱਖਾਂ ਨੂੰ ਵੀ ਉਨਾਂ ਦੀ ਆਜ਼ਾਦ ਹਸਤੀ ਬਹਾਲ ਕਰਨ ਲਈ ਵਿਤਕਰੇ, ਬਸਤੀਵਾਦੀ ਅਤੇ ਗ਼ੁਲਾਮੀ ਅਤੇ ਰਾਜਸੀ ਵਿਰੋਧੀ ਬੰਧਨਾਂ ਵਿਚੋਂ ਮੁਕਤੀ ਚਾਹੀਦੀ ਹੈ।"

ਮੈਮੋਰੰਡਮ ਸਿਮਰਨਜੀਤ ਸਿੰਘ ਮਾਨ, ਸਣੇ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਸ਼ਾਮਲ ਸਨ। ਇਸ ਮੈਮੋਰੈਂਡਮ 'ਤੇ ਸਿਮਰਨਜੀਤ ਸਿੰਘ ਮਾਨ, ਪ੍ਰਕਾਸ਼ ਸਿੰਘ ਬਾਦਲ ਤਤਕਾਲੀ ਐੱਸਜੀਪੀਸੀ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਦਸਤਖਤ ਕੀਤੇ ਸੀ। ਇਸ ਤੋਂ ਬਾਅਦ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵੱਲੋਂ ਇਸ ਬਾਰੇ ਕਦੇ ਜ਼ਿਕਰ ਨਹੀਂ ਕੀਤਾ ਗਿਆ। ਸਿੱਖ ਵਿਚਾਰਧਾਰਾ ਅਤੇ ਫ਼ਿਲਾਸਫ਼ੀ ਕਿਸੇ ਇਕ ਜਾਤ ਜਾਂ ਇਕ ਧਾਰਮਿਕ ਭਾਈਚਾਰੇ ਤੱਕ ਸੀਮਤ ਨਹੀਂ ਹੋਈ ਸਗੋਂ ਸਮੁੱਚੀ ਮਾਨਵਤਾ ਨੂੰ ਆਪਣੇ ਕਲਾਵੇ ਵਿਚ ਲੈਣ ਦੀ ਭਾਵਨਾ ਦਾ ਪ੍ਰਗਟਾਵਾ ਕਰਦੀ ਹੈ। ਗੁਰਮਤਿ ਵਿਚ ਜੋ ਰਾਜ ਦਾ ਸੰਕਲਪ ਆਇਆ ਹੈ, ਉਹ ਇਨਸਾਫ਼ ਦਾ ਰਾਜ ਹੈ। ਇਸ ਵਿਚ ਸਾਫ਼ ਦਰਸਾਇਆ ਹੈ ਕਿ ਰਾਜਾ ਹਲੇਮੀ ਵਾਲਾ ਹੋਵੇ ਤੇ ਹਰੇਕ ਆਪਣੇ ਆਪ ਨੂੰ ਸੁਖੀ ਮਹਿਸੂਸ ਕਰੇ। ਇਸ ਬਾਰੇ ਚਿੰਤਨ ਪ੍ਰਗਟਾਉਣ ਦੀ ਬਹੁਤ ਜ਼ਰੂਰਤ ਹੈ। ਸਿੱਖ ਜਗਤ ਨੂੰ ਪੰਜਾਬ ਵਿਚ ਫੈਡਰਲ ਢਾਂਚੇ ਅਧੀਨ ਲਹਿਰ ਖੜੀ ਕਰਨੀ ਚਾਹੀਦੀ ਹੈ, ਕਿਉਂਕਿ ਜੇਕਰ ਇਹ ਖੇਤਰ ਖਾਲੀ ਛੱਡਿਆ ਜਾਂਦਾ ਹੈ ਤਾਂ ਪੰਜਾਬ ਦਾ ਵੱਡਾ ਨੁਕਸਾਨ ਹੋ ਸਕਦਾ ਹੈ। ਹੁਣ ਤੱਕ ਪੰਜਾਬ ਦੇ ਜੋ ਅਧਿਕਾਰ ਹਨ, ਉਸ 'ਤੇ ਕੇਂਦਰ ਕਬਜ਼ਾ ਕਰ ਰਿਹਾ ਹੈ। ਬਾਦਲ ਦਲ ਇਸ ਬਾਰੇ ਜ਼ਿੰਮੇਵਾਰੀ ਨਹੀਂ ਨਿਭਾਅ ਰਿਹਾ। ਕੈਪਟਨ ਸਰਕਾਰ ਵੀ ਤਾਲਮੇਲ ਨਾਲ ਚਲ ਰਹੀ ਹੈ। ਕਿਸਾਨ-ਵਿਰੋਧੀ ਕਾਨੂੰਨ ਕੇਂਦਰ ਪਾਸ ਕਰੇ ਤਾਂ ਅਕਾਲੀ ਦਲ ਚੁੱਪ ਰਹਿੰਦਾ ਹੈ। ਜੇ ਦਰਬਾਰ ਸਾਹਿਬ 'ਤੇ ਕੋਰੋਨਾ ਕਾਰਨ ਲੰਗਰ ਵਰਤਾਉਣ ਤੇ ਪ੍ਰਸ਼ਾਦ ਵਰਤਾਉਣ 'ਤੇ ਪਾਬੰਦੀ ਲੱਗਦੀ ਹੈ ਤਾਂ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਇਸ ਦਾ ਵਿਰੋਧ ਕਰਨ ਦੀ ਬਜਾਏ ਦ੍ਰਿੜ ਸਟੈਂਡ ਲੈਣ ਤੋਂ ਪਾਸਾ ਵੱਟਦਾ ਹੈ।

ਜਥੇਦਾਰ ਦੇ ਬਿਆਨ ਦਾ ਅਧਿਐਨ ਕਰੀਏ ਤਾਂ ਇਹ ਕੋਈ ਭੜਕਾਊ ਬਿਆਨ ਨਹੀਂ ਹੈ। ਨਾ ਹੀ ਕੇਂਦਰ ਸਰਕਾਰ ਨੇ ਪਰੋਸ ਕੇ ਖਾਲਿਸਤਾਨ ਦੇਣਾ ਹੈ। ਜੋ ਕੇਂਦਰ ਕਸ਼ਮੀਰ ਦੀ ਧਰਤੀ ਨੂੰ ਆਪਣੇ ਨਾਲ ਰੱਖਣ ਵਾਸਤੇ ਕਸ਼ਮੀਰ ਦੇ ਅਧਿਕਾਰ ਖਤਮ ਕਰ ਸਕਦਾ ਹੈ, ਉਹ ਖਾਲਿਸਤਾਨ ਕਿਵੇਂ ਦੇ ਸਕਦਾ ਹੈ? ਜਥੇਦਾਰ ਇਹ ਗੱਲ ਸਪੱਸ਼ਟ ਸੱਚ ਹੈ ਕਿ 36 ਸਾਲਾਂ ਮਗਰੋਂ ਅੱਜ ਵੀ ਕੇਂਦਰ ਸਿੱਖਾਂ ਨਾਲ ਮੰਦਾ ਸਲੂਕ ਕਰ ਰਿਹਾ ਹੈ। ਅੱਜ ਤਾਂ ਅਕਾਲੀ ਦਲ ਬਾਦਲ ਨੂੰ ਕੇਂਦਰ ਸਰਕਾਰ ਵਿਚ ਬੈਠੇ ਨੂੰ ਛੇ ਸਾਲ ਹੋ ਚੁੱਕੇ ਹਨ ਅਤੇ ਪਹਿਲਾਂ ਵੀ ਪੰਜ ਸਾਲ ਅਕਾਲੀ ਦਲ, ਭਾਜਪਾ ਨਾਲ ਕੇਂਦਰ ਵਿਚ ਸੱਤਾ ਮਾਣ ਚੁਕਿਆ ਹੈ।

ਇਸ ਤੋਂ ਇਲਾਵਾ ਭਾਰਤ ਵਿਚ ਭਾਜਪਾ ਦੀ ਹੋਂਦ ਸਥਾਪਤ ਕਰਨ ਵਾਲਾ ਅਕਾਲੀ ਦਲ ਹੈ। ਫਿਰ ਜਥੇਦਾਰ ਨੂੰ ਅਕਾਲੀ ਦਲ ਬਾਦਲ ਬਾਰੇ ਵੀ ਸ਼ਬਦ ਕਹਿਣੇ ਚਾਹੀਦੇ ਸਨ ਕਿ ਉਸ ਨੇ ਪੰਜਾਬ ਪ੍ਰਤੀ ਆਪਣੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਈ। 1984 ਦਾ ਪੂਰਾ ਸੱਚ ਪੇਸ਼ ਕਰਨ ਤੇ ਇਤਿਹਾਸ ਲਿਖਵਾਉਣ ਦੀ ਗੱਲ ਜੋ ਜਥੇਦਾਰ ਨੇ ਕਹੀ ਹੈ, ਉਹ ਸੁਆਗਤਯੋਗ ਫੈਸਲਾ ਹੈ। ਸਿੱਖ ਰੈਫ਼ਰੈਂਸ ਲਾਇਬਰੇਰੀ ਦਾ ਸੱਚ ਹੁਣ ਤੱਕ ਪੇਸ਼ ਨਹੀਂ ਹੋਇਆ, ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ।

ਖਾਲਸਾ ਪੰਥ ਲਈ ਜ਼ਰੂਰੀ ਹੈ ਕਿ ਭਵਿੱਖ ਲਈ ਸਹੀ ਮਾਰਗ-ਸੇਧ ਨਿਸ਼ਚਿਤ ਕਰਨ ਲਈ ਬਦਲੇ ਹੋਏ ਦੱਖਣ-ਏਸ਼ੀਆਈ ਅਤੇ ਸੰਸਾਰੀ ਹਾਲਤ ਨੂੰ ਦੇਖਦੇ ਹੋਏ ਗੁਰੂ ਗ੍ਰੰਥ ਸਾਹਿਬ ਤੋਂ ਰੌਸ਼ਨੀ ਲੈਕੇ ਪੰਥਕ ਰਵਾਇਤ ਅਨੁਸਾਰ ਫ਼ੈਸਲੇ ਲਵੇ ਅਤੇ ਸਮੁੱਚੇ ਵਿਸ਼ਵ ਦੀ ਅਗਵਾਈ ਕਰੇ। ਅਜੋਕੇ ਸਮੇਂ ਵਿਚ ਦੁਨੀਆਂ ਵਿਚ ਮੁੱਖ ਰੂਪ ਵਿਚ ਦੋ ਤਰਾਂ ਦਾ ਰਾਜ-ਪਰਬੰਧ ਚੱਲ ਰਿਹਾ ਹੈ। ਇਕ ਪਿਤਾ-ਪੁਰਖੀ ਤਾਨਾਸ਼ਾਹੀ, ਅਤੇ ਦੂਜਾ ਲੋਕਾਂ ਦੁਆਰਾ ਵੋਟਾਂ ਪਾਕੇ ਲੋਕਤੰਤਰ। ਕੀ ਤਾਨਾਸ਼ਾਹੀ ਰਾਜ-ਪਰਬੰਧ ਵਿਚ ਸਾਰੇ ਦੁਖੀ ਹਨ ਜਾਂ ਲੋਕਤੰਤਰ ਵਿਚ ਸਾਰੇ ਸੁਖੀ ਹਨ। ਦੋਹਾਂ ਵਿਚ ਮਾੜੇ ਹਾਲਾਤ ਹਨ। ਗੁਰਬਾਣੀ ਵਿਚ ਜੋ ਰਾਜ ਦਾ ਸੰਕਲਪ ਹੈ, ਉਹ ਹਲੇਮੀ ਦਾ ਹੈ ਤੇ ਸਮੁੱਚੀ ਜਨਤਾ ਨਾਲ ਇਨਸਾਫ਼ ਕਰਨ ਦਾ ਤੇ ਸੱਚ ਦੀ ਰਾਖੀ ਕਰਨ ਦਾ ਹੈ।

# ਦਰਬਾਰ ਸਾਹਿਬ ’ਤੇ ਹਮਲਾ: ਅਮਰੀਕਾ ਅਤੇ ਸੋਵੀਅਤ ਯੂਨੀਅਨ ਦੀ ਸ਼ਮੂਲੀਅਤ

**ਕਿਸ਼ਤ-1**

**- ਸੁਖਵਿੰਦਰ ਸਿੰਘ**

ਜੂਨ 1984 ਦੇ ਪਹਿਲੇ ਹਫਤੇ ਭਾਰਤ ਵੱਲੋਂ ਪੰਜਾਬ ‘ਤੇ ਕੀਤੇ ਗਏ ਹਮਲੇ ਨੂੰ 36 ਸਾਲ ਬੀਤ ਗਏ ਹਨ। ਹਰ ਸਾਲ ਸਿੱਖ ਪੂਰੀ ਦੁਨੀਆ ਵਿਚ ਇਸ ਹਫਤੇ ਨੂੰ ਘੱਲੂਘਾਰਾ ਹਫਤੇ ਵਜੋਂ ਮਨਾਉਂਦੇ ਹਨ। ਭਾਰਤ ਦੇ ਹਮਲੇ ਦੇ ਜਵਾਬ ਵਜੋਂ ਸਿੱਖਾਂ ਵੱਲੋਂ ਭਾਰਤੀ ਫੌਜ ਨਾਲ ਲੜੀ ਗਈ ਜੰਗ ਨੇ ਸਿੱਖ ਮਨਾਂ ਅੰਦਰ ਅਜ਼ਾਦ ਦੇਸ਼ ‘ਖਾਲਿਸਤਾਨ’ ਹਾਸਲ ਕਰਨ ਦੀ ਦ੍ਰਿੜਤਾ ਨੂੰ ਮਜ਼ਬੂਤ ਕਰ ਦਿੱਤਾ। ਜਿਸ ਸਮੇਂ ਇਹ ਹਮਲਾ ਹੋਇਆ, ਉਸ ਸਮੇਂ ਸੋਵੀਅਤ ਯੂਨੀਅਨ ਅਤੇ ਅਮਰੀਕਾ ਦਰਮਿਆਨ ਠੰਡੀ ਜੰਗ ਸਿਖਰਾਂ ‘ਤੇ ਚੱਲ ਰਹੀ ਸੀ। ਦੁਨੀਆ ਦੇ ਹਰ ਖੂੰਝੇ ਵਿਚ ਇਹਨਾਂ ਦੋਵਾਂ ਮੁਲਕਾਂ ਦੀਆਂ ਖੂਫੀਆ ਅਜੇਂਸੀਆਂ ਇਕ ਦੂਜੇ ਨੂੰ ਹਰਾਉਣ ਲਈ ਸਰਗਰਮ ਸਨ। ਦੱਖਣੀ ਏਸ਼ੀਆ ਵਿਚ ਇਹ ਸਰਗਰਮੀ ਬਹੁਤ ਤੇਜ਼ ਸੀ। ਅਜਿਹੇ ਵਿਚ ਦਰਬਾਰ ਸਾਹਿਬ ‘ਤੇ ਹਮਲੇ ਮੌਕੇ ਇਹਨਾਂ ਦੋਵਾਂ ਵੱਡੀਆਂ ਤਾਕਤਾਂ ਦੀਆਂ ਵੱਖ-ਵੱਖ ਅਜੇਂਸੀਆਂ ਵੱਲੋਂ ਨਿਭਾਈ ਭੂਮਿਕਾ ਦੀ ਪੜਤਾਲ ਬਹੁਤ ਅਹਿਮੀਅਤ ਰੱਖਦੀ ਹੈ। ਪਰ ਖੂਫੀਆ ਅਪਰੇਸ਼ਨਾਂ ਦੀ ਬਹੁਤੀ ਜਾਣਕਾਰੀ ਗੁਪਤ ਰਹਿਣ ਕਰਕੇ ਅੱਜ 36 ਸਾਲਾਂ ਬਾਅਦ ਵੀ ਇਸ ਹਮਲੇ ਵਿਚ ਵਿਸ਼ਵ ਤਾਕਤਾਂ ਦੀ ਸ਼ਮੂਲੀਅਤ ਪੂਰੀ ਤਰਾਂ ਉਜਾਗਰ ਨਹੀਂ ਹੋ ਸਕੀ।

ਬਰਤਾਨੀਆ ਵੱਲੋਂ ਇਸ ਹਮਲੇ ਵਿਚ ਭਾਰਤ ਦੀ ਮਦਦ ਕਰਨ ਦੇ ਕੁੱਝ ਸਬੂਤ ਸਾਹਮਣੇ ਆ ਚੁੱਕੇ ਹਨ ਜਿਹਨਾਂ ਦੇ ਅਧਾਰ ‘ਤੇ ਅਗਲੇਰੀ  ਜਾਂਚ ਲਈ ਲਗਾਤਾਰ ਮੰਗ ਵੀ ਉੱਠ ਰਹੀ ਹੈ। ਇਸਰਾਈਲ ਦੀ ਖੂਫੀਆ ਏਜੰਸੀ ਮੋਸਾਦ ਵੱਲੋਂ ਵੀ ਭਾਰਤ ਦੇ ਖੂਫੀਆ ਤੰਤਰ ਨੂੰ ਇਸ ਹਮਲੇ ਲਈ ਤਕਨੀਕੀ ਮਦਦ ਦੇਣ ਸਬੰਧੀ ਹਵਾਲੇ ਮਿਲਦੇ ਹਨ। ਭਾਰਤ ਨੇ ਪਾਕਿਸਤਾਨ ‘ਤੇ ਸਿੱਖ ਲਹਿਰ ਨੂੰ ਮਦਦ ਕਰਨ ਦਾ ਹਮੇਸ਼ਾ ਦੋਸ਼ ਲਾਇਆ ਹੈ। ਇਹਨਾਂ ਸਾਰੀਆਂ ਤੰਦਾਂ ਦਾ ਖੁੱਲਣਾਂ ਬਹੁਤ ਜ਼ਰੂਰੀ ਹੈ ਪਰ ਇਸ ਲੇਖ ਕੜੀ ਵਿਚ ਗੱਲ ਨੂੰ ਅਮਰੀਕਾ ਅਤੇ ਰੂਸ ਦੀ ਭਾਰਤ ਵਿਚਲੀ ਗਤੀਵਿਧੀ ‘ਤੇ ਕੇਂਦਰਤ ਰੱਖਾਂਗੇ।

**ਸੋਵੀਅਤ ਯੂਨੀਅਨ ਅਤੇ ਅਮਰੀਕਾ ਦੇ ਭਾਰਤ ਨਾਲ ਰਿਸ਼ਤੇ**

1980 ਦੇ ਦਹਾਕੇ ਦੇ ਹਾਲਾਤਾਂ ਸਬੰਧੀ ਮਿਲਦੇ ਸਰਕਾਰੀ ਅਤੇ ਗੁਪਤ ਦਸਤਾਵੇਜਾਂ ਤੋਂ ਸਪਸ਼ਟ ਹੁੰਦਾ ਹੈ ਕਿ ਅਮਰੀਕਾ-ਸੋਵੀਅਤ ਯੂਨੀਅਨ ਠੰਡੀ ਜੰਗ ਵਿਚ ਭਾਰਤ ਦਾ ਵੱਧ ਝੁਕਾਅ ਸੋਵੀਅਤ ਯੂਨੀਅਨ (ਮਾਸਕੋ) ਵੱਲ ਸੀ। ਵਪਾਰਕ ਅਤੇ ਫੌਜੀ ਸਬੰਧਾਂ ਵਿਚ ਭਾਰਤ ਅਮਰੀਕਾ ਤੋਂ ਕੰਨੀ ਕਤਰਾਉਂਦਾ ਸੀ ਅਤੇ ਸੋਵੀਅਤ ਯੂਨੀਅਨ ਵੱਲ ਬਹੁਤ ਉਲਾਰ ਸੀ। ਅਮਰੀਕਾ ਸੋਵੀਅਤ ਯੂਨੀਅਨ ਦੇ ਇਸ ਪ੍ਰਭਾਵ ਨੂੰ ਖਤਮ ਕਰਕੇ ਭਾਰਤ ਨੂੰ ਆਪਣੇ ਪਾੜੇ ਵਿਚ ਰਲਾਉਣਾ ਚਾਹੁੰਦਾ ਸੀ ਜਾਂ ਫੇਰ ਘੱਟੋ-ਘੱਟ ਭਾਰਤ ਵਿਚ ਸੋਵੀਅਤ ਯੂਨੀਅਨ ਦੇ ਬਰਾਬਰ ਭਾਈਵਾਲੀ ਸਥਾਪਤ ਕਰਨੀ ਚਾਹੁੰਦਾ ਸੀ। ਸੋਵੀਅਤ ਯੂਨੀਅਨ ਦਾ ਭਾਰਤੀ ਰਾਜਨੀਤੀ ‘ਤੇ ਪ੍ਰਭਾਵ ਇਸ ਗੱਲ ਤੋਂ ਸਪਸ਼ਟ ਹੁੰਦਾ ਹੈ ਕਿ 1981 ਵਿਚ ਭਾਰਤ ਨੇ ਯੂਐਸ ਫੋਰਨ ਸਰਵਿਸ ਦੇ ਅਫਸਰ ਜੋਰਜ ਗ੍ਰਿਫਿਨ ਦੀ ਨਵੀਂ ਦਿੱਲੀ ਸਥਿਤ ਅਮਰੀਕੀ ਅੰਬੈਸੀ ਵਿਚ ਨਿਯੁਕਤੀ ਦਾ ਵਿਰੋਧ ਕੀਤਾ। ਇਸ ਵਿਰੋਧ ਦੀਆਂ ਤੰਦਾਂ ਮਾਸਕੋ ਤੋਂ ਖਿੱਚੀਆਂ ਗਈਆਂ ਸਨ। ਗ੍ਰਿਫਿਨ ਦੀ ਨਿਯੁਕਤੀ ਖਿਲਾਫ ਮਾਹੌਲ ਸਿਰਜਣ ਲਈ ਮਾਸਕੋ ਦੇ ਪੈਸੇ ‘ਤੇ ਚਲਦੇ ਭਾਰਤੀ ਕਮਿਊਨਿਸਟ ਅਖਬਾਰ ‘ਦਾ ਪੈਟਰੀਓਟ“ ਅਤੇ ਸੋਵੀਅਤ ਪ੍ਰੈਸ ਅਜੈਂਸੀ ‘ਟਾਸ’ ਨੇ ਅਹਿਮ ਕੰਮ ਕੀਤਾ।

**ਸੋਵੀਅਤ ਯੂਨੀਅਨ ਦੇ ਭਾਰਤ ਵਿਚਲੇ ਮੋਹਰੇ**

ਸੋਵੀਅਤ ਯੂਨੀਅਨ ਨੇ ਭਾਰਤੀ ਰਾਜਨੀਤੀ ‘ਤੇ ਆਪਣੀ ਪਕੜ ਮਜ਼ਬੂਤ ਕਰਨ ਲਈ ਵੱਡੀ ਰਕਮ ਖਰਚੀ। ਭਾਰਤ ਨੂੰ ਵਪਾਰਕ ਅਤੇ ਫੌਜੀ ਮਦਦ ਦਿੰਦਿਆਂ ਉਸਨੇ ਭਾਰਤੀ ਰਾਜਨੀਤਕ ਵਰਾਂਡਿਆਂ ਅਤੇ ਅਫਸਰਸ਼ਾਹੀ ਅੰਦਰ ਡੂੰਘੀ ਸੰਨ ਲਾ ਲਈ ਸੀ।

2011 ਵਿਚ ਜਨਤਕ ਕੀਤੀ ਗਈ ਅਮਰੀਕੀ ਖੂਫੀਆ ਏਜੰਸੀ ਸੀਆਈਏ ਵੱਲੋਂ ਦਸੰਬਰ 1985 ਵਿਚ ਵਾਸ਼ਿੰਗਟਨ ਭੇਜੀ ਗਈ ਭਾਰਤ ਸਬੰਧੀ ਰਿਪੋਰਟ ‘ਦਾ ਸੋਵੀਅਤਸ ਇਨ ਇੰਡੀਆ: ਮੋਸਕੋ ਮੇਜਰ ਪੈਨੀਟਰੇਸ਼ਨ ਪ੍ਰੋਗਰਾਮ“ ਵਿਚ ਖੁਲਾਸਾ ਹੋਇਆ ਹੈ ਕਿ ਸੋਵੀਅਤ ਯੂਨੀਅਨ ਭਾਰਤ ਵਿਚ ਕਾਂਗਰਸ, ਕਮਿਊਨਿਸਟ ਪਾਰਟੀ ਆਫ ਇੰਡੀਆ (ਸੀਪੀਆਈ) ਅਤੇ ਸੀਪੀਆਈ(ਐਮ) ਨੂੰ ਰਾਜਨੀਤਕ ਗਤੀਵਿਧੀਆਂ ਲਈ ਵੱਡੀ ਰਕਮ ਦਿੰਦੀ ਸੀ। ਮਾਸਕੋ ਇੰਦਰਾ ਗਾਂਧੀ ਨੂੰ ਭਾਰਤ ਦੀ ਰਾਜਨੀਤੀ ਵਿਚ ਸਥਾਪਤ ਕਰਕੇ ਰੱਖਣਾ ਚਾਹੁੰਦਾ ਸੀ, ਜੋ ਉਸਨੂੰ ਆਪਣੇ ਹਿੱਤਾਂ ਲਈ ਲਾਹੇਵੰਦ ਲਗਦਾ ਸੀ।

ਸੋਵੀਅਤ ਯੂਨੀਅਨ ਨੇ 1965 ਦੀ ਪਾਕਿਸਤਾਨ ਨਾਲ ਜੰਗ, 1971 ਦੀ ਬੰਗਲਾਦੇਸ਼ ਜੰਗ ਵਿਚ ਭਾਰਤ ਦੀ ਵੱਡੀ ਮਦਦ ਕੀਤੀ ਸੀ। ਜਦੋਂ ਇੰਦਰਾ ਗਾਂਧੀ ਨੇ 1975-77 ਵਿਚ ਭਾਰਤ ਅੰਦਰ ਐਮਰਜੈਂਸੀ ਦਾ ਐਲਾਨ ਕੀਤਾ, ਉਸ ਸਮੇਂ ਵੀ ਸੋਵੀਅਤ ਯੂਨੀਅਨ ਇੰਦਰਾ ਗਾਂਧੀ ਦੀ ਮਦਦ ਕਰ ਰਿਹਾ ਸੀ। ਸੀਪੀਆਈ ਅਤੇ ਸੀਪੀਆਈ (ਐਮ) ਨੂੰ ਪੈਸੇ ਦੇਣ ਦੇ ਵਸੀਲਿਆਂ ਲਈ ਸੋਵੀਅਤ ਯੂਨੀਅਨ ਨੇ ਕਿਤਾਬ ਪ੍ਰਕਾਸ਼ਨ ਅਤੇ ਅਖਬਾਰ ਨੂੰ ਅਹਿਮ ਵਸੀਲੇ ਵਜੋਂ ਵਰਤਿਆ। ਸੋਵੀਅਤ ਯੂਨੀਅਨ ਕਾਮਰੇਡੀ ਅਖਬਾਰਾਂ ਨੂੰ ਇਸ਼ਤਿਹਾਰਾਂ ਰਾਹੀਂ ਵੱਡੀ ਰਕਮ ਦਿੰਦਾ ਸੀ। ਸੀਆਈਏ ਦੀ ਰਿਪੋਰਟ ਮੁਤਾਬਕ 1984 ਵਿਚ ਸੀਪੀਆਈ ਦੇ ਜਰਨਲਾਂ ਨੂੰ ਮਾਸਕੋ ਤੋਂ 60,000 ਡਾਲਰ ਦੇ ਇਸ਼ਤਿਹਾਰ ਮਿਲੇ ਤੇ ਇਹ ਹਰ ਸਾਲ ਮਿਲਦੇ ਸਨ। ਇਸ ਤੋਂ ਇਲਾਵਾ ਇਹਨਾਂ ਕਾਮਰੇਡੀ ਪਾਰਟੀਆਂ ਦੇ ਆਗੂਆਂ ਨੂੰ ਸੋਵੀਅਤ ਯੂਨੀਅਨ ਦੇ ਸਫਰ ਲਈ ਜਹਾਜ਼ ਦੀਆਂ ਟਿਕਟਾਂ ਵੀ ਮਾਸਕੋ ਤੋਂ ਆਉਂਦੀਆਂ ਸੀ ਅਤੇ ਨਾਲ ਹੀ ਹੋਰ ਯਾਤਰਾ ਭੱਤੇ ਵੀ ਮਿਲਦੇ ਸਨ।




ਸੋਵੀਅਤ ਯੂਨੀਅਨ ਨੇ ਇਹਨਾਂ ਪ੍ਰਮੁੱਖ ਪਾਰਟੀਆਂ ਤੋਂ ਇਲਾਵਾ ਰਾਜਨੀਤਕ ਆਗੂਆਂ ਨਾਲ ਨਿੱਜੀ ਰਿਸ਼ਤੇ ਵੀ ਗੰਢੇ ਹੋਏ ਸਨ, ਜਿਹਨਾਂ ਦੀ ਉਹ ਨਿਜੀ ਮਦਦ ਕਰਦਾ ਸੀ ਅਤੇ ਇਹਨਾਂ ਆਗੂਆਂ ਦੇ ਪ੍ਰਭਾਵ ਨੂੰ ਭਾਰਤੀ ਨੀਤੀਆਂ ਆਪਣੇ ਪੱਖ ਵਿਚ ਸਿਰਜਣ ਲਈ ਵਰਤਦਾ ਸੀ। ਸੋਵੀਅਤ ਯੂਨੀਅਨ ਦੇ ਨੇੜਲੇ ਭਾਰਤੀ ਆਗੂਆਂ ਵਿਚ ਕਾਂਗਰਸ ਦਾ ਐਮਪੀ ਐਚ.ਕੇ.ਐਲ ਭਗਤ ਖਾਸ ਸੀ, ਜੋ ਸਿੱਖ ਕਤਲੇਆਮ ਦੇ ਪ੍ਰਮੁੱਖ ਦੋਸ਼ੀਆਂ ਵਿਚੋਂ ਇਕ ਸੀ।

**ਸੋਵੀਅਤ ਯੂਨੀਅਨ ਦੇ ਭਾਰਤ ਵਿਚ ਮੁਲਾਜ਼ਮ**

ਸੀਆਈਏ ਦੀ ਰਿਪੋਰਟ ਮੁਤਾਬਕ 1984 ਤਕ ਭਾਰਤ ਵਿਚ ਸੋਵੀਅਤ ਯੂਨੀਅਨ ਦੇ 800 ਮੁਲਾਜ਼ਮ ਵੱਖ-ਵੱਖ ਅਹੁਦਿਆਂ ‘ਤੇ ਤੈਨਾਤ ਸਨ ਜਿਹਨਾਂ ਵਿਚ 100 ਦੇ ਕਰੀਬ ਸੋਵੀਅਤ ਯੂਨੀਅਨ ਦੀਆਂ ਖੂਫੀਆ ਅਜੰਸੀਆਂ ਕੇਜੀਬੀ ਅਤੇ ਜੀਆਰਯੂ ਦੇ ਅਫਸਰ ਸਨ। ਇਸ ਤੋਂ ਇਲਾਵਾ 10,000 ਤੋਂ ਵੱਧ ਸੋਵੀਅਤ ਯਾਤਰੀ ਹਰ ਸਾਲ ਸਰਕਾਰ ਦੇ ਖਰਚੇ ‘ਤੇ ਭਾਰਤ ਆਉਂਦੇ ਸਨ। ਸੋਵੀਅਤ ਯੂਨੀਅਨ ਦੇ ਭਾਰਤ ਵਿਚਲੇ ਢਾਂਚੇ ਵਿਚੋਂ ਸਭ ਤੋਂ ਕਾਰਗਰ ਦਿੱਲੀ ਸਥਿਤ ਸੋਵੀਅਤ ਇਨਫੋਰਮੇਸ਼ਨ ਡਿਪਾਰਟਮੈਂਟ ਸੀ, ਜਿਸ ਨੇ ਭਾਰਤ ਵਿਚ ਬਹੁਤੇ ਪੱਤਰਕਾਰ ਖਰੀਦੇ ਹੋਏ ਸਨ ਅਤੇ ਇਹਨਾਂ ਰਾਹੀਂ ਉਹ ਆਪਣੇ ਏਜੰਡੇ ਨੂੰ ਭਾਰਤੀ ਅਖਬਾਰਾਂ ਵਿਚ ਛਪਵਾਉਂਦੇ ਸਨ। ਇਸ ਕੰਮ ਵਿਚ ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਨਾਲ ਸਬੰਧਿਤ ਅਖਬਾਰ ਮੁੱਖ ਭੂਮਿਕਾ ਨਿਭਾਉਂਦੇ ਸੀ। ਸੋਵੀਅਤ ਇਨਫੋਰਮੇਸ਼ਨ ਡਿਪਾਰਟਮੈਂਟ ਦੇ ਭਾਰਤ ਵਿਚਲੇ ਦਫਤਰ ਦਾ ਉਸ ਸਮੇਂ ਬਜਟ 20 ਮਿਲੀਅਨ ਡਾਲਰ ਸੀ।

**ਦਰਬਾਰ ਸਾਹਿਬ ਹਮਲੇ ਬਾਰੇ ਸੋਵੀਅਤ ਪ੍ਰਾਪੇਗੰਡਾ**

ਸਿੱਖਾਂ ਦੇ ਕੌਮੀ ਹੱਕਾਂ ਅਤੇ ਪੰਜਾਬ ਦੀ ਖੇਤਰੀ ਖੁਦਮੁਖਤਿਆਰੀ ਬਾਰੇ ਚੱਲ ਰਹੀ ਲਹਿਰ ਸਬੰਧੀ ਸੋਵੀਅਤ ਯੂਨੀਅਨ ਦੀ ਨੀਤੀ ਸਰਕਾਰ ਪੱਖੀ ਸੀ। ਉਹ ਭਾਰਤ ਵਿਚ ਸੋਵੀਅਤ ਪੱਖੀ ਇੰਦਰਾ ਗਾਂਧੀ ਦੀ ਅਗਵਾਈ ਵਾਲਾ ਮਜ਼ਬੂਤ ਕੇਂਦਰੀ ਢਾਂਚਾ ਚਾਹੁੰਦਾ ਸੀ ਅਤੇ ਉਸਨੇ 1984 ਦੇ ਦਸੰਬਰ ਵਿਚ ਹੋਣ ਵਾਲੀਆਂ ਚੋਣਾਂ ਵਿਚ ਇੰਦਰਾ ਗਾਂਧੀ ਨੂੰ ਮੁੜ ਜਿਤਾ ਕੇ ਪ੍ਰਧਾਨ ਮੰਤਰੀ ਬਣਾਉਣ ਲਈ ਪੂਰਾ ਜ਼ੋਰ ਲਾਇਆ ਹੋਇਆ ਸੀ। ਇਸ ਦੇ ਨਾਲ ਹੀ ਉਹ ਆਪਣੇ ਅਮਰੀਕਾ ਵਿਰੋਧੀ ਹਿੱਤਾਂ ਦੇ ਮੱਦੇਨਜ਼ਰ ਇਸ ਗੱਲ ਨੂੰ ਸਥਾਪਤ ਕਰਨ ‘ਤੇ ਜ਼ੋਰ ਲਾ ਰਿਹਾ ਸੀ ਕਿ ਅਮਰੀਕਾ ਭਾਰਤ ਦੇ ਟੋਟੇ ਕਰਨੇ ਚਾਹੁੰਦਾ ਹੈ ਤੇ ਸਿੱਖਾਂ ਦੀ ਲਹਿਰ ਨੂੰ ਅਮਰੀਕਾ ਸਮਰਥਨ ਦੇ ਰਿਹਾ ਹੈ। ਇਸ ਲਈ ਅਮਰੀਕਾ ਦੇ ਨਾਲ-ਨਾਲ ਠੰਡੀ ਜੰਗ ਵਿਚ ਸੋਵੀਅਤ ਯੂਨੀਅਨ ਵਿਰੋਧੀ ਅਮਰੀਕੀ ਧੜੇ ਦੇ ਦੇਸ਼ਾਂ ਬਰਤਾਨੀਆ, ਕੈਨੇਡਾ ਅਤੇ ਪਾਕਿਸਤਾਨ ਨੂੰ ਵੀ ਸਿੱਖ ਸੰਘਰਸ਼ ਦੇ ਸਮਰਥਕ ਐਲਾਨਿਆ ਗਿਆ।

ਇਸ ਗੱਲ ਨੂੰ ਸਥਾਪਤ ਕਰਨ ਲਈ ਸੋਵੀਅਤ ਯੂਨੀਅਨ ਦੇ ਦਿੱਲੀ ਸਥਿਤ ਸੋਵੀਅਤ ਇਨਫੋਰਮੇਸ਼ਨ ਸੈਂਟਰ ਨੇ ਭਾਰਤੀ ਅਖਬਾਰਾਂ ਵਿਚ ਖਬਰਾਂ ਛਪਵਾਈਆਂ। ਇਹਨਾਂ ਵਿਚੋਂ ਕੁੱਝ ਪ੍ਰਮੁੱਖ ਇਸ ਤਰਾਂ ਹਨ:

1. 12 ਮਈ 1984 ਦੇ ਹਿੰਦੁਸਤਾਨ ਟਾਈਮਜ਼ ਅਖਬਾਰ ਵਿਚ ਖਬਰ ਛਪੀ ਕਿ ਕੈਨੇਡੀਅਨ ਸਿਖਲਾਈ ਕੈਂਪਾਂ ਵਿਚ ਸਿੱਖ ‘ਅੱਤਵਾਦੀਆਂ’ ਨੂੰ ਸਿਖਲਾਈ ਦਿੱਤੀ ਜਾ ਰਹੀ ਹੈ।

2. ਅਗਸਤ 1984 ਵਿਚ ਹਿੰਦੁਸਤਾਨ ਟਾਈਮਜ਼ ‘ਚ ਖਬਰ ਛਪੀ ਕਿ ਗੰਗਾ ਸਿੰਘ ਢਿੱਲੋਂ ਅਤੇ ਜਗਜੀਤ ਸਿੰਘ ਚੌਹਾਨ ਅਮਰੀਕੀ ਡਿਫੈਂਸ ਇੰਟੈਲੀਜੈਂਸ ਏਜੰਸੀ ਦੀ ਤਨਖਾਹ ‘ਤੇ ਨਿਯੁਕਤ ਹਨ।

3. 14 ਸਤੰਬਰ, 1984 ਨੂੰ ਟਾਈਮਜ਼ ਆਫ ਇੰਡੀਆ ਵਿਚ ਖਬਰ ਛਪੀ ਕਿ ਸੀਆਈਏ ਪਾਕਿਸਤਾਨ ਵਿਚ ਸਿੱਖ ਖਾੜਕੂਆਂ ਨੂੰ ਸਿਖਲਾਈ ਦੇ ਰਹੀ ਹੈ। ਸੀਆਈਏ ਮੁਤਾਬਕ ਇਹ ਖਬਰ ਪੱਤਰਕਾਰ ਨੂੰ ਸੋਵੀਅਤ ਇਨਫੋਰਮੇਸ਼ਨ ਸੈਂਟਰ ਦੇ ਭਾਰਤੀ ਮੁਲਾਜ਼ਮ ਵੱਲੋਂ ਦਿੱਤੀ ਗਈ ਸੀ।

ਸੋਵੀਅਤ ਯੂਨੀਅਨ ਆਪਣੇ ਇਸ ਪ੍ਰਾਪਗੰਡੇ ਨਾਲ ਜਿੱਥੇ ਸਿੱਖਾਂ ਦੀ ਹੱਕੀ ਲਹਿਰ ਨੂੰ ਬਦਨਾਮ ਕਰਕੇ ਇੰਦਰਾ ਗਾਂਧੀ ਦੀ ਭਾਰਤੀ ਘਰੇਲੂ ਰਾਜਨੀਤੀ ਵਿਚ ਸਥਿਤੀ ਨੂੰ ਮਜ਼ਬੂਤ ਕਰ ਰਿਹਾ ਸੀ ਉੱਥੇ ਉਹ ਅਮਰੀਕਾ ਨੂੰ ਭਾਰਤ ਦੇ ਦੁਸ਼ਮਣ ਵਜੋਂ ਸਥਾਪਤ ਕਰ ਰਿਹਾ ਸੀ। ਇਸ ਸਾਰੀ ਸੋਵੀਅਤ ਮੁਹਿੰਮ ਵਿਚ ਮਾਸਕੋ ਦੇ ਪੈਸੇ ‘ਤੇ ਚੱਲਣ ਵਾਲੇ ਭਾਰਤ ਦੇ ਕਾਮਰੇਡ ਸੋਵੀਅਤ-ਇੰਦਰਾ ਗਠਜੋੜ ਦਾ ਸਮਰਥਨ ਕਰ ਰਹੇ ਸਨ।

ਇੰਦਰਾ ਗਾਂਧੀ ਦੇ ਕਤਲ ਦਾ ਦੋਸ਼ ਸੀਆਈਏ ‘ਤੇ ਲਾਉਣਾ ਦਰਬਾਰ ਸਾਹਿਬ ‘ਤੇ ਹਮਲੇ ਦੀ ਦੋਸ਼ੀ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਜਦੋਂ ਹਮਲੇ ਦੀ ਸਜ਼ਾ ਦਿੰਦਿਆਂ ਉਸਦੇ ਦੋ ਸਿੱਖ ਅੰਗਰੱਖਿਅਕਾਂ, ਭਾਈ ਸਤਵੰਤ ਸਿੰਘ ਅਤੇ ਭਾਈ ਬੇਅੰਤ ਸਿੰਘ ਨੇ ਕਤਲ ਕਰ ਦਿੱਤਾ ਤਾਂ ਸੋਵੀਅਤ ਯੂਨੀਅਨ ਦੇ ਢਾਂਚੇ ਨੇ ਇਸ ਕਤਲ ਦਾ ਦੋਸ਼ ਅਮਰੀਕਾ ਦੀ ਖੂਫੀਆ ਅਜੰਸੀ ਸੀਆਈਏ ਸਿਰ ਮੜ ਦਿੱਤਾ। ਇੰਦਰਾ ਗਾਂਧੀ ਦੇ ਕਤਲ ਤੋਂ ਕੁੱਝ ਘੰਟਿਆਂ ਬਾਅਦ ਹੀ ‘ਰੇਡੀਓ ਮਾਸਕੋ’ ਤੋਂ ਐਲਾਨ ਕੀਤਾ ਗਿਆ ਕਿ ਇੰਦਰਾ ਗਾਂਧੀ ਦੇ ਕਾਤਲਾਂ ਨੂੰ ‘ਵਿਚਾਰਧਾਰਕ ਪ੍ਰੇਰਣਾ’ ਸੀਆਈਏ ਨੇ ਦਿੱਤੀ ਸੀ। ਸੋਵੀਅਤ ਯੂਨੀਅਨ ਨੇ ਇੰਦਰਾ ਗਾਂਧੀ ਦੇ ਕਤਲ ਹਵਾਲੇ ਨਾਲ ਅਮਰੀਕਾ ‘ਤੇ ‘ਸਟੇਟ ਟੈਰੋਰਿਜ਼ਮ’ ਦੇ ਦੋਸ਼ ਲਾਏ। ਸੋਵੀਅਤ ਯੂਨੀਅਨ ਦੇ ਇਸ ਪ੍ਰਾਪੇਗੰਢੇ ਨੂੰ ਭਾਰਤ ਦੇ ਸੋਵੀਅਤ ਪੱਖੀ ‘ਬੋਂਬੇ ਡੇਲੀ’ ਅਤੇ ‘ਦਾ ਪੈਟਰੀਓਟ’ ਵਿਚ ਵੀ ਪ੍ਰਚਾਰਿਆ ਗਿਆ। ਸੀਪੀਆਈ ਦੇ ਹਿੰਦੀ ਅਖਬਾਰ ‘ਜਨਯੁੱਗ’ ਨੇ ਵੀ ਇਸ ਕਤਲ ਪਿੱਛੇ ਸੀਆਈਏ ਦਾ ਹੱਥ ਦੱਸਿਆ। ਇਹਨਾਂ ਤੋਂ ਇਲਾਵਾ ਨਾਮੀਂ ਅੰਗਰੇਜ਼ੀ ਅਖਬਾਰਾਂ ‘ਹਿੰਦੁਸਤਾਨ ਟਾਈਮਜ਼’, ‘ਟਾਈਮਜ਼ ਆਫ ਇੰਡੀਆ’ ਅਤੇ ‘ਨੈਸ਼ਨਲ ਹੇਰਾਲਡ’ ਵਿਚ ਵੀ ਇਸ ਸੋਵੀਅਤ ਪ੍ਰਾਪੇਗੰਢੇ ਨੂੰ ਪ੍ਰਚਾਰਿਆ ਗਿਆ। ਦੁਨੀਆ ਭਰ ਦੇ ਅਖਬਾਰਾਂ ਵਿਚ ਖਬਰਾਂ ਨਾਲ ਇਸ ਗੱਲ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਗਈ।

**(ਚਲਦਾ...)**



**ਅਦਾਰਾ ‘ਅੰਮ੍ਰਿਤਸਰ ਟਾਈਮਜ਼’ ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਸਿਰਫ ਗੁਰੂ ਨੂੰ ਹੀ ਨਹੀਂ, ਗੁਰੂ ਦੀ ਵੀ ਮੰਨੀਏ

**- ਸਵਰਨ ਸਿੰਘ ਭੰਗੂ**

ਗੁਰੂ ਨਾਨਕ ਦਾ ਜਨਮ ਉਸ ਵੇਲੇ ਹੋਇਆ ਜਦੋਂ ਇਸ ਧਰਤੀ ’ਤੇ ਵਿਗਿਆਨਕ ਸੋਚ ਪੈਰ ਪਸਾਰ ਰਹੀ ਸੀ, ਜਦੋਂ ਵਿਗਿਆਨ ਕੁਦਰਤੀ ਭੇਦਾਂ ਤੋਂ ਪਰਦੇ ਚੁੱਕ ਰਿਹਾ ਸੀ। ਅਸੀਂ ਇਤਿਹਾਸਕ ਵਰਤਾਰਿਆਂ ਦੇ ਸਮਕਾਲੀ ਨਹੀਂ ਹਾਂ ਪਰ ਇਤਿਹਾਸ ਵਿਚ ਦਰਜ ਘਟਨਾਵਾਂ ’ਤੇ ਯਕੀਨ ਕਰਦੇ ਹਾਂ। ਇਸੇ ਯਕੀਨ ਵਿਚ ਉਹ ਸਾਰੀਆਂ ਕਥਾ/ਕਹਾਣੀਆਂ ਸ਼ਾਮਲ ਹਨ, ਜਿਹੜੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸਬੰਧਤ ਹਨ। ਬਾਬਾ ਨਾਨਕ ਨੇ ਇਸ ਧਰਤੀ ’ਤੇ ਲਗਭਗ 72 ਸਾਲ ਜੀਵਨ ਬਿਤਾਇਆ। ਇਤਿਹਾਸ ਅਨੁਸਾਰ ਬਾਲਪਣ ਤੋਂ ਲੈ ਕੇ ਬਿਰਧ ਅਵਸਥਾ ਤੱਕ, ਉਨਾਂ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਵਿਚ ਉਨਾਂ ਦੀ ਤਰਕ ਭਰਪੂਰ ਮਾਨਵੀ ਪਹੁੰਚ ਰੂਪਮਾਨ ਹੁੰਦੀ ਹੈ ਤੇ ਕੋਈ ਸਦੀਵੀ ਸੁਨੇਹਾ ਉੱਭਰਦਾ ਹੈ। ਉਹ ਹਰ ਵਰਤਾਰੇ ਵਿੱਚ ਪਿਛਾਖੜੀ ਧਾਰਨਾਵਾਂ ਨੂੰ ਝੰਭਦੇ ਹਨ, ਤਰਕ ਅਧਾਰਤ ਪੱਖ ਰੱਖਦੇ ਹਨ ਅਤੇ ਆਉਣ ਵਾਲੀਆਂ ਪੀੜੀਆਂ ਦਾ ਮਾਰਗ ਦਰਸ਼ਨ ਕਰਦੇ ਹਨ। ਮੋਦੀ ਖਾਨੇ ਦੁਆਰਾ ਉਹ ਵਪਾਰਕ ਕਦਰਾਂ ਸਥਾਪਤ ਕਰਦੇ ਹਨ, ਭੁੱਖੇ ਸਾਧੂਆਂ ਨੂੰ ਖਾਣਾ ਖੁਆਉਣ ਦੀ ਘਟਨਾ ਪਿੱਛੇ (ਜਿਸ ਨਾਲ ਸਿੱਖ-ਜਗਤ ਦੀ ਲੰਗਰ-ਪ੍ਰਥਾ ਜੁੜੀ ਹੋਈ ਹੈ) ਉਹ ਭੁੱਖੇ ਪਿਆਸੇ ਲੋਕਾਂ ਪ੍ਰਤੀ ਬਣਦੇ ਮਨੁੱਖੀ ਫਰਜਾਂ ਦਾ ਹੋਕਾ ਦਿੰਦੇ ਹਨ। ਕੁਦਰਤੀ ਵਰਤਾਰਿਆਂ ਨੂੰ ਗੈਬੀ-ਸ਼ਕਤੀਆਂ ਨਾਲ ਜੋੜਨ ਵਾਲਿਆਂ ਨੂੰ ‘ਆਰਤੀ’ ਨੁਮਾ ਸ਼ਬਦ ਵਿੱਚ ਸਮੁੱਚੇ ਬ੍ਰਹਿਮੰਡ ਵਿੱਚ ਵਾਪਰ ਰਹੇ ਵਰਤਾਰਿਆਂ ਦਾ ਵਰਨਣ ਕਰਦੇ ਹਨ। ਜਨੇਊ ਨਾ ਪਹਿਨ ਕੇ ਤਾਂਤਰਿਕਵਾਦ ’ਤੇ ਵੱਡਾ ਵਾਰ ਕਰਦੇ ਹਨ ਅਤੇ ਕਿਧਰੇ ਸੂਰਜ ਨੂੰ ਪਾਣੀ ਦੇਣ ਵਾਲਿਆਂ ਨੂੰ ਸਬਕ ਸਿਖਾਉਂਦੇ ਹਨ। ਮੱਕੇ ਜਾ ਕੇ ‘ਰੱਬ’ ਦੀ ਸਰਬਵਿਆਪਕਤਾ ਦੀ ਗੱਲ ਕਰਦੇ ਹਨ। ਫਿਰਕੂ-ਸਦਭਾਵਨਾ ਦੀ ਸਦੀਵਤਾ ਲਈ ਉਨਾਂ ਦੇ ਬਾਲਾ, ਮਰਦਾਨਾ ਸੰਗੀ ਸਾਥੀ ਰਹੇ। ਜਦੋਂ ਬਾਬਾ ਨਾਨਕ ਦੀਆਂ ਅਮਲੀ ਸਿੱਖਿਆਵਾਂ ਵਿਚ ਇਹ ਸਾਰਾ ਕੁੱਝ ਸ਼ਾਮਲ ਹੈ ਤਾਂ ਅਸੀਂ ਇਸੇ ਕਸੌਟੀ ’ਤੇ ਇਹ ਪਰਖ ਸਕਦੇ ਹਾਂ ਕਿ ਮੌਜੂਦਾ ਸਿੱਖ-ਜਗਤ ਉਨਾਂ ਦੀਆਂ ਸਿੱਖਿਆਵਾਂ ’ਤੇ ਕਿੰਨਾ ਕੁ ਚੱਲ ਰਿਹਾ ਹੈ? ਇਹ ਗੱਲ ਵੀ ਸਾਫ ਹੈ ਕਿ ਬਾਬਾ ਨਾਨਕ ਦੀਆਂ ਸਿੱਖਿਆਵਾਂ ਬੰਧੇਜ-ਰਹਿਤ ਹਨ, ਜਿਹੜੀਆਂ ਕਿਸੇ ਇੱਕ ਧਰਮ ਜਾਂ ਫਿਰਕੇ ਤੋਂ ਵਧ ਕੇ ਸਮੁੱਚੀ ਮਾਨਵਤਾ ਲਈ ਹਨ। ਜਦੋਂ ਵੀ ਹਰ ਸਾਲ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਵਸ ਆਉਂਦਾ ਹੈ ਤਾਂ ਸਮੁੱਚਾ ਜਗਤ ਇਸ ਨੂੰ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਂਦਾ ਹੈ। ਜਨਮ ਦਿਵਸ ਤੋਂ ਪਹਿਲਾਂ ਹੀ ਨਗਰ ਕੀਰਤਨ ਸਜਾਏ ਜਾਂਦੇ ਹਨ, ਪ੍ਰਭਾਤ ਫੇਰੀਆਂ ਕੱਢੀਆਂ ਜਾਂਦੀਆਂ ਹਨ, ਗੁਰੂ ਗ੍ਰੰਥ ਸਾਹਿਬ ਦੇ ਪਾਠ, ਦੀਵਾਨ, ਲੰਗਰ, ਆਤਿਸ਼ਬਾਜ਼ੀ ਆਦਿ ਬਹੁਤ ਕੁੱਝ ਚੱਲਦਾ ਹੈ। ਇਨਾਂ ਦਿਨਾਂ ਵਿੱਚ ਇਹੋ ਪ੍ਰਭਾਵ ਪੈਂਦਾ ਹੈ ਕਿ ਬਾਬਾ ਨਾਨਕ ਦੀਆਂ ਸਿੱਖਿਆਵਾਂ ਦਾ ਇਸ ਧਰਤੀ ’ਤੇ ਪਸਾਰਾ ਹੋ ਚੁੱਕਾ ਹੈ। ਜਦੋਂ ਇਹ ਸਾਰਾ ਕੁੱਝ ਹੋ ਰਿਹਾ ਹੈ ਤਾਂ ਇਹ ਗੱਲ ਵੀ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਅਮਲਾਂ ਤੋਂ ਟੁੱਟੇ ਇਹ ਛੋਟੇ/ਵੱਡੇ ਅਡੰਬਰ ਖੁਦ ਬਾਬਾ ਨਾਨਕ ਨੂੰ ਵੀ ਪਸੰਦ ਨਹੀਂ ਹੋਣਗੇ। ਇਹ ਵੀ ਵਰਨਣਯੋਗ ਹੈ ਕਿ ਇਸ ਵਾਰ ਜਦੋਂ ਗੁਰੂ ਨਾਨਕ ਦੇਵ ਜੀ ਦਾ 550 ਸਾਲਾ ਆਗਮਨ ਪੁਰਬ ਮਨਾਇਆ ਜਾ ਰਿਹਾ ਹੈ ਤਾਂ ਬਹੁਤ ਸਾਰੀਆਂ ਥਾਵਾਂ ’ਤੇ ਬਾਬਾ ਨਾਨਕ ਨੂੰ ਸਮਰਪਿਤ ਸਮਾਗਮ ਬੇਹੱਦ ਵਧਵੇਂ ਰੂਪ ਵਿੱਚ ਹੋਣਗੇ। ਇੱਥੇ ਪ੍ਰਸਿੱਧ ਸ਼ਾਇਰ ‘ਜਸਵੰਤ ਸਿੰਘ ਜਫਰ’ ਹੋਰਾਂ ਦੀ ਕਵਿਤਾ ‘ਅਸੀਂ ਨਾਨਕ ਦੇ ਕੀ ਲੱਗਦੇ ਹਾਂ’ ਦਾ ਜ਼ਿਕਰ ਕਰਨਾ ਬੇਲੋੜਾ ਨਹੀਂ ਲੱਗਦਾ। ਸ਼ਾਇਰ ਇਸ ਕਵਿਤਾ ਵਿਚ ਮੌਜੂਦਾ ਸਿੱਖ-ਜਗਤ ਵਿੱਚ ਫੈਲੀਆਂ ਕੁਰੀਤੀਆਂ ਦੇ ਸਨਮੁੱਖ ਇਹੋ ਸਵਾਲ ਕਰਦਾ ਹੈ ਕਿ ਅਸੀਂ ਅਸਲ ਨਾਨਕ ਦੀ ਤਸਵੀਰ ਵੱਲ ਤਾਂ ਕਦੇ ਧਿਆਨ ਹੀ ਨਹੀਂ ਦਿੱਤਾ ਸਗੋਂ ਅਸੀਂ ਤਾਂ ਚਿੱਤਰਕਾਰ ਸੋਭਾ ਸਿੰਘ ਦੀ ਤਸਵੀਰ ਨੂੰ ਹੀ ਅਪਨਾ ਲਿਆ ਹੈ ਅਤੇ ਅਸਲੀ ਬਾਬਾ ਨਾਨਕ ਦੇ ਨਕਸ਼ ਉਭਾਰਦਿਆਂ (ਜਿਸ ਵਿੱਚ ਸਾਧਨਾਂ-ਰਹਿਤ ਸਮੇਂ ਵਿੱਚ ਥੱਕਣ/ਹੰਭਣ ਦਾ ਹਵਾਲਾ ਹੈ) ਉਹ ਸਵਾਲ ਵੀ ਖੜੇ ਕਰਦਾ ਹੈ ਕਿ ਸਿੱਖ ਜਗਤ ਦੇ ਵੱਡੇ ਹਿੱਸੇ ਨੇ ਬਾਬਾ ਨਾਨਕ ਦੀ ਅਸਲੀ ਤਸਵੀਰ ਵਾਂਗ ਉਸ ਦੀਆਂ ਸਿੱਖਿਆਵਾਂ ਨੂੰ ਵੀ ਦਰਕਿਨਾਰ ਕਰ ਦਿੱਤਾ ਹੈ।

ਬਾਬਾ ਨਾਨਕ ਨੇ ਜਿਸ ਸਾਂਝੀਵਾਲਤਾ ਦੀ ਗੱਲ ਕੀਤੀ ਸੀ, ਉਹ ਕਿੱਥੇ ਹੈ? ਜਿਸ ਬਾਬਾ ਨਾਨਕ ਨੇ ਕੂੜ ਦੇ ਵਪਾਰ ਨੂੰ ਲੱਤ ਮਾਰੀ ਸੀ, ਉਸੇ ਬਾਬਾ ਨਾਨਕ ਦੇ ਨਾਂ ’ਤੇ ਕੂੜ ਦਾ ਵਪਾਰ ਹੋ ਰਿਹਾ ਹੈ। ਇਹ ਕੂੜ ਵਪਾਰੀ ਆਪਣੀ ਪੂੰਜੀ ਦੇ ਪਸਾਰੇ ਨੂੰ ਬਾਬਾ ਨਾਨਕ ਦੀ ਕਿਰਪਾ ਹੀ ਦੱਸ ਰਹੇ ਹਨ ਜਦੋਂ ਕਿ ਵਧਦੀ ਦੌਲਤ ਨੂੰ ਬਾਬਾ ਨਾਨਕ ‘ਪਾਪਾ ਬਾਝਹੁ ਹੋਵੈ ਨਾਹੀ’ ਕਹਿ ਰਿਹਾ ਹੈ। ਉਹ ਬਾਬਾ ਨਾਨਕ ਜਿਸ ਨੇ ਅਸੂਲੀ ਜੀਵਨ-ਸ਼ੈਲੀ ਦੁਆਰਾ ਪੁੱਤਰ ਮੋਹ ਨੂੰ ਵੀ ਨਕਾਰਿਆ ਸੀ, ਉੱਥੇ ਉਸ ਦੇ ਬਹੁਤੇ ਨਾਮ ਲੇਵਾ, ਆਪੋ-ਆਪਣੀਆਂ ਆਉਂਦੀਆਂ ਪੁਸ਼ਤਾਂ ਲਈ ਵੀ ਧਨ ਜੋੜਦੇ ਵੇਖੇ ਜਾ ਸਕਦੇ ਹਨ, ਜਿਸ ਬਾਬਾ ਨਾਨਕ ਨੇ ‘ਜਨੇਊ’ ਨਾ ਪਾ ਕੇ ਜਨ-ਸਧਾਰਨ ਨੂੰ ਤਾਂਤਰਿਕਵਾਦ ਤੋਂ ਸੁਚੇਤ ਰਹਿਣ ਦਾ ਪਾਠ ਪੜਾਇਆ ਸੀ ਤਾਂ ਅਸੀਂ ਵੇਖਦੇ ਹਾਂ ਕਿ ਜਨ-ਸਧਾਰਨ ਦਾ ਵੱਡਾ ਹਿੱਸਾ ਤਾਂਤਰਿਕਵਾਦ ’ਤੇ ਨਿਰਭਰ ਹੋ ਗਿਆ ਹੈ। ਵੱਡੇ ਪੱਧਰ ’ਤੇ ਸਿੱਖ-ਸਮਾਜ ਵੱਲੋਂ ਬੱਚਿਆਂ ਨੂੰ ਪਹਿਨਾਏ ਜਾਂਦੇ ਧਾਗੇ/ਤਵੀਤ ਅਤੇ ਵੱਡਿਆਂ ਦੀਆਂ ਉਂਗਲਾਂ ਵਿੱਚ ਪਾਈਆਂ ਹੋਈਆਂ ਨਗ-ਮੁੰਦਰੀਆਂ ਇਸੇ ਕੁਰਹਿਤ ਦਾ ਹਿੱਸਾ ਹਨ। ਇਹ ਗੱਲਾਂ ਬਿੱਲਕੁੱਲ ਹੀ ਸਮਝ ਤੋਂ ਬਾਹਰ ਹਨ ਕਿ ਸਿੱਖ ਧਰਮ ਦੀ ਰਟ ਲਾਉਣ ਵਾਲਿਆਂ ਨੇ ਆਪੋ-ਆਪਣੀਆਂ ਜਾਤਾਂ, ਗੋਤਾਂ, ਫਿਰਕਿਆਂ, ਊਚ/ਨੀਚ ਵਰਗ ਅਨੁਸਾਰ, ਆਪੋ-ਆਪਣੇ ਗੁਰੂ ਘਰ ਸਥਾਪਤ ਕਰ ਲਏ ਹਨ, ਵਿੱਚ ਗੋਲਕਾਂ ਜੜ ਲਈਆਂ ਹਨ ਅਤੇ ਪ੍ਰਬੰਧਕੀ ਕਮੇਟੀਆਂ ਇਨਾਂ ਗੋਲਕਾਂ ਦੀ ਕੇਵਲ ਪ੍ਰਕਰਮਾਂ ਹੀ ਕਰ ਰਹੀਆਂ ਹਨ। ਹੋਰ ਬਹੁਤ ਕੁੱਝ ਹੈ...ਕਹਿਣ ਨੂੰ ਸਿੱਖ ਜਗਤ ਹੈ, ਸਿੱਖ ਸੰਗਤ ਹੈ ਜਿਸ ਵਿੱਚ ਊਚ/ਨੀਚ ਖਤਮ ਕਰਨ ਵਾਲੀ ਖਾਲਸਾ-ਸਾਜਨਾ ਅਤੇ ਪੰਚ-ਪ੍ਰਧਾਨੀ ਸੰਦੇਸ਼ ਹੈ ਪਰ ਵਖਰੇਵਾਂ, ਵੱਖ ਵੱਖ ਸ਼ਮਸ਼ਾਨਘਾਟਾਂ ਦੁਆਰਾ ਆਖਰੀ ਮੁਕਾਮ ਤੱਕ ਜਾਂਦਾ ਹੈ। ਇੱਥੇ ਹੀ ਬੱਸ ਨਹੀਂ ਗੁਰੂ ਘਰਾਂ ਤੋਂ ਇਲਾਵਾ ਡੇਰਿਆਂ ਦੇ ਰੂਪ ਵਿੱਚ ਫੈਲਿਆ ਗੁਰੂ-ਡੰਮ ਵੀ ਇਨਾਂ ਹੀ ਕੁਰਹਿਤਾਂ ਦਾ ਹਿੱਸਾ ਹੈ। ਬਾਬਾ ਨਾਨਕ ਦੇ ਨਾਂ ਹੇਠ ਇਹ ਗੁਰੂ-ਡੰਮ ਵਧ ਰਿਹਾ ਹੈ, ਫੈਲ ਰਿਹਾ ਹੈ। ਇਹ ਸਾਰਾ ਕੁੱਝ ਐਨਾ ਪ੍ਰਤੱਖ ਹੈ ਕਿ ਬਾਬਾ ਨਾਨਕ ਦੇ ਨਾਂ ’ਤੇ ਫੈਲੇ ‘ਸੱਜਣ ਠੱਗਾਂ’ ਨੇ ਧਰਮ ਨੂੰ ਧੰਦਾ ਬਣਾ ਲਿਆ ਹੈ ਅਤੇ ਧਰਮ ਮਾਫੀਆ ਬਣੇ ਇਨਾਂ ਅਧੁਨਿਕ ਲੁਟੇਰਿਆਂ ਨੇ, ਧਰਮ ਦੇ ਲਬਾਦੇ ਹੇਠ ਅਤੇ ਧਰਮ ਦੇ ਨਾਂ ’ਤੇ ਸਧਾਰਨ ਲੋਕਾਂ ਨੂੰ ਬਾਬਾ ਨਾਨਕ ਦੀਆਂ ਸਿੱਖਿਆਵਾਂ ਤੋਂ ਵਿਰਵੇਂ ਕਰਕੇ ਉਨਾਂ ਨੂੰ ਅੰਨੀ, ਗੂੰਗੀ, ਬੋਲੀ ਭੀੜ ਵਿੱਚ ਬਦਲ ਦਿੱਤਾ ਹੈ। ਇਹ ਭੀੜ ਬਾਬਾ ਨਾਨਕ ਦੀਆਂ ਸਿੱਖਿਆਵਾਂ ਤੋਂ ਬਹੁਤ ਬਹੁਤ ਦੂਰ ਹੁੰਦੀ ਜਾ ਰਹੀ ਹੈ, ਅਡੰਬਰਾਂ ਦਾ ਹਿੱਸਾ ਬਣ ਰਹੀ ਹੈ ਅਤੇ ਪ੍ਰਬੰਧਕਾਂ ਦੀਆਂ ਤਿਜੋਰੀਆਂ ਭਰ ਰਹੀ ਹੈ। ਉੱਪਰ ਜ਼ਿਕਰ ਕੀਤੇ ਅਨੁਸਾਰ ਵੱਡੇ ਪੱਧਰ ’ਤੇ ਸਿੱਖ ਸਮਾਜ ਦੀ, ਬਾਬਾ ਨਾਨਕ ਤੋਂ ਦੂਰੀ ਪ੍ਰਤੱਖ ਹੈ। ਸਿੱਖਿਆਵਾਂ ਨੂੰ ਛੱਡ ਕੇ ਬਾਬਾ ਨਾਨਕ ਦਾ ਮੋਹ, ਉਸ ਦੀਆਂ ਸੋਭਾ ਸਿੰਘ ਵਾਲੀਆਂ ਤਸਵੀਰਾਂ ਅੱਗੇ ਮੱਥੇ ਰਗੜਨ, ਧੂਫਾਂ ਧੁਖਾਉਣ ਅਤੇ ਅਡੰਬਰਾਂ ਦੀ ਭੀੜ ਬਣਨ ਤੱਕ ਸਿਮਟ ਗਿਆ ਹੈ। ਇਸ ਸਾਰੇ ਕੁੱਝ ਵਿੱਚ ‘ਸਰਬੱਤ ਦਾ ਭਲਾ’ ਵਿਸਰ ਗਿਆ ਹੈ ਅਤੇ ਵੱਡੇ ਹਿੱਸੇ ਦੀ ਸ਼ਰਧਾ, ਆਪੋ-ਆਪਣੇ ਸਵਾਰਥ ਭਰੇ ਮੰਗ-ਪੱਤਰਾਂ ਤੱਕ ਸੀਮਤ ਹੋ ਕੇ ਰਹਿ ਗਈ ਹੈ। ਬਹੁਤ ਜ਼ਰੂਰੀ ਹੈ ਕਿ ਬਾਬਾ ਨਾਨਕ ਦੀਆਂ ਸਿੱਖਿਆਵਾਂ ਨੂੰ ਅਪਣਾ ਕੇ, ਬਾਬਾ ਨਾਨਕ ਅਤੇ ਆਪਣੇ ਵਿਚਲੀ ਦੂਰੀ ਨੂੰ ਘਟਾਇਆ ਜਾਵੇ। ਅਜਿਹਾ ਕਰਨ ਨਾਲ ਹੀ ਅਸੀਂ ਬਾਬਾ ਨਾਨਕ ਦੀਆਂ ਸਿੱਖਿਆਵਾਂ ਨਾਲ ਇਨਸਾਫ ਕਰ ਸਕਦੇ ਹਾਂ ਅਤੇ ਮਨੁੱਖੀ ਸਮਾਜ ਵਿੱਚ ਆਪਣਾ ਅਸਰਦਾਰ ਦਖਲ ਯਕੀਨੀ ਬਣਾ ਸਕਦੇ ਹਾਂ। ਉਕਤ ਦੇ ਸੰਦਰਭ ਵਿੱਚ ਬਹੁਤ ਜ਼ਰੂਰੀ ਹੈ ਕਿ ਸਾਡੇ ਕੋਲ ਬਾਬਾ ਨਾਨਕ ਦੀਆਂ ਸਿੱਖਿਆਵਾਂ ਪ੍ਰਤੀ ਐਨੀ ਕੁ ਸਮਝ ਜ਼ਰੂਰ ਹੋਵੇ ਕਿ ਅਸੀਂ ਆਪਣੇ ਰਹਿਬਰ ਨਾਲ ਚੁਸਤੀ ਨਾ ਕਰੀਏ, ਧੋਖਾ ਨਾ ਕਰੀਏ, ਧੋਖੇਬਾਜਾਂ ਨੂੰ ਪਛਾਣੀਏ ਅਤੇ ਕਿਸੇ ਤਰਾਂ ਦੇ ਪਖੰਡੀਆਂ ਦੇ ਪਿਛਲੱਗ ਤੇ ਅਡੰਬਰਾਂ ਦਾ ਹਿੱਸਾ ਨਾ ਬਣੀਏ।

**ਸੰਪਰਕ: 94174-69290**



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

**ਕਾਂਡ 20**

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਤਿੰਨ ਚਾਰ ਸਾਲ ਹੋ ਗਏ ਸਨ ਕੇਵਲ ਨੂੰ ਹਲ ਵਾਹੀ ਵਿੱਚ ਮਿੱਟੀ ਨਾਲ ਮਿੱਟੀ ਹੁੰਦੇ ਨੂੰ ਪੱਲੇ ਕੱਖ ਨਹੀਂ ਸੀ ਪੈਂਦਾ। ਹਾਂ ਦਾਣਾਂ ਫੱਕਾ ਤੇ ਦੁੱਧ ਦਹੀਂ ਘਰਦਾ ਜਰੂਰ ਸੀ ਪਰ ਹੋਰ ਘਰ ਦੀਆਂ ਲੋੜਾਂ ਵੀ ਸਨ ਜਿਸ ਵਾਸਤੇ ਪੈਸਾ ਚਾਹੀਦਾ ਸੀ। ਤੰਗੀ ਤੁਰਸ਼ੀ ਪੂਰੇ ਜ਼ੋਰਾਂ 'ਤੇ ਚੱਲ ਰਹੀ ਸੀ। ਜੇ ਕਿਸੇ ਵੱਡੇ ਸ਼ਹਿਰ ਵਿੱਚ ਹੁੰਦਾ ਤਾਂ ਕਿਸੇ ਨੌਕਰੀ ਤੇ ਲੱਗ ਜਾਂਦਾ। ਪਿੰਡੋਂ ਸ਼ਹਿਰ ਜਾ ਕੇ ਨੌਕਰੀ ਕਰਨੀ ਆਸਾਨ ਕੰਮ ਨਹੀਂ! ਵੱਡੇ ਭਰਾ ਤਾਰਾ ਤੇ ਨੰਜੀ ਵੀ ਮਿੱਟੀ ਨਾਲ ਮਿੱਟੀ ਹੋ ਕੇ ਹੰਭ ਹਾਰ ਗਏ ਸਨ। ਬਾਪੂ ਕੈਲਾ ਜਿਹੜਾ ਕਿਤੇ ਥੱਕਦਾ ਹੀ ਨਹੀਂ ਸੀ ਉਹ ਵੀ ਹਾਰ ਕੇ ਮੰਜੇ ਦਾ ਸਵਾਰ ਹੋ ਗਿਆ! ਪਹਿਲੀ ਸੱਟ ਤਾਂ ਕੈਲੇ ਦੇ ਉਦੋਂ ਵੱਜੀ ਜਦੋਂ ਕੇਵਲ ਫੌਜ ਵਿੱਚੋਂ ਬਾਗ਼ੀ ਹੋ ਗਿਆ। ਦੂਜੀ ਸੱਟ ਉਦੋਂ ਵੱਜੀ ਜਦੋਂ ਦੰਮ ਦੰਮ ਕਰਦੀ ਫਿਰਦੀ ਕੁਲਵੰਤ ਮਰ ਗਈ, ਤੀਜੀ ਉਦੋਂ ਜਦੋਂ ਦਸ ਸਾਲ ਦੀ ਕੈਦ ਹੋ ਗਈ! ਤੀਜੀ ਸੱਟ ਉਦੋਂ ਵੱਜੀ ਜਦੋਂ ਕੇਵਲ ਦੇ ਸਾਕ ਦਾ ਕੰਮ ਸਿਰੇ ਨਾ ਚੜ੍ਹਿਆ ਤੇ ਕੇਵਲ ਨੂੰ ਪੁਲੀਸ ਘਰ ਵੀ ਨਹੀਂ ਸੀ ਰਹਿਣ ਦਿੰਦੀ! ਬੰਦਾ ਅਕਸਰ ਬੰਦਾ ਹੈ ਕਿੰਨੀਆਂ ਕੁ ਮੁਸੀਬਤਾਂ ਦਾ ਮੁਕਾਬਲਾ ਕਰੂਗਾ? ਕੁੱਟੀਦਾ ਕੁੱਟੀਦਾ ਲੋਹਾ ਵੀ ਫਿੱਸ ਜਾਂਦਾ ਹੈ ਪਰ ਕੈਲਾ, ਤਾਰਾ ਤੇ ਨੰਜੀ ਹੋਣੀ ਕਿੰਨੀਆ ਕੁ ਤਕਲੀਫਾਂ ਸਹਿੰਦੇ? ਜਵਾਨੀ ਵਿੱਚ ਤਾਂ ਤੰਗੀ ਤੁਰਸ਼ੀ ਵਿੱਚ ਵੀ ਸਾਰਾ ਟੱਬਰ ਹੱਸ ਹੱਸ ਕੇ ਗੁਜ਼ਾਰਾ ਕਰਦਾ ਪਰ ਹੁਣ ਜ਼ਿਆਦਾ ਬਲ ਸਰੀਰ ਵਿੱਚ ਨਹੀਂ ਸੀ! ਉੱਤੋ ਹਾੜੀ ਸੌਣੀ ਦਾ ਪੈਸਾ ਸਿਰ ਹੀ ਟੁੱਟਦਾ ਕਿਤੇ ਮੋਟਰ ਸੜ ਜਾਂਦੀ, ਕਿਤੇ ਟ੍ਰਾਂਸਫਾਰਮਰ ਮੱਚ ਜਾਂਦਾ ਕਦੇ ਬੋਰ ਡੂੰਘਾ ਕਰਨਾ ਪੈਂਦਾ, ਕਦੇ ਪਾਣੀ ਮਾਰ ਜਾਂਦਾ ਕਦੇ ਸੋਕਾ! ਬੱਸ ਇਸ ਚੱਕਰ ਨੇ ਕੇਵਲ ਨੂੰ ਉੱਲੂ ਬਣਾ ਦਿੱਤਾ। ਹਰ ਰੋਜ਼ ਅਖ਼ਬਾਰ ਪੜ੍ਹਦਾ ਕਿ ਸ਼ਾਇਦ ਕਿਤੇ ਧਰਮੀ ਫ਼ੌਜੀਆਂ ਨੂੰ ਸਰਕਾਰੀ ਨੌਂਕਰੀਆਂ ਤੇ ਲਾ ਦੇਣ ਤੇ ਸਾਡੇ ਗੁਆਚੇ ਲਾਲ ਲੱਭ ਜਾਣ ਪਰ ਲਗਦਾ ਨਹੀਂ ਸੀ! ਕੇਵਲ ਨੂੰ ਕੀ ਸਾਰੇ ਧਰਮੀ ਫੌਜੀਆਂ ਦੀ ਕੇਵਲ ਵਾਲੀ ਹਾਲਤ ਸੀ। ਕੇਵਲ ਨੇ ਕਨੇਡਾ ਦਾ ਵੀਜਾ ਵੀ ਅਪਲਾਈ ਕੀਤਾ ਸੀ ਪਰ ਕਨੇਡਾ ਦੇ ਵੀਜ਼ੇ ਦਾ ਵੀ ਕੋਈ ਚਿੱਠੀ ਪੱਤਰ ਨਹੀਂ ਸੀ ਆਇਆ। ਕੇਵਲ ਸਵੇਰੇ ਚਾਰ ਵਜੇ ਕਿਰਾਏ ਤੇ ਪੈਲੀ ਵਾਹੁਣ ਨਿਕਲ ਜਾਂਦਾ ਅਤੇ ਰਾਤ ਨੂੰ ਬਾਰਾਂ ਵਜੇ ਆਉਂਦਾ ਪਰ ਕਿਰਾਏ ' ਤੇ ਪੈਲੀ ਵਹਾਉਣ ਵਾਲੇ ਲੋਕ ਪੈਸੇ ਵੀ ਪੂਰੇ ਨਾ ਦਿੰਦੇ! ਆਖਰ ਕਨੇਡਾ ਦੇ ਵੀਜ਼ੇ ਦਾ ਪਤਾ ਕਰਨ ਚੰਡੀਗੜ੍ਹ ਚਲਾ ਗਿਆ। ਵੈਸੇ ਤਾਂ ਹੁਣ ਕੇਵਲ ਨੂੰ ਚੰਡੀਗੜ੍ਹ ਚੰਗਾ ਨਹੀਂ ਸੀ ਲੱਗ ਰਿਹਾ ਪਰ ਮਜਬੂਰਨ ਚਲਾ ਗਿਆ। ਉੱਥੇ ਹੋਰ ਵੀ ਮੁੰਡੇ ਸਨ। ਕੇਵਲ ਵੀ ਜਾ ਕੇ ਬੈਠ ਗਿਆ।

'ਭੈਣ ਜੀ ਮੈਂ ਆਵਦੇ ਵੀਜ਼ੇ ਦਾ ਪਤਾ ਕਰਨਾ ਸੀ' ਕੰਪਿਊਟਰ ਦੇ ਕੀ ਪੈਡ ਤੇ ਉਂਗਲਾਂ ਮਾਰ ਰਹੀ ਕੁੜੀ ਨੂੰ ਕੇਵਲ ਨੇ ਪੁੱਛਿਆ।

'ਠੀਕ ਆ ਮੈਂ ਪੁਛਦੀ ਆਂ' ਆਖ ਕੇ ਕੁੜੀ ਨੇ ਇੰਟਰਕਾਮ ਤੇ ਪੁੱਛਿਆ ਉਸ ਨੇ ਆਉਣ ਵਾਸਤੇ ਆਖ ਦਿੱਤਾ।

'ਜਾਓ ਭਾਅ ਜੀ ਕਰਲੋ ਗੱਲ' ਕੁੜੀ ਨੇ ਕਿਹਾ ਤਾਂ ਕੇਵਲ ਅੰਦਰ ਚਲਾ ਗਿਆ। ਅੱਗੇ ਗੋਇਲ ਬੈਠਾ ਮੇਜ਼ ਤੇ ਪਏ ਪੇਪਰ ਵੇਟ ਨੂੰ ਘੁੰਮਾ ਰਿਹਾ ਸੀ।

'ਆ ਵਈ ਕਿਵੇਂ ਔਣਾ ਹੋਇਆ' ਗੋਇਲ ਨੇ ਪੇਪਰ ਵੇਟ ਇੱਕ ਪਾਸੇ ਰੱਖ ਕੇ ਕੇਵਲ ਨੂੰ ਪੁੱਛਿਆ।

'ਥੋਨੂੰ ਪਤਾ ਈ ਆ ਸਰ ਮੇਰੇ ਵੀਜ਼ੇ ਦਾ ਕੀ ਬਣਿਆ?'

'ਮੈਂ ਤਾਂ ਆਪ ਹਰ ਰੋਜ਼ ਡੀਕਦਾਂ ਬਾਈ ਪਰ ਕਨੇਡਾ ਇੰਮੀਗ੍ਰੇਸ਼ਨ ਵਾਲੇ ਐਡੇ ਹਰਾਮੀ ਆ ਕਿ ਜਵਾਬ ਈ ਦਿੰਦੇ'

'ਫਿਰ ਵੀ ਸਰ ਜੀ ਚਾਰ ਕੁ ਸਾਲ ਤਾਂ ਹੋ ਈ ਗਏ ਆ' ਕੇਵਲ ਨੇ ਉਦਾਸੀ ਦੇ ਆਲਮ ਵਿੱਚ ਕਿਹਾ।

'ਮੈਨੂੰ ਪਤਾ ਪਰ ਕੀ ਕਰੀਏ ਮੈਂ ਤਾਂ ਕ੍ਹੈਂਨਾ ਕਿ ਵੀਜ਼ਾ ਅੱਜ ਆ ਜਾਵੇ ਜੇ ਵੀਜ਼ਾ ਆਊ ਤਾਂ ਮੈਨੂੰ ਕੋਈ ਫੈਦਾ ਹੋਊ ਜਦੋਂ ਵੀਜ਼ਾ ਆ ਗਿਆ ਖੁਦ ਚੱਲ ਕੇ ਤੇਰੇ ਕੋਲ ਆਊਂਗਾ ਹੋਰ ਦੱਸ?'

'ਊ ਤਾਂ ਹੈ' ਕੇਵਲ ਨੇ ਕਿਹਾ ਕਿਉਂਕਿ ਗੋਇਲ ਦੀ ਗੱਲ ਵਿੱਚ ਦਮ ਸੀ ਜੇ ਵੀਜ਼ਾ ਔਂਦਾ ਤਾਂ ਦੋ ਚਾਰ ਲੱਖ ਤਾਂ ਇੱਕ ਕੋਲੋਂ ਲੈਣਾ ਸੀ ਪਰ ਹੁਣ ਘਾਟੇ ਵਿੱਚ ਜਾ ਰਿਹਾ ਸੀ।

'ਦੋਖੋ ਬਾਈ ਕਿਰਾਏ ਤੇ ਪੈਸੇ ਪੱਟਣ ਦੀ ਲੋੜ ਨੀ ਵੀਜ਼ਾ ਔਂਦੇ ਤੁਰੰਤ ਸਨੇਹਾ ਭੇਜੂੰਗਾ' ਗੋਇਲ ਨੇ ਦੁਬਾਰਾ ਕਿਹਾ। ਕੇਵਲ ਕੈਬਿਨ ਵਿੱਚੋਂ ਬਾਹਰ ਆ ਗਿਆ। ਹੋਰ ਵੀ ਚਾਰ ਪੰਜ ਮੁੰਡੇ ਬੈਠੇ ਸਨ ਉਹ ਗੱਲ ਸਮਝ ਚੁੱਕੇ ਸਨ ਤੇ ਜਾਣ ਵਾਲੇ ਹੀ ਸਨ। ਕੇਵਲ ਬੱਸ ਅੱਡੇ ਨੂੰ ਹੋ ਤੁਰਿਆ ਨਾਲ ਚਾਰ ਪੰਜ ਮੁੰਡੇ ਕਨੇਡਾ ਜਾਣ ਵਾਲੇ ਵੀ ਕੇਵਲ ਨਾਲ ਰਲ ਗਏ ਤੇ ਨਾਲ ਹੀ ਇੱਕ ਢਾਬੇ ਵਿੱਚ ਚਾਹ ਪੀਣ ਬੈਠ ਗਏ।

'ਯਾਰ ਏਹ ਤਾਂ ਹਰ ਰੋਜ਼ ਬਹਾਨੇ ਜੇ ਲਾਈ ਜਾਂਦਾ' ਇੱਕ ਨੇ ਕਿਹਾ।

'ਮੈਂ ਤਾਂ ਕ੍ਹੈਂਨਾ ਆਪਣੇ ਪੈਸੇ ਏ੍ਹਨੇ ਖਾ ਲਏ ਆ'

'ਖਿਆਲ ਮੇਰਾ ਵੀ ਆ ਏ੍ਹਨੇ ਸਾਲੇ ਮ੍ਹਾਜਨ ਨੇ ਫ਼ਾਰਮ ਭੇਜੇ ਈ ਨੀ ਹੋਣੇ' ਦੂਜੇ ਨੇ ਕਿਹਾ।




'ਯਾਰ ਨਾ ਭੇਜ ਕੇ ਏ੍ਹਨੂੰ ਕੀ ਫੈਦਾ?' ਕੇਵਲ ਨੇ ਪੁੱਛਿਆ।

'ਏ੍ਹਨੂੰ ਫੈਦਾ ਈ ਫੈਦਾ ਸਵਾ ਸਵਾ ਲੱਖ ਖਾ ਗਿਆ' ਪਹਿਲੇ ਨੇ ਕਿਹਾ।

'ਊ ਤਾਂ ਠੀਕ ਆ ਪਰ ਓਹ ਤਾਂ ਕਨੇਡਾ ਦੀ ਫੀਸ ਸੀ' ਕੇਵਲ ਨੇ ਫਿਰ ਕਿਹਾ।

'ਆਪਾਂ ਨੂੰ ਕੀ ਪਤਾ ਫੀਸ ਭੇਜੀ ਵੀ ਆ ਕਿ ਨਈਂ?' ਦੂਜੇ ਨੇ ਕਿਹਾ।

'ਚਲੋ ਫਿਰ ਇਓਂ ਕਰੋ ਆਪਾਂ ਅਗਲੇ ਮਹੀਨੇ ਦੀ ਦੋ ਤਰੀਕ ਨੂੰ ਆ ਕੇ ਪਾਈਏ ਗਲ 'ਚ' ਸਾਫ਼ਾ ਕੇਵਲ ਨੇ ਕਿਹਾ।

'ਠੀਕ ਆ ਯਾਰ ਮੈਨੂੰ ਛੀ ਸਾਲ ਹੋਗੇ' ਪਹਿਲੇ ਨੇ ਕਿਹਾ।

'ਮੈਨੂੰ ਸੱਤ ਸਾਲ ਹੋਗੇ ਪੈਸੇ ਦਿੱਤਿਆਂ ਨੂੰ' ਦੂਜੇ ਨੇ ਕਿਹਾ ਤਾਂ ਕੇਵਲ ਹੱਕਾ ਬੱਕਾ ਰਹਿ ਗਿਆ ਕਿਉਂਕਿ ਕੇਵਲ ਨੂੰ ਤਾਂ ਚਾਰ ਕੁ ਸਾਲ ਮਸਾਂ ਹੋਏ ਸਨ। ਸੋ ਅਗਲੇ ਮਹੀਨੇ ਦੀ ਦੋ ਤਾਰੀਖ ਨੂੰ ਗੋਇਲ ਦੇ ਦਫਤਰ ਆਉਂਣ ਦਾ ਵਾਅਦਾ ਕਰ ਲਿਆ ਅਤੇ ਬੱਸਾਂ ਰਾਹੀ ਘਰ ਆ ਗਏ।

'ਕੀ ਕ੍ਹੈਂਦਾ ਏਜੰਟ' ਮਾਂ ਪਾਣੀ ਦਾ ਗਲਾਸ ਫੜਾਉਂਦੀ ਹੋਈ ਨੇ ਪੁੱਛਿਆ।

'ਅਜੇ ਤਾਂ ਕੋਈ ਬਾਈ ਧਾਈ ਨੀ ਅਗਲੇ ਮਹੀਨੇ ਦੀ ਦੋ ਤਰੀਕ ਨੂੰ ਜਾਣਾ'

'ਕੋਈ ਹੋਰ ਮੁੰਡਾ ਵੀ ਸੀ?'

'ਹਾਂ ਸੱਤ ਸਤ ਸਾਲ ਵਾਲੇ ਵੀ ਸੀ' ਜਦੋਂ ਕੇਵਲ ਨੇ ਸੱਤ ਸੱਤ ਸਾਲ ਵਾਲੇ ਕਿਹਾ ਤਾਂ ਮਾਂ ਦਾ ਮੱਥਾ ਠਣਕਿਆ ਜੇ ਸੱਤ ਸਾਲ ਵਾਲੇ ਅਜੇ ਬੈਠੇ ਆ ਤੇ ਸਾਡਾ ਨੰਬਰ ਕਿੱਥੇ? ਮਹੀਨਾ ਵੀ ਆ ਗਿਆ ਕੇਵਲ ਫਿਰ ਬੱਸ ਤੇ ਏਜੰਟ ਕੋਲ ਚਲਾ ਗਿਆ। ਸਾਰੇ ਮੁੰਡੇ ਕਨੇਡਾ ਦੇ ਚਾਹਵਾਨ ਇਕੱਠੇ ਹੋ ਗਏ ਪਰ ਉੱਥੋਂ ਗੋਇਲ ਦਾ ਦਫਤਰ ਚੱਕਿਆ ਗਿਆ ਸੀ! ਉੱਥੇ ਇੱਕ ਭਾਪਾ ਸਬਜ਼ੀ ਦੀ ਦੁਕਾਨ ਖੋਹਲੀ ਬੈਠਾ ਸੀ। ਸਾਰੇ ਦੇਖ ਕੇ ਹੈਰਾਨ ਹੋ ਗਏ ਭਾਪੇ ਤੋਂ ਪੁੱਛਿਆ–

'ਸਰਦਾਰ ਜੀ ਟ੍ਰੈਵਲ ਏਜੰਟ ਕਿੱਧਰ ਚਲਾ ਗਿਆ?'

'ਓਹ ਤੇ ਇੱਥੋਂ ਨੱਠ ਗਿਆ ਈ' ਭਾਪੇ ਨੇ ਗਾਹਕ ਨੂੰ ਸਬਜੀ ਤੋਲਦੇ ਹੋਏ ਨੇ ਕਿਹਾ।

'ਕਿਉਂ?' ਸਾਰਿਆਂ ਨੇ ਹੈਰਾਨੀ ਨਾਲ ਪੁੱਛਿਆ।

'ਓਹ ਗੱਲ ਇੰਝ ਹੀ, ਕਿ ਏਥੇ ਬ੍ਹੌਤ ਪੰਜਾਬੀ ਔਂਦੇ ਹੀ, ਤੇ ਵੀਜੇ ਵਾਸਤੇ ਝਗੜਦੇ ਹੀ, ਕਨੇਡਾ ਨੇ ਵੀਜੇ ਦਿੱਤੇ ਕੋਨੀ, ਸਾਰਿਆਂ ਦੇ ਵੀਜ਼ੇ ਵਾਪਸ ਕਰ ਛੋਡੇ ਸੂ ਪਰ ਮੁੰਡੇ ਗੋਇਲ ਨਾਲ ਲੜਦੇ ਹੀ, ਜਦੋਂ ਕਿ ਗੋਇਲ ਬੇਕਸੂਰ ਹੀ, ਹਿੱਕ ਦਿੱਨ ਦੋ ਤ੍ਰੈ ਜੱਟ ਤੰਬੇ ਲਾ ਕੇ ਦਿਨੇ ਸ਼ਰਾਬੀ ਹੋ ਕੇ ਆਏ ਤੇ ਕੁੱਟ ਘੱਤਿਆ ਸੂ ਤੇ ਦੂਜੇ ਦਿਨ ਪਤਾ ਨੀ ਕਿੱਥੇ ਵੰਝ ਗਿਆ ਹੁਣ ਮੈਂ ਇਹ ਦੁਕਾਨ ਕਿਰਾਏ ਤੇ ਲੈ ਲਈ ਊ'

'ਹੁਣ ਕੀ ਬਣੂੰ' ਇਕ ਮੁੰਡੇ ਨੇ ਕਿਹਾ, ਜਿਸਨੂੰ ਸੱਤ ਸਾਲ ਹੋ ਗਏ ਸਨ ਉਡੀਕਦੇ ਨੂੰ ਉਸ ਨੇ ਕਨੇਡਾ ਦੇ ਚੱਕਰ ਵਿੱਚ ਖੇਤੀ ਬਾੜੀ ਦੇ ਸਾਰੇ ਸੰਦ ਵੀ ਵੇਚ ਦਿੱਤੇ ਸਨ।

'ਮੈਂ ਤਾਂ ਯਾਰ ਅੰਗਰੇਜ਼ੀ ਸਿੱਖਣ ਤੇ ਤਿੰਨ ਚਾਰ ਸਾਲ ਲਾ ਦਿੱਤੇ ਤੇ ਕਨੇਡਾ ਵਾਲਿਆਂ ਨੇ ਝੱਗਾ ਚੱਕਤਾ' ਦੂਜਾ ਬੋਲਿਆ।

'ਆਪਾਂ ਇਉਂ ਕਰਦੇਂ ਆਂ ਅਖਬਾਰਾਂ 'ਚ' ਖਬਰ ਦੇ ਦਿੰਨੇ ਆ ਕਿ ਸਾਰੇ ਦਿੱਲੀ ਕਨੇਡਾ ਅੰਬੈਸੀ ਅੱਗੇ ਧਰਨਾ ਦੇਈਏ ਕਿ ਸਾਨੂੰ ਕਿਉਂ ਬੁੱਧੂ ਬਣਾਇਆ?' ਕੇਵਲ ਨੇ ਕਿਹਾ ਕਿਉਂਕਿ ਜੇਲ੍ਹ ਵਿੱਚੋਂ ਖਬਰਾਂ ਦੇ ਕੇ ਹੀ ਚੌਂਦਾਂ ਚੌਂਦਾਂ ਸਾਲ ਤੋਂ ਚਾਰ ਚਾਰ ਸਾਲ ਸਜ਼ਾ ਕਰਵਾਈ ਅਤੇ ਖਬਰਾਂ ਦੇ ਕੇ ਹੀ ਧਰਮੀ ਫੌਜੀਆਂ ਦੇ ਦੁੱਖ ਦਰਦ ਲੋਕਾਂ ਤੱਕ ਪਹੁੰਚਾਏ ਸਨ। ਸਾਰਿਆਂ ਨੇ ਰਾਇ ਕਰਕੇ ਖਬਰ ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਅਖਬਾਰਾਂ ਵਿੱਚ ਦੇ ਦਿੱਤੀ। ਤੀਜੇ ਦਿਨ ਹੀ ਇਹ ਖਬਰ ਪਹਿਲੇ ਸਫੇ ਤੇ ਛਪ ਗਈ ਨਾਲ ਇਹ ਵੀ ਲਿਖਿਆ ਕਿ ਸਾਰੇ ਏਸ਼ੀਆ ਵਿੱਚ ਕਨੇਡਾ ਦੀਆਂ ਅੰਬੈਸੀਆਂ ਅੱਗੇ ਰੋਸ ਵਿਖਾਵੇ ਹੋ ਰਹੇ ਹਨ ਜਿਵੇ ਕਿ ਚੀਨ, ਹਾਂਗ ਕਾਂਗ, ਨੇਪਾਲ ਤੇ ਥਾਈਲੈਂਡ ਵਗੈਰਾ। ਦਿੱਲੀ ਵਿੱਚ ਸਾਰੀਆਂ ਸਟੇਟਾਂ ਦੇ ਮੁੰਡੇ ਕੁੜੀਆਂ ਨੇ ਰੋਸ ਵਿਖਾਵਾ ਕੀਤਾ। ਇਸ ਰੋਸ ਵਿਖਾਵੇ ਨਾਲ ਵੀਜ਼ਾ ਤਾਂ ਕਿਸੇ ਨੂੰ ਨਹੀਂ ਮਿਲਿਆ ਪਰ ਜੋ ਪੈਸੇ ਜਮਾਂ ਕਰਵਾਏ ਸੀ ਉਹ ਵਾਪਸ ਕਰਨ ਵਾਸਤੇ ਰਾਜ਼ੀ ਹੋ ਗਏ। ਜਦੋਂ ਕਿ ਪਹਿਲਾਂ ਕਹਿੰਦੇ ਸੀ ਵੀਜ਼ਾ ਫੀਸ 'ਨੋ ਰੀਫੰਡ'! ਕੇਵਲ ਨੂੰ ਫੀਸ ਵਾਲੇ ਪੈਸੇ ਪੂਰੇ ਨਹੀਂ ਮਿਲੇ ਵਿੱਚੋਂ ਕੁਛ ਏਜੰਟ ਖਾ ਗਿਆ, ਕੱਟ ਕਟਾ ਕੇ ਪੰਜਾਹ ਕੁ ਹਜ਼ਾਰ ਪੱਲੇ ਪਾਇਆ। ਪੈਸੇ ਲੈ ਕੇ ਕੇਵਲ ਘਰ ਆ ਗਿਆ। ਕੇਵਲ ਦੇ ਮੂੰਹ ਤੇ ਪਲੱਤਣਾਂ ਫਿਰੀਆਂ ਹੋਈਆਂ ਸਨ। ਢਿੱਲੇ ਢਿੱਲੇ ਕਦਮਾਂ ਨਾਲ ਤੁਰਦਾ ਕੇਵਲ ਘਰ ਪਹੁੰਚ ਗਿਆ।

'ਪਿਆ ਕੁਸ਼ ਪੱਲੇ' ਮਾਂ ਨੇ ਕੋਲ ਬੈਠਦੀ ਹੋਈ ਨੇ ਪੁੱਛਿਆ।

'ਹਾਥੀ ਦੇ ਮੂੰਹ ਵਿੱਚੋਂ ਗੰਨਾ ਖਿੱਚਣਾ ਕ੍ਹੇੜਾ ਸੌਖਾ ਮਸਾਂ ਅੱਧ ਪੱਲੇ ਪਿਆ' ਕੇਵਲ ਨੇ ਪੰਜਾਹ ਹਜ਼ਾਰ ਮਾਂ ਨੂੰ ਫੜਾਉਂਦੇ ਹੋਏ ਕਿਹਾ।

'ਚੱਲੋ ਜਾਂਦੇ ਚੋਰ ਦੀ ਲੰਗੋਟੀ ਹੀ ਸਹੀ' ਮਾਂ ਨੇ ਕਿਹਾ।

'ਆਪਾਂ ਅਜੇ ਵੀ ਬਚਗੇ ਕਿ ਪੈਸੇ ਵਿਆਜੂ ਨੀ ਸੀ' ਕੇਵਲ ਨੇ ਕਿਹਾ।

'ਹੋਰ ਜੇ ਵਿਆਜੂ ਹੁੰਦੇ ਤਾਂ ਦੋ ਲੱਖ ਬਣ ਜਾਣਾਂ ਸੀ'

'ਪਤਾ ਨੀ ਦੁੱਖਾਂ ਤੋ ਕਦੋਂ ਛੁਟਕਰਾ ਹੋਓ?' ਮੇਰੀ ਤਾਂ ਸਾਰੀ ਉਮਰ ਦੁੱਖ ਭੋਗਦੇ ਦੀ ਗੁਜ਼ਰ ਗਈ' ਕੇਵਲ ਨੇ ਮੱਥੇ ਤੇ ਹੱਥ ਰੱਖ ਕੇ ਕਿਹਾ।

'ਕਨੇਡਾ ਦੀ ਅਮੀਦ ਤੇ ਮੈਂ ਭੱਜੀ ਫਿਰਦੀ ਸੀ ਓਹ ਵੀ ਗਈ!' ਮਾਂ ਪੀੜੀ ਤੇ ਸਿਰ ਫੜ ਕੇ ਬੈਠ ਗਈ।

'ਕੀ ਕਰਾਂ ਬੇਬੇ ਮੈਂ ਤਾਂ ਗੁਆਚੇ ਲਾਲ ਲੱਭਣ ਦੀ ਹੱਦੋਂ ਵੱਧ ਕੋਸ਼ਿਸ਼ ਕੀਤੀ, ਤੇ ਕਰੀ ਜਾਨਾ ਪਰ ਲੱਭਦੇ ਨੀ' ਕੇਵਲ ਨੇ ਲੰਮਾਂ ਸਾਹ ਲੈ ਕੇ ਰੋਣਹਾਕੀ ਅਵਾਜ਼ ਵਿੱਚ ਕਿਹਾ।

'ਜੇ ਗੁਆਚੇ ਲਾਲ ਐਡੀ ਛੇਤੀ ਲੱਭ ਜਾਣ ਤੇ ਫਿਰ ਗੁਆਚਣ ਕਿਉਂ ਪੁੱਤ?' ਮਾਂ ਨੇ ਮਿੱਟੀ ਫਰੋਲਦੀ ਹੋਈ ਨੇ ਕਿਹਾ!

'ਜਦੋਂ ਮੈਨੂੰ ਫੌਜ ਦੀ ਸ਼ਾਹੀ ਨੋਕਰੀ ਯਾਦ ਔਂਦੀ ਤਾਂ ਮੈਨੂੰ ਈ ਪਤਾ ਮੇਰੇ ਦਿਲ ਤੇ ਕੀ ਬੀਤਦੀ ਆ' ਕੇਵਲ ਨੇ ਕਿਹਾ।

'ਓਹ ਤਾਂ ਹੈ' ਮਾਂ ਨੇ ਕਿਹਾ ਕਿਉਂਕਿ ਜਦੋਂ ਕੇਵਲ ਇਕੱਲਾ ਅੰਦਰ ਵੜ ਕੇ ਟਰੰਕ ਵਿੱਚੋਂ ਵਰਦੀ ਤੇ ਫੌਜ ਦੀਆਂ ਫੋਟੋਆਂ ਦੇਖ ਕੇ ਰੋਂਦਾ ਹੁੰਦਾ ਸੀ ਤਾਂ ਮਾਂ ਝੀਥਾਂ ਥਾਣੀ ਦੇਖਦੀ ਹੁੰਦੀ ਸੀ ਪਰ ਕਦੇ ਜ਼ਾਹਰ ਨਹੀਂ ਸੀ ਕਰਦੀ ਕਿ ਉਸ ਨੇ ਇਸ ਨੂੰ ਰੋਂਦੇ ਨੂੰ ਦੇਖ ਲਿਆ ਹੈ, ਦੇਖ ਕੇ ਪਾਸੇ ਹੋ ਜਾਂਦੀ। ਕੇਵਲ ਰੋ ਕੇ ਬਾਹਰ ਆ ਕੇ ਨਲਕੇ ਤੋਂ ਮੂੰਹ ਧੋ ਲੈਂਦਾ ਪਰ ਮਾਂ ਕੋਲ ਜ਼ਾਹਰ ਨਹੀਂ ਸੀ ਕਰਦਾ ਪਰ ਮਾਂ ਨੂੰ ਪਹਿਲਾਂ ਹੀ ਪਤਾ ਸੀ। ਮਾਂ ਸੋਚਦੀ ਸੀ ਮੈਨੂੰ ਰੱਬ ਹੀਰੇ ਵਰਗਾ ਬੇਟਾ ਦਿੱਤਾ ਜਿਸਨੇ ਸਿੱਖ ਧਰਮ ਅਤੇ ਸਾਰੇ ਪੰਜਾਬੀਆਂ ਦੀ ਖਾਤਰ ਬੈਰਕਾਂ ਛੱਡਕੇ ਢਾਲ ਬਣਕੇ ਪੰਜਾਬੀਆਂ ਨੂੰ ਬਚਾਇਆ ਨਹੀਂ ਤਾਂ ਸਿੱਖਾਂ ਦੀ ਨਸਲਕੁਸ਼ੀ ਲਾਜ਼ਮੀ ਸੀ! ਉਹ ਗੱਲ ਵੱਖਰੀ ਸੀ ਕਿ ਪੱਲੇ ਕੱਖ ਨਹੀਂ ਸੀ ਅਤੇ ਇਹ ਸੋਚਦੀ ਸੀ ਕਿ ਕਿਤੇ ਤਾਂ ਕੋਈ ਧਰਮੀ ਫੌਜੀ ਦੀ ਮੱਦਦ ਕਰੂਗਾ, ਕਿਤੇ ਤਾਂ ਧਰਮੀ ਫੌਜੀ ਵਾਸਤੇ ਕੋਈ ਸੰਸਥਾ ਬਣੇਗੀ ਜਿਹੜੀ ਇਹਨਾ ਨੂੰ ਬਹਾਲ ਕਰੇਗੀ, ਕਦੇ ਹਾਲਾਤ ਸੁਧਰਨਗੇ ਪਰ ਹਾਲਾਤ ਵਿਗੜਦੇ ਹੀ ਚਲੇ ਗਏ!

' ਪੁੱਤ ਜੇ ਪੈਸਿਆਂ ਨਾਲ ਸੁੱਖ ਮਿਲੇ ਤਾਂ ਹਰ ਕੋਈ ਖਰੀਦ ਲਵੇ, ਏਹ ਤਾਂ ਰੱਬ ਦੀ ਦਾਤ ਆ ਕਿਸੇ ਦੀ ਝੋਲੀ ਦੁੱਖ ਤੇ ਕਿਸੇ ਝੋਲੀ ਸੁੱਖ ਪਾ ਦਿੰਦਾ। ਕਈ ਝੁੱਗੀ ਝੌਂਪੜੀ ਵਿੱਚ ਖੁਸ਼ ਹਨ ਤੇ ਕਈ ਮਹਿਲਾਂ ਵਿੱਚ ਬੈਠੇ ਵੀ ਰੋਂਦੇ ਹਨ!' ਮਾਂ ਇਹ ਆਖਕੇ ਕੇਵਲ ਨੂੰ ਹੌਸਲਾ ਦੇ ਰਹੀ ਸੀ।

'ਕੀ ਸਾਰਾ ਦੁੱਖ ਰੱਬ ਨੇ ਆਪਾਂ ਨੂੰ ਹੀ ਦਿੱਤਾ? ਕੇਵਲ ਨੇ ਲੰਮਾ ਸਾਹ ਲੈਕੇ ਕਿਹਾ।

'ਆਪਾਂ ਤੋਂ ਦੁਖੀ ਵੀ ਬ੍ਹੌਤ ਨੇ ਤੂੰ ਤਾਂ ਬਚ ਗਿਆ! ਜੇੜ੍ਹੇ ਬਠਿੰਡੇ ਤੋਂ ਭੱਜਦਿਆਂ ਨੂੰ ਹਰਨਾ ਵਾਂਗੂੰ ਫੌਜੀਆਂ ਨੂੰ ਗੋਲੀਆਂ ਨਾਲ ਭੁੰਨਿਆ ਊਨਾ ਦੇ ਮਾਪਿਆਂ ਦੀ ਹਾਲਤ ਦੇਖ'! ਮਾਂ ਨੇ ਫਿਰ ਹੌਸਲਾ ਦਿੱਤਾ।

'ਜੇ ਇਵੇਂ ਸੋਚੀਏ ਤਾਂ ਜਾਨ ਬਚੀ ਲਾਖੋਂ ਪਾਏ ਵਾਲੀ ਗੱਲ ਆ ਪਰ ਜਿਉਂਦੀ ਜਾਨ ਨੂੰ ਬ੍ਹੌਤ ਚੀਜ਼ਾਂ ਦੀ ਲੋੜ ਆ'

'ਆਪੇ ਰੱਬ ਭਲੀ ਕਰੂ' ਮਾਂ ਹੌਂਸਲਾ ਹਾਰਨ ਵਾਲੀ ਨਹੀਂ ਸੀ।

ਦੋਨੋਂ ਮਾਂ ਪੁੱਤ ਬੈਠੇ ਸਨ ਕਿ ਡਾਕੀਆ ਚਿੱਠੀ ਦੇ ਕੇ ਚਲਾ ਗਿਆ।

'ਅਗਲੇ ਮਹੀਨੇ ਫਿਰ ਅੰਬਰਸਰ 'ਚ ਅਸੀਂ ਜਲੂਸ ਕੱਢਣਾਂ' ਕੇਵਲ ਨੇ ਚਿੱਠੀ ਪੜ ਕੇ ਮਾਂ ਨੂੰ ਕਿਹਾ।

'ਕਾਅਦੇ ਵਾਸਤੇ?

'ਵਈ ਸਾਡੇ ਵਾਸਤੇ ਕੁਸ਼ ਕਰੋ ਅਸੀਂ ਭੁੱਖੇ ਮਰਦੇ ਆਂ ਉਦੋਂ ਤੇ ਸਾਨੂੰ ਬੈਰਕਾਂ ਛੱਡਣ ਵਾਸਤੇ ਤਾਂ ਆਖ ਦਿੱਤਾ ਹੁਣ ਸਾਡੀ ਕੋਈ ਬਾਂਹ ਫੜੋ'

'ਅੱਗੇ ਵੀ ਤਾਂ ਤੁਸੀ ਬ੍ਹੌਤ ਜਲਸੇ ਜਲੂਸ ਕੱਢੇ ਆ ਕਿਸੇ ਨੇ ਥੋਡੀ ਗੱਲ ਨੀ ਸੁਣੀ'

'ਪਰ ਕਰੀਏ ਕੀ ਹੋਰ ਕੋਈ ਚਾਰਾ ਵੀ ਨੀ ਕੀਹਦੇ ਸਿਰ 'ਚ ਡਾਂਗ ਮਾਰੀਏ?

'ਜੋ ਹੱਥੋਂ ਗਿਆ, ਸੋ ਗਿਆ! ਹੁਣ ਕੁਸ਼ ਨੀ ਮਿਲਨਾ ਕਰੀ ਜਾਵੋ ਟੈਮ ਖਰਾਬ' ਮਾਂ ਨੇ ਕਿਹਾ ਕਿਉਂਕਿ ਕੇਵਲ ਹਰ ਦੋ ਤਿੰਨ ਮਹੀਨੇ ਬਾਅਦ ਜਲੂਸਾਂ ਵਿੱਚ ਜਾਂਦਾ ਸੀ ਅਤੇ ਦੋ ਤਿੰਨ ਦਿਨਾਂ ਬਾਅਦ ਆਉਂਦਾ ਸੀ।

ਮਾਂ ਡਰਦੀ ਹੁੰਦੀਂ ਕਿ ਕਿਤੇ ਪੁਲੀਸ ਨਾ ਫੜ ਲਵੇ। ਇਸ ਕਰਕੇ ਜਾਣ ਨਹੀਂ ਸੀ ਦਿੰਦੀ। ਜੇ ਚਲਾ ਵੀ ਜਾਂਦਾ ਤਾਂ ਕੇਵਲ ਦੇ ਘਰ ਆਉਂਣ ਦੀਆਂ ਸੁੱਖਾਂ ਸੁੱਖਦੀ ਰਹਿੰਦੀ, ਸਾਰਾ ਦਿਨ ਕੁਛ ਨਾ ਖਾਂਦੀ!

'ਕੀ ਪਤਾ ਕਿਸੇ ਦੇ ਦਿਲ ਵਿੱਚ ਰਹਿਮ ਆ ਹੀ ਜਾਵੇ' ਬ੍ਹੌਤ ਹੋ ਗਿਆ ਬੱਸ ਅੱਜ ਚਲਾ ਜਾ ਦੁਬਾਰਾ ਮੈਂ ਨੀ ਜਾਣ ਦੇਣਾਂ ਥੋੜੀ ਖਾਲਾਂਗੇ ਪਰ ਜੇ ਤੈਨੂੰ ਕੁਸ਼ ਹੋ ਗਿਆ ਅਸੀਂ ਸਾਰਾ ਟੱਬਰ ਕੀ ਕਰਾਂਗੇ?'

ਮਾਂ ਨੇ ਅੱਖਾਂ ਹੰਝੂਆਂ ਨਾਲ ਭਰ ਕੇ ਕਿਹਾ, ਜਦੋਂ ਕਿ ਪਹਿਲਾਂ ਹੌਸਲਾ ਦੇ ਰਹੀ ਸੀ।

'ਜੇ ਸੱਚ ਪੁੱਛੇ ਤਾਂ ਦਿਲ ਮੇਰਾ ਵੀ ਜਾਣ ਨੀ ਕਰਦਾ, ਬੱਸ ਆਖਾ ਨੀ ਮੋੜਿਆ ਜਾਂਦਾ। ਫਿਰ ਵੀ ਜੇਲ੍ਹ ਵਿੱਚ ਇੱਕ ਦੂਜੇ ਦਾ ਦੁੱਖ ਵੰਡਾਇਆ ਤੇ ਹੁਣ ਵੀ ਪਿੱਛੇ ਨੀ ਹਟਿਆ ਜਾਂਦਾ'

'ਠੀਕ ਪਰ ਐਤਕੀ ਗੱਲ ਸਿਰੇ ਲਾ ਕੇ ਆਇਓ'

'ਗੱਲ ਸਿਰੇ ਲੌਣੀ ਸਾਡੇ ਵੱਸ ਨੀ ਅਸੀਂ ਤਾਂ ਆਵਦਾ ਦੁੱਖ ਰੋਣਾ ਗੱਲ ਸਿਰੇ ਜਾਂ ਨਾ ਲੌਣੀ ਹਾਕਮਾਂ ਦਾ ਕੰਮ ਆ'

'ਚੰਗਾ ਪਾੜੀ ਜਾਵੋ ਸੰਘ ਜਿਸ ਮਾਰੂਥਲ ਵਿੱਚ ਬੰਦਾ ਗੁਆਚਿਆ ਨਹੀਂ ਲੱਭਦਾ! ਉਸ ਮਾਰੂਥਲ ਵਿੱਚੋਂ ਤੁਸੀਂ ਗੁਆਚੇ ਲਾਲ ਲੱਭ ਰਹੇ ਹੋ?

ਕਿਹਾ।

'ਹਾਂ ਕਰੋ ਕੋਸ਼ਿਸ਼ 'ਦਿਲ ਕੋ ਬਹਿਲਾਨੇ ਮੇ ਗਾਲਿਬ, ਯੇ ਖਿਆਲ ਅੱਛਾ ਹੈ' ਕੈਲੇ ਨੇ ਖੇਤੋਂ ਆ ਕੇ ਕਿਹਾ।

ਬਾਕੀ ਸਫ਼ਾ 32 'ਤੇ




# ਪਾਠਕਾਂ ਦਾ ਨਜ਼ਰੀਆ

## ਭਾਰਤ ਨੂੰ ਚੀਨ, ਪਾਕਿਸਤਾਨ ਤੇ ਨਿਪਾਲ ਦਾ ਸਾਹਮਣਾ ਕਰਨਾ ਪੈ ਰਿਹਾ

ਸੰਸਾਰ ਦੀ ਸਿਆਸਤ ਦਾ ਦ੍ਰਿਸ਼ ਪੂਰੀ ਤਰਾਂ ਬਦਲ ਚੁਕਾ ਹੈ। 1962 ਵਿਚ ਚੀਨ ਦੀ ਕੋਈ ਖਾਸ ਦੱਸ-ਪੁੱਛ ਨਹੀਂ ਸੀ, ਅੱਜ ਇਹ ਸੁਪਰ-ਸ਼ਕਤੀਮਾਨ ਹੈ। ਅਮਰੀਕਾ ਉਸ ਵੇਲੇ ਵੀਅਤਨਾਮ ਵਿਚ ਫਸਿਆ ਹੋਇਆ ਸੀ, ਕਸਿੰਜਰ ਰਾਹੀਂ ਬੀਜਿੰਗ ਨਾਲ ਖੁਫੀਆ ਵਾਰਤਾਲਾਪ ਵਿਚ ਲਗਾ ਹੋਇਆ ਸੀ, ਅੱਜ ਵੀ ਉਹੀ ਅਮਰੀਕਾ ਅਫਗ਼ਾਨਿਸਤਾਨ ਤੋਂ ਜਾਨ ਛੁਡਾਉਣਾ ਚਾਹੁੰਦਾ ਹੈ। ਉਂਜ ਵੀ ਕੋਰੋਨਾਵਾਇਰਸ ਨੇ ਅਮਰੀਕਾ ਸਮੇਤ ਸਾਰੇ ਸੰਸਾਰ ਨੂੰ ਸੁਕਣੇ ਪਾ ਰਖਿਆ ਹੈ। ਇਸ ਲਈ ਅਮਰੀਕਾ ਜਾਂ ਕੋਈ ਹੋਰ ਦੇਸ ਭਾਰਤ ਦੀ ਵਾਹਰ ਉੱਤੇ ਆਉਣ ਦੀ ਹਾਲਤ ਵਿਚ ਨਹੀਂ। 1962 ਵਿਚ ਭਾਰਤ ਵਿਰੁਧ ਇਕੋ ਇਕ ਹਿਮਾਲੀਆ ਫਰੰਟ ਭਖਿਆ ਹੋਇਆ ਸੀ, ਅੱਜ ਇਸ ਨੂੰ ਢਾਈ ਫਰੰਟਾਂ - ਚੀਨ, ਪਾਕਿਸਤਾਨ ਤੇ ਨਿਪਾਲ - ਤੇ ਦੁਸ਼ਮਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। 1962 ਵਿਚ ਕਮਿਊਨਿਸਟ ਰੂਸ ,ਚੀਨ ਵਿਰੁਧ ਖੁਫੀਆ ਤੌਰ ਤੇ ਭਾਰਤ ਨੂੰ ਉਂਗਲਾਂ ਦੇ ਰਿਹਾ ਸੀ ਪਰ ਅੱਜ ਰੂਸ ਗੱਜ ਵੱਜ ਕੇ ਕਹਿ ਰਿਹਾ ਹੈ ਉਹ ਚੀਨ ਨੂੰ ਘੇਰਨ ਦੇ ਕਿਸੇ ਪਰਾਜੈਕਟ ਦਾ ਹਿੱਸਾ ਬਣਨ ਨੂੰ ਤਿਆਰ ਨਹੀਂ। ਸਮੁੱਚ ਦੇ ਇਸ ਸੰਦਰਭ ਵਿਚ ਚੀਨ ਅਤੇ ਭਾਰਤ ਦੀ 10000--10000 ਫੌਂਜ ਆਹਮੋ ਸਾਹਮਣੇ ਬੈਠੀ ਇਕ ਦੂਜੇ ਨੂੰ ਘੂਰ ਘੂਰ ਵੇਖ ਰਹੀ ਹੈ। ਸਨਮਾਨਜਨਕ ਹੱਲ ਨਿਕਲਣਾ ਚਾਹੀਦਾ ਹੈ ਪਰ ਅਜਿਹਾ ਕੁਛ ਹੋ ਨਹੀਂ ਰਿਹਾ। ਚੀਨ ਦੇ ਏਜੰਡੇ : ਪਾਕਿਸਤਾਨ ਵਿਚਲੇ ਅਪਣੇ ਨਿਵੇਸ਼ ਦੀ ਰਾਖੀ ਤੋਂ ਬਹੁਤ ਅਗੇ ਵਧ ਕੇ ਆਪਣੀ ਦਖਣੀ ਏਸ਼ੀਆ ਦੀ ਸਾਰੀ ਦੀ ਸਾਰੀ ਯੁੱਧ ਨੀਤੀ ਨੂੰ ਮਿਲਣ ਵਾਲੀਆਂ ਸੰਭਾਵਤ ਵੰਗਾਰਾਂ ਦਾ ਕੰਡਾ ਕਢਣਾ, ਤਿੱਬਤ, ਹਾਂਗਕਾਂਗ, ਫਾਰਮੂਸਾ ਤੇ ਦੱਖਣੀ ਚੀਨ ਸਾਗਰ ਉਪਰ ਜਕੜ ਨੂੰ ਮਜ਼ਬੂਤ ਕਰਨਾ ਆਦਿ। ਭਾਰਤ ਦਾ ਏਜੰਡਾ : ਪਾਕਿ ਤੇ ਉਸ ਦੇ ਮਕਬੂਜ਼ਾ ਕਸ਼ਮੀਰ ਵਾਲਾ ਹਿੱਸਾ। ਤੇਲ ਵੇਖੋ, ਤੇਲ ਦੀ ਧਾਰ ਵੇਖੋ!

**ਸੁਖਦੇਵ ਸਿੰਘ ਸੀਨੀਅਰ ਪੱਤਰਕਾਰ**

## ਜ਼ਿੰਮੇਵਾਰੀਆਂ ਤੋਂ ਭੱਜਦਾ ਪੰਜਾਬ ਦਾ ਬੰਦਾ

ਅਜੋਕਾ ਮਨੁੱਖ ਆਪਣੇ ਹੱਕਾਂ ਪ੍ਰਤੀ ਤਾਂ ਬਹੁਤ ਜਾਗਰੂਕ ਹੋ ਗਿਆ ਹੈ ਪਰ ਆਪਣੀਆਂ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਰਿਹਾ ਹੈ। ਅੱਜ ਦਾ ਦੌਰ ਅਜਿਹਾ ਦੌਰ ਹੈ ਕਿ ਹਰ ਮਨੁੱਖ ਆਪਣੀ ਸਹੂਲਤ ਲਈ ਪੱਕੀ ਸੜਕ ਤਾਂ ਚਾਹੁੰਦਾ ਹੈ ਪਰ ਉਸ ਨੂੰ ਸੜਕ 'ਤੇ ਤੁਰਨਾ ਨਹੀਂ ਆਉਂਦਾ, ਗੱਡੀ ਚਲਾਉਣੀ ਨਹੀਂ ਆਉਂਦੀ। ਨਿਯਮਾਂ ਦੀ ਪਾਲਣਾ ਨੂੰ ਗ਼ੈਰ-ਜ਼ਰੂਰੀ ਸਮਝਿਆ ਜਾਂਦਾ ਹੈ। ਪਿੰਡਾਂ, ਸ਼ਹਿਰਾਂ ਵਿੱਚ ਗਲੀਆਂ, ਨਾਲੀਆਂ ਤਾਂ ਪੱਕੀਆਂ ਚਾਹੀਦੀਆਂ ਹਨ ਪਰ ਉਹਨਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਕੋਈ ਨਹੀਂ ਲੈਣਾ ਚਾਹੁੰਦਾ। ਘਰ ਦੀ ਸਾਫ਼-ਸਫ਼ਾਈ ਹਰ ਬੰਦਾ ਕਰਦਾ ਹੈ ਪਰ ਘਰ ਦੇ ਕੂੜੇ ਨੂੰ ਬਾਹਰ ਗਲੀ ਵਿੱਚ ਸੁੱਟ ਦਿੰਦਾ ਹੈ ਕਿਉਂਕਿ ਗਲੀ, ਨਾਲੀ ਦੀ ਸਫ਼ਾਈ ਨੂੰ ਉਹ ਆਪਣੀ ਜ਼ਿੰਮੇਵਾਰੀ ਦਾ ਹਿੱਸਾ ਨਹੀਂ ਸਮਝਦਾ। ਗਲੀਆਂ, ਨਾਲੀਆਂ ਦੀ ਸਫ਼ਾਈ ਦੀ ਜੁਵਾਬਦਾਰੀ ਸਰਕਾਰ ਦੀ ਹੈ/ ਪੰਚਾਇਤ ਦੀ ਹੈ। ਹੈਰਾਨੀ ਦੀ ਹੱਦ ਤਾਂ ਉਦੋਂ ਹੁੰਦੀ ਹੈ ਜਦੋਂ ਧਾਰਮਿਕ ਸਥਾਨਾਂ ਦੀ ਉਸਾਰੀ ਲਈ ਤਾਂ ਲੱਖਾਂ ਰੁਪਏ ਝੱਟ ਇਕੱਠੇ ਹੋ ਜਾਂਦੇ ਹਨ ਪਰ ਪਿੰਡ ਦੇ ਸਕੂਲ ਜਾਂ ਸਿਹਤ ਕੇਂਦਰ ਲਈ ਕੋਈ ਅੱਗੇ ਨਹੀਂ ਆਉਂਦਾ। ਇਹਨਾਂ ਕੰਮਾਂ ਲਈ ਅਸੀਂ ਸਰਕਾਰਾਂ ਤੋਂ ਆਸ ਰੱਖਦੇ ਹਾਂ। ਉਂਝ ਸਰਕਾਰਾਂ ਦੀਆਂ ਵੀ ਜ਼ਿੰਮੇਵਾਰੀਆਂ ਹਨ ਪਰ ਆਪਣੀਆਂ ਸਹੂਲਤਾਂ ਲਈ ਸਥਾਨਕ ਨਿਵਾਸੀਆਂ ਨੂੰ ਵੀ ਪਹਿਲ ਕਰਨੀ ਚਾਹੀਦੀ ਹੈ। ਜਿੰਨੀ ਸਫ਼ਾਈ ਆਪਣੇ ਘਰ ਦੀ ਲਾਜ਼ਮੀ ਹੈ, ਓਨੀ ਹੀ ਗਲੀ, ਮੁਹੱਲੇ ਦੀ ਵੀ ਲਾਜ਼ਮੀ ਹੈ ਕਿਉਂਕਿ ਸਾਫ਼ ਹੋਇਆ ਘਰ ਉਦੋਂ ਹੀ ਸਾਰਥਕ ਅਤੇ ਲਾਹੇਵੰਦ ਹੋਵੇਗਾ ਜਦੋਂ ਸਮੁੱਚੀ ਗਲੀ, ਮੁਹੱਲਾ ਸਾਫ਼ ਹੋਵੇਗਾ। ਗੰਦੇ ਮੁਹੱਲੇ, ਪਿੰਡ ਵਿੱਚ ਸਾਫ਼ ਘਰ ਕੋਈ ਅਹਿਮੀਅਤ ਨਹੀਂ ਰੱਖਦਾ। ਇਹ ਕਾਰਜ ਕੋਈ ਬਹੁਤੀ ਵੱਡੀ ਅਤੇ ਔਖੀ ਗੱਲ ਨਹੀਂ ਹਨ ਪਰ ਇਹਨਾਂ ਕਾਰਜਾਂ ਲਈ ਹੱਲਾਸ਼ੇਰੀ ਅਤੇ ਚੰਗੇ ਆਗੂ ਦੀ ਲੋੜ ਹੈ। ਪਿੰਡਾਂ, ਸ਼ਹਿਰਾਂ ਵਿੱਚ ਨੌਜਵਾਨਾਂ ਨੂੰ ਅੱਗੇ ਆਉਣਾ ਪਵੇਗਾ। ਇੱਕ ਪਿੰਡ ਦੀ ਸਫ਼ਾਈ ਦਾ ਕੰਮ ਪੰਜ-ਸੱਤ ਦਿਨਾਂ ਤੋਂ ਵੱਧ ਨਹੀਂ ਹੈ। ਪਰ ਹੈਰਾਨੀ ਹੁੰਦੀ ਹੈ ਕਿ ਲੋਕ ਸਾਲਾਂ ਬੱਧੀ ਸਰਕਾਰਾਂ ਦੀ ਆਸ ਵਿੱਚ ਗੰਦਗੀ ਭਰਿਆ ਜੀਵਨ ਜਿਉਂਦੇ ਰਹਿੰਦੇ ਹਨ, ਖੁਦ ਉੱਦਮ ਨਹੀਂ ਕਰਦੇ, ਅੱਗੇ ਨਹੀਂ ਆਉਂਦੇ। ਹੱਕਾਂ ਦੀ ਜਾਣਕਾਰੀ ਰੱਖਣਾ ਚੰਗੀ ਗੱਲ ਹੈ ਪਰ ਨਾਲ ਹੀ ਜ਼ਿੰਮੇਵਾਰੀਆਂ ਦਾ ਅਹਿਸਾਸ ਹੋਣਾ ਉਸ ਨਾਲੋਂ ਵੀ ਲਾਜ਼ਮੀ ਹੈ। ਇਹ ਵਕਤ ਦੂਜਿਆਂ ਵਿੱਚ ਕਮੀਆਂ ਕੱਢਣ ਦਾ ਨਹੀਂ ਬਲਕਿ ਆਪਣੇ ਵਿੱਚ ਸੁਧਾਰ ਕਰਨ ਦਾ ਹੈ। ਅੱਜ ਦਾ ਪੰਜਾਬੀ ਜੇਕਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦਾ ਪ੍ਰਣ ਕਰ ਲਵੇ ਤਾਂ ਸਰਕਾਰਾਂ ਦੇ 99% ਕੰਮ ਆਪ ਮੁਹਾਰੇ ਹੀ ਨੇਪਰੇ ਚੜ ਸਕਦੇ ਹਨ। ਜਿਸ ਥਾਂ ਉੱਪਰ ਅਸੀਂ ਸਦੀਆਂ ਤੋਂ ਰਹਿ ਰਹੇ ਹਾਂ, ਉਸਦੀ ਸਾਫ਼-ਸਫ਼ਾਈ ਅਤੇ ਸਾਂਭ-ਸੰਭਾਲ ਸਾਡੀ ਆਪਣੀ ਜ਼ਿੰਮੇਵਾਰੀ ਹੈ। ਸੜਕਾਂ ਉੱਪਰ ਸੜਕੀ-ਨਿਯਮਾਂ ਦੀ ਪਾਲਣਾ ਸਾਡੀ ਆਪਣੀ ਸੁਰੱਖਿਆ ਲਈ ਹੈ। ਸਵੇਰੇ ਉੱਠ ਕੇ ਸੈਰ ਕਰਨਾ ਸਾਡੀ ਸਿਹਤ ਲਈ ਲਾਭਦਾਇਕ ਹੈ। ਹਰੇਕ ਪੰਜਾਬੀ ਨੂੰ ਸੁਚੇਤ ਹੋਣ ਦੀ ਲੋੜ ਹੈ। ਧਰਤੀ, ਰੁੱਖ, ਵਾਤਾਵਰਣ, ਪਾਣੀ, ਹਵਾ ਅਤੇ ਰੌਸ਼ਨੀ ਦੀ ਸਾਂਭ-ਸੰਭਾਲ ਸਾਡੀਆਂ ਲੋੜਾਂ ਹਨ ਕਿਉਂਕਿ ਇਹਨਾਂ ਤੋਂ ਬਿਨਾਂ ਮਨੁੱਖੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹਨਾਂ ਨੂੰ ਪਹਿਲ ਦੇ ਆਧਾਰ 'ਤੇ ਵੇਖਣਾ ਚਾਹੀਦਾ ਹੈ।

**ਡਾ. ਨਿਸ਼ਾਨ ਸਿੰਘ**

## ਪੰਜਾਬੀ ਚੈਨਲਾਂ 'ਤੇ ਭਾਰਤ ਸਰਕਾਰ ਵਲੋਂ ਪਾਬੰਦੀ

ਪੰਜਾਬ ਭਾਰਤ ਵਿੱਚ ਕੁਝ ਪੰਜਾਬੀ ਚੈਨਲਾਂ 'ਤੇ ਸਰਕਾਰ ਵਲੋਂ ਇਸ ਕਰਕੇ ਪਾਬੰਦੀ ਲਾ ਦਿੱਤੀ ਹੈ ਗਈ ਹੈ ਕਿਉਂਕਿ ਉਹ ਬੀਤੇ ਪੈਂਤੀ ਸਾਲਾਂ ਤੋਂ ਸਿੱਖਾਂ ਅਤੇ ਪੰਜਾਬੀ ਸੱਭਿਅਤਾ ਨਾਲ ਜੁੜੇ ਮਸਲਿਆਂ ਦਾ ਭਾਰਤੀ ਸਟੇਟ ਨਾਲੋਂ ਵੱਖਰਾ ਸੱਚ ਸਾਹਮਣੇ ਲਿਆਉਣ ਦਾ ਉਪਰਾਲਾ ਕਰ ਰਹੇ ਹਨ। ਭਾਰਤੀ ਸਟੇਟ ਦੇ ਪੰਜਾਬ ਬੈਠੇ ਰਾਜਨੀਤਿਕਾਂ ਅਤੇ ਦਰਬਾਰੀ ਵਿਦਵਾਨਾਂ ਬਾਰੇ ਆਮ ਲੋਕ ਇਹਨਾਂ ਚੈਨਲਾਂ ਅਤੇ ਸ਼ੋਸ਼ਲ ਮੀਡੀਆ ਰਾਹੀਂ ਸਵਾਲ ਪੁੱਛ ਕੇ ਝੂਠ ਦੇ ਮਖੌਟੇ ਉਤਾਰਨ ਲੱਗ ਪਏ ਹਨ, ਸੋ ਸੁਭਾਵਿਕ ਹੈ ਦਿੱਲੀ ਤੋਂ ਚਲਦੀਆਂ ਰਾਸ਼ਟਰਵਾਦੀ ਰਾਜਨੀਤਿਕ ਪਾਰਟੀਆਂ ਅਤੇ ਵਿਦਵਾਨਾਂ ਲਈ ਤਕਲੀਫ਼ਦੇਹ ਸਮਾਂ ਚਲ ਰਿਹਾ ਹੈ, ਕਿਉਂਕਿ ਪੈਂਤੀ ਸਾਲ ਝੂਠ ਸੁਣਾਉਣ ਤੋਂ ਬਾਅਦ ਸੱਚ ਸੁਣਨਾ ਤਾਂ ਤਕਲੀਫ਼ਦੇਹ ਹੋਵੇਗਾ ਹੀ। ਜਾਗਦੀ ਜ਼ਮੀਰ ਵਾਲੇ ਪੰਜਾਬੀਆਂ ਨੂੰ ਜਿੱਥੇ ਬੰਦ ਕੀਤੇ ਚੈਨਲਾਂ ਨੂੰ ਦੋਬਾਰਾ ਚਲਾਉਣ ਲਈ ਜੋਰ ਲਾਉਣਾ ਚਾਹੀਦਾ ਹੈ ਨਾਲ ਹੀ ਬਾਦਲ ਦਲ, ਕੈਪਟਨ ਸਰਕਾਰ, ਕੇਜਰੀਵਾਲ ਧੜਾ ਅਤੇ ਬੀਜੇਪੀ ਆਦਿ ਨਾਲ ਜੁੜੇ ਮੁੱਖ ਰਾਜਨੀਤਕਾਂ ਅਤੇ ਇਹਨਾਂ ਪਾਰਟੀਆਂ ਦੇ ਸ਼ਰਧਾਲੂਆਂ ਨੂੰ ਸਵਾਲ ਕਰਨ ਚਾਹੀਦੇ ਹਨ ਕਿ ਉਹ ਕਿਹੜੇ ਲੋਕਤੰਤਰ ਦੇ ਗੋਗੇ ਗਾਉਂਦੇ ਹਨ, ਜਿੱਥੇ ਕੁਝ ਚੈਨਲ ਹੀ ਭਾਰਤੀ ਰਾਸ਼ਟਰਵਾਦ ਦੀ ਫੂਕ ਕੱਢ ਸਕਦੇ ਹਨ .? ਮੰਨ ਲਓ ਜੇ ਭਾਰਤੀ ਸਟੇਟ ਨੇ ਦਿੱਲੀ ਤੋਂ ਚਲਦੇ ਕਿਸੇ ਰਾਸ਼ਟਰੀ ਚੈਨਲ ਨੂੰ ਬੈਨ ਕੀਤਾ ਹੁੰਦਾ ਤਾਂ ਹੁਣ ਨੂੰ ਪੰਜਾਬ ਬੈਠੇ ਰਾਸ਼ਟਰਵਾਦੀਆਂ ਦਾ ਇਨਕਲਾਬ ਜਾਗ ਪੈਣਾ ਸੀ, ਪਰ ਪੰਜਾਬ ਬਾਰੇ ਇਹਨਾਂ ਦਾ ਲਹੂ ਚਿੱਟਾ ਕਿਉਂ ਹੋ ਜਾਂਦਾ ਹੈ .? ਆਮ ਲੋਕਾਂ ਨੂੰ ਪੰਜਾਬ ਵਿੱਚ ਘੁੰਮਦੇ ਰਾਜਨੀਤਕਾਂ ਨੂੰ ਘੇਰ ਕੇ ਸਵਾਲ ਕਰਨੇ ਚਾਹੀਦੇ ਹਨ ਤਾਂ ਕਿ ਇਹਨਾਂ ਢੀਠ ਲੋਕਾਂ ਨੂੰ ਮਾੜੀ ਮੋਟੀ ਸ਼ਰਮ ਆਵੇ। ਜੇ ਬੰਦ ਕੀਤੇ ਸਾਰੇ ਚੈਨਲ ਦੋਬਾਰਾ ਨਹੀਂ ਚਲਾਏ ਜਾਂਦੇ ਤਾਂ ਦੇਸ਼ ਵਿਦੇਸ਼ ਵਿੱਚ ਬੈਠੇ ਅਣਖੀ ਪੰਜਾਬੀਆਂ ਵਲੋਂ ਸ਼ੋਸ਼ਲ ਮੀਡੀਆ 'ਤੇ ਰਾਜਨੀਤਕ ਪਾਰਟੀਆਂ ਅਤੇ ਇਹਨਾਂ ਦੇ ਚੇਲਿਆਂ ਨੂੰ ਲਾਹਣਤਾਂ ਪਾਉਣ ਦੀ ਮੁਹਿੰਮ ਸ਼ੁਰੂ ਕੀਤੀ ਜਾਵੇ ਤਾਂ ਕਿ ਇਹਨਾਂ ਦੇ ਅਖੌਤੀ ਲੋਕਤੰਤਰ ਨੂੰ ਮਾੜੀ ਮੋਟੀ ਸ਼ਰਮ ਆਉਣੀ ਸ਼ੁਰੂ ਹੋਵੇ...

**ਗੋਲਡੀ ਦਿਉਲ, ਕੈਨੇਡਾ**

## ਵਿਦੇਸ਼ਾਂ ਵਿਚ ਰੁਲਦੀਆਂ ਪੰਜਾਬੀਆਂ ਦੀਆਂ ਲਾਸ਼ਾਂ

ਪਿਛੇ ਜਿਹੇ ਦੁਬਈ ਵਿਚ ਇਕ ਪੰਜਾਬੀ ਨੌਜਵਾਨ ਦੀ ਮੌਤ ਹੋ ਗਈ। ਕਾਫੀ ਦਿਨ ਬੀਤਣ 'ਤੇ ਵੀ ਲਾਸ਼ ਪੰਜਾਬ ਨਹੀਂ ਆਈ। ਪਤਾ ਲੱਗਾ ਕਿ ਉਹ ਨੌਜਵਾਨ ਕਾਫੀ ਚਿਰ ਤੋਂ ਕੰਮ 'ਤੇ ਨਹੀਂ ਸੀ ਗਿਆ। ਜੇ ਉਹ ਕੰਮ 'ਤੇ ਹੁੰਦਾ ਤਾਂ ਲਾਸ਼ ਕੰਪਨੀ ਵਾਲੇ ਖ਼ੁਦ ਭੇਜਦੇ। ਇਸ ਲਈ ਪਰਿਵਾਰ ਨੂੰ ਪੰਜਾਬ ਦੇ ਇਕ ਕਾਫ਼ੀ ਮਾਅਰਕੇਬਾਜ਼ ਐਮਪੀ ਦੀ ਮਦਦ ਲੈਣ ਲਈ ਕਿਹਾ ਗਿਆ ਪਰ ਕੋਈ ਫ਼ਾਇਦਾ ਨਹੀਂ ਹੋਇਆ। ਅਖ਼ੀਰ ਉੱਥੇ ਰਹਿਣ ਵਾਲੇ ਪੰਜਾਬੀਆਂ ਦੀ ਮਦਦ ਨਾਲ ਕੋਈ ਇਕ ਮਹੀਨੇ ਬਾਅਦ ਲਾਸ਼ ਮਾਪਿਆਂ ਤੱਕ ਪੁੱਜੀ, ਜੋ ਕਾਫ਼ੀ ਖ਼ਰਾਬ ਹੋ ਚੁੱਕੀ ਸੀ। ਜਲੰਧਰ ਜ਼ਿਲੇ ਦਾ ਇਕ ਨੌਜਵਾਨ ਦੋ ਸਾਲ ਪਹਿਲਾਂ ਸਾਈਪ੍ਰਸ ਵਿਚ ਦਰਿਆ ਵਿਚ ਨਹਾਉਂਦਾ ਡੁੱਬ ਗਿਆ। ਪਰਿਵਾਰ ਨੇ ਆਪਣੇ ਪੁੱਤ ਦੀ ਲਾਸ਼ ਪੰਜਾਬ ਮੰਗਵਾਉਣ ਲਈ ਆਪਣੇ ਹਲਕੇ ਦੇ ਲੀਡਰਾਂ ਦੇ ਬਹੁਤ ਤਰਲੇ ਕੀਤੇ, ਪਰ ਕਿਸੇ ਨੇ ਕੋਈ ਨਾ ਸੁਣੀ। ਆਖਰ ਸਾਈਪ੍ਰਸ ਰਹਿੰਦੇ ਪੰਜਾਬੀਆਂ ਦੀ ਮਦਦ ਨਾਲ ਹੀ ਉਸ ਦੀ ਲਾਸ਼ ਪਿੰਡ ਪਹੁੰਚੀ। ਪਰ ਉਦੋਂ ਤੱਕ ਲਾਸ਼ ਦੀ ਹਾਲਤ ਇੰਨੀ ਖ਼ਰਾਬ ਹੋ ਚੁੱਕੀ ਸੀ।

ਇਸੇ ਤਰਾਂ ਬੀਤੀ 22 ਅਪਰੈਲ ਨੂੰ ਸਾਈਪ੍ਰਸ ਵਿਚ ਹੀ ਇਕ ਹੋਰ ਨੌਜਵਾਨ ਸਦਾ ਲਈ ਵਿਛੋੜਾ ਦੇ ਗਿਆ, ਜੋ ਤਿੰਨ ਸਾਲ ਪਹਿਲਾਂ ਵਰਕ ਵੀਜ਼ੇ 'ਤੇ ਉਥੇ ਗਿਆ ਸੀ। ਮਾਨਸਾ ਜ਼ਿਲੇ ਦੇ ਪਿੰਡ ਮੀਰਪੁਰ ਖ਼ੁਰਦ ਦੇ ਇਸ ਨੌਜਵਾਨ ਦੀ ਅਚਾਨਕ ਹੀ ਮੌਤ ਹੋ ਗਈ, ਜਦੋਂਕਿ ਮਾਪੇ ਉਸ ਦੇ ਵਿਆਹ ਦੇ ਸੁਪਨੇ ਦੇਖ ਰਹੇ ਸਨ। ਨੌਜਵਾਨ ਦੀ ਮੌਤ ਦੀ ਖ਼ਬਰ ਮਾਪਿਆਂ ਤੱਕ ਪੁੱਜੀ ਤਾਂ ਪਰਿਵਾਰ ਹੀ ਨਹੀਂ, ਪੂਰਾ ਪਿੰਡ ਹੀ ਭੁੱਬਾਂ ਮਾਰ ਕੇ ਰੋ ਪਿਆ। ਉਸ ਦੀ ਲਾਸ਼ ਮੰਗਵਾਉਣ ਲਈ ਵੀ ਕਿਸੇ ਨੇ ਦੁਖੀ ਮਾਪਿਆਂ ਦੀ ਬਾਂਹ ਨਹੀਂ ਫੜੀ। ਕਰੋਨਾ ਸੰਕਟ ਨੇ ਹਾਲਾਤ ਹੋਰ ਮੁਸ਼ਕਲ ਬਣਾ ਦਿੱਤੇ। ਉਸ ਦੀ ਮਾਂ ਦੇ ਕੀਰਨਿਆਂ ਦੀ ਆਵਾਜ਼ ਸ਼ਾਇਦ ਕਿਸੇ ਲੀਡਰ ਤੱਕ ਨਹੀਂ ਪੁੱਜੀ, ਜੋ ਕਹਿੰਦੀ ਰਹੀ ਕਿ ਸਰਕਾਰਾਂ ਉਸ ਦੇ ਪੁੱਤ ਨੂੰ ਆਪਣੇ ਦੇਸ਼ ਵਿਚ ਰੁਜ਼ਗਾਰ ਤਾਂ ਨਹੀਂ ਦੇ ਸਕੀਆਂ, ਉਸ ਦੀ ਲਾਸ਼ ਤਾਂ ਮੰਗਵਾ ਦੇਣ। ਹੁਣ ਉਸ ਦੀ ਮੌਤ ਨੂੰ ਡੇਢ ਮਹੀਨੇ ਤੋਂ ਵੱਧ ਸਮਾਂ ਬੀਤ ਚੁੱਕਾ ਹੈ। ਜਦੋਂ ਕੋਈ ਗੱਲ ਨਾ ਬਣੀ ਤਾਂ ਹਾਰ ਕੇ ਮਾਪਿਆਂ ਨੂੰ ਸਾਈਪ੍ਰਸ ਦੇ ਹਸਪਤਾਲ ਵਿਚ ਪਈ ਆਪਣੇ ਪੁੱਤ ਦਾ ਉਥੇ ਹੀ ਸਸਕਾਰ ਕਰਨ ਲਈ ਆਪਣੇ ਵੱਲੋਂ ਮਨਜ਼ੂਰੀ ਭੇਜਣੀ ਪਈ। ਅਫਸੋਸ ਦੀ ਗੱਲ ਹੈ ਕਿ ਜਦੋਂ ਵੀ ਕਿਸੇ ਪੰਜਾਬੀ ਨੌਜਵਾਨ ਦੀ ਵਿਦੇਸ਼ਾਂ ਵਿਚ ਮੌਤ ਹੁੰਦੀ ਹੈ ਤਾਂ ਪੀੜਤ ਮਾਪਿਆਂ, ਜਿਨਾਂ ਉਤੇ ਪਹਿਲਾਂ ਹੀ ਦੁੱਖਾਂ ਦਾ ਪਹਾੜ ਟੁੱਟਾ ਹੁੰਦਾ ਹੈ, ਦੀ ਕੋਈ ਵੀ ਬਾਂਹ ਫੜਨ ਵਾਲ਼ਾ ਨਹੀਂ ਹੁੰਦਾ। ਪਤਾ ਨਹੀਂ ਕਦੋਂ ਸਾਡੇ ਆਗੂ ਅਜਿਹੇ ਮਾਮਲਿਆਂ 'ਤੇ ਸੰਵੇਦਨਸ਼ੀਲ ਹੋਣਗੇ।

**ਸੁਖਦੇਵ ਸਿੱਧੂ ਕੁਸਲਾ**

## ਸੰਸਾਰ 'ਚ ਭੁੱਖਮਰੀ ਦਾ ਖ਼ਤਰਾ

ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਤਰਸ ਨੇ ਦੁਨੀਆ ਨੂੰ ਚੇਤਾਵਨੀ ਦਿੱਤੀ ਹੈ ਕਿ ਕੋਰੋਨਾ ਕਾਰਨ ਦੁਨੀਆ ਵਿਚ ਫੂਡ ਐਮਰਜੈਂਸੀ ਹੋ ਸਕਦੀ ਹੈ। ਉਨਾਂ ਮੁਤਾਬਕ ਭੋਜਨ ਜਾਂ ਪੋਸ਼ਣ ਸਬੰਧੀ ਅਸੁਰੱਖਿਅਤ ਰਹਿਣ ਵਾਲੇ ਲੋਕਾਂ ਦੀ ਗਿਣਤੀ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਯੂਐੱਨ ਦੇ ਸਕੱਤਰ ਜਨਰਲ ਦਾ ਬਿਆਨ ਉਦੋਂ ਆਇਆ ਹੈ ਜਦੋਂ ਗ਼ਰੀਬ ਮੁਲਕਾਂ ਨੂੰ ਤਾਂ ਛੱਡ ਹੀ ਦਿਓ, ਵਿਕਸਤ ਜਾਂ ਵਿਕਾਸਸ਼ੀਲ ਦੇਸ਼ ਵੀ ਵੱਡੀ ਪਰੇਸ਼ਾਨੀ ਵਿਚੋਂ ਲੰਘ ਰਹੇ ਹਨ। ਬਹੁਗਿਣਤੀ ਮੁਲਕਾਂ ਦੀ ਆਰਥਿਕਤਾ ਦਾ ਪਹੀਆ ਰੁਕਿਆ ਪਿਆ ਹੈ। ਯੂਐੱਨ ਮੁਖੀ ਨੇ ਖ਼ਦਸ਼ਾ ਪ੍ਰਗਟ ਕੀਤਾ ਕਿ ਇਸ ਵਜਾ ਨਾਲ 4.9 ਕਰੋੜ ਹੋਰ ਲੋਕ ਗ਼ਰੀਬੀ ਵਿਚ ਧਸ ਜਾਣਗੇ ਜਦਕਿ ਦੋ ਕਰੋੜ ਤੋਂ ਵੱਧ ਲੋਕ ਪਹਿਲਾਂ ਹੀ ਭੁੱਖੇ ਰਹਿ ਰਹੇ ਹਨ। ਪੰਜ ਸਾਲ ਤੋਂ ਘੱਟ ਉਮਰ ਦੇ 14.5 ਕਰੋੜ ਬੱਚਿਆਂ ਦਾ ਵਿਕਾਸ ਭੁੱਖ ਦੀ ਵਜਾ ਨਾਲ ਰੁਕਿਆ ਹੋਇਆ ਹੈ। ਜੇਕਰ ਇਸ ਨੂੰ ਹੁਣੇ ਨੱਥ ਨਾ ਪਾਈ ਗਈ ਤਾਂ ਇਹ ਸਮੱਸਿਆ ਵਿਕਰਾਲ ਹੋ ਜਾਵੇਗੀ। ਬਿਨਾਂ ਸ਼ੱਕ ਯੂਐੱਨ ਮੁਖੀ ਦੀ ਚੇਤਾਵਨੀ ਤੇ ਖ਼ਦਸ਼ਿਆਂ ਨੂੰ ਗੰਭੀਰਤਾ ਨਾਲ ਲੈਣ ਦੀ ਲੋੜ ਹੈ ਪਰ ਬਹੁਤ ਸਾਰੇ ਲੋਕ ਉਨਾਂ ਨਾਲ ਸਹਿਮਤ ਵੀ ਨਹੀਂ ਹਨ। ਕਈ ਲੋਕ ਇਸ ਨੂੰ ਕਿਤੇ ਭਿਆਨਕ ਸਮੱਸਿਆ ਗਰਦਾਨ ਰਹੇ ਹਨ। ਉਨਾਂ ਮੁਤਾਬਕ ਸੰਯੁਕਤ ਰਾਸ਼ਟਰ ਦੀ ਹੀ ਇਕ ਰਿਪੋਰਟ ਦੱਸਦੀ ਹੈ ਕਿ ਦੁਨੀਆ ਵਿਚ 85.30 ਕਰੋੜ ਲੋਕ ਭੁੱਖਮਰੀ ਦੇ ਸ਼ਿਕਾਰ ਹਨ। ਦੁਨੀਆ ਭਰ ਵਿਚ ਹਰ ਸਾਲ 50 ਲੱਖ ਬੱਚੇ ਭੁੱਖਮਰੀ ਤੇ ਕੁਪੋਸ਼ਣ ਦੀ ਵਜਾ ਨਾਲ ਜਾਨ ਗੁਆ ਲੈਂਦੇ ਹਨ। ਗ਼ਰੀਬ ਮੁਲਕਾਂ ਵਿਚ 40 ਫ਼ੀਸਦੀ ਬੱਚੇ ਕਮਜ਼ੋਰ ਸਰੀਰਕ ਤੇ ਮਾਨਸਿਕ ਵਿਕਾਸ ਨਾਲ ਵੱਡੇ ਹੁੰਦੇ ਹਨ। ਅਜਿਹੀ ਸੂਰਤੇਹਾਲ ਤਾਂ ਬਦ ਤੋਂ ਬਦਤਰ ਹੋਣ ਦੇ ਸੰਕੇਤ ਦੇ ਰਹੀ ਹੈ। ਭਾਰਤ ਨੂੰ ਲੈ ਕੇ ਵੀ ਚਿੰਤਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ ਹਾਲਾਂਕਿ ਕੇਂਦਰ ਸਰਕਾਰ ਵੱਲੋਂ ਅਜਿਹੇ ਖ਼ਦਸ਼ਿਆਂ ਨੂੰ ਨਿਰਮੂਲ ਦੱਸਿਆ ਜਾ ਰਿਹਾ ਹੈ। ਭੁੱਖਮਰੀ ਤੇ ਕੁਪੋਸ਼ਣ ਦੇ ਮਾਮਲੇ ਵਿਚ ਭਾਰਤ ਆਪਣੇ ਗੁਆਂਢੀ ਮੁਲਕਾਂ ਪਾਕਿਸਤਾਨ, ਨੇਪਾਲ, ਬੰਗਲਾਦੇਸ਼ ਤੋਂ ਵੀ ਪਿੱਛੇ ਹੈ। ਗਲੋਬਲ ਹੰਗਰ ਇੰਡੈਕਸ-2019 ਵਿਚ ਭਾਰਤ 117 ਮੁਲਕਾਂ ਵਿਚੋਂ 102ਵੇਂ ਨੰਬਰ 'ਤੇ ਆਇਆ ਸੀ ਜਦਕਿ 2014 ਵਿਚ ਉਹ 55ਵੇਂ ਨੰਬਰ 'ਤੇ ਸੀ। ਭਾਰਤ ਵਿਚ ਭੁੱਖਮਰੀ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਲਗਪਗ 20 ਕਰੋੜ ਹੈ। ਮੁਲਕ ਦੀ ਆਬਾਦੀ ਦਾ ਲਗਪਗ ਪੰਜਵਾਂ ਹਿੱਸਾ ਹਰ ਦਿਨ ਭੁੱਖਾ ਸੌਣ ਲਈ ਮਜਬੂਰ ਹੈ। ਸੰਯੁਕਤ ਰਾਸ਼ਟਰ ਦੇ ਖ਼ੁਰਾਕ ਤੇ ਖੇਤੀਬਾੜੀ ਸੰਗਠਨ ਦੀ ਇਕ ਰਿਪੋਰਟ ਮੁਤਾਬਕ ਭਾਰਤੀ ਲੋਕ 244 ਕਰੋੜ ਰੁਪਏ ਦਾ ਰੋਜ਼ਾਨਾ ਤੇ ਸਾਲ ਵਿਚ 89060 ਕਰੋੜ ਰੁਪਏ ਦਾ ਭੋਜਨ ਬਰਬਾਦ ਕਰ ਦਿੰਦੇ ਹਨ। ਇੰਨੀ ਰਾਸ਼ੀ ਨਾਲ 20 ਕਰੋੜ ਤੋਂ ਜ਼ਿਆਦਾ ਲੋਕਾਂ ਦਾ ਢਿੱਡ ਭਰਿਆ ਜਾ ਸਕਦਾ ਹੈ। ਕਈ ਰਿਪੋਰਟਾਂ ਵਿਚ ਇਹ ਵੀ ਦਾਅਵਾ ਕੀਤਾ ਜਾ ਚੁੱਕਾ ਹੈ ਕਿ ਭਾਰਤ ਵਿਚ 10 ਕਰੋੜ ਤੋਂ ਵੱਧ ਲੋਕ ਰੁਜ਼ਗਾਰ ਤੋਂ ਹੱਥ ਧੋ ਚੁੱਕੇ ਹਨ ਤੇ ਆਉਣ ਵਾਲੇ ਦਿਨਾਂ ਵਿਚ ਇਹ ਗਿਣਤੀ ਹੋਰ ਵੱਧ ਸਕਦੀ ਹੈ। ਇਸ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਹਾਲਾਤ ਕੀ ਹਨ? ਦੂਜੇ ਪਾਸੇ ਭਾਰਤ ਉਨਾਂ 15 ਦੇਸ਼ਾਂ ਵਿਚ ਸ਼ੁਮਾਰ ਹੋ ਗਿਆ ਹੈ ਜਿੱਥੇ ਤਾਲਾਬੰਦੀ ਵਿਚ ਢਿੱਲ ਦੇਣ ਨਾਲ ਕੋਰੋਨਾ ਦੇ ਮਾਮਲੇ ਵਧਣ ਦਾ ਖ਼ਤਰਾ ਹੈ। ਇਹ ਦਾਅਵਾ ਕੌਮਾਂਤਰੀ ਖੋਜ ਕੰਪਨੀ ਨੋਮੁਰਾ ਨੇ ਆਪਣੀ ਹਾਲੀਆ ਰਿਪੋਰਟ ਵਿਚ ਕੀਤਾ ਹੈ।

**ਜਗਜੀਤ ਸਿੰਘ**




## ਕੋਵਿਡ-19 ਦਾ ਰਾਜਨੀਤਕ...

1906 ਵਿੱਚ ਅਪਟਨ ਸਿੰਕਲੇਅਰ ਦਾ ਪ੍ਰਸਿੱਧ ਨਾਵਲ 'ਜੰਗਲ' ਆਇਆ ਸੀ। ਇਸ ਵਿੱਚ ਅਮਰੀਕੀ ਮੀਟ ਉਦਯੋਗ ਦਾ ਬਹੁਤ ਹੀ ਗ੍ਰਾਫਿਕ ਵੇਰਵਾ ਮਿਲਦਾ ਹੈ। ਉਸਦੀ ਇੱਕ ਪੰਕਤੀ ਅੱਜ ਵੀ ਮੈਨੂੰ ਯਾਦ ਹੈ। ਲੇਖਕ ਕਹਿੰਦਾ ਹੈ ਕਿ ਇੱਥੇ ਸੂਰਾਂ ਦੀ ਚੀਖ ਤੋਂ ਬਿਨਾਂ ਸਭ ਕੁੱਝ ਵੇਚ ਦਿੱਤਾ ਜਾਂਦਾ ਹੈ। ਪਰ ਅੱਜ ਮਾਮਲਾ 'ਜੰਗਲ' ਤੋਂ ਵੀ ਕਿਤੇ ਅੱਗੇ ਨਿਕਲ ਚੁੱਕਾ ਹੈ। ਅੱਜ ਉਸਯੋਗਾਂ ਵਿੱਚ ਜਿਸ ਤਰਾਂ ਜੁੱਤੇ ਜਾਂ ਕੱਪੜੇ ਬਣਾਏ ਜਾਂਦੇ ਹਨ, ਠੀਕ ਉਸੇ ਤਰਾਂ ਹੀ ਇੱਥੇ ਜੀਵਤ ਜਾਨਵਰਾਂ ਜਿਵੇਂ ਸੂਰ, ਚਿਕਨ, ਆਦਿ ਦਾ ਮੀਟ ਤਿਆਰ ਕੀਤਾ ਜਾਂਦਾ ਹੈ। ਵੱਖ ਵੱਖ ਤਰਾਂ ਦੀਆਂ ਐਂਟੀਬਾਇਓਟਿਕ ਦਵਾਈਆਂ, ਹਾਰਮੋਨਜ਼ ਅਤੇ ਜੈਨੇਟਿਕ ਇੰਜੀਨੀਅਰਿੰਗ ਦੇ ਸਹਾਰੇ ਇਸ ਨੂੰ ਤਿਆਰ ਕੀਤਾ ਜਾਂਦਾ ਹੈ (ਇਸ ਲਈ ਹੁਣ ਤਾਂ ਉਹਨਾਂ ਨੂੰ ਚੀਖਣ ਦੀ ਵੀ ਇਜਾਜ਼ਤ ਨਹੀਂ ਹੈ ਜਾਂ ਇਹ ਕਹੋ ਕਿ ਚੀਖਣਾ ਇਹਨਾਂ ਦੇ ਜੀਵਨ ਵਿੱਚ ਹੈ ਹੀ ਨਹੀਂ)। ਜਲਦੀ ਵੱਡਾ ਕਰਨ ਲਈ ਤਮਾਮ ਕਿਸਮ ਦੀਆਂ ਦਵਾਈਆਂ ਉਹਨਾਂ ਨੂੰ ਦਿੱਤੀਆਂ ਜਾਂਦੀਆਂ ਹਨ। ਕਿਉਂਕਿ ਉਹ ਜਿੰਨਾ ਦੇਰੀ ਨਾਲ ਵੱਡੇ ਹੋਣਗੇ, ਓਨਾ ਹੀ ਵਧੇਰੇ ਖਰਚਾ ਹੋਵੇਗਾ। ਖਰਚਾ ਘਟਾਉਣ ਲਈ ਹੀ ਉਹਨਾਂ ਨੂੰ ਝੁੰਡ ਵਿੱਚ ਰੱਖਿਆ ਜਾਂਦਾ ਹੈ ਜਿੱਥੇ ਉਹਨਾਂ ਦਾ ਹਿੱਲਣਾ-ਜੁਲਣਾ ਵੀ ਮੁਸ਼ਕਿਲ ਹੁੰਦਾ ਹੈ। ਪੂੰਜੀਵਾਦੀ ਤਰਕ ਅਨੁਸਾਰ ਉਤਪਾਦਨ ਦੀ ਲਾਗਤ ਨੂੰ ਘਟਾਉਣ ਲਈ ਉਹ ਨਿਰੰਤਰ ਉਹਨਾਂ ਦੀ ਜੀਨ ਬਣਤਰ ਵਿੱਚ ਬਦਲਾਵ ਕਰਦੇ ਰਹਿੰਦੇ ਹਨ। ਉਦਾਹਰਣ ਦੇ ਤੌਰ 'ਤੇ ਮੁਰਗੇ ਦੇ ਖੰਭ ਨੂੰ ਹਟਾਉਣਾ ਇੱਕ ਵਾਧੂ ਕੰਮ ਹੁੰਦਾ ਹੈ। ਜਿਸ ਵਿੱਚ ਕਿਰਤ ਅਤੇ ਸਮਾਂ ਦੋਵੇਂ ਲੱਗਦੇ ਹਨ। ਇਸ ਲਈ ਉਹਨਾਂ ਦੇ ਜੀਨਾਂ ਵਿੱਚ ਅਜਿਹੀ ਤਬਦੀਲੀ ਕੀਤੀ ਜਾਂਦੀ ਹੈ ਕਿ ਖੰਭ ਘੱਟ ਤੋਂ ਘੱਟ ਹੋਣ। ਇਸ ਤਰਾਂ ਚਿਕਨ, ਸੂਰ ਅਤੇ ਹੋਰ ਜਾਨਵਰਾਂ ਦੇ ਵੱਖ ਵੱਖ ਅੰਗ ਵੀ ਪੈਕ ਕਰਕੇ ਵੇਚੇ ਜਾਂਦੇ ਹਨ, ਜਿਵੇਂ ਮੁਰਗੇ ਦਾ 'ਲੈਗ ਪੀਸ'। ਇਸ ਲਈ ਇਹਨਾਂ ਜਾਨਵਰਾਂ ਵਿੱਚ ਅਜਿਹੀਆਂ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ ਕਿ ਸਾਰੇ ਜਾਨਵਰਾਂ ਦਾ ਆਕਾਰ (ਅਤੇ ਉਹਨਾਂ ਦੇ ਖਾਸ ਅੰਗਾਂ ਦਾ ਆਕਾਰ) ਲਗਭਗ ਇੱਕ ਬਰਾਬਰ ਹੋਵੇ, ਭਾਵ ਉਹਨਾਂ ਵਿੱਚ ਇਕਸਾਰਤਾ ਰਹੇ, ਨਹੀਂ ਤਾਂ ਉਹਨਾਂ ਨੂੰ ਤੋਲਣ ਦਾ ਇੱਕ ਵਾਧੂ ਕੰਮ ਜੁੜ ਜਾਵੇਗਾ।

ਉਦਯੋਗਾਂ ਦੇ ਪੱਧਰ ਤੇ ਪੈਦਾ ਹੋਣ ਵਾਲੇ ਇਹ ਜਾਨਵਰ ਕੁਦਰਤੀ ਵਾਤਾਵਰਣ ਵਿੱਚ ਨਹੀਂ ਜੀ ਸਕਦੇ। ਇਹਨਾਂ ਲਈ ਇੱਕ ਬਣਾਉਟੀ ਵਾਤਾਵਰਣ ਬਣਾਉਣਾ ਪੈਂਦਾ ਹੈ। ਜਿਵੇਂ ਬਿਨਾਂ ਖੰਭ ਵਾਲੇ ਮੁਰਗੇ ਇੱਕ ਵਿਸ਼ੇਸ਼ ਤਾਪਮਾਨ 'ਤੇ ਹੀ ਜੀਵਤ ਰਹਿ ਸਕਦਾ ਹੈ। ਯਾਨੀ ਇੱਥੇ ਨਾ ਸਿਰਫ ਬਣਾਉਟੀ ਤਰੀਕੇ ਨਾਲ ਜਾਨਵਰਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਬਲਕਿ ਉਹਨਾਂ ਦੇ ਰਹਿਣ ਲਈ ਬਣਾਉਟੀ ਵਾਤਾਵਰਣ ਦਾ ਵੀ ਨਿਰਮਾਣ ਕੀਤਾ ਜਾਂਦਾ ਹੈ। ਪਰ ਇਸ ਪ੍ਰਕਿਰਿਆ ਵਿੱਚ ਹੁੰਦਾ ਇਹ ਹੈ ਕਿ ਇਹਨਾਂ ਜਾਨਵਰਾਂ ਦੀ ਪ੍ਰਤਿਰੋਧ ਸ਼ਕਤੀ ਲਗਭਗ ਖਤਮ ਹੋ ਜਾਂਦੀ ਹੈ।

ਡਾਰਵਿਨ ਦਾ 'ਕੁਦਰਤੀ ਚੋਣ' ਦਾ ਨਿਯਮ ਇੱਥੇ ਕੰਮ ਨਹੀਂ ਕਰਦਾ। ਇਸ ਦੀ ਜਗਾ 'ਪੂੰਜੀਵਾਦੀ ਚੋਣ' ਲੈ ਲੈਂਦਾ ਹੈ। ਇਸ ਸਥਿਤੀ ਵਿੱਚ ਕੋਰੋਨਾ ਵਰਗੇ ਵਾਇਰਸ ਜਦੋਂ ਇਹਨਾਂ ਜਾਨਵਰਾਂ ਦੇ ਸੰਪਰਕ ਵਿੱਚ ਆਉਂਦੇ ਹਨ ਤਾਂ ਉਹਨਾਂ ਦੇ ਵਧਣ-ਫੁਲਣ ਦਾ (ਯਾਨੀ ਮਿਊਟੇਟ ਕਰਨ ਦਾ) ਅਤੇ ਹਜ਼ਾਰਾਂ ਲੱਖਾਂ ਜਾਨਵਰਾਂ ਦੇ ਇੱਕ ਝੁੰਡ ਵਿੱਚ ਹੋਣ ਕਰਕੇ ਤੇਜ਼ ਰਫਤਾਰ ਨਾਲ ਫੈਲਣਾ ਸੌਖਾ ਹੋ ਜਾਂਦਾ ਹੈ। ਜਦੋਂ ਇਹ ਜਾਨਵਰ ਆਪਣੇ ਕੁਦਰਤੀ ਵਾਤਾਵਰਣ ਵਿੱਚ ਕੁਦਰਤੀ ਢੰਗ ਨਾਲ ਮੁਕਾਬਲਤਨ ਦੂਰ ਦੂਰ ਪਲਦੇ ਹਨ ਤਾਂ ਉਹਨਾਂ ਦੀ ਪ੍ਰਤਿਰੋਧ ਸ਼ਕਤੀ ਮਜ਼ਬੂਤ ਹੁੰਦੀ ਹੈ ਅਤੇ ਵੱਖ ਵੱਖ ਹੁੰਦੀ ਹੈ। ਅਜਿਹੀ ਸਥਿਤੀ ਵਿੱਚ ਜਦੋਂ ਕੋਈ ਵਾਇਰਸ ਉਹਨਾਂ ਦੇ ਸੰਪਰਕ ਵਿੱਚ ਆਉਂਦਾ ਹੈ ਤਾਂ ਉਸ ਅੱਗੇ ਵਧਣ ਅਤੇ ਫੈਲਣ ਦਾ ਰਾਹ ਬਹੁਤ ਮੁਸ਼ਕਲ ਹੁੰਦਾ ਹੈ। ਇੱਕ ਤਰਾਂ ਨਾਲ ਵਾਇਰਸ ਦੇ ਸਾਹਮਣੇ ਕਈ ਅੜਚਨਾਂ ਖੜੀਆਂ ਹੁੰਦੀਆਂ ਹਨ। ਅਤੇ ਕੁਦਰਤੀ ਚੋਣ ਦੁਆਰਾ ਵਾਇਰਸ ਨਾਲ ਬਿਹਤਰ ਤਰੀਕੇ ਨਾਲ ਲੜ ਸਕਣ ਵਾਲੇ ਜਾਨਵਰਾਂ ਦੀ ਚੋਣ ਹੁੰਦੀ ਰਹਿੰਦੀ ਹੈ। ਪਰ ਜਦੋਂ ਇਹਨਾਂ ਨੂੰ ਬਾਜ਼ਾਰ ਦੇ ਦਬਾਅ ਹੇਠ ਉਦਯੋਗਾਂ ਦੀ ਤਰਜ਼ 'ਤੇ ਪੈਦਾ ਕੀਤਾ ਜਾਂਦਾ ਹੈ ਤਾਂ ਇੱਕ ਤਰਾਂ ਨਾਲ ਵਾਇਰਸ ਨੂੰ ਤੇਜ਼ੀ ਨਾਲ ਫੈਲਣ ਅਤੇ ਵਿਕਸਤ (ਮਿਊਟੇਟ) ਹੋਣ ਲਈ ਖੁੱਲਾ ਰਾਹ ਮਿਲ ਜਾਂਦਾ ਹੈ।

ਇਸ ਉਦਯੋਗ ਵਿੱਚ ਕੰਮ ਕਰਨ ਵਾਲੇ ਲੋਕਾਂ ਨਾਲ ਇਹ ਫਿਰ ਪੂਰੇ ਸਮਾਜ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਪੂਰੀ ਦੁਨੀਆ ਵਿੱਚ ਫੈਲ ਜਾਂਦਾ ਹੈ। ਉਦਯੋਗਿਕ ਪੱਧਰ 'ਤੇ ਉਤਪਾਦਨ ਦੇ ਕਾਰਨ ਲੱਖਾਂ ਲੋਕ, ਖਾਸਕਰ ਇਹਨਾਂ ਉਦਯੋਗਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰ, 12-14 ਘੰਟੇ ਲਗਾਤਾਰ ਇਹਨਾਂ ਜਾਨਵਰਾਂ ਅਤੇ ਹੋਰ ਕਿਸਮਾਂ ਰਾਹੀਂ ਇਹਨਾਂ ਵਾਇਰਸਾਂ ਦੇ ਸੰਪਰਕ ਵਿੱਚ ਰਹਿੰਦੇ ਹਨ। ਇੰਨੇ ਲੰਮੇ ਸਮੇਂ ਤੱਕ ਬਹੁਤ ਸਾਰੇ ਲੋਕਾਂ ਵਿੱਚ ਰਹਿਣ ਕਾਰਨ ਇਹਨਾਂ ਦੇ ਅੰਦਰ ਵੀ ਵਾਇਰਸ ਦੇ 'ਮਿਊਟੇਟ' ਕਰਨ ਦੀ ਪੂਰੀ ਸੰਭਾਵਨਾ ਰਹਿੰਦੀ ਹੈ। ਕੋਵਿਡ-19 ਵਾਇਰਸ ਅਤੇ ਇਸ ਤੋਂ ਪਹਿਲਾਂ ਆਉਣ ਵਾਲੇ ਅਨੇਕਾਂ ਵਾਇਰਸ ਜਿਵੇਂ ਸਾਰਸ, ਇਬੋਲਾ, ਸਵਾਈਨ ਫਲੂ, ਜ਼ੀਕਾ, ਐੱਮ.ਆਰ.ਐੱਸ. ਦਾ ਇਸ ਤਰਾਂ ਦੇ ਉਦਯੋਗਿਕ ਮੀਟ ਉਤਪਾਦਨ ਨਾਲ ਰਿਸ਼ਤਾ ਹੁਣ ਸਪੱਸ਼ਟ ਹੋ ਚੁੱਕਾ ਹੈ।

**'ਬਿੱਗ ਫਾਰਮਜ਼ ਮੇਕ ਬਿੱਗ ਫਲੂ'**

## ਖਾਲਿਸਤਾਨ, ਖਾਲਸਾ ਰਾਜ ਤੇ...

ਪੰਜਾਬ ਦੀ ਜਰਖੇਜ ਭੌਂਇ ਨੂੰ ਉਜਾੜ ਕੇ ਅੱਜ ਧੜਾਧੜ ਬਣ ਰਹੀਆਂ ਸੜਕਾਂ, ਇਨਾਂ ਸੜਕਾਂ ਉਤੇ ਦੌੜਦੀਆਂ ਕੀਮਤੀ ਕਾਰਾਂ, ਗੁਰੂ ਕੀ ਨਗਰੀ ਅੰਮ੍ਰਿਤਸਰ ਸਮੇਤ ਜਲੰਧਰ, ਲੁਧਿਆਣਾ, ਪਟਿਆਲਾ, ਬਠਿੰਡਾ ਅਤੇ ਮੋਹਾਲੀ ਆਦਿ ਸ਼ਹਿਰਾਂ ਵਿਚ ਬਣ ਰਹੇ ਵਡੇ-ਵਡੇ ਹੋਟਲ, ਮਾਲ, ਨਾਈਟ ਕਲਬ, ਕੋਠੀਆਂ ਅਤੇ ਲਗਪਗ ਸਮੁਚੇ ਪੰਜਾਬ ਵਿਚ ਹੋ ਰਹੀ ਉਸਾਰੀ, ਖੁਲ ਰਹੇ ਵਡੇ-ਵਡੇ ਮਹਿੰਗੇ ਹਸਪਤਾਲ ਅਤੇ ਪੰਜਾਬ ਦੇ ਕਸਬਿਆਂ ਸ਼ਹਿਰਾਂ ਵਿਚ ਨਿਤ ਦਿਨ ਵਧ ਰਹੀ ਵੇਸਵਾਗਿਰੀ, ਨਸ਼ੇਖੋਰੀ, ਕੈਂਸਰ, ਏਡਜ਼ ਤੇ ਦਿਲ ਦੇ ਰੋਗੀ ਮਰੀਜ਼ਾਂ ਦੀ ਭਰਮਾਰ, ਟੁਟ ਰਹੇ ਸਮਾਜੀ, ਪਰਿਵਾਰਕ ਅਤੇ ਮਨੁਖੀ ਰਿਸ਼ਤੇ, ਬੜੀ ਤੇਜ਼ੀ ਨਾਲ ਵਧ ਰਹੀ ਤਲਾਕਾਂ ਦੀ ਦਰ, ਨੌਜਵਾਨਾਂ ਵਿਚ ਵਧ ਰਹੀ ਨਾਮਰਦੀ ਅਤੇ ਸਿਖਾਂ ਵਿਚ ਆ ਰਿਹਾ ਪਤਿਤਪੁਣਾ ਸਭ ਇਸੇ ਸਾਮਰਾਜੀ ਖਪਤਕਾਰੀ ਸਭਿਆਚਾਰ ਦੀ ਦੇਣ ਹਨ। ਇਹ ਪੰਜਾਬ ਦਾ ਵਿਕਾਸ ਨਹੀਂ ਸਗੋਂ ਵਿਨਾਸ਼ ਹੋ ਰਿਹਾ ਹੈ। ਜਿਸਨੇ ਪੰਜਾਬ ਦੀ ਧਰਤੀ, ਪਾਣੀ ਅਤੇ ਹਵਾ ਜ਼ਹਿਰੀ ਕਰ ਦਿਤੀ ਹੈ। ਇਸੇ ਕਾਰਨ ਅੱਜ ਪੰਜਾਬ ਵਿਚ ਪ੍ਰਵਾਸ ਅਤੇ ਅਵਾਸ ਦੀ ਸਮਸਿਆ ਪੈਦਾ ਹੋਈ ਹੈ। ਇਸ ਵਿਕਾਸ ਮਾਡਲ ਨੂੰ ਕਤਈ ਤੌਰ ਉਤੇ ਰੱਦ ਕੀਤੇ ਅਤੇ ਬਦਲੇ ਬਗੈਰ ਗੁਰੂ ਸਾਹਿਬ ਦੇ ਕੁਦਰਤ ਨਾਲ ਇਕਸੁਰ ਸਹਿਜ ਵਿਕਾਸ ਮਾਡਲ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ। ਕਰਮਜੀਤ ਸਿੰਘ ਦਾ ਕਹਿਣਾ ਹੈ ਕਿ "29 ਅਪਰੈਲ ਦੇ ਐਲਾਨਨਾਮੇ ਨੂੰ ਸਮਝਣ ਲਈ ਰਤਾ ਕੁ ਪਿਛੇ ਜਾਣ ਦੀ ਲੋੜ ਹੈ। ਇਸ ਵਾਸਤੇ ਅਕਾਲੀ ਲਹਿਰ, ਗਦਰ ਪਾਰਟੀ ਲਹਿਰ, ਬਬਰ ਅਕਾਲੀ ਲਹਿਰ ਤੇ ਕੂਕਾ ਲਹਿਰ ਦਾ ਮੁਲਾਂਕਣ ਕਰਨ ਦੀ ਲੋੜ ਹੈ। ਵੀਹਵੀਂ ਸਦੀ ਵਿਚ ਬਬਰ ਅਕਾਲੀ ਲਹਿਰ ਦੇ ਯੋਧਿਆਂ ਨੇ ਵੀ ਹਥਿਆਰਬੰਦ ਜੰਗ ਸ਼ੁਰੂ ਕੀਤੀ ਸੀ ਅਤੇ ਇਸ ਲਹਿਰ ਦੇ ਕਈ ਅਨਮੋਲ ਹੀਰਿਆਂ ਨੇ ਜੈਕਾਰਿਆਂ ਦੀ ਗੂੰਜ ਵਿਚ ਫਾਂਸੀ ਦੇ ਰਸਿਆਂ ਨੂੰ ਚੁੰਮਿਆ ਸੀ। ਇਸ ਤੋਂ ਪਹਿਲਾਂ ਗਦਰ ਪਾਰਟੀ ਲਹਿਰ ਦੇ ਸਿਖ ਸੂਰਬੀਰ ਵੀ ਜੈਕਾਰੇ ਗੁਜਾਉਂਦੇ ਹੀ ਫਾਂਸੀ ਉਤੇ ਚੜੇ ਸਨ। ਪਰ ਇਨਾਂ ਕੁਰਬਾਨੀਆਂ ਦੇ ਪਿਛੇ ਸਿਖਾਂ ਦੀ ਆਪਣੀ ਆਜ਼ਾਦੀ ਅਤੇ ਆਪਣੀ ਪ੍ਰਭੂਸਤਾ ਕਾਇਮ ਕਰਨ ਦਾ ਪੈਗਾਮ ਧੁੰਦਲਾ ਸੀ ਜਾਂ ਇਹ ਸਾਡੀ ਰਾਜਨੀਤਕ ਬਦਕਿਸਮਤੀ ਹੀ ਸੀ ਕਿ ਸਾਡੀ ਆਜ਼ਾਦੀ ਦਾ ਸੰਦੇਸ਼ ਇਨਾਂ ਕੁਰਬਾਨੀਆਂ ਵਿਚ ਸ਼ਾਮਿਲ ਨਹੀਂ ਸੀ। ਇਹ ਬੇਮਿਸਾਲ ਕੁਰਬਾਨੀਆਂ ਬ੍ਰਾਹਮਣਵਾਦੀ ਹਕੂਮਤ ਵਲੋਂ ਹਿੰਦੁਸਤਾਨ ਦੀ ਜੰਗੇ-ਆਜ਼ਾਦੀ ਲਈ ਵਰਤ ਲਈਆਂ ਗਈਆਂ।"

**ਖਾਲਸਾ ਰਾਜ ਦਾ ਮਨੋਰਥ**

ਇਥੇ ਸੁਆਲ ਪੈਦਾ ਹੁੰਦਾ ਹੈ ਕਿ ਸਿਖਾਂ ਦੀਆਂ ਇਹ ਕੁਰਬਾਨੀਆਂ ਬ੍ਰਾਹਮਣਵਾਦੀ ਹਕੂਮਤ ਨੇ ਕਿਉਂ ਵਰਤ ਲਈਆ? ਇਸਦਾ ਕਾਰਨ ਫਿਰ ਇਹੀ ਹੈ ਕਿ ਸਿਖ ਅਜੇ ਤਕ ਵੀ ਗੁਰੂ ਸਾਹਿਬ ਵਲੋਂ ਉਨਾਂ ਨੂੰ ਬਖਸ਼ੀ ਪਾਤਸ਼ਾਹੀ ਅਤੇ ਦੁਨਿਆਵੀ ਬਾਦਸ਼ਾਹੀ ਵਿਚਕਾਰ ਨਿਖੇੜਾ ਨਹੀਂ ਕਰ ਸਕੇ। ਕੌਮੀ ਰਾਜ ਅਤੇ ਪਛਮੀ ਤਰਜ ਦੀ ਜਮਹੂਰੀਅਤ ਦੇ ਪੈਮਾਨਿਆਂ ਵਿਚ ਫਸੇ ਹੋਏ ਉਹ ਅਜੇ ਤਕ ਆਪਣੀ ਘਟ ਗਿਣਤੀ ਹੋਣ ਦੀ ਹੀਣ ਭਾਵਨਾ ਦੇ ਅਹਿਸਾਸ ਵਿਚੋਂ ਹੀ ਬਾਹਰ ਨਹੀਂ ਨਿਕਲ ਸਕੇ। ਉਹ ਅਜੇ ਤਕ ਵੀ ਇਸ ਗੱਲ ਦਾ ਭੇਦ ਨਹੀਂ ਪਾ ਸਕੇ ਕਿ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਗੁਰੂ ਸਾਹਿਬ ਨੇ ਸਿਖਾਂ ਨੂੰ ਆਤਮਿਕ ਗਿਆਨ ਦਾ ਕਿਡਾ ਵਡਾ ਖਜਾਨਾ ਬਖਸ਼ਿਆ ਹੈ। ਸਿਖਾਂ ਨੇ ਰਾਜ ਲੈਣਾ ਹੈ ਜਾਂ ਨਹੀਂ, ਇਥੇ ਇਹ ਬਹਿਸ ਦਾ ਵਿਸ਼ਾ ਹੀ ਨਹੀਂ ਹੈ। ਇਥੇ ਚਰਚਾ ਦਾ ਵਿਸ਼ਾ ਸਿਰਫ ਇਹ ਹੈ ਕਿ ਸਿਖਾਂ ਨੇ ਰਾਜ ਕਿਵੇਂ ਅਤੇ ਕਾਹਦੇ ਵਾਸਤੇ ਲੈਣਾ ਹੈ। ਸਿਖਾਂ ਨੇ ਰਾਜ ਕਾਹਦੇ ਵਾਸਤੇ ਲੈਣਾ ਹੈ, ਇਸ ਸੁਆਲ ਦਾ ਜੁਆਬ ਗੁਰਮਤਿ ਦੇਂਦੀ ਹੈ।

**ਜਿਸ ਕਾ ਰਾਜ ਤਿਸੈ ਕਾ ਸੁਪਨਾ।।**
**(ਪੰਨਾ 179)**

ਭਾਵ ਜੇ ਸਿਖਾਂ ਨੇ ਆਪਣੀ ਆਤਮਿਕ, ਮਾਨਸਿਕ ਤੇ ਸਭਿਆਚਾਰਕ ਆਜਾਦੀ ਮਾਣਨ ਦੇ ਸੁਪਨੇ ਨੂੰ ਪੂਰਾ ਕਰਨਾ ਹੈ ਤਾਂ ਉਨਾਂ ਲਈ ਰਾਜ ਲੈਣਾ ਲਾਜਮੀ ਹੈ। ਸਿਖਾਂ ਨੇ ਰਾਜ ਕਿਵੇਂ ਲੈਣਾ ਹੈ, ਇਸ ਸੁਆਲ ਦਾ ਜੁਆਬ ਅਜੋਕੇ ਇਤਿਹਾਸਕ ਪੜਾਅ ਉਤੇ ਲੋੜੀਂਦੀ ਰਾਜਨੀਤਕ ਦਿਸ਼ਾ ਨੇ ਦੇਣਾ ਹੈ। ਅਸਲ ਵਿਚ ਹਰੇਕ ਫਿਲਾਸਫੀ ਸਮਾਜ ਨੂੰ ਆਪਣੇ ਅਨੁਸਾਰ ਨਵੇਂ ਸਿਰਿਓਂ ਜਥੇਬੰਦ ਕਰਨ ਲਈ ਰਾਜ ਦਾ ਸੰਕਲਪ ਆਪਣੇ ਨਾਲ ਲੈ ਕੇ ਆਉਂਦੀ ਹੈ। ਫਿਲਾਸਫੀ ਅਤੇ ਰਾਜਨੀਤੀ ਦਾ ਅਟੁਟ ਸਬੰਧ ਹੈ। ਇਹੀ ਗੱਲ ਕਾਰਲ ਮਾਰਕਸ ਨੇ ਦਸੀ ਹੈ। ਫਿਲਾਸਫੀ ਸਮੁਚੀ ਮਨੁੱਖ ਜਾਤੀ ਵਲੋਂ ਹੁਣ ਤਕ ਆਪਣੇ ਸਦੀਆਂ ਦੇ ਅਮਲ ਵਿਚ ਹੰਢਾਈ ਜਿੰਦਗੀ ਦਾ ਸਿਆਣਪ ਦੇ ਰੂਪ ਵਿਚ ਨਿਕਲਿਆ ਨਿਚੋੜ ਹੈ। ਇਸ ਸਿਆਣਪ ਤੋਂ ਅਗਵਾਈ ਲੈ ਕੇ ਘੜੀ ਰਾਜਨੀਤੀ ਹੀ ਮਨੁੱਖੀ ਸਮਾਜ ਨੂੰ ਨਵੀਂ ਦਿਸ਼ਾ ਦੇ ਸਕਦੀ ਹੈ। ਇਸਾਈਅਤ ਤੇ ਇਸਲਾਮ ਦੇ ਆਧਾਰ ਉਤੇ ਬੜੀਆ ਵੱਡੀਆ ਪਾਤਸ਼ਾਹੀਆਂ ਕਾਇਮ ਹੋਈਆਂ ਹਨ। ਮੌਜੂਦਾ ਪਛਮੀ ਤਰਜ ਦੀ ਜਮਹੂਰੀਅਤ ਦਾ ਆਧਾਰ ਵੀ ਇਸਾਈਅਤ ਤੇ ਪਲੈਟੋ ਦੀ ਫਿਲਾਸਫੀ ਨੂੰ ਹੀ ਮੰਨਿਆ ਜਾਂਦਾ ਹੈ। ਪਿਛਲੀ ਸਦੀ ਵਿਚ ਮਾਰਕਸਵਾਦੀ ਵਿਚਾਰਧਾਰਾ ਦੇ ਆਧਾਰ ਉਤੇ ਲਗਪਗ ਅਧੀ ਦੁਨੀਆ ਵਿਚ ਸਮਾਜਵਾਦੀ ਰਾਜ ਸਿਰਜਣ ਦੇ ਯਤਨ ਕੀਤੇ ਗਏ। ਇਹ ਗੱਲ ਵਖਰੀ ਹੈ ਕਿ ਇਉਂ ਕਰਦਿਆਂ ਮਾਰਕਸ ਦੀ ਭੌਤਿਕਵਾਦੀ ਫਿਲਾਸਫੀ ਨੂੰ ਅਣਗੌਲਿਆ ਕਰ ਦਿਤਾ ਗਿਆ। ਜਿਸ ਕਾਰਨ ਮਾਰਕਸ ਦਾ ਚਿਤਵਿਆ ਸਮਾਜਵਾਦੀ ਰਾਜ ਤੇ ਸਮਾਜ ਸਿਰਜਿਆ ਨਾ ਜਾ ਸਕਿਆ। ਗੁਰਮਤਿ ਨੇ ਹਲੇਮੀ ਰਾਜ ਅਤੇ ਬੇਗਮਪੁਰਾ ਸਮਾਜ ਦੇ ਮੌਲਿਕ ਸੰਕਲਪ ਮਨੁਖ ਜਾਤੀ ਨੂੰ ਦਿਤੇ ਹਨ। ਪਰ ਇਹਨਾਂ ਸੰਕਲਪਾਂ ਨੂੰ ਹਾਲੇ ਤਕ ਅਜੋਕੀ ਰਾਜਸੀ ਬੋਲੀ ਵਿਚ ਸਪਸ਼ਟ ਨਹੀਂ ਕੀਤਾ ਗਿਆ। ਗੁਰਮਤਿ ਸਪਸ਼ਟ ਐਲਾਨ ਕਰਦੀ ਹੈ —

**ਹੁਣ ਹੁਕਮੁ ਹੋਆ ਮਿਹਰਵਾਣ ਦਾ**
**ਪੈ ਕੋਇ ਨ ਕਿਸੈ ਰਞਾਣਦਾ॥**
**ਸਭ ਸੁਖਾਲੀ ਵੁਠੀਆ**
**ਇਹੁ ਹੋਆ ਹਲੇਮੀ ਰਾਜੁ ਜੀਉ॥**
**(ਪੰਨਾ 74)**

ਸਰਬਉਚ ਮਿਹਰਵਾਨ ਹਸਤੀ ਸਚੇ ਪਾਤਸ਼ਾਹ ਦਾ ਹੁਕਮ ਹੋਇਆ ਹੈ ਕਿ ਹੁਣ ਇਸ ਧਰਤੀ ਉਤੇ ਕੋਈ ਵੀ ਮਨੁੱਖ ਕਿਸੇ ਦੂਜੇ ਮਨੁੱਖ ਨੂੰ ਦੁਖ ਨਾ ਦੇਵੇ ਭਾਵ ਕਿਸੇ ਦੂਜੇ ਮਨੁੱਖ ਦੀ ਮਾਨਸਿਕ ਅਤੇ ਸਰੀਰਕ ਲੁਟ ਨਾ ਕਰੇ। ਕਿਉਂਕਿ ਹੁਣ ਸਚੇ ਪਾਤਸ਼ਾਹ ਨੇ ਇਸ ਧਰਤੀ ਉਤੇ ਹਲੇਮੀ ਰਾਜ ਦੀ ਸਿਰਜਣਾ ਦਾ ਐਲਾਨ ਕਰ ਦਿਤਾ ਹੈ। ਜਿਸ ਰਾਜ ਵਿਚ ਸਾਰੇ ਲੋਕ ਸੁਖੀ ਵਸਣਗੇ। ਰਾਜ ਦਾ ਇਹ ਸੰਕਲਪ ਹੀ ਅਜੋਕੀ ਮਨੁਖ ਜਾਤੀ ਦਾ ਭਵਿੱਖ ਹੈ। ਖਾਲਿਸਤਾਨ ਦੀ ਰਾਜਨੀਤੀ ਨੂੰ ਸਪਸ਼ਟ ਕਰਨ ਲਈ ਇਸ ਸੰਕਲਪ ਨੂੰ ਅਜੋਕੀ ਰਾਜਨੀਤਕ ਭਾਸ਼ਾ ਵਿਚ ਢਾਲਣ ਦੀ ਲੋੜ ਹੈ।

## ਸ਼੍ਰੋਮਣੀ ਕਮੇਟੀ ਨੂੰ ਅਜ਼ਾਦ...

ਇਸ ਲਈ ਕੌਮ ਨੂੰ ਸਿਰ ਜੋੜ ਕੇ ਬੈਠਣਾ ਪਵੇਗਾ। ਉਹਨਾਂ ਕਮੀਆਂ ਨੂੰ ਦੂਰ ਕਰਨਾ ਪਵੇਗਾ ਜਿਸ ਦਾ ਸਿੱਧਾ ਫਾਇਦਾ ਸਿੱਖ ਵਿਰੋਧੀਆਂ ਨੂੰ ਮਿਲਦਾ ਹੈ। ਆਪਣੇ ਪਵਿੱਤਰ ਗੁਰਧਾਮਾਂ ਦੀ ਪਵਿੱਤਰਤਾ ਨੂੰ ਬਹਾਲ ਕਰਾਉਣ ਲਈ ਸਮੂਹ ਪੰਥਕ ਜਥੇਬੰਦੀਆਂ ਤੇ ਸਚਿਆਰੇ ਸਿੱਖ ਆਗੂਆਂ ਨੂੰ ਹਉਮੈਂ ਦਾ ਤਿਆਗ ਕਰਕੇ ਆਪਸ ਵਿੱਚ ਇਕਮੁਠ ਹੋ ਕੇ ਸੰਨ 47 ਤੋਂ ਹਾਈਜੈਕ ਹੋਈ ਸ਼੍ਰੋਮਣੀ ਕਮੇਟੀ ਨੂੰ ਅਜ਼ਾਦ ਕਰਵਾਕੇ ਹਲੇਮੀ ਰਾਜ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਲੋੜ ਹੈ।

**ਪੰਜਾਬ ਨੂੰ ਬਰਬਾਦ ਕਰਨ ਦੀਆਂ ਸਾਜਿਸ਼**

ਪੰਜਾਬ ਨੂੰ ਬਰਬਾਦ ਕਰਨ ਦੀਆਂ ਸਾਜਿਸ਼ਾਂ ਵਿੱਚ ਦਿੱਲੀ ਦੀ ਗੱਦੀ ਬਦਲਣ ਨਾਲ ਕੋਈ ਅੰਤਰ ਨਹੀ ਆਉਂਦਾ, ਕਿਉਕਿ ਮੁੱਢੋ ਹੀ ਪੰਜਾਬ ਪ੍ਰਤੀ ਦਿੱਲੀ ਦੀ ਸੋਚ ਮਾਰੂ ਹੀ ਰਹੀ ਹੈ। ਜਿਸ ਤਰਾਂ ਹਸਦੇ ਵਸਦੇ ਪੰਜਾਬ ਨੂੰ ਨਸ਼ੇੜੀਆਂ ਦੀ ਧਰਤੀ ਬਣਾਇਆ ਗਿਆ ਹੈ, ਇਹਦੇ ਤੇ ਗੰਭੀਰਤਾ ਨਾਲ ਸੋਚਿਆ ਜਾਣਾ ਬਣਦਾ ਸੀ, ਪਰ ਅਫਸੋਸ ਕਿ ਸਾਡੀ ਬਰਬਾਦੀ ਨੂੰ ਰੋਕਣ ਦੀ ਥਾਂ ਸਿਆਸੀ ਲੋਕਾਂ ਵੱਲੋਂ ਰਲ ਕੇ ਜਸ਼ਨ ਮਨਾਏ ਜਾਂਦੇ ਰਹੇ। ਸਾਡੀ ਸੱਭਿਅਤਾ ਰੋਲੀ ਗਈ। ਸਾਡੇ ਸਭ ਤੋ ਪਵਿੱਤਰ ਅਸਥਾਨ ਦਰਬਾਰ ਸਾਹਿਬ ਤੇ ਫੌਜੀ ਹਮਲਾ ਕਰਕੇ ਉਹਦੀ ਪਵਿੱਤਰਤਾ ਭੰਗ ਕੀਤੀ ਗਈ, ਕੀਮਤੀ ਖਜਾਨਾ ਲੁੱਟਿਆ ਪੁੱਟਿਆ ਗਿਆ, ਜਿਸ ਦੀ ਅੱਜ ਤੱਕ ਕਿਧਰੇ ਕੋਈ ਸੁਣਵਾਈ ਨਹੀ ਹੋਈ, ਇਹਦੇ ਲਈ ਸਿਆਸਤ ਹੀ ਮੁੱਖ ਤੌਰ ਤੇ ਜ਼ਿੰਮੇਵਾਰ ਹੈ। ਸੋ ਇਹਨਾਂ ਲੋਕਾਂ ਦੀ ਬਦੌਲਤ ਪਿਛਲੇ ਸਾਢੇ ਤਿੰਨ ਦਹਾਕਿਆਂ ਤੋ ਸਿੱਖਾਂ ਨੂੰ ਸਰੀਰਕ, ਮਾਨਸਿਕ, ਆਰਥਿਕ ਅਤੇ ਬੌਧਿਕ ਤੌਰ ਤੇ ਬਰਬਾਦ ਕਰਨ ਦੀਆਂ ਇਹ ਸਾਜਿਸ਼ਾਂ ਬਹੁਤ ਤੇਜ ਰਫਤਾਰ ਨਾਲ ਅੰਜਾਮ ਤੱਕ ਪਹੁੰਚ ਰਹੀਆਂ ਹਨ। ਚੁਰਾਸੀ ਦੇ ਫੌਜੀ ਹਮਲੇ ਤੋ ਲੈ ਕੇ ਜਿਹੜਾ ਸਿੱਖ ਨਸਲਕੁਸ਼ੀ ਦਾ ਦੌਰ ਚੱਲਿਆ ਸੀ, ਉਹ ਰੁਕਿਆ ਨਹੀਂ, ਅੱਜ ਤੱਕ ਕਿਸੇ ਨਾ ਕਿਸੇ ਰੂਪ ਵਿੱਚ ਲਗਾਤਾਰ ਚੱਲਦਾ ਆ ਰਿਹਾ ਹੈ। ਭਾਵੇਂ ਉਹ ਨੱਬੇ ਦੇ ਦਹਾਕੇ ਵਿੱਚ ਪੁਲਿਸ ਜਬਰ ਨਾਲ ਸਿੱਖਾਂ ਦੀ ਇੱਕ ਪੀੜੀ ਦੀ ਮੁਕੰਮਲ ਨਸਲਕੁਸ਼ੀ ਦੀ ਗੱਲ ਹੋਵੇ ਤੇ ਭਾਵੇ ਬਾਅਦ ਵਿੱਚ ਨਸ਼ਿਆਂ ਨਾਲ ਉਸ ਤੋ ਅਗਲੀ ਪੀਹੜੀ ਨੂੰ ਖਤਮ ਕਰਨ ਦੀਆਂ ਸਫਲ ਸਾਜਿਸ਼ਾਂ ਦੀ ਗੱਲ ਹੋਵੇ, ਉਹ ਵਰਤਾਰਾ ਨਿਰੰਤਰ ਸਫਲਤਾਪੂਰਵਕ ਚੱਲ ਰਿਹਾ ਹੈ। ਖਾੜਕੂਵਾਦ ਤੋ ਬਾਅਦ ਇੱਕ ਦਮ ਪੰਜਾਬ ਦਾ ਨਸ਼ਿਆਂ ਦੀ ਮੰਡੀ ਬਣ ਜਾਣਾ ਇੱਕ ਬਹੁਤ ਗਹਿਰੀ ਸਾਜਿਸ਼ ਦਾ ਹਿੱਸਾ ਸੀ, ਜਿਸ ਨੂੰ ਬਹੁਤ ਦੇਰ ਤੱਕ ਸਮਝਿਆ ਹੀ ਨਹੀ ਗਿਆ। ਇਹੋ ਕਾਰਨ ਹੈ ਕਿ ਨਸ਼ਿਆਂ ਦੀ ਦਲਦਲ ਵਿੱਚ ਧਸ ਕੇ ਸਾਡੀ ਜੁਆਨੀ ਮਰ ਰਹੀ ਹੈ, ਬਰਬਾਦ ਹੋ ਰਹੀ ਹੈ, ਪਰ ਸਿਆਸੀ ਲੋਕ ਸਾਡੀ ਜੁਆਨੀ ਦੀ ਬਰਬਾਦੀ ਨੂੰ ਲਾਹੇ ਵਜੋਂ ਵਰਤ ਰਹੇ ਹਨ। ਇਸੇ ਤਰਾਂ ਜਦੋਂ ਸਾਡੇ ਕਿਸਾਨ ਖੁਦਕੁਸ਼ੀਆਂ ਕਰਦੇ ਹਨ ਤਾਂ ਉਹਦੇ 'ਤੇ ਸਿਆਸਤ ਹੁੰਦੀ ਹੈ, ਮਰਨ ਵਾਲੇ ਮਰ ਜਾਂਦੇ ਹਨ, ਉਹਨਾਂ ਦੇ ਪਿਛਲੇ ਪਰਿਵਾਰਾਂ ਨੂੰ ਮਜਾਕ ਦੇ ਪਾਤਰ ਬਣਾ ਦਿੱਤਾ ਜਾਂਦਾ ਹੈ, ਪਰ ਸਚਾਈ ਇਹ ਹੈ ਕਿ ਕਦੇ ਵੀ ਕਿਸੇ ਨੇ ਸਾਡੀ ਮੌਤ ਨੂੰ, ਸਾਡੀ ਬਰਬਾਦੀ ਨੂੰ ਗੰਭੀਰਤਾ ਨਾਲ ਨਹੀ ਲਿਆ, ਸਗੋਂ ਹਮੇਸ਼ਾ ਸਾਡੀ ਮੌਤ ਦਾ ਮਜਾਕ ਬਣਾਇਆ ਹੈ। ਇਸ ਨੂੰ ਸਮਝਣ ਦੀ ਲੋੜ ਹੈ। ਬੀਤੇ ਦਿਨੀਂ ਜੋ ਨਸ਼ਿਆਂ ਨਾਲ ਮਰਨ ਵਾਲੇ ਅਭਾਗੇ ਨੌਜਵਾਨਾਂ ਦੇ ਅੰਕੜੇ ਪੇਸ਼ ਕੀਤੇ ਹਨ, ਉਹ ਦਿਲ ਦਹਿਲਾ ਦੇਣ ਵਾਲੇ ਹਨ। ਸਿਰਫ ਢਾਈ ਸਾਲਾਂ ਵਿੱਚ 1200 ਨੌਜਵਾਨਾਂ ਦੀ ਮੌਤ ਤੇ ਕਿਸਾਨ ਖੁਦਕੁਸ਼ੀਆਂ ਇਸ ਤੋ ਅਲੱਗ, ਫਿਰ ਸੋਚ ਕੇ ਦੇਖੋ ਕਿ 1997 ਤੋ ਬਾਅਦ ਜਦੋਂ ਤੋ ਨਸ਼ਿਆਂ ਨੂੰ ਪੰਜਾਬ ਵਿਚ ਉਤਾਰਨ ਦੀ ਮੁਹਿੰਮ ਸ਼ੁਰੂ ਹੋਈ ਹੈ, ਜੇਕਰ ਇਹ ਤੱਥ ਉਸ ਮੌਕੇ ਤੋ ਲੈ ਕੇ ਇਕੱਠੇ ਕੀਤੇ ਜਾਣ ਤਾਂ ਆਪਣੇ ਆਪ ਉਹ ਸਾਰਾ ਸੱਚ ਲੋਕਾਂ ਦੇ ਸਾਹਮਣੇ ਆ ਜਾਵੇਗਾ, ਜਿਸ ਹੌਲਨਾਕ ਸੱਚ ਤੋਂ ਅਸੀ ਅਜੇ ਵੀ ਬਹੁਤ ਅਣਜਾਣ ਹਾਂ। ਅਸੀਂ ਕਦੋਂ ਸਮਝਾਂਗੇ ਕਿ ਜਿੰਨਾ ਨੁਕਸਾਨ ਪੰਜਾਬ ਦੀ ਸਿੱਖ ਜੁਆਨੀ ਦਾ ਅੱਸੀ ਨੱਬੇ ਦੇ ਦਹਾਕੇ ਵਿੱਚ ਸਿੱਖ ਖਾੜਕੂਵਾਦ ਨੂੰ ਖਤਮ ਕਰਨ ਦੇ ਨਾਮ ਤੇ ਪੁਲਿਸ ਜਬਰ ਨਾਲ ਕੀਤਾ ਗਿਆ ਸੀ, ਉਸ ਤੋ ਕਿਤੇ ਵੱਧ ਨੁਕਸਾਨ ਇਸ ਗੰਭੀਰ ਸਾਜਿਸ਼ ਨਾਲ ਕਰ ਦਿੱਤਾ ਗਿਆ ਹੈ। ਕਦੇ ਅਸੀ ਇਹ ਕਿਉ ਨਹੀ ਸੋਚਦੇ ਕਿ ਇਹਨਾਂ ਲੋਕਾਂ ਦੇ ਕਿਸਾਨ ਖੁਦਕੁਸ਼ੀਆਂ ਦੀ ਗੱਲ ਜਾਂ ਨਸ਼ਿਆਂ ਦੀ ਸਮੱਸਿਆ ਚੋਣਾਂ ਦੇ ਦਿਨਾਂ ਵਿੱਚ ਹੀ ਕਿਉ ਯਾਦ ਆਉਂਦੀ ਹੈ, ਚੋਣਾਂ ਤੋ ਬਾਅਦ ਇਹ ਮੁੱਦੇ ਠੰਡੇ ਬਸਤਿਆਂ ਵਿੱਚ ਕਿਉਂ ਪੈ ਜਾਂਦੇ ਹਨ। ਕਿਉ ਸਿੱਖ ਰੈਫਰੈਂਸ ਲਾਇਬਰੇਰੀ ਦਾ ਕੀਮਤੀ ਖਜਾਨਾ 35 ਸਾਲ ਬੀਤ ਜਾਣ ਬਾਂਅਦ ਵੀ ਦਿੱਲੀ ਦੀਆਂ ਗਰਦਸ ਭਰੀਆਂ ਅਲਮਾਰੀਆਂ ਵਿਚ ਰੁਲ ਰਿਹਾ ਹੈ? ਕਿਉ ਕਾਂਗਰਸੀ ਜਾਂ ਅਕਾਲੀਆਂ ਨੇ ਆਪਣੇ ਇਸ ਵਿਰਾਸਤੀ ਕੀਮਤੀ ਖਜਾਨੇ ਨੂੰ ਲੈ ਕੇ ਆਉਣ ਦੇ ਯਤਨ ਨਹੀ ਕੀਤੇ? ਹੁਣ ਇੱਕਦਮ ਕੈਪਟਨ ਅਤੇ ਬਾਦਲ ਪਰਿਵਾਰ ਨੂੰ ਇਸ ਖਜਾਨੇ ਦੀ ਯਾਦ ਕਿਵੇਂ ਆ ਗਈ। ਸੋ ਇਹਨਾਂ ਸਾਰਿਆਂ ਸੁਆਲਾਂ ਦਾ ਇੱਕੋ ਜਵਾਬ ਹੈ ਕਿ ਜਿੰਨੀ ਦੇਰ ਅਸੀਂ ਖੁਦਗਰਜ਼ੀ ਵਾਲੀ ਨੀਮ ਬੇਹੋਸ਼ੀ ਦੀ ਹਾਲਤ ਵਿਚੋਂ ਬਾਹਰ ਨਿਕਲ ਕੇ ਇਹਨਾਂ ਸਿਆਸੀ ਲੋਕਾਂ ਦੀਆਂ ਸਿਆਸਤਾਂ ਸਮਝਣ ਦੇ ਸਮਰੱਥ ਨਹੀ ਹੁੰਦੇ, ਓਨੀ ਦੇਰ ਕਿਸਾਨ ਖੁਦਕੁਸ਼ੀਆਂ ਨਿਰੰਤਰ ਹੁੰਦੀਆਂ ਰਹਿਣਗੀਆਂ, ਸਾਡੀ ਬੌਧਿਕਤਾ ਨੂੰ ਖਤਮ ਕਰਨ ਦੇ ਉਪਰਾਲੇ ਸਫਲਤਾ ਨਾਲ ਅੰਜਾਮ ਤੱਕ ਪਹੁੰਚਦੇ ਰਹਿਣਗੇ, ਸਾਡੀ ਜੁਆਨੀ ਨਸ਼ਿਆਂ ਦੀ ਭੇਂਟ ਚੜਦੀ ਰਹੇਗੀ, ਸਿਆਸਤ ਸਾਡੀ ਮੌਤ ਅਤੇ ਬਰਬਾਦੀ ਤੇ ਹੱਸਦੀ ਰਹੇਗੀ! ਇਸ ਸੰਬੰਧ ਵਿਚ ਸਾਨੂੰ ਇਕਮੁਠ ਹੋ ਕੇ ਸਮੁੱਚੇ ਪੰਜਾਬੀ ਭਾਈਚਾਰੇ ਦੀ ਅਗਵਾਈ ਤੇ ਪਹਿਰੇਦਾਰੀ ਕਰਨ ਦੀ ਲੋੜ ਹੈ।

99142-58142

## ਪੈਦਾਵਰ, ਵਪਾਰ ਅਤੇ ਵਣਜ...

ਉਕਤ ਕਾਨੂੰਨਾਂ ਦੇ ਨਾਫਿਜ਼ (ਲਾਗੂ) ਹੋਣ ਮਗਰੋਂ ਦੇਸ਼ ਦੀ ਸਮੁੱਚੀ ਖਾਧ ਸੁਰੱਖਿਆ ਪ੍ਰਣਾਲੀ ਨੂੰ ਡਾਢੀ ਸੱਟ ਵੱਜਣ ਦੇ ਖਦਸ਼ੇ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਬਹੁਕੌਮੀ ਕੰਪਨੀਆਂ ਕਿਸੇ ਵੀ ਲੋੜੀਂਦੀ ਜਿਣਸ ਦੀ ਕਿੱਲਤ ਪੈਦਾ ਕਰਕੇ ਦੇਸ਼ ਵਿੱਚ ਰਾਜਨੀਤਕ ਅਸਥਿਰਤਾ ਪੈਦਾ ਕਰ ਸਕਦੀਆਂ ਹਨ।

## ਪੰਜਾਬ ਦੇ ਵੱਧ ਅਧਿਕਾਰਾਂ ਦੇ...

ਇਸ ਦਾ ਹੀ ਸਿੱਟਾ ਸੀ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨਾਂ ਦੇ ਸਮਰਥਕ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਚਲੇ ਗਏ। ਪੰਜਾਬ ਵਿਚ ਹਿੰਸਕ ਮਾਹੌਲ ਪੈਦਾ ਹੋ ਗਿਆ। ਇਸ ਸਮੇਂ ਵੀ ਕੇਂਦਰ ਸਰਕਾਰ ਸਿੱਖ ਭਾਈਚਾਰੇ ਨਾਲ ਗੱਲਬਾਤ ਕਰਕੇ ਜਾਂ ਹੋਰ ਕੂਟਨੀਤਕ ਢੰਗ-ਤਰੀਕੇ ਵਰਤ ਕੇ ਸਮੁੱਚੇ ਮਸਲੇ ਦਾ ਕੋਈ ਸੁਖਾਵਾਂ ਹੱਲ ਕੱਢ ਸਕਦੀ ਸੀ ਪਰ ਉਸ ਲਈ ਸਿਆਸਤ ਤੇ ਸੱਤਾ ਜ਼ਰੂਰੀ ਸੀ। ਦਰਬਾਰ ਸਾਹਿਬ ਸਮੂਹ ਵਿਚ ਫ਼ੌਜੀ ਕਾਰਵਾਈ ਕਰ ਦਿੱਤੀ ਗਈ, ਜਿਸ ਨਾਲ ਸਿੱਖ ਭਾਈਚਾਰਾ ਨਿਰਾਸ਼ ਹੋਇਆ। ਇਸ ਤੋਂ ਬਾਅਦ ਹਥਿਆਰਬੰਦ ਸਿੱਖ ਨੌਜਵਾਨਾਂ ਦਾ ਹਥਿਆਰਬੰਦ ਟਕਰਾਅ ਲੰਮੇ ਸਮੇਂ ਤੱਕ ਚਲਿਆ। ਇਸੇ ਟਕਰਾਅ ਦੌਰਾਨ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੋਇਆ ਅਤੇ ਉਸ ਤੋਂ ਫੌਰੀ ਬਾਅਦ ਹੋਇਆ ਨਵੰਬਰ 1984 ਦਾ ਸਿੱਖ ਕਤਲੇਆਮ ਵੀ ਇਸੇ ਘਟਨਾਕ੍ਰਮ ਦਾ ਹਿੱਸਾ ਸੀ।

ਇਸ ਤੋਂ ਬਾਅਦ ਵੀ ਕਿੰਨੇ ਹੀ ਸਾਲਾਂ ਤੱਕ ਇਹ ਖ਼ੂਨੀ ਟਕਰਾਅ ਚਲਦਾ ਰਿਹਾ ਅਤੇ ਝੂਠੇ ਪੁਲਿਸ ਮੁਕਾਬਲੇ ਬਣਾਏ ਗਏ। ਬਿਨਾਂ ਸ਼ੱਕ ਕੇਂਦਰ ਅਤੇ ਰਾਜ ਸਰਕਾਰਾਂ ਦੇ ਅਥਾਹ ਸਾਧਨਾਂ ਨਾਲ ਇਸ ਹਥਿਆਰਬੰਦ ਸੰਘਰਸ਼ ਨੂੰ ਦਬਾਉਣ ਵਿਚ ਸੱਤਾਧਾਰੀ ਧਿਰਾਂ ਨੂੰ ਸਫਲਤਾ ਮਿਲ ਗਈ ਪਰ ਇਸ ਸਾਰੇ ਘਟਨਾਕ੍ਰਮ ਦੌਰਾਨ ਜੋ ਕੁਝ ਸਿੱਖ ਭਾਈਚਾਰੇ ਨੂੰ ਅਤੇ ਸਮੁੱਚੇ ਪੰਜਾਬ ਨੂੰ ਸਹਿਣਾ ਪਿਆ ਅਤੇ ਜੋ ਕੁਝ ਸਿੱਖ ਭਾਈਚਾਰੇ ਨਾਲ ਵਾਪਰਿਆ, ਉਸ ਦੀ ਪੀੜ ਅਜੇ ਇਸ ਕਰਕੇ ਬਾਕੀ ਹੈ ਕਿਉਂਕਿ ਕੇਂਦਰ ਸਰਕਾਰ ਨੇ ਨਾ ਤਾਂ ਸਾਲਾਂ ਵਿਚ ਫੈਲੇ ਇਸ ਸਾਰੇ ਘਟਨਾਕ੍ਰਮ ਨਾਲ ਠੀਕ ਤਰਾਂ ਨਿਪਟਣ ਵਿਚ ਆਪਣੇ ਵਲੋਂ ਹੋਈਆਂ ਵੱਡੀਆਂ ਕੁਤਾਹੀਆਂ ਦਾ ਕੋਈ ਅਹਿਸਾਸ ਕੀਤਾ ਅਤੇ ਨਾ ਹੀ ਪੰਜਾਬ ਦੀਆਂ ਮੰਗਾਂ ਅਤੇ ਮਸਲਿਆਂ ਦੇ ਹੱਲ ਲੱਭਣ ਦਾ ਯਤਨ ਕੀਤਾ ਜਿਨਾਂ ਕਰਕੇ ਧਰਮ ਯੁੱਧ ਮੋਰਚਾ ਲੱਗਾ ਸੀ।

ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਸਿੱਖ ਕੌਮ ਨਾਲ ਸਬੰਧਿਤ ਲੋਕਾਂ ਨੂੰ ਕਾਫੀ ਸੰਤਾਪ ਅਤੇ ਜ਼ੁਲਮ ਜਮਹੂਰੀਅਤ ਦੇ ਹੇਠਾਂ ਝੱਲਣਾ ਪਿਆ ਹੈ, ਇੱਥੋਂ ਤੱਕ ਜਮਹੂਰੀ ਹੱਕਾਂ ਲਈ ਲੜਦੇ ਸਰਦਾਰ ਜਸਵੰਤ ਸਿੰਘ ਖਾਲੜਾ ਨੂੰ ਲਾਵਾਰਸ ਲਾਸ਼ ਬਣਾ ਦਿੱਤਾ ਗਿਆ।

ਸੁਆਲ-ਖਾਲਿਸਤਾਨ ਦੇ ਸੁਆਲ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਹੋ?

ਜੁਆਬ-ਸਵਾਲਾਂ ਦਾ ਸਵਾਲ ਇਹ ਹੈ ਕਿ ਇਹ ਮੰਗ ਉਠੀ ਕਿਉਂ? ਕਸ਼ਮੀਰ, ਨਾਗਾਲੈਂਡ ਅਤੇ ਹੋਰ ਕਈ ਰਾਜਾਂ ਵਿਚ ਅਜਿਹੀਆਂ ਲਹਿਰਾਂ ਉਠ ਰਹੀਆਂ ਹਨ। ਖ਼ਾਲਿਸਤਾਨ ਦੀ ਮੰਗ ਨੂੰ ਸਿਰਫ਼ ਪਾਕਿਸਤਾਨ ਦੇ ਸਿਰ ਮੜ ਕੇ ਸੁਰਖ਼ਰੂ ਨਹੀਂ ਹੋਇਆ ਜਾ ਸਕਦਾ। ਜਿਥੇ ਕਿਤੇ ਸਾਡੀਆਂ ਆਪਣੀਆਂ ਗ਼ਲਤੀਆਂ ਹੋਈਆਂ ਹਨ ਉਸ ਪ੍ਰਤੀ ਸੁਚੇਤ ਹੋਣਾ ਹੀ ਪਵੇਗਾ। ਜਿਥੋਂ ਤਕ ਖ਼ਾਲਿਸਤਾਨ ਦੀ ਮੰਗ ਦਾ ਸਵਾਲ ਹੈ, ਉਸ ਸਬੰਧੀ ਕੁਝ ਕਾਰਨ ਸਪੱਸ਼ਟ ਹਨ। ਭਾਰਤੀ ਨੇਤਾਵਾਂ ਵਲੋਂ ਸਿੱਖਾਂ ਨਾਲ ਆਜ਼ਾਦੀ ਤੋਂ ਪਹਿਲਾਂ ਕੀਤੇ ਵਾਅਦਿਆਂ ਤੋਂ ਮੁਕਰ ਜਾਣਾ। 1931 ਦੀ ਕਾਂਗਰਸ ਕਾਨਫ਼ਰੰਸ ਵਿਚ ਸਿੱਖਾਂ ਨਾਲ ਲਿਖਤੀ ਵਾਅਦਾ ਕੀਤਾ ਗਿਆ ਕਿ ਆਜ਼ਾਦੀ ਤੋਂ ਮਗਰੋਂ ਪੰਜਾਬ ਵਿਸ਼ੇਸ਼ ਅਧਿਕਾਰਾਂ ਦਾ ਹੱਕਦਾਰ ਹੋਵੇਗਾ। ਯਾਦ ਰਹੇ ਕਾਂਗਰਸ ਉਸ ਸਮੇਂ ਸਾਰੇ ਭਾਰਤੀਆਂ ਦੀ ਤਰਜਮਾਨੀ ਕਰਦੀ ਸੀ। ਪਰ ਆਜ਼ਾਦੀ ਮਗਰੋਂ ਹੁਣ ਤਕ ਇਹ ਵਾਅਦਾ ਪੂਰਾ ਨਹੀਂ ਕੀਤਾ ਗਿਆ।

**ਸਿੱਖਾਂ ਨੂੰ ਜਰਾਇਮ ਪੇਸ਼ਾ ਕੌਮ ਐਲਾਨ ਦੇਣਾ:** ਅਗਸਤ '47 ਵਿਚ ਪੰਜਾਬ ਨੇ ਅਪਣਾ ਭਵਿੱਖ ਭਾਰਤ ਨਾਲ ਵਿਸ਼ਵਾਸ ਕਰ ਕੇ ਜੋੜਿਆ ਹੀ ਸੀ।

ਸਿਰਫ਼ ਢਾਈ ਮਹੀਨੇ ਪਿਛੋਂ ਅਕਤੂਬਰ 1947 ਨੂੰ ਭਾਰਤੀ ਗ੍ਰਹਿ ਮੰਤਰੀ ਨੇ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਸਰਕੂਲਰ ਜਾਰੀ ਕਰ ਕੇ ਕਹਿ ਦਿਤਾ ਕਿ ਸਿੱਖ ਜਰਾਇਮ ਪੇਸ਼ਾ ਲੋਕ ਹਨ, ਇਨਾਂ ਦਾ ਵਿਸ਼ੇਸ਼ ਧਿਆਨ ਰਖਿਆ ਜਾਵੇ। ਇਸ ਦਾ ਹਵਾਲਾ ਸ. ਕਪੂਰ ਸਿੰਘ ਨੇ ਆਪਣੀ ਪੁਸਤਕ 'ਸਾਚੀ ਸਾਖੀ' ਵਿਚ ਦਿੱਤਾ ਹੈ। ਇਹ ਕਿੰਨਾ ਕੁ ਸੱਚ ਹੈ, ਮੈਂ ਨਹੀਂ ਜਾਣਦਾ, ਪਰ ਸਰਕਾਰ ਨੇ ਇਸ ਬਾਰੇ ਕੋਈ ਸਪੱਸ਼ਟ ਨਹੀਂ ਕੀਤਾ।

ਦੇਸ਼ ਨੂੰ ਭਾਸ਼ਾ ਆਧਾਰਿਤ ਰਾਜਾਂ ਵਿਚ ਵੰਡਿਆ ਗਿਆ। ਪਰ ਪੰਜਾਬ ਨਾਲ ਵਿਤਕਰਾ ਕਰਕੇ ਇਸ ਨੂੰ ਭਾਸ਼ਾ ਦੇ ਆਧਾਰ ਤੇ ਪੁਨਰਗਠਤ ਨਹੀਂ ਕੀਤਾ ਗਿਆ। ਹੋਰ ਸਭ ਰਾਜ ਉਸ ਸਮੇਂ ਤਕ 19 ਸਾਲ ਤਰੱਕੀ ਕਰ ਚੁੱਕੇ ਸਨ, ਜਦੋਂ ਪੰਜਾਬ ਦਾ ਪੁਨਰਗਠਨ 1966 ਵਿਚ ਹੋਇਆ। ਨਾ ਸਿਰਫ਼ ਪੰਜਾਬੀ ਬੋਲਦੇ ਇਲਾਕੇ ਹੀ ਬਾਹਰ ਰੱਖ ਲਏ ਗਏ ਬਲਕਿ ਇਸ ਦੀ ਰਾਜਧਾਨੀ ਵੀ ਖੋਹ ਲਈ ਗਈ। ਸੰਵਿਧਾਨ ਨੂੰ ਛਿੱਕੇ ਟੰਗ ਕੇ ਇਸ ਦੇ ਪਾਣੀਆਂ 'ਤੇ ਵੀ ਕੇਂਦਰ ਕਾਬਜ਼ ਹੋ ਗਿਆ। ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਨੇ 1981 ਵਿਚ ਪੰਜਾਬ ਦੇ ਪਹਿਲਾਂ ਹੀ ਥੋੜੇ ਪਾਣੀ ਵਿਚੋਂ ਹੋਰ ਹਿੱਸਾ ਹਰਿਆਣਾ ਨੂੰ ਦੇਣ ਲਈ 'ਸਤਲੁਜ-ਯਮੁਨਾ ਲਿੰਕ ਨਹਿਰ' ਦੀ ਸ਼ੁਰੂਆਤ ਕੀਤੀ ਸੀ। ਸਿੱਖਾਂ ਤੇ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਗਈ। ਅਖ਼ੀਰ ਪੰਜਾਬ ਦੀਆਂ ਮੰਗਾਂ ਲਈ ਧਰਮ ਯੁੱਧ ਮੋਰਚਾ ਲਗਾ ਕੇ ਇਕ ਲੱਖ ਤੋਂ ਵੱਧ ਲੋਕਾਂ ਨੂੰ ਜੇਲਾਂ ਵਿਚ ਡਕਿਆ ਗਿਆ। ਕੇਂਦਰ ਨੇ ਫ਼ੌਜੀ ਤਾਕਤ ਨਾਲ ਇਹ ਮੋਰਚਾ ਕੁਚਲ ਦਿਤਾ। ਇਸ ਦੇ ਪ੍ਰਤੀਕਰਮ ਵਜੋਂ ਖ਼ਾਲਿਸਤਾਨ ਦੀ ਲਹਿਰ ਪ੍ਰਚੰਡ ਰੂਪ ਵਿਚ ਸਾਹਮਣੇ ਆਈ।

ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਨੂੰ ਕੇਂਦਰ ਸਰਕਾਰ ਨੇ 'ਸਾਕਾ ਨੀਲਾ ਤਾਰਾ' ਦੇ ਨਾਂ ਤੇ ਕਤਲ ਕੀਤਾ। ਸੈਂਕੜੇ ਹੀ ਜੇਲਾਂ ਵਿਚ ਭੇਜ ਦਿੱਤੇ ਗਏ। ਸ਼ਾਇਦ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਵੰਬਰ '84 ਵਿਚ ਆਪਣੀ ਮਾਂ ਇੰਦਰਾ ਦੇ ਬਦਲੇ ਹਜ਼ਾਰਾਂ ਸਿੱਖਾਂ ਦਾ ਕਤਲ ਕਰਵਾ ਕੇ ਸ਼ਾਂਤ ਹੋ ਚੁੱਕਾ ਸੀ। ਅਕਾਲੀ ਦਲ ਦੇ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਲੰਗੜਾ ਲੂਲਾ ਸਮਝੌਤਾ ਕਰ ਲਿਆ। ਇਹ ਸਿੱਖਾਂ ਨੂੰ ਮਨਜ਼ੂਰ ਨਹੀਂ ਸੀ। ਇਸ ਦੀ ਕੋਈ ਪ੍ਰਾਪਤੀ ਨਹੀਂ ਹੋਈ। ਸੁਰਜੀਤ ਸਿੰਘ ਬਰਨਾਲਾ ਮੁੱਖ ਮੰਤਰੀ ਬਣ ਗਏ। ਸੰਸਦ ਵਿਚ ਰਾਜੀਵ-ਲੌਂਗੋਵਾਲ ਸਮਝੌਤਾ ਪਾਸ ਹੋ ਗਿਆ। ਪਰ ਇਸ ਸਮਝੌਤੇ ਦੀ ਇਕ ਵੀ 'ਮਦ' ਉਤੇ ਅਮਲ ਨਹੀਂ ਕੀਤਾ ਗਿਆ। ਪਰ ਉਸੇ ਸਮਝੌਤੇ ਦੀ 'ਮਦ' ਨੂੰ ਆਧਾਰ ਬਣਾ ਕੇ ਸਤਲੁਜ-ਯਮੁਨਾ ਲਿੰਕ ਨਹਿਰ ਬਣਾਉਣ ਲਈ ਬਜ਼ਿਦ ਹੈ।

ਸੰਤ ਭਿੰਡਰਾਂਵਾਲੇ ਇਹੀ ਕਹਿੰਦੇ ਸਨ ਕਿ 'ਅਸੀ ਖਾਲਿਸਤਾਨ ਨਹੀਂ ਮੰਗਦੇ। ਸਾਡੀ 'ਮੰਗ ਅਨੰਦਪੁਰ ਦਾ ਮਤਾ ਹੈ' (ਇਹ ਮਤਾ ਰਾਜਾਂ ਨੂੰ ਵੱਧ ਅਧਿਕਾਰ ਦੇਣ ਬਾਰੇ ਹੈ)।' ਭਾਰਤ ਸਰਕਾਰ ਨੇ ਅਨੰਦਪੁਰ ਦਾ ਮਤਾ ਇਸ ਤਰੀਕੇ ਨਾਲ ਬਦਨਾਮ ਕਰ ਦਿਤਾ ਕਿ ਹਿੰਦੂ ਲੋਕ ਇਸ ਨੂੰ ਖ਼ਾਲਿਸਤਾਨ ਦਾ ਮਤਾ ਹੀ ਸਮਝਣ ਲੱਗ ਪਏ। ਮੈਂ ਸਮਝਦਾ ਹਾਂ ਕਿ ਪੰਜਾਬ ਜਾਂ ਸਟੇਟਾਂ ਦੀ ਖੁਦਮੁਖਤਿਆਰੀ ਹੀ ਸਹੀ ਨਿਸ਼ਾਨਾ ਹੈ। ਸਾਨੂੰ ਆਪਣੀ ਹੋਂਦ, ਆਪਣੇ ਪੰਜਾਬ ਦੇ ਲਈ ਵੱਡੇ ਯਤਨ ਕਰਨੇ ਪੈਣਗੇ। ਖੁਦਮੁਖਤਿਆਰੀ ਦੀ ਲੜਾਈ ਹੀ ਪੰਜਾਬ ਦਾ ਭਵਿੱਖ ਬੁਣ ਸਕਦੀ ਹੈ।

ਖਾਲਿਸਤਾਨ ਕੁਝ ਕੁ ਲੋਕਾਂ ਦਾ ਨਿਸ਼ਾਨਾ ਹੈ। ਪਰ ਸਾਨੂੰ ਪੰਜਾਬ ਦੀ ਅਜ਼ਾਦੀ, ਖੁਦਮੁਖਤਿਆਰੀ ਦੇ ਲਈ ਜਮਹੂਰੀ ਢੰਗ ਅਪਨਾਉਣੇ ਪੈਣਗੇ।

ਸੰਤ ਭਿੰਡਰਾਂਵਾਲੇ ਨੇ ਕਦੇ ਵੀ ਨਹੀਂ ਕਿਹਾ ਸੀ ਕਿ ਉਹ ਖਾਲਿਸਤਾਨ ਦੀ ਮੰਗ ਦੇ ਹੱਕ ਵਿਚ ਹਨ। ਉਹ ਅਨੰਦਪੁਰ ਦੇ ਮਤੇ ਦੇ ਹੱਕ ਵਿਚ ਡਟੇ ਸਨ। ਉਨਾਂ ਐਨਾ ਕਿਹਾ ਸੀ ਕਿ ਜੇ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਹੋਇਆ ਤਾਂ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ, ਪਰ ਅਖੀਰ ਤੱਕ ਫੌਜੀ ਹਮਲੇ ਦੌਰਾਨ ਵੀ ਉਨਾਂ ਨੇ ਖਾਲਿਸਤਾਨ ਦਾ ਐਲਾਨ ਨਹੀਂ ਕੀਤਾ। ਇਹ ਨਿਸ਼ਾਨਾ ਪੰਥਕ ਕਮੇਟੀ ਵਾਲਿਆਂ ਨੇ ਬੁਣਿਆ ਸੀ। 2020 ਬਾਰੇ ਵੀ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਨਾਲ ਕੋਈ ਲਹਿਰ ਨਹੀਂ ਉਠੇਗੀ, ਸਿੱਖਾਂ ਦਾ ਕੁਝ ਨਹੀਂ ਬਣੇਗਾ। ਨਾ ਯੂਐਨਓ ਨੇ ਸਿੱਖਾਂ ਦਾ ਕੁਝ ਸੰਵਾਰਿਆ, ਨਾ ਸੰਵਾਰਨਗੇ, ਸਿੱਖਾਂ ਨੂੰ ਆਪਣੇ ਪੈਰਾਂ ਸਿਰ ਆਪ ਖੜ ਕੇ ਕੁਝ ਕਰਨਾ ਪਵੇਗਾ।

ਸੁਆਲ-ਸੰਤ ਭਿੰਡਰਾਂਵਾਲਿਆਂ ਬਾਰੇ ਤੁਹਾਡੀ ਕੀ ਰਾਏ ਹੈ?

ਜੁਆਬ-ਉਹ ਧਾਰਮਿਕ ਇਨਸਾਨ ਸਨ, ਜੇ ਉਹ ਸਿਆਸੀ ਹੁੰਦੇ ਤਾਂ ਅਕਾਲੀ ਦਲ ਵਿਚੋਂ ਕੋਈ ਵੀ ਵਿਅਕਤੀ ਉਨਾਂ ਦਾ ਮੁਕਾਬਲਾ ਨਾ ਕਰ ਸਕਦਾ, ਕਿਉਂਕਿ ਉਹ ਦ੍ਰਿੜ ਇਨਸਾਨ ਸਨ। ਸਿੱਖੀ ਪ੍ਰਤੀ ਉਹ ਭਾਵੁਕ ਤੇ ਦ੍ਰਿੜ ਨਿਸ਼ਾਨੇ ਵਾਲੇ ਸਨ। ਉਹ ਚਾਹੁੰਦੇ ਸਨ ਕਿ ਧਰਮ ਯੁੱਧ ਸਫਲ ਹੋਵੇ। ਉਨਾਂ ਦੇ ਇਸ ਪੰਥਕ ਜਜ਼ਬੇ ਕਾਰਨ ਯੂਥ ਉਨਾਂ ਤੋਂ ਪ੍ਰਭਾਵਿਤ ਹੋਇਆ ਤੇ ਹੁਣ ਵੀ ਉਨਾਂ ਤੋਂ ਪ੍ਰਭਾਵਿਤ ਹੈ।

ਸੁਆਲ-ਪੰਜਾਬ ਦੀ ਲੀਡਰਸ਼ਿਪ ਬਾਰੇ ਤੁਸੀਂ ਕਿੰਝ ਦੇਖਦੇ ਹੋ?

ਜੁਆਬ-ਪੰਜਾਬ ਵਿਚ ਯੋਗ ਲੀਡਰਸ਼ਿਪ ਨਹੀਂ, ਜੋ ਪੰਥ ਤੇ ਪੰਜਾਬ ਦੀ ਹੋਂਦ ਦੇ ਲਈ ਯੋਗ ਨੀਤੀ ਘੜ ਸਕੇ ਤੇ ਯੋਗ ਵਿਉਂਤਬੰਦੀ ਕਰ ਸਕੇ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਤਾਂ ਬਰਗਾੜੀ ਮੋਰਚਾ ਲਗਾਇਆ ਗਿਆ। ਇਸ ਸੰਬੰਧ ਵਿਚ ਭਾਈ ਧਿਆਨ ਸਿੰਘ ਮੰਡ ਨੇ ਮੈਨੂੰ ਵੀ ਸੱਦਿਆ ਸੀ, ਮੈਂ ਉਨਾਂ ਨੂੰ ਕਿਹਾ ਸੀ ਕਿ ਡੱਟ ਕੇ ਸਟੈਂਡ ਲਵੋ ਤੇ ਰਾਜਨੀਤੀ ਪੰਜਾਬ ਦੇ ਹੱਕ ਵਿਚ ਸਿਰਜੋ ਤਾਂ ਹੀ ਇਸ ਮੋਰਚੇ ਵਿਚੋਂ ਕੁਝ ਨਿਕਲੇਗਾ, ਪਰ ਇਹ ਕੁਝ ਨਾ ਕਰ ਸਕੇ, ਨਾਕਾਮਯਾਬ ਰਹੇ। ਇਸ ਕਾਰਨ ਸਿੱਖਾਂ ਨੂੰ ਨਿਰਾਸ਼ਾ ਹੱਥ ਵਿਚ ਲੱਗੀ ਹੈ। ਸਾਡੇ ਸਾਹਮਣੇ ਕੋਈ ਬੋਧਿਕ ਕਲਾਸ ਨਹੀਂ ਜੋ ਪੰਥ ਤੇ ਪੰਜਾਬ ਦੀ ਅਗਵਾਈ ਕਰ ਸਕੇ। ਸੱਤਾ ਕਾਰਨ ਸਾਡੇ ਲੀਡਰਾਂ ਨੇ ਸਿੱਖਾਂ ਨੂੰ ਸਹੀ ਦਿਸ਼ਾ ਨਹੀਂ ਦਿੱਤੀ। ਇਹੀ ਕਾਰਨ ਹੈ ਕਿ ਅਕਾਲੀ ਦਲ ਸੰਕਟ ਵਿਚ ਆਇਆ ਹੈ। ਜੇਕਰ ਸਿੱਖ ਸਟੂਡੈਂਟ ਫੈਡਰੇਸ਼ਨ ਨੂੰ ਅਕਾਲੀ ਦਲ ਦੇ ਬਰਾਬਰ ਮਜ਼ਬੂਤ ਕੀਤਾ ਜਾਂਦਾ ਤਾਂ ਅੱਜ ਅਕਾਲੀ ਦਲ ਦਾ ਸਾਡੇ ਕੋਲ ਬਦਲ ਹੁੰਦਾ।

ਅਕਾਲੀ ਦਲ ਨੇ ਕਈ ਵਾਰ ਸਰਕਾਰ ਨਾਲ ਗੱਲਬਾਤ ਕੀਤੀ, ਪਰ ਆਪਣਾ ਠੋਸ ਸਟੈਂਡ ਕੇਂਦਰ ਅੱਗੇ ਨਾ ਰੱਖ ਸਕੇ, ਚਾਹੇ ਚੰਦਰ ਸ਼ੇਖਰ ਪ੍ਰਧਾਨ ਬਣੇ, ਚਾਹੇ ਦੇਵਗੌੜੇ ਬਣੇ, ਚਾਹੇ ਵੀਪੀ ਸਿੰਘ ਬਣੇ, ਚਾਹੇ ਆਈ. ਕੇ. ਗੁਜਰਾਲ ਬਣੇ, ਪਰ ਅਕਾਲੀ ਦਲ ਦਾ ਨਿਸ਼ਾਨਾ ਸਿਰਫ ਸੱਤਾ ਹੀ ਰਿਹਾ, ਜਿਸ ਕਰਕੇ ਪੰਜਾਬ ਨੂੰ ਕੁਝ ਨਾ ਮਿਲ ਸਕਿਆ। ਹੁਣ ਵੀ ਲੋੜ ਇਸ ਗੱਲ ਦੀ ਹੈ ਕਿ ਅਸੀਂ ਪੰਥਕ ਇਕੱਠ ਕਰੀਏ। ਸ਼ਾਂਤਮਈ ਸੰਘਰਸ਼ ਦਾ ਸੰਕਲਪ ਲਈਏ ਤੇ ਸਿਆਸੀ ਜਮਾਤ ਉਸਾਰ ਕੇ ਪੰਜਾਬ ਨੂੰ ਨਵੀਂ ਦਿਸ਼ਾ ਦੇਈਏ।

## ਆਧੁਨਿਕ ਪੰਜਾਬੀ ਸਾਹਿਤ...

1954 ਵਿੱਚ ਬੰਬਈ ਵਿਖੇ ਹੋਈ ਸਿੱਖ ਵਿੱਦਿਅਕ ਕਾਨਫਰੰਸ ਵਿੱਚ 'ਅਭਿਨੰਦਨ ਗ੍ਰੰਥ' ਭੇਂਟ ਕੀਤਾ ਗਿਆ। ਸੰਨ 1956 ਵਿੱਚ ਭਾਰਤ ਸਰਕਾਰ ਵਲੋਂ ਉਸ ਨੂੰ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ।

ਭਾਈ ਸਾਹਿਬ ਆਧੁਨਿਕ ਪੰਜਾਬੀ ਸਾਹਿਤ ਦੇ ਨਿਰਮਾਤਾ ਅਤੇ ਮੋਢੀ ਹਨ। ਉਨਾਂ ਨੇ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਨੂੰ ਭਰਪੂਰ ਕੀਤਾ। ਇਸੇ ਕਰਕੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਭਾਈ ਵੀਰ ਸਿੰਘ ਦੇ ਜਨਮ ਦਿਨ (5 ਦਸੰਬਰ) ਨੂੰ ਹਰ ਸਾਲ ਪੰਜਾਬੀ ਬੋਲੀ ਦਿਹਾੜਾ ਵਜੋਂ ਮਨਾਉਣ ਦਾ ਐਲਾਨ ਕੀਤਾ ਗਿਆ ਹੈ। ਬਹੁਤੇ ਪਾਠਕਾਂ ਨੂੰ ਇਹ ਗੱਲ ਵੀ ਦਿਲਚਸਪ ਜਾਪੇਗੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਜੋ ਖ਼ੂਬਸੂਰਤ ਫੁੱਲ ਸਜਾਏ ਜਾਂਦੇ ਹਨ, ਉਹ ਅਜੇ ਵੀ ਭਾਈ ਵੀਰ ਸਿੰਘ ਦੇ ਘਰ ਦੀ ਫੁਲਵਾੜੀ ਵਿੱਚੋਂ ਹੀ ਆਉਂਦੇ ਹਨ। ਭਾਈ ਵੀਰ ਸਿੰਘ ਵਿਸ਼ੇਸ਼ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ, ਜਿਨਾਂ ਨੇ ਪੰਜਾਬੀ ਸਮਾਜ ਅਤੇ ਪੰਜਾਬੀ ਸਾਹਿਤ ਦੀ ਮਹਾਨ ਸੇਵਾ ਕੀਤੀ। ਪਹਿਲੀ ਜੂਨ ਨੂੰ ਹੋਏ ਬੁਖ਼ਾਰ ਕਰਕੇ 10 ਜੂਨ, 1957 ਨੂੰ ਉਸ ਦਾ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਆਪਣੀ ਸ਼ਖ਼ਸੀਅਤ ਅਤੇ ਰਚਨਾਵਾਂ ਦਾ ਅਜਿਹਾ ਗੌਰਵ ਛੱਡ ਗਏ, ਜੋ ਯੁਗਾਂ ਤਕ ਆਉਣ ਵਾਲੀ ਮਾਨਵਤਾ ਦਾ ਪੱਖ ਪ੍ਰਦਰਸ਼ਨ ਕਰਦਾ ਰਹੇਗਾ।

## ਹਥਿਆਰਾਂ ਦੇ ਸ਼ੌਂਕ ਕਾਰਨ ਫੁਕਰ..

**ਸਿੱਧੂ ਮੂਸੇਵਾਲ ਨੂੰ ਕਾਨੂੰਨ ਦਾ ਡਰ ਨਹੀਂ**

ਸਿੱਧੂ ਮੂਸੇਵਾਲਾ ਨੂੰ ਕਨੂੰਨ ਦਾ ਬਿਲਕੁਲ ਵੀ ਡਰ ਨਹੀਂ ਹੈ। ਸਿੱਧੂ ਦਾ ਲੇਟੈਸਟ ਗੀਤ 'ਬੰਬੀਹਾ ਬੋਲੇ' ਦਰਸ਼ਾ ਰਿਹਾ ਹੈ। ਸਿੱਧੂ ਮੂਸੇਵਾਲਾ ਤੇ ਅੰਮ੍ਰਿਤ ਮਾਨ ਦੇ ਰਿਲੀਜ਼ ਹੋਏ ਗੀਤ 'ਬੰਬੀਹਾ ਬੋਲੇ' ਵਿਚ ਕੁਝ ਅਜਿਹੇ ਬੋਲ ਹਨ ਜੋ ਸਿੱਧਾ ਸਿੱਧਾ ਕਾਨੂੰਨਾਂ 'ਤੇ ਵਾਰ ਕਰਦੇ ਹਨ। ਇਸ ਗੀਤ ਵਿਚ ਸਿੱਧੂ ਕਦੇ ਆਪਣੀ ਪੇਸ਼ੀ ਦੀ ਗੱਲ ਕਰਦਾ ਹੈ ਤੇ ਕਦੇ ਆਪਣੀ ਪੁਲਿਸ ਵਾਲਿਆਂ ਨਾਲ ਮਿੱਤਰਤਾ ਦਿਖਾ ਕੇ ਕਾਨੂੰਨ ਦੇ ਖਿਲਾਫ ਆਪਣੀ ਧੌਂਸ ਦਿਖਾਉਂਦਾ ਹੈ। ਸਿੱਧੂ ਵਲੋਂ ਉਸਦੇ ਹਰ ਗੀਤ ਵਿਚ ਹਥਿਆਰਾਂ ਦਾ ਦਿਖਾਵਾ ਕਰਨਾ ਉਸਦੀ ਆਦਤ ਹੈ ਜੋ ਇਸ ਗਾਣੇ ਵਿਚ ਵੀ ਦੇਖਣ ਨੂੰ ਮਿੱਲ ਰਿਹਾ ਹੈ।

ਆਖਿਰ ਸਵਾਲ ਇਹ ਉੱਠਦਾ ਹੈ ਕਿ ਇਨਾਂ ਕੁਝ ਸ਼ਰੇਆਮ ਹੋਣ ਦੇ ਬਾਜਵੂਦ ਵੀ ਸਿੱਧੂ ਖ਼ਿਲਾਫ਼ ਕੋਈ ਐਕਸ਼ਨ ਕਿਉ ਨਹੀਂ ਲਿਆ ਜਾਂਦਾ? ਹਾਲਾਂਕਿ ਉਸ ਨੇ ਇਕ ਵੀਡੀਓ ਵਿਚ ਪੱਤਰਕਾਰਾਂ ਨੂੰ ਵੀ ਧਮਕੀਆਂ ਦਿੱਤੀਆਂ ਹਨ ਕਿ ਜੋ ਕਰਨਾ ਹੈ ਕਰ ਲਵੋ, ਮੈਂ ਸਿੱਧੇ ਵੀ ਕਰਨਾ ਜਾਣਦਾ। ਆਪਣੇ ਸਿਰ ਪਏ ਇਲਜ਼ਾਮ ਦੇ ਬਾਅਦ ਵੀ ਸਿੱਧੂ ਆਪਣੀ ਪੇਸ਼ੀ ਤੋਂ ਗੈਰਹਾਜ਼ਰ ਹੈ, ਪਰ ਪੁਲੀਸ ਕੋਈ ਕਾਰਵਾਈ ਨਹੀਂ ਕਰ ਰਹੀ। ਆਖਿਰ ਕਿਸਦੀ ਸ਼ਹਿ ਹੇਠ ਹੈ ਸਿੱਧੂ। ਕੀ ਕਾਨੂੰਨ ਸਿਰਫ ਆਮ ਲੋਕਾਂ ਲਈ ਹਨ ਸਿੱਧੂ ਲਈ ਨਹੀਂ?

12 ਜੂਨ ਨੂੰ ਸਿੱਧੂ ਨੇ ਬਰਨਾਲਾ ਦੇ ਐਸ.ਪੀ ਰੁਪਿੰਦਰ ਭਰਦਵਾਜ ਦੇ ਸਾਹਮਣੇ ਪੇਸ਼ ਹੋਣਾ ਸੀ, ਪਰ ਸਿੱਧੂ ਮੂਸੇਵਾਲਾ ਪੇਸ਼ ਨਹੀਂ ਹੋਇਆ। ਤੇ ਪੰਜਾਬ ਪੁਲਿਸ ਹਰ ਵਾਰ ਦਾਅਵਾ ਕਰਦੀ ਹੈ ਕਿ ਸਿੱਧੂ ਮਿਲਿਆ ਨਹੀਂ ਜਾਂ ਮਿਲ ਨਹੀਂ ਰਿਹਾ ਪਰ ਉਹ ਤਾਂ ਆਪਣੇ ਪਿੰਡ ਮੂਸਾ ਤੋਂ ਤਕਰੀਬਨ ਲਾਈਵ ਹੁੰਦਾ ਰਹਿੰਦਾ ਹੈ। ਪੇਸ਼ੀ ਵਿਚ ਹਾਜ਼ਿਰ ਨਾ ਹੋਣ ਤੋਂ ਬਾਅਦ ਸਿੱਧੂ ਇਕ ਵਾਰ ਫਿਰ ਅਜੇ ਆਪਣੇ ਪਿੰਡ ਤੋਂ ਲਾਈਵ ਹੋਇਆ।

## ਚੀਨ ਨਾਲ ਝੜਪ 'ਚ ਭਾਰਤੀ...

**ਸਿਆਸੀ ਧਿਰਾਂ ਨੂੰ ਜ਼ਮੀਨੀ ਹਕੀਕਤ ਬਾਰੇ ਜਾਣੂ ਕਰਵਾਏ ਸਰਕਾਰ: ਕਾਂਗਰਸ**

ਚੀਨ ਨਾਲ ਹੋਏ ਟਕਰਾਅ ਵਿਚ ਭਾਰਤੀ ਫੌਜੀ ਅਧਿਕਾਰੀ ਤੇ ਜਵਾਨਾਂ ਦੇ ਸ਼ਹੀਦ ਹੋਣ ਨੂੰ ਕਾਂਗਰਸ ਨੇ ਬਰਦਾਸ਼ਤ ਤੋਂ ਬਾਹਰ ਕਰਾਰ ਦਿੱਤਾ ਹੈ। ਪਾਰਟੀ ਮੁਤਾਬਕ ਇਹ ਹਿਲਾ ਕੇ ਰੱਖ ਦੇਣ ਵਾਲੀ ਘਟਨਾ ਹੈ। ਉਨਾਂ ਕਿਹਾ ਕਿ ਪੂਰੇ ਦੇਸ਼ ਲਈ ਇਹ ਚਿੰਤਾ ਦਾ ਵਿਸ਼ਾ ਹੈ। ਕਾਂਗਰਸ ਦੇ ਬੁਲਾਰੇ ਆਨੰਦ ਸ਼ਰਮਾ ਨੇ ਰੱਖਿਆ ਮੰਤਰੀ ਰਾਜਨਾਥ ਸਿੰਘ ਤੋਂ ਘਟਨਾ ਦੀ ਪੁਸ਼ਟੀ ਕਰਨ ਦੀ ਮੰਗ ਕੀਤੀ। ਉਨਾਂ ਕਿਹਾ ਕਿ ਸਰਕਾਰ ਮੁਲਕ ਨੂੰ ਭਰੋਸੇ ਵਿਚ ਲਏ ਤੇ ਸਿਆਸੀ ਧਿਰਾਂ ਨਾਲ ਮੀਟਿੰਗ ਕਰ ਕੇ ਜ਼ਮੀਨੀ ਹਕੀਕਤ ਬਾਰੇ ਜਾਣੂ ਕਰਵਾਇਆ ਜਾਵੇ। ਰੱਖਿਆ ਮਾਮਲਿਆਂ ਬਾਰੇ ਸੰਸਦ ਦੀ ਸਥਾਈ ਕਮੇਟੀ ਦੇ ਮੈਂਬਰ ਰਹਿ ਚੁੱਕੇ ਚੰਦਰਸ਼ੇਖਰ ਨੇ ਚੀਨ ਦੀ ਕਮਿਊਨਿਸਟ ਪਾਰਟੀ ਦੀ ਨਿਖੇਧੀ ਵੀ ਕੀਤੀ।

**ਵਿਰੋਧੀ ਧਿਰਾਂ ਨੇ ਮੋਦੀ ਤੇ ਰਾਜਨਾਥ ਦੀ 'ਚੁੱਪ' 'ਤੇ ਸਵਾਲ ਉਠਾਏ**

ਭਾਰਤ-ਚੀਨ ਟਕਰਾਅ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਧਾਰੀ 'ਚੁੱਪ' ਉਤੇ ਵਿਰੋਧੀ ਧਿਰਾਂ ਨੇ ਸਵਾਲ ਉਠਾਏ ਹਨ। ਜਦਕਿ ਭਾਜਪਾ ਦਾ ਕਹਿਣਾ ਹੈ ਕਿ ਮੋਦੀ ਦੀ ਅਗਵਾਈ ਵਿਚ ਭਾਰਤੀ ਸਰਹੱਦਾਂ ਸੁਰੱਖਿਅਤ ਹਨ। ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਕਿਹਾ ਕਿ ਭਾਰਤੀ ਫੌਜ ਨੇ ਠੋਕਵਾਂ ਜਵਾਬ ਦਿੱਤਾ ਹੈ। ਕਾਂਗਰਸੀ ਬੁਲਾਰੇ ਰਣਦੀਪ ਸੁਰਜੇਵਾਲਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਪੂਰਬੀ ਲੱਦਾਖ ਵਿਚ ਵਾਪਰੀਆਂ ਘਟਨਾਵਾਂ ਬਾਰੇ ਜਵਾਬ ਦੇਣਾ ਚਾਹੀਦਾ ਹੈ। ਉਨਾਂ ਰੱਖਿਆ ਮੰਤਰੀ ਰਾਜਨਾਥ ਸਿੰਘ ਦੀ ਚੁੱਪ ਉਤੇ ਵੀ ਸਵਾਲ ਉਠਾਇਆ।

**ਹਿੰਸਕ ਟਕਰਾਅ ਚੀਨ ਵੱਲੋਂ ਕੰਟਰੋਲ ਰੇਖਾ ਨੂੰ ਬਦਲਣ ਦਾ ਸਿੱਟਾ: ਵਿਦੇਸ਼ ਮੰਤਰਾਲਾ**

ਭਾਰਤ ਨੇ ਅੱਜ ਕਿਹਾ ਕਿ ਪੂਰਬੀ ਲੱਦਾਖ ਵਿੱਚ ਭਾਰਤ ਤੇ ਚੀਨ ਦੀਆਂ ਫੌਜਾਂ ਦਰਮਿਆਨ ਹੋਈ ਹਿੰਸਕ ਝੜਪ ਚੀਨ ਵੱਲੋਂ ਅਸਲ ਕੰਟਰੋਲ ਰੇਖਾ 'ਤੇ ਮੌਜੂਦਾ ਸਥਿਤੀ ਨੂੰ ਇਕਤਰਫਾ ਤਰੀਕੇ ਨਾਲ ਬਦਲਣ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਸੋਮਵਾਰ ਰਾਤ ਨੂੰ ਹੋਈ ਇਸ ਝੜਪ ਵਿੱਚ ਦੋਵਾਂ ਪਾਸੇ ਜਾਨੀਂ ਨੁਕਸਾਨ ਹੋਇਆ ਹੈ। ਮੰਤਰਾਲੇ ਦੇ ਤਰਜਮਾਨ ਅਨੁਰਾਗ ਸ੍ਰੀਵਾਸਤਵਾ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਜਾਰੀ ਤਲਖੀ ਨੂੰ ਘਟਾਉਣ ਲਈ ਚੀਨ ਵਾਲੇ ਪਾਸੇ ਸਿਖਰਲੇ ਅਧਿਕਾਰੀ ਸਮਾਂ ਰਹਿੰਦਿਆਂ ਕਿਸੇ ਸਮਝੌਤੇ 'ਤੇ ਅੱਪੜ ਜਾਂਦੇ ਤਾਂ ਸ਼ਾਇਦ ਇਸ ਹਿੰਸਕ ਟਕਰਾਅ ਨੂੰ ਟਾਲਿਆ ਜਾ ਸਕਦਾ ਸੀ। ਸ੍ਰੀਵਾਸਤਵਾ ਨੇ ਕਿਹਾ, 'ਸਰਹੱਦੀ ਪ੍ਰਬੰਧਨ ਬਾਰੇ ਆਪਣੀ ਜ਼ੰਮੇਵਾਰੀ ਵਾਲੀ ਪਹੁੰਚ ਨੂੰ ਲੈ ਕੇ ਭਾਰਤ ਪੂਰੀ ਤਰਾ ਸਪਸ਼ਟ ਹੈ ਕਿ ਇਸ ਦੀਆਂ ਸਾਰੀਆਂ ਸਰਗਰਮੀਆਂ ਹਮੇਸ਼ਾਂ ਤੋਂ ਅਸਲ ਕੰਟਰੋਲ ਰੇਖਾ 'ਤੇ ਭਾਰਤ ਵਾਲੇ ਪਾਸੇ ਤੱਕ ਸੀਮਤ ਰਹੀਆਂ ਹਨ। ਅਸੀਂ ਚੀਨ ਤੋਂ ਵੀ ਇਹੀ ਆਸ ਕਰਦੇ ਹਾਂ।' ਤਰਜਮਾਨ ਨੇ ਕਿਹਾ, 'ਅਸੀਂ ਸਰਹੱਦੀ ਖੇਤਰਾਂ ਵਿੱਚ ਅਮਨ ਬਹਾਲੀ ਅਤੇ ਵੱਖਰੇਵਿਆਂ ਨੂੰ ਸੰਵਾਦ ਜਰੀਏ ਹੱਲ ਕਰਨ ਦੀ ਲੋੜ ਨੂੰ ਸਵੀਕਾਰ ਕਰਦੇ ਹਾਂ। ਪਰ ਨਾਲ ਦੀ ਨਾਲ ਅਸੀਂ ਭਾਰਤੀ ਦੀ ਪ੍ਰਭੂਸੱਤਾ ਤੇ ਪ੍ਰਾਦੇਸ਼ਕ ਅਖੰਡਤਾ ਨੂੰ ਯਕੀਨੀ ਬਣਾਉਣ ਲਈ ਵੀ ਵਚਨਬੱਧ ਹਾਂ।

**ਚੀਨ ਨੇ ਭਾਰਤੀ ਫੌਜ 'ਤੇ ਸਰਹੱਦ ਉਲੰਘਣ ਦਾ ਦੋਸ਼ ਲਾਇਆ**

ਚੀਨ ਨੇ ਦੋਸ਼ ਲਾਇਆ ਹੈ ਕਿ ਭਾਰਤੀ ਫੌਜ ਨੇ 15 ਜੂਨ ਨੂੰ ਦੋ ਵਾਰ ਅਸਲ ਕੰਟਰੋਲ ਰੇਖਾ ਪਾਰ ਕੀਤੀ ਹੈ। ਇਹ ਸਭ 'ਗੈਰਕਾਨੂੰਨੀ ਢੰਗ ਨਾਲ ਚੀਨੀ ਜਵਾਨਾਂ ਨੂੰ ਭੜਕਾਉਣ ਤੇ ਉਨਾਂ 'ਤੇ ਹੱਲਾ ਬੋਲਣ ਲਈ ਕੀਤਾ ਗਿਆ।' ਉਨਾਂ ਮੁਤਾਬਕ ਦੋਵਾਂ ਧਿਰਾਂ ਵਿਚਾਲੇ ਗੰਭੀਰ ਟਕਰਾਅ ਦਾ ਇਹੀ ਕਾਰਨ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਝਾਓ ਲਿਜਿਆਨ ਨੂੰ ਜਦ ਵਿਵਾਦਤ ਸਰਹੱਦ ਉਤੇ ਭਾਰਤ ਦੇ ਹੋਏ ਨੁਕਸਾਨ ਬਾਰੇ ਪੁੱਛਿਆ ਗਿਆ ਤਾਂ ਉਨਾਂ ਕਿਹਾ ਕਿ 'ਮੈਨੂੰ ਤੁਹਾਡੇ ਵੱਲੋਂ ਦਿੱਤੀ ਜਾ ਰਹੀ ਜਾਣਕਾਰੀ ਬਾਰੇ ਪਤਾ ਨਹੀਂ ਹੈ।' ਲਿਜਿਆਨ ਨੇ ਕਿਹਾ ਕਿ ਤਣਾਅ ਘਟਾਉਣ ਲਈ ਦੋਵਾਂ ਧਿਰਾਂ ਨੇ ਉੱਚ ਪੱਧਰੀ ਮੀਟਿੰਗ ਕਰ ਕੇ ਸਹਿਮਤੀ ਕਾਇਮ ਕੀਤੀ ਸੀ ਪਰ 15 ਜੂਨ ਨੂੰ ਭਾਰਤੀ ਫੌਜ ਨੇ ਇਸ ਦੀ ਉਲੰਘਣਾ ਕੀਤੀ। ਉਨਾਂ ਕਿਹਾ ਕਿ ਚੀਨ ਨੇ ਭਾਰਤ ਕੋਲ ਰੋਸ ਦਰਜ ਕਰਵਾਇਆ ਹੈ ਤੇ ਗੁਆਂਢੀ ਮੁਲਕ ਨੂੰ ਬਣਾਈ ਗਈ ਸਹਿਮਤੀ 'ਤੇ ਖਰਾ ਉਤਰਨ ਲਈ ਕਿਹਾ ਹੈ।

**ਰਾਜਨਾਥ ਵੱਲੋਂ ਜੈਸ਼ੰਕਰ ਤਿੰਨਾਂ ਸੈਨਾਵਾਂ ਦੇ ਮੁਖੀਆਂ ਨਾਲ ਮੀਟਿੰਗ**

ਨਵੀਂ ਦਿੱਲੀ: ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਪੂਰਬੀ ਲੱਦਾਖ ਵਿਚ ਬਣ ਰਹੀ ਸਥਿਤੀ ਬਾਰੇ ਅੱਜ ਇਕ ਤੋਂ ਬਾਅਦ ਇਕ ਮੀਟਿੰਗ ਕੀਤੀ। ਪਹਿਲੀ ਮੀਟਿੰਗ ਉਨਾਂ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ, ਚੀਫ ਆਫ ਡਿਫੈਂਸ ਸਟਾਫ (ਸੀਡੀਐੱਸ) ਜਨਰਲ ਬਿਪਿਨ ਰਾਵਤ ਅਤੇ ਤਿੰਨਾਂ ਸੈਨਾਵਾਂ ਦੇ ਮੁਖੀਆਂ ਨਾਲ ਕੀਤੀ ਤੇ ਸਥਿਤੀ ਦੀ ਵਿਆਪਕ ਸਮੀਖਿਆ ਕੀਤੀ। ਇਸ ਮੌਕੇ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਭਾਰਤੀ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ। ਭਾਰਤ ਨੇ ਪੈਂਗੌਂਗ ਝੀਲ, ਗਲਵਾਨ ਵਾਦੀ, ਡੇਮਚੋਕ ਤੇ ਦੌਲਤ ਬੇਗ ਓਲਡੀ ਵਿਚ ਫੌਜੀ ਤਾਕਤ 'ਚ ਵਾਧਾ ਕਰਨ ਦਾ ਫੈਸਲਾ ਕੀਤਾ ਹੈ। ਸੂਤਰਾਂ ਮੁਤਾਬਕ ਫੌਜ ਮੁਖੀ ਜਨਰਲ ਐਮ.ਐਮ. ਨਰਵਾਣੇ ਨੇ ਆਪਣਾ ਪਠਾਨਕੋਟ ਬੇਸ ਦਾ ਦੌਰਾ ਰੱਦ ਕਰ ਕੇ ਰੱਖਿਆ ਮੰਤਰੀ ਨੂੰ ਸੋਮਵਾਰ ਰਾਤ ਦੇ ਟਕਰਾਅ ਬਾਰੇ ਵਿਆਪਕ ਰਿਪੋਰਟ ਸੌਂਪੀ ਹੈ। ਦੂਜੀ ਮੀਟਿੰਗ ਵਿਚ ਜੈਸ਼ੰਕਰ, ਨਰਵਾਣੇ ਤੇ ਸੀਡੀਐੱਸ ਰਾਵਤ ਹਾਜਰ ਸਨ। ਰਾਜਨਾਥ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੀ ਟਕਰਾਅ ਤੇ ਪੂਰਬੀ ਲੱਦਾਖ ਦੀ ਤਾਜਾ ਸਥਿਤੀ ਬਾਰੇ ਜਾਣਕਾਰੀ ਦਿੱਤੀ ਹੈ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SOURCE OF FIBER / SOURCE DE FIBRE
NO ADDITIVE / AUCUN ADDITIF
ZERO CHOLESTEROL / ZERO CHOLESTÉROL
NO TRANS FATTY ACIDS / AUCUN ACIDE GRAS TRANS
SHER®
BESAN
CHANA FLOUR
SUPER FINE
SHER BESAN SUPER FINE
SHER BESAN SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com